21-May-Sunday.qxd 5/20/2023 8:47 PM Page 1



ਗੁਰਦੇਵ ਚੌਹਾਨ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ

# ਨਵਾਂ ਜ਼ਮਾਨਾ ਐਤਵਾਰਤਾ

ਸ਼ੇਰਾਂ ਨੂੰ ਘੁਰਨਿਆਂ ਵਿੱਚ,
ਸੌਣਾ ਨਹੀਂ ਸ਼ੋਭਦਾ,
ਮਿਹਣੇ ਦੇ ਵਾਂਗ ਆਖੇ
ਮਿੱਟੀ ਪੰਜਾਬ ਦੀ

-ਸੁਰਿੰਦਰਪ੍ਰੀਤ ਘਣੀਆਂ

Regd. No : Pb/JL-123/2021-2023, (R.N.I.)-00068/57
ਜਲੰਧਰ : ਐਤਵਾਰ, 21 ਮਈ 2023
www.nawanzamana.in
ਕੀਮਤ 5.00 ਰੁਪਏ

## ਸਫ਼ਰਨਾਮਾ

### ਜਗਜੀਤ ਸਿੰਘ ਗਣੇਸ਼ਪੁਰ

# ਟਾਪੂਆਂ ਤੇ ਬੀਚਾਂ ਦੀ ਧਰਤੀ ਅੰਡੇਮਾਨ ਨਿਕੋਬਾਰ









ਜੇਕਰ ਤੁਸੀਂ ਕੁਦਰਤ ਨਾਲ ਇਕ-ਮਿਕ, ਠਾਠਾਂ ਮਾਰਦਾ ਸਮੁੰਦਰ, ਹਰੇ-ਭਰੇ ਜੰਗਲ, ਉੱਚੇ-ਉੱਚੇ ਨਾਰੀਅਲ ਦੇ ਦਰੱਖਤ, ਦਿਲਕਸ਼ ਬੀਚਾਂ ਦੀ ਖ਼ੂਬਸੂਰਤੀ ਅਤੇ ਸਮੁੰਦਰ ਦੀ ਰੋਮਾਂਚਕ ਯਾਤਰਾ ਦੇ ਅਨੁਭਵ ਦਾ ਅਨੰਦ ਮਾਣਨਾ ਚਾਹੁੰਦੇ ਹੋ ਤਾਂ ਅੰਡੇਮਾਨ ਨਿਕੋਬਾਰ ਤੁਹਾਡੇ ਲਈ ਇਕ ਉਮਦਾ ਵਿਕਲਪ ਹੋ ਸਕਦਾ ਹੈ। ਕੁਦਰਤ ਨਾਲ ਲਬਰੇਜ਼ ਨਜ਼ਾਰਿਆ ਦੇ ਨਾਲ-ਨਾਲ ਇਹ ਟਾਪੂ ਆਦਿਵਾਸੀ ਜੀਵਨ ਦੀ ਵੀ ਝਲਕ ਪੇਸ਼ ਕਰਦਾ ਹੈ। ਇਨ੍ਹਾਂ ਟਾਪੂਆਂ ਦਾ ਦੇਸ਼ ਦੀ ਅਜ਼ਾਦੀ ਦੀ ਲਹਿਰ ਵਿੱਚ ਵੀ ਵਿਲੱਖਣ ਇਤਿਹਾਸ ਹੈ। ਸੈਲੂਲਰ ਜੇਲ੍ਹ ਵਿੱਚ ਸਾਡੇ ਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਅਣਮਨੁੱਖੀ ਹਾਲਤਾਂ ਵਿੱਚ ਕੈਦ ਕਰਕੇ ਰੱਖਿਆ ਜਾਂਦਾ ਸੀ। ਇਸ ਜੇਲ੍ਹ ਦੀਆ ਕਾਲ ਕੋਠੜੀਆਂ ਕਾਰਨ ਹੀ ਇਨ੍ਹਾਂ ਨੂੰ ਕਾਲੇਪਾਣੀਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਪੰਜਾਬੀਆਂ ਖਾਸਕਰ ਸਿੱਖਾਂ ਦਾ ਇਨ੍ਹਾਂ ਦੀਪਾਂ ਉਪਰ ਕੁਰਬਾਨੀਆਂ ਦਾ ਇਕ ਆਪਣਾ ਸ਼ਾਨਮੱਤਾ ਇਤਿਹਾਸ ਹੈ। ਕੌਣ ਭੁਲਾ ਸਕਦਾ ਹੈ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਲਾਸਾਨੀ ਸ਼ਹਾਦਤ ਨੂੰ, ਜਿਨ੍ਹਾਂ ਦੇ ਨਾਂਅ ਨਾਲ ਹੀ ਕਾਲੇਪਾਣੀ ਸ਼ਬਦ ਸਦਾ ਲਈ ਜੁੜ ਗਿਆ।

ਸੋ ਇਨ੍ਹਾਂ ਕੁਦਰਤ ਦੇ ਅੰਗ-ਸੰਗ ਦੀਪਾਂ ਦੀ ਸੁੰਦਰਤਾ ਨੂੰ ਨਿਹਾਰਨ ਲਈ ਅਸੀਂ ਛੇ ਦੋਸਤ (ਨਰਿੰਦਰਪਾਲ ਪਾਲ ਸਿੰਘ, ਰਵਿੰਦਰ ਸਿੰਘ, ਕਰਨੈਲ ਸਿੰਘ, ਗੁਰਦੇਵ ਸਿੰਘ ਅਤੇ ਇਨ੍ਹਾਂ ਸਤਰਾਂ ਦਾ ਲੇਖਕ) ਫਗਵਾੜਾ ਰੇਲਵੇ ਸਟੇਸਨ ਤੋਂ ਸ਼ਾਨੇ ਪੰਜਾਬ ਰੇਲ ਰਾਹੀਂ ਦਿੱਲੀ ਪਹੁੰਚੇ ਤੇ ਫਿਰ ਉਥੋਂ ਦਿੱਲੀ ਤੋਂ ਪੋਰਟ ਬਲੇਅਰ ਦੀ ਫਲੈਟ, ਜੋ ਕਿ ਵਾਇਆ ਕਲਕੱਤਾ ਹੋ ਕੇ ਜਾਂਦੀ ਹੈ, ਨੇ ਸਾਨੂੰ ਤਕਰੀਬਨ ਪੰਜ ਘੰਟਿਆਂ ਵਿੱਚ ਪੋਰਟ ਬਲੇਅਰ ਪਹੁੰਚਾ ਦਿੱਤਾ, ਇਸ ਵਿੱਚ ਕਲਕੱਤੇ ਹਵਾਈ ਅੱਡੇ ਦੀ ਅੱਧੇ-ਪੌਣੇ ਘੰਟੇ ਦੀ ਠਹਿਰ ਵੀ ਸ਼ਾਮਲ ਸੀ। ਹਵਾਈ ਸਫਰ ਦੌਰਾਨ ਅਕਾਸ਼ ਵਿੱਚ ਬੱਦਲ ਤੇ ਹੇਠਾਂ ਸਮੁੰਦਰ ਨਾਲੋ-ਨਾਲ ਚੱਲ ਰਹੇ ਪ੍ਰਤੀਤ ਹੁੰਦੇ ਹਨ। ਤੁਸੀਂ ਬੰਗਾਲ ਦੀ ਖਾੜੀ ਵਿੱਚ ਠਾਠਾਂ ਮਾਰਦੇ ਸਮੁੰਦਰ ਦੇ ਉਪਰ ਦੀ ਅੰਡੇਮਾਨ ਨਿਕੋਬਾਰ ਟਾਪੂਆਂ ਦੀ ਰਾਜਧਾਨੀ ਪੋਰਟ ਬਲੇਅਰ ਵਿੱਚ ਜਾ ਉਤਰਦੇ ਹਾਂ। ਬਸ ਇੱਥੇ ਹੀ ਟਿਕਾਣਾ ਕਰ ਲਵੋ ਤੇ ਲੁਤਫ ਲਓ ਵੱਖ-ਵੱਖ ਟਾਪੂਆਂ ਦੀ ਖ਼ੂਬਸੂਰਤੀ ਦਾ। ਹਾਂ, ਤੁਹਾਨੂੰ ਇਨ੍ਹਾਂ ਕੁਦਰਤੀ ਨਜ਼ਾਰਿਆ ਦਾ ਲੁਤਫ ਲੈਣ ਲਈ ਆਪਣੀ ਜੇਬ ਤਾਂ ਹਲਕੀ ਜ਼ਰੂਰ ਕਰਨੀ ਹੀ ਪਾਵੇਗੀ। ਇਤਿਹਾਸ, ਕੁਦਰਤ ਅਤੇ ਸਮੁੰਦਰੀ ਪਾਣੀ ਵਿੱਚ ਸਾਹਸ ਨਾਲ ਭਰੀਆਂ ਖੇਡਾਂ ਦਾ ਸੁੰਦਰ ਰੋਮਾਂਚ ਤੁਹਾਨੂੰ ਗਦਗਦ ਕਰ ਦੇਵੇਗਾ। ਸ਼ਹਿਰਾਂ ਦੇ ਭੀੜ-ਭੜੱਕੇ ਤੋਂ ਦੂਰ, ਬੰਗਾਲ ਦੀ ਖਾੜੀ ਦੇ ਪਾਣੀਆਂ ਨਾਲ ਚਾਰੋਂ ਤਰਫ ਤੋਂ ਘਿਰਿਆ ਇਹ ਟਾਪੂ ਦੁਨੀਆਂ ਭਰ ਦੇ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਦੇ ਜਾ ਰਹੇ ਹਨ। ਕੁਝ ਅਨੁਭਵ ਅਜਿਹੇ ਹੁੰਦੇ ਹਨ, ਜੋ ਤਾ-ਉਮਰ ਤੁਹਾਡੀਆਂ ਯਾਦਾਂ ਵਿੱਚ ਵਸ ਜਾਂਦੇ ਹਨ। ਨਹੀਂ ਯਕੀਨ ਹੋ ਰਿਹਾ ਤਾਂ ਇਕ ਵਾਰ ਇਨ੍ਹਾਂ ਦੀਪਾਂ ਦੀ ਯਾਤਰਾ ਕਰਕੇ ਵੇਖੋ, ਫਿਰ ਤੁਸੀਂ ਵੀ ਸਭ ਨੂੰ ਇਹੀ ਕਹਿੰਦੇ ਫਿਰੋਗੇ। ਕੁਦਰਤ ਦੀ ਗੋਦ ਵਿੱਚ ਬੈਠੇ ਇਹ ਦੀਪ ਕਲਕੱਤੇ ਤੋਂ ਤਕਰੀਬਨ 1255 ਕਿਲੋਮੀਟਰ ਦੂਰ ਅੰਡੇਮਾਨ-ਨਿਕੋਬਾਰ ਵਾਲੇ ਕੁੱਲ 572 ਟਾਪੂ ਹਨ, ਜਿਨ੍ਹਾਂ ਦਾ ਕੁੱਲ ਖੇਤਰਫਲ 8249 ਵਰਗ ਕਿਲੋਮੀਟਰ ਹੈ, ਜਿਨ੍ਹਾਂ ਵਿੱਚ ਤਕਰੀਬਨ 36 ਕੁ ਉਪਰ ਹੀ ਅਬਾਦੀ ਹੈ। ਇਨ੍ਹਾਂ ਦੀਪਾਂ ਦੀ ਰਾਜਧਾਨੀ ਪੋਰਟ ਬਲੇਅਰ ਹੈ। ਇੱਥੋਂ ਹੀ ਤੁਹਾਡੀ ਰੋਮਾਂਚਕ ਯਾਤਰਾ ਦੀ ਸੰਭਾਵਤ ਤੌਰ 'ਤੇ ਆਰੰਭਤਾ ਹੁੰਦੀ ਹੈ।

**ਰਾਜੀਵ ਗਾਂਧੀ ਵਾਟਰ ਸਪੋਰਟਸ ਕੰਪਲੈਕਸ**

ਇਸ ਨੂੰ ਅੰਡੇਮਾਨ ਵਾਟਰ ਸਪੋਰਟਸ ਕੰਪਲੈਕਸ ਦਾ ਨਾਂਅ ਵੀ ਦਿੱਤਾ ਗਿਆ ਹੈ, ਇਹ ਸਥਾਨ ਮਜ਼ੇਦਾਰ, ਉਤਸ਼ਾਹ ਅਤੇ ਜੋਸ਼ ਨਾਲ ਭਰਿਆ ਹੋਇਆ ਹੈ। ਜਿਵੇਂ ਕਿ ਨਾਂਅ ਤੋਂ ਪਤਾ ਲੱਗਦਾ ਹੈ ਕਿ ਕੰਪਲੈਕਸ ਨੂੰ ਟਾਪੂਆਂ ਵਿੱਚ ਜਲ ਖੇਡਾਂ ਲਈ ਇੱਕ ਕੇਂਦਰ ਵਜੋਂ ਬਣਾਇਆ ਗਿਆ ਹੈ। ਇਸ ਬਾਰੇ ਸਭ ਤੋਂ ਵਧੀਆ ਗੱਲ ਇਹ ਹੈ ਕਿ ਕੰਪਲੈਕਸ ਤੋਂ ਸਮੁੰਦਰ ਦਾ ਅਦਭੁੱਤ ਨਜ਼ਾਰਾ ਸ਼ਾਨਦਾਰ ਹੈ। ਖੁੱਲ੍ਹੇ ਸਮੁੰਦਰੀ ਖੇਤਰ ਦੀ ਠੰਢੀ ਤਾਜ਼ੀ ਹਵਾ ਤੁਹਾਡੇ ਦਿਮਾਗ ਅਤੇ ਸਰੀਰ ਨੂੰ ਤਰੋਤਾਜ਼ਾ ਕਰਦੀ ਹੈ। ਰਾਜੀਵ ਗਾਂਧੀ ਵਾਟਰ ਸਪੋਰਟਸ ਕੰਪਲੈਕਸ ਵਿੱਚ 'ਏਬਰਡੀਨ ਦੀ ਲੜਾਈ' ਦੀ ਇੱਕ ਯਾਦਗਾਰ ਵੀ ਹੈ, ਜੋ ਕਿ 1859 ਵਿੱਚ ਅੰਡੇਮਾਨੀਆਂ ਅਤੇ ਬ੍ਰਿਟਿਸ਼ ਵਿਚਕਾਰ ਲੜੀ ਗਈ ਸੀ। 2 ਕਿਲੋਮੀਟਰ ਦੇ ਖੇਤਰ ਵਿੱਚ ਫੈਲਿਆ ਇਹ ਕੰਪਲੈਕਸ ਸੈਰ ਅਤੇ ਆਰਾਮ ਕਰਨ ਲਈ ਇੱਕ ਪਾਰਕ ਵਜੋਂ ਬਣਾਇਆ ਗਿਆ ਸੀ ਅਤੇ ਇਹ ਵਿਸ਼ਵ ਪ੍ਰਸਿੱਧ ਸੈਲੂਲਰ ਜੇਲ੍ਹ ਦੇ ਨਜ਼ਦੀਕ ਹੀ ਸਥਿਤ ਹੈ।

**ਰੌਸ ਟਾਪੂ**

ਕੈਪਟਨ ਡੈਨੀਅਲ ਰੌਸ ਦੇ ਨਾਂਅ 'ਤੇ ਰੱਖੇ ਗਏ ਰੌਸ ਟਾਪੂ ਦਾ ਨਾਂਅ ਭਾਰਤ ਸਰਕਾਰ ਵੱਲੋਂ 2018 ਵਿੱਚ 'ਨੇਤਾਜੀ ਸੁਭਾਸ਼ ਚੰਦਰ ਬੋਸ ਦੀਪ' ਰੱਖਿਆ ਗਿਆ ਹੈ। ਰੌਸ ਟਾਪੂ ਪੋਰਟ ਬਲੇਅਰ ਸ਼ਹਿਰ ਦੇ ਸਭ ਤੋਂ ਨਜ਼ਦੀਕੀ ਟਾਪੂਆਂ ਵਿੱਚੋਂ ਇੱਕ ਹੈ ਅਤੇ ਇੱਕ ਛੋਟੀ (15 ਮਿੰਟ) ਕਿਸ਼ਤੀ ਦੀ ਸਵਾਰੀ ਰਾਹੀਂ ਆਸਾਨੀ ਨਾਲ ਉਥੇ ਪਹੁੰਚਿਆ ਜਾ ਸਕਦਾ ਹੈ। ਸਮੁੰਦਰ ਵਿੱਚ ਲਹਿਰਾਂ ਜਿਵੇਂ ਮਨ ਹੀ ਮਨ ਸੂਰਜ ਦੀ ਨਿੱਘੀ ਧੁੱਪ ਦੇ ਮੇਲ ਵਿੱਚ ਪਿਆਰ ਦਾ ਗੀਤ ਗੁਣਗੁਣਾ ਰਹੀਆਂ ਹੋਣ, ਵਾਟਰ ਬੋਟ ਵਿੱਚ ਬੈਠਿਆ ਇਵੇਂ ਹੀ ਪ੍ਰਤੀਤ ਹੁੰਦਾ ਹੈ। ਹਾਲਾਂਕਿ ਅੰਡੇਮਾਨ ਦੇ ਜ਼ਿਆਦਾਤਰ ਆਕਰਸ਼ਣ ਬੀਚਾਂ ਲਈ ਮਸ਼ਹੂਰ ਹਨ, ਪਰ ਰੌਸ ਆਈਲੈਂਡ ਖ਼ੂਬਸੂਰਤ ਦੇ ਨਾਲ-ਨਾਲ ਇਤਿਹਾਸਕ ਪੱਖੋਂ ਵੀ ਮਹੱਤਵ ਰੱਖਦਾ ਹੈ। ਬ੍ਰਿਟਿਸ਼ ਹਕੂਮਤ ਨੇ ਇਸ ਨੂੰ ਪ੍ਰਸ਼ਾਸਕੀ ਹੈੱਡਕੁਆਰਟਰ ਵਜੋਂ ਵਰਤਿਆ। ਇਸ ਸਮੇਂ ਦੌਰਾਨ ਅੰਗਰੇਜ਼ਾਂ ਦੁਆਰਾ ਇਸ ਦੰਡਾਵਲੀ ਬੰਦੋਬਸਤ 'ਤੇ ਬਹੁਤ ਸਾਰੇ ਮਹੱਤਵਪੂਰਨ ਸਰਕਾਰੀ ਦਫਤਰ ਬਣਾਏ ਗਏ ਸਨ। ਭਾਰਤੀ ਕੈਦੀਆਂ ਦੁਆਰਾ ਬਣਾਈਆਂ ਗਈਆਂ ਇਨ੍ਹਾਂ ਪੁਰਾਣੀਆਂ ਇਮਾਰਤਾਂ ਦੇ ਖੰਡਰ ਅੱਜ ਵੀ ਰੌਸ ਵਿਖੇ ਮੌਜੂਦ ਹਨ। ਕੁਦਰਤ ਦੀ ਗੋਦ ਵਿੱਚ ਮੋਰ ਅਤੇ ਹਿਰਨ ਸਮੇਤ ਕਈ ਤਰ੍ਹਾਂ ਦੇ ਪੰਛੀਆਂ ਅਤੇ ਜਾਨਵਰਾਂ ਦਾ ਪਨਾਹਗਾਹ ਹੈ, ਜੋ ਬੜਾ ਹੀ ਮਨਮੋਹਕ ਅਤੇ ਅਦਭੁਤ ਅਨੁਭਵ ਪੇਸ਼ ਕਰਦਾ ਹੈ। ਟਾਪੂ ਦੀ ਸਭ ਤੋਂ ਅਨੋਖੀ ਗੱਲ ਇਹ ਹੈ ਕਿ ਪ੍ਰਸ਼ਾਸਨ ਦੁਆਰਾ ਕਿਸੇ ਵੀ ਤਰ੍ਹਾਂ ਦੇ ਰਿਹਾਇਸ਼ ਦੀ ਮਨਾਹੀ ਹੈ, ਜਿਸ ਦਾ ਮਤਲਬ ਹੈ ਕਿ ਇੱਥੇ ਰਾਤ ਨੂੰ ਰੁਕਣ ਦਾ ਕੋਈ ਪ੍ਰਬੰਧ ਨਹੀਂ। ਇੱਥੇ ਤੁਸੀਂ ਅੰਗਰੇਜ਼ਾਂ ਦੁਆਰਾ ਬਣਾਈਆਂ ਪੁਰਾਤਨ ਇਮਾਰਤਾਂ ਵੇਖ ਸਕਦੇ ਹੋ, ਜਿਵੇਂ ਚਰਚ, ਸਕੱਤਰੇਤ, ਚੀਫ ਕਮਿਸ਼ਨਰ ਦੀ ਰਿਹਾਇਸ਼, ਸਵਿਮਿੰਗ ਪੂਲ ਅਤੇ ਹੋਰ ਬਹੁਤ ਕੁਝ। ਲਾਈਟ ਐਂਡ ਸਾਊਂਡ ਸ਼ੋਅ ਟਾਪੂ ਦੀਆਂ ਇਤਿਹਾਸਕ ਘਟਨਾਵਾਂ ਨੂੰ ਦਰਸਾਉਂਦਾ ਹੈ, ਜੋ ਪੂਰਵ-ਸੁਤੰਤਰ ਯੁੱਗ ਦੌਰਾਨ ਵਾਪਰੀਆਂ ਸਨ, ਪਹਿਲੇ ਪ੍ਰਬੰਧਕੀ ਬੰਦੋਬਸਤ ਦੀ ਸਥਾਪਨਾ ਅਤੇ ਟਾਪੂਆਂ 'ਤੇ ਵਾਪਰੀਆਂ ਕਈ ਹੋਰ ਇਤਿਹਾਸਕ ਘਟਨਾਵਾਂ ਬਾਰੇ ਤਫਸੀਲ ਨਾਲ ਦੱਸਿਆ ਜਾਂਦਾ ਹੈ। ਅਜ਼ਾਦੀ ਘੁਲਾਟੀਏ ਦੇ ਸੰਘਰਸ਼ ਨੂੰ ਇਹ ਸ਼ੋਅ ਸ਼ਾਨਦਾਰ ਰੋਸ਼ਨੀ ਅਤੇ ਸੰਗੀਤ ਨਾਲ ਰੋਮਾਂਚਿਤ ਕਰਦਾ ਹੋਇਆ ਪੇਸ਼ ਕਰਦਾ ਹੈ। ਇਹ ਟਾਪੂ ਪੰਛੀਆਂ ਦੀਆਂ ਕਈ ਕਿਸਮਾਂ ਦਾ ਘਰ ਵੀ ਹੈ, ਜੋ ਕਿ ਯਾਤਰੀਆਂ ਦੇ ਆਲੇ-ਦੁਆਲੇ ਚੀਂ-ਚੀਂ ਕਰਦੇ ਅਤੇ ਟਹਿਲਦੇ ਹੋਏ ਇੱਕ ਸ਼ਾਨਦਾਰ ਮਾਹੌਲ ਪੇਸ਼ ਕਰਦੇ ਹਨ। ਨਾਰੀਅਲ ਦੇ ਲੰਮ-ਸਲੰਮੇ ਦਰੱਖਤ ਸਮੁੰਦਰ ਵੱਲ ਨੂੰ ਝੁਕੇ ਹੋਏ ਇੰਝ ਪ੍ਰਤੀਤ ਹੋ ਰਹੇ ਹਨ, ਜਿਵੇਂ ਆਪਸ ਵਿੱਚ ਗੱਲਬਾਤ ਕਰਦੇ ਹੋਣ।

**ਨਾਰਥ ਬੇ ਟਾਪੂ**

ਉੱਤਰੀ ਖਾੜੀ ਟਾਪੂ, ਇਹ ਟਾਪੂ ਸ਼ੀਸ਼ੇ ਦੇ ਸਾਫ ਸੁਨਹਿਰੀ ਰੰਗ ਦੇ ਪਾਣੀ ਨਾਲ ਘਿਰਿਆ ਹੋਇਆ ਹੈ। ਬੀਚ ਦੀ ਚਿੱਟੀ ਰੇਤ ਧੁੱਪ ਵਿੱਚ ਲਿਸ਼ਕਾਰੇ ਮਾਰਦੀ ਹੈ। ਸਮੁੰਦਰ ਕੁਝ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਨੀਲਮ ਪਿਘਲ ਕੇ ਕਾਇਨਾਤ ਵਿਚ ਫੈਲ ਗਿਆ ਹੋਵੇ। ਇਹ ਸਭ ਰੂਹ ਨੂੰ ਸਰਸ਼ਾਰ ਕਰਦੇ ਦ੍ਰਿਸ਼ ਸਨ। ਇਸ ਟਾਪੂ ਬਾਰੇ ਸਭ ਤੋਂ ਦਿਲਚਸਪ ਚੀਜ਼ਾਂ ਵਿੱਚੋਂ ਇੱਕ ਇਹ ਹੈ ਕਿ ਇਸ ਦੀ ਤਸਵੀਰ ਪੁਰਾਣੇ ਭਾਰਤੀ 20 ਰੁਪਏ ਦੇ ਪਿਛਲੇ ਪਾਸੇ ਦਿਖਾਈ ਗਈ ਹੈ। ਇਸ ਟਾਪੂ ਉਪਰ ਉਪਲੱਬਧ ਸਾਹਸੀ ਖੇਡਾਂ ਇਸ ਪ੍ਰਕਾਰ ਹਨः ਸਕੂਬਾ ਡਾਇਵਿੰਗ, ਪੈਰਾਸੇਲਿੰਗ, ਸਫਾਰੀ ਸਬਮਰੀਨ ਰਾਈਡ ਸਨੌਰਕਲਿੰਗ ਆਦਿ। ਸਕੂਬਾ ਡਾਇਵਿੰਗ ਇਸ ਟਾਪੂ ਉਪਰ ਸਭ ਤੋਂ ਜ਼ਿਆਦਾ ਕੀਤੀ ਜਾਣ ਵਾਲੀ ਗਤੀਵਿਧੀ ਹੈ।

ਸਕੂਬਾ ਡਾਈਵਿੰਗ ਇੱਕ ਖੇਡ ਦੇ ਤੌਰ 'ਤੇ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਕੋਈ ਵਿਅਕਤੀ ਸਮੁੰਦਰ ਦੇ ਅੰਦਰ ਰੋਮਾਂਚਕ ਦ੍ਰਿਸ਼ ਵੇਖਣ ਲਈ ਪਾਣੀ ਦੇ ਅੰਦਰ ਗੋਤਾਖੋਰੀ ਕਰਦਾ ਹੈ। ਤੁਸੀਂ ਸਕੂਬਾ ਗੋਤਾਖੋਰੀ ਨੂੰ ਪਾਣੀ ਦੇ ਅੰਦਰ ਮੌਜੂਦ ਸੁੰਦਰਤਾ ਅਤੇ ਕੁਦਰਤ ਦਾ ਅਨੁਭਵ ਲੈਣ ਵਾਲੇ ਤਜਰਬੇ ਵਜੋਂ ਸੋਚ ਸਕਦੇ ਹੋ। ਇਸ ਦੇ ਨਾਲ ਹੀ ਪੈਰਾਸੇਲਿੰਗ ਦਾ ਹੈਰਾਨੀਜਨਕ ਅਨੁਭਵ ਵੀ ਤੁਹਾਡੇ ਲਈ ਉਪਲੱਬਧ ਹੈ। ਪੈਰਾਸੇਲਿੰਗ ਸਭ ਤੋਂ ਸਾਹਸੀ ਗਤੀਵਿਧੀ ਵਿੱਚੋਂ ਇੱਕ ਹੈ, ਜੋ ਤੁਸੀਂ ਨਾਰਥ ਬੇ ਵਿੱਚ ਕਰ ਸਕਦੇ ਹੋ। ਸਮੁੰਦਰੀ ਕਿਨਾਰਿਆਂ ਅਤੇ ਡੂੰਘੇ ਸਮੁੰਦਰਾਂ ਦੇ ਨੇੜੇ ਹਵਾ ਵਿੱਚ ਵਿਸ਼ਾਲ ਨੀਲੇ ਸਮੁੰਦਰ ਨੂੰ ਨਿਹਾਰਨ ਦਾ ਆਪਣਾ ਹੀ ਇਕ ਅਨੰਦ ਹੈ। ਜੇਕਰ ਤੁਸੀਂ ਅਰਾਮਦਾਇਕ ਸਕੂਬਾ ਡਾਇਵਿੰਗ ਦੀ ਬਜਾਇ ਅਰਾਮਦਾਇਕ ਪਾਣੀ ਦੇ ਅੰਦਰ ਦੀ ਯਾਤਰਾ ਕਰਨਾ ਚਾਹੁੰਦੇ ਹੋ ਤਾਂ ਅਰਧ ਪਣਡੁੱਬੀ ਤੁਹਾਡੇ ਲਈ ਇਕ ਉੱਤਮ ਵਿਕਲਪ ਹੈ। ਇਹ ਉਹਨਾਂ ਲੋਕਾਂ ਲਈ ਸੰਪੂਰਨ ਹੈ, ਜੋ ਆਪਣੇ ਕੈਬਿਨ ਦੇ ਆਰਾਮ ਤੋਂ ਕੋਰਲ ਅਤੇ ਮੱਛੀਆਂ ਦੀ ਅਦਭੁਤ ਅੰਡਰਵਾਟਰ ਦੁਨੀਆ ਦਾ ਅਨੁਭਵ ਕਰਨਾ ਚਾਹੁੰਦੇ ਹਨ। ਅਸੀਂ ਸਾਰੇ ਦੋਸਤਾਂ ਨੇ ਇਸ ਸਫਰ ਦਾ ਖ਼ੂਬ ਅਨੰਦ ਮਾਣਿਆ। ਪਾਣੀ ਦੇ ਅੰਦਰ ਦੀ ਦੁਨੀਆ ਨੂੰ ਵੇਖਣਾ ਇਕ ਅਲੌਕਿਕ ਦ੍ਰਿਸ਼ ਵਾਂਗ ਜਾਪ ਰਿਹਾ ਸੀ।

**ਬਾਰਾਤਾਂਗ**

ਇੱਕ ਛੋਟਾ ਜਿਹਾ ਟਾਪੂ ਹੈ, ਜੋ ਦੱਖਣ ਅਤੇ ਮੱਧ ਅੰਡੇਮਾਨ ਦੇ ਵਿਚਕਾਰ ਸਥਿਤ ਹੈ ਅਤੇ ਕਈ ਕੁਦਰਤੀ ਅਜੂਬਿਆਂ ਦਾ ਘਰ ਹੈ। ਬਾਰਾਤਾਂਗ ਟਾਪੂ ਤੋਂ ਪੋਰਟ ਬਲੇਅਰ ਦੀ ਦੂਰੀ ਤਕਰੀਬਨ 101 ਕਿਲੋਮੀਟਰ ਹੈ। ਤੁਸੀਂ ਨੀਲਾਂਬਰ ਜੈੱਟੀ 'ਤੇ ਆਸਾਨੀ ਨਾਲ ਕਿਸ਼ਤੀ ਪ੍ਰਾਪਤ ਕਰ ਸਕਦੇ ਹੋ, ਜੋ ਤੁਹਾਨੂੰ ਪ੍ਰਸਿੱਧ ਗੁਫਾਵਾਂ ਤੱਕ ਲੈ ਜਾਵੇਗੀ। ਮੈਂਗਰੋਵ ਖਾੜੀਆਂ, ਚੂਨੇ ਦੇ ਪੱਥਰ ਦੀਆਂ ਗੁਫਾਵਾਂ ਅਤੇ ਜੰਗਲਾਂ ਦੇ ਵਿਚਕਾਰ ਵਾਟਰ ਫਾਲ ਆਦਿ ਇਸ ਦੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

---

### ਤਰਸੇਮ ਬਸਰ

# ਯਾਦਗਾਰੀ ਫ਼ਿਲਮ ਦੋ ਬੀਘਾ ਜ਼ਮੀਨ-1953

ਜੇ ਤੁਸੀਂ ਦੋ ਬੀਘਾ ਜ਼ਮੀਨ' ਨਹੀਂ ਦੇਖੀ ਤਾਂ ਤੁਸੀਂ ਨਹੀਂ ਸਮਝ ਸਕਦੇ ਕਿ ਕਿਸੇ ਦੂਰਦ੍ਰਿਸ਼ਟੀ ਦੇ ਮਾਲਕ ਬੁੱਧੀਜੀਵੀ ਨੇ ਕਿਸਾਨ ਸੰਘਰਸ਼ ਬਾਰੇ ਪਹਿਲਾਂ ਹੀ ਦੱਸਿਆ ਹੋਇਆ ਹੈ, ਚਿੱਤਰ ਦਿੱਤਾ ਸੀ ਕਿ ਪੂੰਜੀਵਾਦੀ ਵਿਵਸਥਾ 'ਚ ਅਜਿਹੇ ਸੰਕਟ ਆਉਣਗੇ। ਸ਼ਾਇਦ ਇਸ ਨੂੰ ਦੇਖੇ ਬਗੈਰ ਇਹ ਵੀ ਨਹੀਂ ਸਮਝ ਸਕਦੇ ਕਿ ਕਿਸਾਨ ਵਾਸਤੇ ਜ਼ਮੀਨ ਕੀ ਮਾਅਨੇ ਰੱਖਦੀ ਹੈ। ਉਸ ਵਾਸਤੇ ਇਸ ਦੇ ਕੀ ਅਰਥ ਹਨ। ਇਸ ਫਿਲਮ ਦੀ ਕਲਪਨਾ ਪਿੱਛੇ ਰਵਿੰਦਰ ਨਾਥ ਠਾਕੁਰ ਹੁਰਾਂ ਦੀ ਇਕ ਕਵਿਤਾ ਪ੍ਰੇਰਣਾਸਰੋਤ ਬਣੀ। ਇਹ ਕਵਿਤਾ ਕਿਸਾਨ ਅਤੇ ਮਿੱਟੀ ਦੇ ਪ੍ਰਸਪਰ ਭਾਵਨਾਤਮਕ ਲਗਾਅ 'ਤੇ ਆਧਾਰਤ ਸੀ। ਸਪੱਸ਼ਟ ਸੁਨੇਹਾ ਸੀ ਕਿ ਕਿਸਾਨ ਦੀ ਹੋਂਦ ਉਸ ਦੀ ਮਿੱਟੀ ਅਤੇ ਜ਼ਮੀਨ ਨਾਲ ਬਾਵਸਤਾ ਹੈ।

ਬੰਗਲਾ ਪਿੱਠ-ਭੂਮੀ 'ਤੇ ਬਣੀ 'ਦੋ ਬੀਘਾ ਜ਼ਮੀਨ' ਵਿੱਚ ਨਾਇਕ ਸਨ ਬਲਰਾਜ ਸਾਹਨੀ। ਦੋ ਵਿੱਘਿਆਂ ਦੇ ਮਾਲਕ ਇਕ ਐਸੇ ਕਿਸਾਨ ਦੀ ਕਹਾਣੀ, ਜੋ ਆਪਣੇ ਦੋ ਵਿੱਘਿਆਂ ਨੂੰ ਬਚਾਉਣ ਲਈ ਅਨੇਕਾਂ ਦੁੱਖ ਸਹਿੰਦਾ ਹੈ। ਉਸ ਦਾ ਪਰਵਾਰ ਉੱਜੜ ਜਾਂਦਾ ਹੈ, ਪਰ ਉਹ ਅਜਾਰੇਦਾਰਾਂ ਤੋਂ ਆਪਣੀ ਜ਼ਮੀਨ ਨਹੀਂ ਬਚਾਅ ਪਾਉਂਦਾ।



ਗੰਗੂ ਮਹਿਤੋ (ਨਾਨਾ ਪਲਸੀਕਰ) ਦਾ ਪਰਵਾਰ ਛੋਟਾ ਹੈ, ਪਰ ਬਹੁਤ ਗ਼ਰੀਬ ਹੈ। ਉਨ੍ਹਾਂ ਕੋਲ ਦੋ ਵਿੱਘੇ ਜ਼ਮੀਨ ਹੈ, ਜੋ ਕਿ ਠਾਕੁਰ ਦੀ ਜ਼ਮੀਨ ਨਾਲ ਲੱਗਦੀ ਹੈ। ਜ਼ਿਮੀਂਦਾਰ ਨਾਲ ਲੈਣ-ਦੇਣ ਚਲਦਾ ਰਹਿੰਦਾ ਹੈ....ਲਗਾਨ ਦਾ ਵੀ ਤੇ ਕਰਜ਼ ਦਾ ਵੀ। ਗੰਗੂ ਹੁਣ ਬੁੱਢਾ ਹੋ ਗਿਆ ਹੈ ਤਾਂ ਸ਼ੰਭੂ ਮਹਿਤੋ ਉਸ ਦਾ ਜਵਾਨ ਪੁੱਤਰ, ਜਿਸ ਦੀ ਬੀਵੀ ਹੈ ਪਾਰੋ (ਨੀਰੂਪਾ ਰਾਏ) ਤੇ ਇਕ ਬੱਚਾ ਕਨ੍ਹੱਈਆ (ਮਾਸਟਰ ਰਤਨ ਕੁਮਾਰ) ਹੁਣ ਸਾਰੀ ਜ਼ਿੰਮੇਵਾਰੀ ਸ਼ੰਭੂ ਮਹਿਤੋ ਸੰਭਾਲ ਰਿਹਾ ਹੈ। ਇਹ ਜ਼ਿਮੀਦਾਰੀ ਦਾ ਦੌਰ ਹੈ ਤੇ ਜ਼ਿੰਮੀਦਾਰ ਠਾਕੁਰ ਹਰਨਾਮ ਸਿੰਘ ਕੋਲ ਅਥਾਹ ਦੌਲਤ ਹੈ ਤੇ ਇੱਕ ਦਿਨ ਉਸ ਕੋਲ ਕਲਕੱਤੇ ਤੋਂ ਵਪਾਰੀ ਆਉਂਦੇ ਹਨ, ਜੋ ਉਸ ਦੀ ਜ਼ਮੀਨ 'ਤੇ ਫੈਕਟਰੀ ਲਾਉਣਾ ਚਾਹੁੰਦੇ ਹਨ। ਠਾਕੁਰ ਹਰਨਾਮ ਸਿੰਘ ਉਨ੍ਹਾਂ ਨੂੰ ਇਸ ਵਾਸਤੇ ਹਾਂ ਕਰ ਦਿੰਦਾ ਹੈ, ਪਰ ਅੜਿੱਕਾ ਹੈ ਕਿ ਉਸ ਵਿੱਚ ਦੋ ਵਿੱਘੇ ਜ਼ਮੀਨ ਸ਼ੰਭੂ ਮਹਿਤੋ ਦੀ ਹੈ। ਠਾਕੁਰ ਹਰਨਾਮ ਸਿੰਘ ਨੂੰ ਵਿਸ਼ਵਾਸ ਹੈ ਕਿ ਸ਼ੰਭੂ ਉਸ ਨੂੰ ਦੋ ਵਿੱਘੇ ਜ਼ਮੀਨ ਦੇ ਦੇਵੇਗਾ, ਉਹ ਉਸ ਤੋਂ ਬਾਹਰ ਨਹੀਂ ਹੋ ਸਕਦਾ, ਪਰ ਅਜਿਹਾ ਨਹੀਂ ਹੁੰਦਾ। ਸ਼ੰਭੂ ਮਹਿਤੋ ਠਾਕੁਰ ਹਰਨਾਮ ਸਿੰਘ ਨੂੰ ਕਹਿੰਦਾ ਹੈ ਕਿ ਉਸ ਦੀ ਹਸਤੀ ਉਸ ਦੇ ਪਰਵਾਰ ਦੀ ਹੋਂਦ ਉਸੇ ਦੋ ਵਿੱਘੇ ਜ਼ਮੀਨ ਨਾਲ ਜੁੜੀ ਹੋਈ ਹੈ, ਇਹ ਜ਼ਮੀਨ ਮਾਤਰ ਨਹੀਂ, ਇਹ ਉਹਨਾਂ ਲਈ ਹੋਰ ਵੀ ਬਹੁਤ ਕੁਝ ਹੈ। ਉਹ ਇਹ ਜ਼ਮੀਨ ਉਨ੍ਹਾਂ ਨੂੰ ਨਹੀਂ ਦੇ ਸਕਦਾ। ਠਾਕੁਰ ਉਸ ਨੂੰ ਧਮਕਾਉਂਦਾ ਵੀ ਹੈ ਤੇ ਸਮਝਾਉਂਦਾ ਵੀ ਹੈ। ਉਹ ਕਹਿੰਦਾ ਹੈ ਕਿ ਫੈਕਟਰੀ ਲੱਗਣ ਨਾਲ ਸਾਰੇ ਪਿੰਡ ਵਿੱਚ ਖੁਸ਼ਹਾਲੀ ਆ ਜਾਵੇਗੀ, ਉਸ ਨੂੰ ਵੀ ਨੌਕਰੀ ਮਿਲ ਜਾਵੇਗੀ, ਪਿੰਡ ਵਾਲਿਆਂ ਨੂੰ ਵੀ, ਪਰ ਸ਼ੰਭੂ ਕੁਝ ਵੀ ਸਮਝਣ ਨੂੰ ਤਿਆਰ ਨਹੀਂ, ਉਹ ਆਪਣੀ ਜ਼ਮੀਨ ਨੂੰ ਵੇਚਣ ਲਈ ਤਿਆਰ ਨਹੀਂ ਹੁੰਦਾ। ਗੁੱਸੇ ਹੋਇਆ ਠਾਕੁਰ ਸ਼ੰਭੂ ਮਹਿਤੋ ਤੋਂ ਬਦਲਾ ਲੈਣ ਦੀ ਸੋਚਦਾ ਹੈ। ਦਰਅਸਲ ਉਸ ਨੂੰ ਮਾਨਸਕ ਤੌਰ 'ਤੇ ਤੋੜਨ ਦੇ ਯਤਨ ਆਰੰਭ ਦਿੰਦਾ ਹੈ। ਉਹ ਸ਼ੰਭੂ ਮਹਿਤੋ ਨੂੰ ਦੂਜੇ ਦਿਨ ਤੱਕ ਬਕਾਇਆ ਕਰਜ਼ਾ ਮੋੜਨ ਬਾਰੇ ਹੁਕਮ ਦਿੰਦਾ ਹੈ। ਸ਼ੰਭੂ ਠਾਕੁਰ ਦੀ ਮਿੰਨਤ ਕਰਦਾ ਹੈ, ਪਰ ਠਾਕੁਰ ਉਸ ਨਾਲ ਖ਼ਫ਼ਾ ਹੈ ਅਤੇ ਆਪਣੇ ਹੁਕਮ 'ਤੇ ਅਡਿੱਗ ਰਹਿੰਦਾ ਹੈ। ਸ਼ੰਭੂ ਘਰ ਦਾ ਸਾਰਾ ਕੁਝ ਵੇਚ ਕੇ ਆਪਣੀ ਪਤਨੀ ਪਾਰਵਤੀ ਦੇ ਗਹਿਣੇ ਵੇਚ ਕੇ ਆਪਣੇ ਅੰਦਾਜ਼ੇ ਨਾਲ ਉਨੇ ਕੁ ਪੈਸੇ ਇਕੱਠੇ ਕਰਦਾ ਹੈ, ਜੋ ਉਸ ਅਨੁਸਾਰ ਉਸ ਵੱਲ ਨਿਕਲਦੇ ਹਨ, ਪਰ ਠਾਕੁਰ ਦੀ ਨੀਅਤ ਵਿੱਚ ਬੇਈਮਾਨੀ ਹੈ, ਉਹ ਉਸ ਵੱਲ ਨਿਕਲਦੇ ਪੈਸਿਆਂ ਦਾ ਚਾਰ ਗੁਣਾਂ ਉਸ ਵੱਲ ਕੱਢ ਦਿੰਦਾ ਹੈ। ਉਸ ਅਨੁਸਾਰ ਇਸ ਲੈਣ-ਦੇਣ ਵਿੱਚ ਸ਼ੰਭੂ ਦਾ ਅੰਗੂਠਾ ਵੀ ਲੱਗਿਆ ਹੋਇਆ ਹੈ।

ਮਾਮਲਾ ਅਦਾਲਤ ਵਿਚ ਜਾਂਦਾ ਹੈ ਤਾਂ ਅਦਾਲਤ ਸ਼ੰਭੂ ਮਹਿਤੋ ਨੂੰ ਕਾਗਜ਼ਾਂ ਦੇ ਆਧਾਰ 'ਤੇ ਹੁਕਮ ਦਿੰਦੀ ਹੈ ਕਿ ਉਸ ਨੇ ਇਹ ਕਰਜ਼ਾ ਠਾਕੁਰ ਨੂੰ ਦੇਣਾ ਹੈ। ਉਸ ਕੋਲ ਤਿੰਨ ਮਹੀਨੇ ਹਨ, ਜੇਕਰ ਤਿੰਨ ਮਹੀਨਿਆਂ ਵਿਚ ਕਰਜ਼ਾ ਵਾਪਸ ਨਹੀਂ ਕੀਤਾ ਤਾਂ ਜਾਇਦਾਦ ਦਾ ਮਾਲਕ ਠਾਕੁਰ ਹਰਨਾਮ ਸਿੰਘ ਹੋਵੇਗਾ।




ਸ਼ੰਭੂ ਮਹਿਤੋ ਅਦਾਲਤ ਮੂਹਰੇ ਗਿੜਗਿੜਾਉਂਦਾ ਹੈ ਕਿ ਇਹ ਸੰਭਵ ਨਹੀਂ, ਪਰ ਉਸ ਦੀ ਨਹੀਂ ਸੁਣੀ ਜਾਂਦੀ। ਇਨ੍ਹਾਂ ਮੁਸ਼ਕਲ ਹਾਲਤਾਂ ਵਿੱਚ ਸ਼ੰਭੂ ਤਿੰਨ ਮਹੀਨਿਆਂ ਵਿੱਚ ਪੈਸੇ ਜੁਟਾਉਣ ਲਈ ਕਲਕੱਤੇ ਚਲਾ ਜਾਂਦਾ ਹੈ, ਉਸ ਦਾ ਛੋਟਾ ਜਿਹਾ ਬੇਟਾ ਕਨ੍ਹੱਈਆ ਵੀ ਉਸ ਨਾਲ ਹੁੰਦਾ ਹੈ। ਸ਼ੰਭੂ ਮਹਿਤੋ ਉਥੇ ਹੱਥ ਰਿਕਸ਼ਾ ਚਲਾਉਂਦਾ ਹੈ, ਉਹ ਰਿਕਸ਼ਾ ਜੋ ਆਦਮੀ ਖ਼ੁਦ ਭੱਜ ਕੇ ਖਿੱਚਦਾ ਹੈ। ਇਹ ਬੜੀ ਮੁਸ਼ੱਕਤ ਦਾ ਕੰਮ ਹੈ,ਜੋ ਸ਼ੰਭੂ ਨੇ ਕਦੇ ਕੀਤਾ ਵੀ ਨਹੀਂ ਹੁੰਦਾ, ਪਰ ਜ਼ਮੀਨ ਬਚਾਉਣ ਲਈ ਇਹ ਉਹ ਇਹ ਸਭ ਕੁਝ ਕਰਦਾ ਹੈ।

ਕਲਕੱਤੇ ਰਹਿੰਦਿਆਂ ਸ਼ੰਭੂ ਮਹਿਤੋ ਦੀ ਜ਼ਿੰਦਗੀ ਵਿੱਚ ਕਈ ਉਤਰਾਅ-ਚੜ੍ਹਾਅ ਆਉਂਦੇ ਹਨ। ਫਿਲਮ ਦੇ ਇਸ ਹਿੱਸੇ ਵਿਚ ਕਲਕੱਤੇ ਦੀ ਉਸ ਸਮੇਂ ਦੀ ਰਹਿਣੀ-ਬਹਿਣੀ ਬੜੀ ਦਿਲਚਸਪ ਢੰਗ ਨਾਲ ਦਿਖਾਈ ਗਈ ਹੈ। ਪੈਸੇ ਵੱਧ ਤੋਂ ਵੱਧ ਕਮਾਉਣ ਦੇ ਲਾਲਚ ਵਿੱਚ ਸ਼ੰਭੂ ਮਹਿਤੋ ਇਕ ਦਿਨ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ। ਉੱਧਰ ਉਡੀਕ ਕਰਦੀ ਉਸ ਦੀ ਪਤਨੀ ਪਿੰਡੋਂ ਕਲਕੱਤੇ ਆ ਜਾਂਦੀ ਹੈ। ਉਸ ਦੀ ਦੁਰਘਟਨਾ ਵੀ ਹੋ ਜਾਂਦੀ ਹੈ ਤਾਂ ਅਚਾਨਕ ਸ਼ੰਭੂ ਮਹਿਤੋ ਦਾ ਮੇਲ ਉਸ ਨਾਲ ਕੋਲਕਾਤਾ ਵਿਖੇ ਹੋ ਜਾਂਦਾ ਹੈ। ਬੱਚਾ ਘਨ੍ਹੱਈਆ ਵੀ ਕਲਕੱਤੇ ਵਿਚ ਜ਼ਮੀਨ ਬਚਾਉਣ ਲਈ ਮਿਹਨਤ ਕਰਦਾ ਹੈ। ਉਹ ਬੂਟ ਪਾਲਿਸ਼ ਕਰ-ਕਰ ਕੇ ਜ਼ਮੀਨ ਬਚਾਉਣ ਲਈ ਪੈਸੇ ਜੋੜਦਾ ਹੈ, ਪਰ ਹਾਲਾਤ ਉਨ੍ਹਾਂ ਨੂੰ ਪੈਸੇ ਜੋੜਨ ਨਹੀਂ ਦਿੰਦੇ। ਇਹ ਤਿੰਨ ਮਹੀਨੇ ਆਪਣੀ ਹੋਂਦ ਦੀ ਹੀ ਨਹੀਂ, ਜ਼ਿੰਦਗੀ ਦੀ ਲੜਾਈ ਵੀ ਲੜਦੇ ਹਨ, ਪਰ ਰਕਮ ਜੋੜਨ ਵਿੱਚ ਸਫਲ ਨਹੀਂ ਹੁੰਦੇ। ਉਹ ਵਾਪਸ ਪਿੰਡ ਆਉਂਦੇ ਹਨ। ਉਨ੍ਹਾਂ ਦੀ ਜ਼ਮੀਨ ਦੀ ਨਿਲਾਮੀ ਹੋ ਰਹੀ ਹੁੰਦੀ ਹੈ, ਹੋ ਵੀ ਜਾਂਦੀ ਹੈ ਅਤੇ ਠਾਕੁਰ ਹਰਨਾਮ ਸਿੰਘ ਉੱਥੇ ਫੈਕਟਰੀ ਖੜ੍ਹੇ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਸ਼ੰਭੂ ਦਾ ਪਰਵਾਰ ਗਹਿਰੀ ਨਿਰਾਸ਼ਾ ਵਿਚ ਹੈ, ਉਹ ਆਪਣੀ ਜ਼ਮੀਨ ਤੋਂ ਬਗੈਰ ਆਪਣੀ ਹਸਤੀ ਬਾਰੇ ਸੋਚ ਵੀ ਨਹੀਂ ਸਕਦਾ। ਜ਼ਮੀਨ ਗੁਆ ਚੁੱਕਿਆ ਪਰਵਾਰ ਪਿੰਡ ਛੱਡ ਰਿਹਾ ਹੁੰਦਾ ਹੈ ਕਿ ਫਿਲਮ ਖਤਮ ਹੋ ਜਾਂਦੀ ਹੈ। ਇਹ ਇਕ ਉਦਾਸ ਸਮਾਪਤੀ ਹੁੰਦੀ ਹੈ, ਜੋ ਦਰਸ਼ਕਾਂ ਨੂੰ ਬਹੁਤ ਕੁਝ ਸੋਚਣ ਲਈ ਮਜਬੂਰ ਕਰਦੀ ਹੈ।

ਇਸ ਫਿਲਮ ਦੀ ਪਟਕਥਾ ਰਿਸ਼ੀਕੇਸ਼ ਮੁਕਰਜੀ ਨੇ ਲਿਖੀ ਸੀ। ਉਸ ਸਮੇਂ ਅਜਿਹੀ ਪਟਕਥਾ ਲਿਖਣੀ ਆਸਾਨ ਨਹੀਂ ਸੀ, ਜਿਸ ਵਿਚ ਕੋਈ ਪ੍ਰੇਮ ਕਹਾਣੀ ਨਹੀਂ, ਪ੍ਰੇਮ ਹੈ ਆਪਣੀ ਮਿੱਟੀ ਨਾਲ, ਜਿਸ ਕਾਰਨ ਫਿਲਮ ਦੇ ਪੂਰੇ ਕਿਰਦਾਰ ਅਨੇਕਾਂ ਦੁੱਖ ਸਹਿੰਦੇ ਹਨ। ਬਿਮਲ ਰਾਏ, ਰਿਸ਼ੀਕੇਸ ਮੁਖਰਜੀ, ਬਲਰਾਜ ਸਾਹਨੀ ਤੇ ਰਵਿੰਦਰ ਨਾਥ ਠਾਕੁਰ ਸਾਹਮਣੇ ਸਿਰ ਝੁਕਦਾ ਹੈ, ਜਿਨ੍ਹਾਂ ਅਨੇਕਾਂ ਦਹਾਕੇ ਪਹਿਲਾਂ ਹੀ ਮੌਜੂਦਾ ਹਾਲਤਾਂ ਬਾਰੇ ਲਿਖ ਕੇ ਜ਼ਮਾਨੇ ਅੱਗੇ ਰੱਖ ਦਿੱਤਾ ਸੀ। ਕਿਸਾਨ ਅੰਦੋਲਨ ਦੌਰਾਨ ਮੈਨੂੰ ਇਹ ਫਿਲਮ ਕਈ ਵਾਰ ਯਾਦ ਆਈ ਸੀ।

ਸਲਾਮ...ਬਿਮਲ ਰਾਏ ਸਰ

ਫਿਲਮ ਵਿਚ ਸੰਗੀਤ ਸਲਿਲ ਚੌਧਰੀ ਦਾ ਹੈ। ਇਸ ਵਿਚ ਜਗਦੀਪ ਵੀ ਇੱਕ ਚੜ੍ਹਦੀ ਉਮਰ ਦੇ ਮੁੰਡੇ ਦੀ ਭੂਮਿਕਾ ਵਿੱਚ ਨਜ਼ਰ ਆਉਂਦੇ ਹਨ। ਕਲਕੱਤੇ 'ਚ ਪਹਿਲਾਂ ਹੱਥ ਰਿਕਸ਼ਾ ਚਲਦੇ ਸਨ, ਮਨੁੱਖ ਹੀ ਮਨੁੱਖ ਨੂੰ ਢੋਂਦਾ ਸੀ, ਇੱਕ ਅਮਾਨਵੀ ਵਰਤਾਰਾ। ਕਹਿੰਦੇ ਹਨ ਆਪਣੇ ਪਾਤਰ 'ਚ ਸੁਭਾਵਿਕਤਾ ਲਿਆਉਣ ਲਈ ਬਲਰਾਜ ਸਾਹਨੀ ਫਿਲਮਾਂਕਣ ਤੋਂ ਪਹਿਲਾਂ ਕੁਝ ਸਮਾਂ ਇਹ ਰਿਕਸਾ ਚਲਾਉਂਦੇ ਰਹੇ, ਤਾਂ ਕਿ ਚਿਹਰੇ 'ਤੇ ਉਹੀ ਭਾਵ ਆ ਸਕੇ, ਜੋ ਅਜਿਹੀ ਮੁਸ਼ੱਕਤ ਦਾ ਕੰਮ ਕਰਨ ਵਾਲੇ ਦੇ ਚਿਹਰੇ 'ਤੇ ਹੁੰਦਾ ਹੈ। ਇਸ ਦੌਰਾਨ ਉਹ ਬਿਮਾਰ ਵੀ ਹੀ ਗਏ ਸਨ। ਪੰਜਾਬੀ ਪਿਠਭੂਮੀ ਨਾਲ ਬਾਵਸਤਾ ਇਸ ਮਹਾਨ ਫਨਕਾਰ ਨੇ ਇੱਕ ਸੋਸ਼ਿਤ ਬੰਗਲਾ ਕਿਸਾਨ ਦੀ ਭੂਮਿਕਾ 'ਚ ਅਜਿਹੀ ਅਦਾਇਗੀ ਦਿੱਤੀ ਕਿ ਜਿਸ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ।

# ਸੰਪਰਕ : 98141-63071

CMYK

# ਭ੍ਰਿਸ਼ਟਾਚਾਰੀਆਂ ਨੂੰ ਫੜਨ ਪਿੱਛੋਂ ਸਜ਼ਾਵਾਂ ਦਿਵਾਉਣ ਦਾ ਵੱਡਾ ਕੰਮ ਵੀ ਸਿਰੇ ਲੱਗਣਾ ਚਾਹੀਦੈ

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਪੰਜਾਬ ਵਿੱਚ ਵੀ ਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਵਿੱਚੋਂ ਵੀ ਕਈ ਲੋਕ ਸਾਥੋਂ ਇਹ ਸਵਾਲ ਅਕਸਰ ਪੁੱਛਦੇ ਹਨ ਕਿ ਤੁਸੀਂ ਪੱਤਰਕਾਰ ਹਰ ਸਰਕਾਰ ਦੇ ਨੁਕਸ ਕੱਢੀ ਜਾਂਦੇ ਹੋ, ਫਿਰ ਤੁਸੀਂ ਕਿਸ ਤਰ੍ਹਾਂ ਦੀ ਸਰਕਾਰ ਚਾਹੁੰਦੇ ਹੋ ਅਤੇ ਕਦੀ ਉਹੋ ਜਿਹੀ ਸਰਕਾਰ ਆਵੇਗੀ ਵੀ ਜਾਂ ਏਦਾਂ ਹੀ ਚੱਲਦਾ ਰਹੇਗਾ! ਬੀਤੇ ਹਫਤੇ ਇਹ ਸਵਾਲ ਫਿਰ ਵਿਦੇਸ਼ ਬੈਠੇ ਕੁਝ ਸੱਜਣਾਂ ਨੇ ਇਸ ਤਰ੍ਹਾਂ ਪੁੱਛ ਲਿਆ ਹੈ ਕਿ ਹਰ ਸਰਕਾਰ ਹੀ ਨੁਕਸਦਾਰ ਹੈ ਤਾਂ ਕੀ ਕਦੀ ਸੁਧਾਰ ਵੀ ਹੋਵੇਗਾ!

ਅਸਲ ਵਿੱਚ ਇੱਕ ਸ਼ਬਦ ਹੁੰਦਾ ਹੈ 'ਮ੍ਰਿਗ ਤ੍ਰਿਸ਼ਨਾ', ਜਿਸ ਦਾ ਭਾਵ ਹੁੰਦਾ ਹੈ ਕਿ ਹਿਰਨ ਪਾਣੀ ਲੱਭਦਾ ਹੋਇਆ ਜਦੋਂ ਮਾਰੂਥਲ ਵਿੱਚ ਦੌੜਦਾ ਹੈ ਤਾਂ ਉਸ ਨੂੰ ਹਰ ਪਾਸੇ ਤਪਦੀ ਰੇਤ ਦੂਰੋਂ ਪਾਣੀ ਵਾਂਗ ਜਾਪਦੀ ਹੈ ਤੇ ਉਸ ਦੀ ਝਾਕ ਵਿੱਚ ਜਦ ਓਥੇ ਪੁੱਜਦਾ ਹੈ ਤਾਂ ਉਹ ਰੇਤ ਨਿਕਲਦੀ ਹੈ ਤੇ ਅੱਗੇ ਫਿਰ ਪਾਣੀ ਹੋਣ ਦੀ ਉਹੋ ਝਲਕ ਮਿਲ ਜਾਂਦੀ ਹੈ। ਪੰਜਾਬ ਅਤੇ ਸਮੁੱਚੇ ਭਾਰਤ ਦੇ ਲੋਕ ਵੀ ਪਿਛਲੇ ਸਾਢੇ ਸੱਤ ਦਹਾਕਿਆਂ ਤੋਂ ਓਸੇ ਮ੍ਰਿਗ ਤ੍ਰਿਸ਼ਨਾ ਵਾਂਗ ਹਰ ਚੋਣ ਮੌਕੇ ਇੱਕ ਨਵੀਂ ਅਤੇ ਚੰਗੀ ਸਰਕਾਰ ਦੀ ਝਾਕ ਵਿੱਚ ਆਪਣੀਆਂ ਵੋਟਾਂ ਪਾਉਂਦੇ ਹਨ, ਪਰ ਅੰਤ ਵਿੱਚ ਫਿਰ ਉਨ੍ਹਾਂ ਪੱਲੇ ਜੋ ਕੁਝ ਪੈਂਦਾ ਹੈ, ਉਸ ਨਾਲ ਮਨ ਖੱਟਾ ਹੋ ਜਾਂਦਾ ਤੇ ਲੋਕ ਉਸ ਸਰਕਾਰ ਨੂੰ ਮੰਦਾ-ਚੰਗਾ ਕਹਿਣ ਲਗਦੇ ਹਨ। ਇੰਦਰਾ ਗਾਂਧੀ ਦੇ ਸਮੇਂ 'ਗਰੀਬੀ ਹਟਾਓ' ਦੇ ਨਾਅਰੇ ਨਾਲ ਵੋਟਾਂ ਹੂੰਝਣ ਤੋਂ ਲੈ ਕੇ ਭਾਰਤ ਦੀ ਵਾਗ ਸਾਂਭਣ ਵਾਲੀ ਲਗਭਗ ਹਰ ਸਰਕਾਰ ਆਪਣੇ ਲੋਕਾਂ ਨੂੰ ਏਦਾਂ ਦੇ ਲਾਲੀਪਾਪ ਵਰਗੇ ਨਾਅਰੇ ਦੇ ਕੇ ਬਣਦੀ ਰਹੀ ਹੈ। ਕਿਸੇ ਨੇ ਸਾਰੇ ਲੋਕਾਂ ਦੇ ਕਰਜ਼ੇ ਦੀ ਮੁਆਫੀ ਦਾ ਵਾਅਦਾ ਕਰ ਦਿੱਤਾ ਅਤੇ ਕਿਸੇ ਨੇ ਹਰ ਘਰ ਵਿੱਚ ਘੱਟੋ-ਘੱਟ ਇੱਕ ਨੌਕਰੀ ਦੇਣ ਦਾ ਐਲਾਨ ਕਰ ਮਾਰਿਆ। ਉਹ ਕੁਝ ਕਦੇ ਕਿਸੇ ਨੇ ਵੀ ਨਹੀਂ ਸੀ ਦਿੱਤਾ, ਜਿਸ ਦੇ ਐਲਾਨ ਨਾਲ ਵੋਟਾਂ ਲਈਆਂ ਸਨ। ਹੱਦ ਤਾਂ ਓਦੋਂ ਹੋ ਗਈ, ਜਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦਾ ਪ੍ਰਧਾਨ ਮੰਤਰੀ ਬਣਨ ਵਾਸਤੇ ਲੋਕਾਂ ਦੀਆਂ ਵੋਟਾਂ ਲੈਣ ਲਈ ਹਰ ਨਾਗਰਿਕ ਦੇ ਬੈਂਕ ਖਾਤੇ ਵਿੱਚ ਪੰਜ-ਪੰਜ ਲੱਖ ਅਤੇ ਪੰਜ ਜੀਆਂ ਦੇ ਖਾਤੇ ਵਿੱਚ ਪੰਦਰਾਂ ਲੱਖ ਰੁਪਏ ਪਾਉਣ ਦਾ ਐਲਾਨ ਕਰ ਦਿੱਤਾ। ਕਮਾਲ ਇਹ ਵੀ ਸੀ ਕਿ ਬਾਅਦ ਵਿੱਚ ਉਸ ਨੇ ਸਾਫ ਹੀ ਕਹਿ ਦਿੱਤਾ ਕਿ ਇਹ ਪੈਸੇ ਨਹੀਂ ਦੇਣੇ ਕਿ ਏਨੇ ਪੈਸੇ ਹੀ ਨਹੀਂ, ਇਹ 'ਸਿਰਫ ਏਕ ਚੁਨਾਵ ਜੁਮਲਾ' ਥਾ, ਪਰ ਲੋਕਾਂ ਨੇ ਵਿਰੋਧ ਨਹੀਂ ਕੀਤਾ, ਕਿਸੇ ਨਵੇਂ ਨਾਅਰੇ ਦੀ ਝਾਕ ਵਿੱਚ ਫਿਰ ਉਸੇ ਪਿੱਛੇ ਵੋਟਾਂ ਪਾਈ ਗਏ। ਜਿਸ ਦੇਸ਼ ਵਿੱਚ ਕੰਮ ਕਰਨ ਦੀ ਬਜਾਏ ਇਸ ਤਰ੍ਹਾਂ 'ਚੁਨਾਵ ਜੁਮਲਾ' ਪੇਸ਼ ਕਰ ਕੇ ਵੋਟਾਂ ਮਿਲ ਸਕਦੀਆਂ ਹੋਣ, ਉਸ ਦੇਸ਼ ਵਿੱਚ ਕਿਸੇ ਨੇਤਾ ਨੂੰ ਲੋਕਾਂ ਵਾਸਤੇ ਅਮਲ ਵਿੱਚ ਕੁਝ ਕਰਨ ਦੀ ਲੋੜ ਹੀ ਨਹੀਂ ਰਹਿੰਦੀ।

ਸਾਡੇ ਪੰਜਾਬ ਦੇ ਲੋਕ ਪਹਿਲਾਂ ਵੀ ਇਸ ਤਰ੍ਹਾਂ ਦੇ ਕਈ ਜੁਮਲੇ ਸੁਣ ਕੇ ਆਸਾਂ ਰੱਖਦੇ ਤੇ ਵੋਟਾਂ ਪਾਉਣ ਲਈ ਜਾਂਦੇ ਰਹੇ ਸਨ, ਪਰ ਵੱਡਾ ਉਭਾਰ ਓਦੋਂ ਵੇਖਿਆ, ਜਦੋਂ ਕਾਂਗਰਸ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਗੁਰਬਾਣੀ ਦੇ ਗੁਟਕਾ ਸਾਹਿਬ ਦੀ ਸਹੁੰ ਚੁੱਕ ਕੇ ਕਿਹਾ ਸੀ ਕਿ ਇੱਕ ਮਹੀਨੇ ਵਿੱਚ ਨਸ਼ੇ ਦਾ ਕੋਹੜ ਗਲੋਂ ਲਾਹ ਦੇਵੇਗਾ। ਚੋਣ ਜਿੱਤਣ ਦੇ ਬਾਅਦ ਉਸ ਨੇ ਕੁਝ ਕੀਤਾ ਨਹੀਂ ਅਤੇ ਇਹ ਵੀ ਨਹੀਂ ਕਿਹਾ ਕਿ 'ਵੋ ਤੋ ਸਿਰਫ ਏਕ ਚੁਨਾਵ ਜੁਮਲਾ' ਥਾ, ਸਗੋਂ ਆਪਣੀ ਕੁਰਸੀ ਖੁੱਸ ਜਾਣ ਤੱਕ ਇਹ ਦਾਅਵਾ ਕਰਦਾ ਰਿਹਾ ਸੀ ਕਿ ਉਸ ਨੇ ਜੇ ਨਸ਼ੇ ਖਤਮ ਬੇਸ਼ੱਕ ਨਹੀਂ ਕੀਤੇ, ਪਰ ਅੱਗੇ ਵਧਣ ਨੂੰ ਬਰੇਕ ਲਾ ਦਿੱਤੀ ਹੈ। ਅਮਲ ਵਿੱਚ ਇਹ ਵੀ ਗੱਲ ਨਹੀਂ ਸੀ ਤੇ ਲੋਕ ਹਕੀਕਤ ਜਾਣਦੇ ਸਨ। ਅਮਰਿੰਦਰ ਸਿੰਘ ਤੋਂ ਬਾਅਦ ਚਰਨਜੀਤ ਸਿੰਘ ਚੰਨੀ ਨੂੰ ਬਹੁਤਾ ਨਿੰਦਣ ਦੀ ਲੋੜ ਨਹੀਂ, ਉਸ ਕੋਲ ਸਮਾਂ ਥੋੜ੍ਹਾ ਸੀ ਤੇ ਨਾਲੇ ਉਸ ਦੀ ਆਪਣੀ ਪਾਰਟੀ ਦੇ ਆਗੂ ਹੀ ਉਸ ਨੂੰ ਚੱਲਣ ਨਹੀਂ ਸਨ ਦੇ ਰਹੇ। ਇਸ ਲਈ ਉਹ ਕੁਝ ਕਰ ਨਹੀਂ ਸਕਿਆ। ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿੱਚ ਭਾਵੇਂ ਕੁਝ ਨਹੀਂ ਕਰ ਸਕਿਆ, ਇਹੋ ਜਿਹੇ ਕੰਮ ਉਸ ਨੇ ਵੀ ਬੜੇ ਕੀਤੇ ਦੱਸੇ ਜਾਂਦੇ ਸਨ, ਜਿਨ੍ਹਾਂ ਨਾਲ ਖੁਦ ਚੰਨੀ ਦੀ ਵੀ ਅਤੇ ਉਸ ਦੀ ਸਰਕਾਰ ਦੀ ਵੀ ਚੋਖੀ ਬਦਨਾਮੀ ਹੁੰਦੀ ਰਹੀ ਸੀ ਅਤੇ ਅਜੇ ਵੀ ਹੋ ਰਹੀ ਹੈ।

ਤੀਸਰਾ ਤਜਰਬਾ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਦੀ ਸਰਕਾਰ ਦਾ ਹੈ, ਜਿਸ ਨੇ ਕੁਝ ਕੰਮ ਕੀਤੇ ਹਨ ਤੇ ਕੁਝ ਛੇਤੀ ਕਰਨ ਦਾ ਦਾਅਵਾ ਕਰੀ ਜਾਂਦੀ ਹੈ। ਪੂਰੀ ਆਸ ਭਾਵੇਂ ਨਹੀਂ ਟੁੱਟੀ, ਪਰ ਇਸ ਸਰਕਾਰ ਬਾਰੇ ਵੀ ਲੋਕ ਅੱਜਕੱਲ੍ਹ ਚੋਖੇ ਕਿੰਤੂ ਕਰਦੇ ਸੁਣਦੇ ਹਨ। ਨਸ਼ੀਲੇ ਪਦਾਰਥਾਂ ਦੇ ਧੰਦੇ ਨੂੰ ਅਜੇ ਤੱਕ ਲਗਾਮ ਨਹੀਂ ਦਿੱਤੀ ਜਾ ਸਕੀ ਤੇ ਓਦੋਂ ਵੀ ਵੱਡੀ ਮਾੜੀ ਗੱਲ ਇਹ ਹੈ ਕਿ ਇਸ ਪਾਰਟੀ ਦੇ ਕਈ ਵਿਧਾਇਕਾਂ ਅਤੇ ਕੁਝ ਮੰਤਰੀਆਂ ਦਾ ਨਾਂਅ ਇਸ ਚਿੱਕੜ ਵਾਲੇ ਧੰਦੇਬਾਜ਼ਾਂ ਨਾਲ ਜੁੜਦਾ ਸੁਣਨ ਲੱਗ ਪਿਆ ਹੈ। ਵਾਅਦੇ ਭਾਵੇਂ ਇਸ ਸਰਕਾਰ ਨੇ ਮੁਫਤ ਬਿਜਲੀ ਵਾਲੇ ਤੇ ਕਈ ਹੋਰ ਵੀ ਕੀਤੇ ਸਨ ਅਤੇ ਉਨ੍ਹਾਂ ਵਿੱਚੋਂ ਕੁਝ ਪੂਰੇ ਵੀ ਕੀਤੇ ਜਾਂ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ, ਪਰ ਇਸ ਸਰਕਾਰ ਨੇ ਦੂਸਰਾ ਵੱਡਾ ਵਾਅਦਾ ਪੰਜਾਬ ਤੋਂ ਭ੍ਰਿਸ਼ਟਾਚਾਰ ਖਤਮ ਕਰਨ ਦਾ ਕੀਤਾ ਸੀ। ਅਸੀਂ ਉਨ੍ਹਾਂ ਲੋਕਾਂ ਵਿੱਚੋਂ ਨਹੀਂ, ਜਿਹੜੇ ਕਹਿੰਦੇ ਹਨ ਕਿ ਕੁਝ ਵੀ ਨਹੀਂ ਹੋਇਆ, ਪਰ ਇਹ ਗੱਲ ਮੰਨ ਕੇ ਕਿ ਇਸ ਨੇ ਕੁਝ ਨਾ ਕੁਝ ਕੀਤਾ ਹੈ, ਅਸੀਂ ਇਹ ਨਹੀਂ ਕਹਿ ਸਕਦੇ ਕਿ ਜਿੰਨਾ ਵੱਡਾ ਵਾਅਦਾ ਕੀਤਾ ਸੀ, ਓਨਾ ਕੰਮ ਵੀ ਕੀਤਾ ਹੈ। ਸਰਕਾਰ ਬਣਦੇ ਸਾਰ ਆਪਣੇ ਇੱਕ ਮੰਤਰੀ ਦੀ ਗ੍ਰਿਫਤਾਰੀ ਮੁੱਖ ਮੰਤਰੀ ਨੇ ਕੀਤੀ ਸੀ ਤਾਂ ਇਸ ਦੀ ਬਹੁਤ ਵੱਡੀ ਭੱਲ ਬਣ ਗਈ, ਪਰ ਬਾਅਦ ਵਿੱਚ ਕਈ ਹੋਰਨਾਂ ਬਾਰੇ ਜਦੋਂ ਉਹੋ ਕੁਝ ਸਾਹਮਣੇ ਆਉਣ ਲੱਗ ਪਿਆ ਤਾਂ ਸਰਕਾਰ ਕਾਰਵਾਈ ਕਰਨ ਦੀ ਗੱਲ ਟਾਲਦੀ ਰਹੀ। ਫਿਰ ਇੱਕ ਦਿਨ ਇਹ ਖਬਰ ਆਈ ਕਿ ਬਠਿੰਡਾ ਪੇਂਡੂ ਹਲਕੇ ਦਾ ਆਮ ਆਦਮੀ ਪਾਰਟੀ ਦਾ ਵਿਧਾਇਕ ਅਮਿਤ ਰਤਨ ਸਰਕਾਰੀ ਚੈੱਕ ਪੰਚਾਇਤਾਂ ਨੂੰ ਦੇਣ ਬਦਲੇ ਕਮਿਸ਼ਨ ਮੰਗਣ ਦੇ ਦੋਸ਼ ਵਿੱਚ ਫੜਿਆ ਗਿਆ ਹੈ। ਉਸ ਦੇ ਖਿਲਾਫ ਰਿਕਾਰਡਿਡ ਸਬੂਤ ਹੋਣ ਕਾਰਨ ਉਸ ਨੂੰ ਛੱਡਿਆ ਨਹੀਂ ਸੀ ਜਾ ਸਕਦਾ, ਇਸ ਲਈ ਫੜ ਲਿਆ, ਪਰ ਕਈ ਹੋਰ ਏਸੇ ਤਰ੍ਹਾਂ ਭ੍ਰਿਸ਼ਟਾਚਾਰ ਦੇ ਚੱਲਦੇ-ਫਿਰਦੇ ਰੇਟ ਕਾਰਡ ਵਜੋਂ ਪ੍ਰਸਿੱਧੀ ਖੱਟਦੇ ਪਏ ਹਨ, ਉਨ੍ਹਾਂ ਬਾਰੇ ਉਹੋ ਜਿਹੀ ਸਖਤ ਕਾਰਵਾਈ ਨਹੀਂ ਕੀਤੀ ਜਾ ਰਹੀ ਅਤੇ ਆਮ ਲੋਕ ਇਸ ਬਾਰੇ ਭਾਂਤ-ਭਾਂਤ ਦੀਆਂ ਗੱਲਾਂ ਕਰੀ ਜਾਂਦੇ ਹਨ। ਵਿਰੋਧੀ ਧਿਰਾਂ ਵਿੱਚ ਉਹੀ ਲੋਕ, ਜਿਹੜੇ ਸਾਲਾਂ-ਬੱਧੀ ਅੰਨ੍ਹੇ-ਵਾਹ ਭ੍ਰਿਸ਼ਟਾਚਾਰ ਕਰਦੇ ਰਹੇ ਸਨ, ਅੱਜ ਇਸ ਸਰਕਾਰ ਦੇ ਖਿਲਾਫ ਆਵਾਜ਼ ਉਠਾਉਣ ਤਾਂ ਬੇਸ਼ੱਕ ਉਹ ਭ੍ਰਿਸ਼ਟਾਚਾਰ ਕਰਦੇ ਰਹੇ ਹੋਣ, ਲੋਕ ਇਹ ਕਹਿੰਦੇ ਹਨ ਕਿ ਉਨ੍ਹਾਂ ਦਾ ਵਕਤ ਗਿਆ, ਨਵੀਂ ਸਰਕਾਰ ਇਹ ਦੱਸੇ ਕਿ ਉਸ ਨੇ ਕਿੰਨਾ ਤੇ ਕਿਸ ਤਰ੍ਹਾਂ ਦਾ ਕੰਮ ਕੀਤਾ ਹੈ! ਦਫਤਰਾਂ-ਕਚਹਿਰੀਆਂ ਦੇ ਭ੍ਰਿਸ਼ਟਾਚਾਰ ਨੂੰ ਬਾਹਲੀ ਨੱਥ ਨਹੀਂ ਪੈ ਸਕੀ, ਆਮ ਲੋਕ ਅਜੇ ਤੱਕ ਓਸੇ ਤਰ੍ਹਾਂ ਇਨ੍ਹਾਂ ਥਾਂਵਾਂ ਉੱਤੇ ਜਾਂਦੇ ਅਤੇ ਅਫਸਰਾਂ ਦੇ ਦਲਾਲਾਂ ਦੀਆਂ ਚੱਟੀਆਂ ਭਰਦੇ ਹਨ।

ਇੱਕ ਗੱਲ ਸਾਰੇ ਲੋਕ ਜਾਣਦੇ ਹਨ ਕਿ ਇਸ ਸਰਕਾਰ ਹੇਠ ਵਿਜੀਲੈਂਸ ਨੇ ਭ੍ਰਿਸ਼ਟਾਚਾਰ ਦੀਆਂ ਸਿਖਰਾਂ ਛੋਹ ਚੁੱਕੇ ਬਹੁਤ ਸਾਰੇ ਸਿਆਸੀ ਆਗੂਆਂ ਤੇ ਅਫਸਰਾਂ ਨੂੰ ਫੜਿਆ ਹੈ, ਪਰ ਕੀ ਇਹ ਸਾਰੇ ਮੁਕੱਦਮੇ ਕਚਹਿਰੀਆਂ ਵਿੱਚ ਪੱਕੇ ਟਿਕੇ ਰਹਿ ਸਕਣਗੇ, ਇਸ ਬਾਰੇ ਬਹੁਤੇ ਲੋਕਾਂ ਨੂੰ ਯਕੀਨ ਨਹੀਂ ਆ ਰਿਹਾ। ਇਸ ਦਾ ਵੱਡਾ ਕਾਰਨ ਇਹ ਹੈ ਕਿ ਪੰਜਾਬ ਦੇ ਪੱਲੇ ਪਿਛਲੇ ਤੀਹ ਕੁ ਸਾਲ ਇਹੋ ਜਿਹੀਆਂ ਸਰਕਾਰਾਂ ਪਈਆਂ ਸਨ, ਜਿਨ੍ਹਾਂ ਦੇ ਰਾਜ ਵਿੱਚ ਸਿਆਸੀ ਆਗੂਆਂ ਨੇ ਸ਼ਰਮ ਲਾਹੀ ਪਈ ਸੀ ਤਾਂ ਅਫਸਰਸ਼ਾਹੀ ਦਾ ਵੱਡਾ ਹਿੱਸਾ ਵੀ ਨੰਗੇ-ਮੁੰਗੇ ਭ੍ਰਿਸ਼ਟਾਚਾਰ ਵਿੱਚ ਲਿੱਬੜ ਗਿਆ ਸੀ। ਜਿਹੜੇ ਅਫਸਰ ਆਮ ਕਰ ਕੇ ਈਮਾਨਦਾਰ ਸਮਝੇ ਜਾਂਦੇ ਸਨ, ਜਦੋਂ ਨਾਲ ਦੇ ਖਾਂਦੇ ਸਨ ਤਾਂ ਉਨ੍ਹਾਂ ਨੂੰ ਆਪਣੇ ਨਾਲ ਜੋੜਨ ਦੇ ਲਈ ਇਸ ਖੇਡ ਵਿੱਚ ਸ਼ਾਮਲ ਹੋਣ ਜਾਂ ਕਿਸੇ ਕੇਸ ਵਿੱਚ ਫਸਾ ਦੇਣ ਦੀ ਗੱਲ ਕਹਿ ਕੇ ਧਮਕਾ ਲੈਂਦੇ ਸਨ। ਇਸ ਵੇਲੇ ਪੰਜਾਬ ਵਿੱਚ ਦਾਗੀ ਅਫਸਰਾਂ ਦੀ ਗਿਣਤੀ ਏਡੀ ਵੱਡੀ ਹੈ ਕਿ ਕੱਲ੍ਹ ਨੂੰ ਜਦੋਂ ਉਨ੍ਹਾਂ ਵਿੱਚੋਂ ਕਿਸੇ ਇੱਕ ਨੇ ਫਸਣਾ ਹੈ ਤਾਂ ਇੱਕ ਸੌ ਇੱਕ ਉਸ ਦੇ ਬਚਾਅ ਲਈ ਫਾਈਲਾਂ ਵਿੱਚ ਕੱਟ-ਵੱਢ ਕਰ ਕੇ ਰਾਹ ਕੱਢਣ ਦੇ ਯਤਨ ਕਰਨਗੇ। ਪੰਜਾਬ ਦਾ ਇਹ ਵੀ ਇਤਹਾਸ ਹੈ ਕਿ ਏਥੇ ਸਰਕਾਰੀ ਫਾਈਲਾਂ ਗੁੰਮ ਕਰ ਦਿੱਤੀਆਂ ਜਾਂਦੀਆਂ ਹਨ ਜਾਂ ਦਫਤਰ ਵਿੱਚ ਅਚਾਨਕ ਅੱਗ ਲੱਗਣ ਦੀ ਦੁਰਘਟਨਾ ਅਤੇ ਇਸ ਕਾਰਨ ਸਾਰਾ ਰਿਕਾਰਡ ਸੜ ਜਾਣ ਦੀਆਂ ਗੱਲਾਂ ਵੀ ਕਈ ਵਾਰੀ ਸੁਣੀਆਂ ਜਾਂਦੀਆਂ ਹਨ। ਜਿਸ ਦਿਨ ਚਾਰ ਵੱਡੇ ਪਾਪੀ ਫਸਣ ਲੱਗੇ, ਉਨ੍ਹਾਂ ਨਾਲ ਇਸ ਗੰਦੇ ਕੰਮ ਵਿੱਚ ਸ਼ਾਮਲ ਰਹੇ ਜਿਹੜੇ ਅਫਸਰ ਕੇਸਾਂ ਤੋਂ ਬਚ ਜਾਣਗੇ, ਉਹ ਏਦਾਂ ਦੇ ਦਾਅ ਵਰਤ ਕੇ ਸਾਰੇ ਮੁਕੱਦਮੇ ਖਰਾਬ ਕਰ ਦੇਣਗੇ। ਕੈਪਟਨ ਅਮਰਿੰਦਰ ਸਿੰਘ ਦੇ ਵਕਤ ਬਣੇ ਵਿਜੀਲੈਂਸ ਕੇਸਾਂ ਵਿੱਚ ਬਹੁਤ ਸਾਰੇ ਅਫਸਰ ਅਦਾਲਤ ਜਾ ਕੇ ਮੁੱਕਰ ਗਏ ਸਨ ਤੇ ਦੋਸ਼ੀ ਬਰੀ ਕਰਵਾ ਦਿੱਤੇ ਸਨ, ਇਹ ਕੰਮ ਮੌਜੂਦਾ ਸਰਕਾਰ ਹੇਠ ਵੀ ਹੋ ਸਕਦਾ ਹੈ, ਨਹੀਂ ਤਾਂ ਕੇਸ ਲਮਕਾ ਕੇ ਅਗਲੀ ਸਰਕਾਰ ਆਉਣ ਨੂੰ ਉਡੀਕ ਸਕਦੇ ਹਨ। ਅਦਾਲਤਾਂ ਦੇ ਕੰਮ-ਢੰਗ ਬਾਰੇ ਹਰ ਕੋਈ ਜਾਣਦਾ ਹੈ ਕਿ ਮੁੜ-ਮੁੜ ਤਰੀਕਾਂ ਪਵਾ ਕੇਕੇਸਾਂ ਨੂੰ ਲਟਕਾਈ ਜਾਣਾ ਔਖਾ ਨਹੀਂ ਹੁੰਦਾ।

ਏਦਾਂ ਦੇ ਹਾਲਾਤ ਵਿੱਚ ਇੱਕ ਰਾਹ ਕਿਸੇ ਵੀ ਕੇਸ ਦੇ ਦੋਸ਼ੀਆਂ ਵਿੱਚੋਂ ਕਿਸੇ ਇੱਕ ਜਣੇ ਨੂੰ ਵਾਅਦਾ-ਮੁਆਫੀ ਦੇ ਲਈ ਵਰਤ ਕੇ ਬਾਕੀਆਂ ਨੂੰ ਸਜ਼ਾ ਦਿਵਾਉਣ ਲਈ ਆਮ ਵਰਤਿਆ ਜਾਂਦਾ ਹੈ। ਅਮਰੀਕਾ ਵਾਲਿਆਂ ਨੇ ਡੈਨਮਾਰਕ ਵਾਲੇ ਕੇਸ ਵਿੱਚ ਵੱਡੇ ਪਾਪੀ ਡੇਵਿਡ ਕੋਲਮੈਨ ਹੈਡਲੀ ਨੂੰ ਵਰਤ ਕੇ ਬਾਕੀ ਸਾਰੇ ਫਸਾ ਲਏ ਅਤੇ ਇਸ ਵਿੱਚੋਂ ਭਾਰਤ ਦੇ ਮੁੰਬਈ ਵਿੱਚ ਹੋਏ ਬਹੁਤ ਵੱਡੇ ਅੱਤਵਾਦੀ ਹਮਲੇ ਦੀ ਕਹਾਣੀ ਨੰਗੀ ਕਰਨ ਦਾ ਰਾਹ ਵੀ ਕੱਢ ਲਿਆ ਸੀ। ਉਸ ਨੂੰ ਆਪਣੀ ਸਜ਼ਾ ਥੋੜ੍ਹੀ ਮਿਲਣ ਨਾਲ ਮਤਲਬ ਸੀ, ਖੁਦ ਕੁਰਾਹੇ ਪਾਇਆ ਤਹੱਵੁਰ ਰਾਣਾ ਵੀ ਉਸ ਨੇ ਫਸਾ ਦਿੱਤਾ ਸੀ, ਜਿਸ ਦੀ ਭਾਰਤ ਨੂੰ ਹਵਾਲਗੀ ਅਮਰੀਕਾ ਦੀ ਇੱਕ ਅਦਾਲਤ ਨੇ ਮਨਜ਼ੂਰ ਕਰ ਲਈ ਹੈ। ਟੈਕਸ ਚੋਰੀ ਦੇ ਕੇਸਾਂ ਵਿੱਚ ਦੋਸ਼ੀਆਂ ਦੇ ਲਈ ਆਮ ਮੁਆਫੀ ਦੇਣ ਦਾ ਰਿਵਾਜ ਵੀ ਹੈ, ਜਿਸ ਵਿੱਚ ਕਿਹਾ ਜਾਂਦਾ ਹੈ ਕਿ ਜਿਹੜਾ ਕੋਈ ਟੈਕਸ ਚੋਰੀ ਬਾਰੇ ਆਪਣਾ ਗੁਨਾਹ ਮੰਨ ਕੇ ਬਣਦਾ ਟੈਕਸ ਦੇਣ ਨੂੰ ਤਿਆਰ ਹੋਵੇ, ਉਸ ਨੂੰ ਸਜ਼ਾ ਵਿੱਚੋਂ ਛੋਟ ਮਿਲ ਸਕਦੀ ਹੈ। ਭਾਰਤ ਦੀਆਂ ਅਦਾਲਤਾਂ ਦੇ ਕਾਰ-ਵਿਹਾਰ ਨੂੰ ਜਾਨਣ ਵਾਲੇ ਲੋਕ ਜਾਣਦੇ ਹਨ ਕਿ ਕਈ ਕੇਸਾਂ ਵਿੱਚ ਏਦਾਂ ਹੀ ਇੱਕ ਜਣੇ ਨੂੰ ਵਾਅਦਾ ਮੁਆਫ ਬਣਾ ਲੈਣ ਦੇ ਨਾਲ ਬਾਕੀ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਰਾਹ ਨਿਕਲ ਆਉਂਦਾ ਹੈ ਅਤੇ ਏਦਾਂ ਵਾਅਦਾ-ਮੁਆਫ ਬਣ ਚੁੱਕਾ ਬੰਦਾ ਫਿਰ ਮੁੱਕਰ ਸਕਣ ਦੀ ਗੁੰਜਾਇਸ਼ ਵੀ ਘੱਟ ਹੁੰਦੀ ਹੈ। ਸਰਕਾਰ ਏਦਾਂ ਦਾ ਕੋਈ ਰਾਹ ਵਰਤ ਲਵੇ ਤਾਂ ਜਿਹੜੇ ਦੋਸ਼ੀਆਂ ਦੇ ਵਿਰੁੱਧ ਕੇਸ ਅਦਾਲਤ ਪਹੁੰਚ ਚੁੱਕੇ ਹਨ, ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਦੀ ਫੂਕ ਨਿਕਲਣ ਲੱਗ ਜਾਵੇਗੀ ਅਤੇ ਉਹ ਇੱਕ-ਦੂਜੇ ਤੋਂ ਪਹਿਲਾਂ ਵਾਅਦਾ ਮੁਆਫ ਬਣਨ ਲਈ ਵਿਜੀਲੈਂਸ ਦੇ ਅਧਿਕਾਰੀਆਂ ਦੇ ਗੇੜੇ ਕੱਢਣ ਲੱਗ ਜਾਣਗੇ। ਸਰਕਾਰ ਇਸ ਬਾਰੇ ਕੀ ਸੋਚਦੀ ਹੈ, ਕੁਝ ਸੋਚਦੀ ਵੀ ਹੈ ਜਾਂ ਨਹੀਂ, ਸਾਨੂੰ ਇਹ ਪਤਾ ਨਹੀਂ, ਪਰ ਭ੍ਰਿਸ਼ਟਾਚਾਰ ਦੇ ਖਿਲਾਫ ਜਿਸ ਤਰ੍ਹਾਂ ਦੀ ਮੁਹਿੰਮ ਇਹ ਸਰਕਾਰ ਵਿਜੀਲੈਂਸ ਦੇ ਰਾਹੀਂ ਚਲਾਉਂਦੀ ਪਈ ਹੈ, ਉਸ ਦੀਆਂ ਖਬਰਾਂ ਮੀਡੀਏ ਵਿੱਚ ਛਪਣ ਤੋਂ ਵੱਧ ਇਨ੍ਹਾਂ ਸਾਰੇ ਕੇਸਾਂ ਦਾ ਸਿਰੇ ਚਾੜ੍ਹਿਆ ਜਾਣਾ ਜ਼ਰੂਰੀ ਹੈ ਅਤੇ ਇਹੋ ਕੰਮ ਹੁੰਦਾ ਪਿਆ ਨਜ਼ਰ ਨਹੀਂ ਆ ਰਿਹਾ।

ਭਵਿੱਖ ਵਿੱਚ ਭ੍ਰਿਸ਼ਟਾਚਾਰ ਦਾ ਰਾਹ ਬੰਦ ਕਰਨਾ ਹੈ ਤਾਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣਾ ਬਹੁਤ ਜ਼ਰੂਰੀ ਹੈ, ਇਸ ਤੋਂ ਬਿਨਾਂ ਸਾਰੀ ਕਾਰਵਾਈ ਪਾਣੀ ਵਿੱਚ ਮਧਾਣੀ ਘੁੰਮਾਈ ਜਾਣ ਤੋਂ ਵੱਧ ਸਿੱਟੇ ਨਹੀਂ ਕੱਢ ਸਕਣ ਲੱਗੀ।

# ਸੱਚ ਨੂੰ ਦਬਾਇਆ/ਡਰਾਇਆ ਨਹੀਂ ਜਾ ਸਕਦਾ

### ਕੁਲਦੀਪ ਸਿੰਘ ਦੀਪ (ਡਾ.)

ਅੱਜ ਤੋਂ ਲੱਗਭੱਗ ਸਾਢੇ ਕੁ ਤਿੰਨ ਸੌ ਸਾਲ ਪਹਿਲਾਂ ਜਦ ਬੁੱਲ੍ਹੇ ਸ਼ਾਹ ਨੇ ਕਿਹਾ ਸੀ, 'ਹਾਜੀ ਲੋਕ ਮੱਕੇ ਵੱਲ ਜਾਂਦੇ ਮੇਰਾ ਰਾਂਝਣ ਮਾਹੀ ਮੱਕਾ' ਤਾਂ ਵਕਤ ਦੀ ਤੁਅੱਸਬੀ ਸੱਤਾ ਨੂੰ ਅੱਗ ਲੱਗ ਗਈ ਸੀ...ਪਰ ਅੰਦਰ ਦੀ ਆਵਾਜ਼ ਕਦ ਰੁਕਦੀ ਹੈ...ਲੱਖ ਫਤਵਿਆਂ ਅਤੇ ਫੁਰਮਾਨਾਂ ਦੇ ਬਾਵਜੂਦ ਕੂਕਦੀ ਹੈ :

ਸੱਚ ਆਖਿਆਂ ਭਾਂਬੜ ਮਚਦਾ ਹੈ
ਝੂਠ ਆਖਿਆਂ ਤਾਂ ਕੁਝ ਬਚਦਾ ਹੈ
ਜਚ ਜਚ ਕੇ ਜੀਭਾ ਕਹਿੰਦੀ ਹੈ
ਮੂੰਹ ਆਈ ਬਾਤ ਨਾ ਰਹਿੰਦੀ ਹੈ...

ਉਦੋਂ ਤੋਂ ਲੈ ਕੇ ਹੁਣ ਤੱਕ ਨਾ ਸੱਚ ਆਖਣ ਵਾਲੇ ਰੁਕੇ ਨੇ, ਨਾ ਭਾਂਬੜ ਮਚਣੋਂ ਹਟੇ ਨੇ...ਕਲਮਾਂ ਵਾਲਿਆਂ ਨੇ ਕਲਮ ਨਾਲ ਅਤੇ ਸੰਘਰਸ਼ ਵਾਲਿਆਂ ਨੇ ਲੋਕ ਰੋਹ ਦੀ ਜ਼ੁਬਾਨ ਨਾਲ ਮਾਨਵੀ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਹੈ। ਪਾਦਰੀ ਸਟੇਨ ਸੁਆਮੀ, ਵਰਵਰਾ ਰਾਓ, ਗੌਤਮ ਨਵਲੱਖਾ, ਆਨੰਦ ਤੇਲਤੁੰਬੜੇ, ਨਤਾਸ਼ਾ ਨਰਵਾਲ ਵਰਗਿਆਂ ਦੀ ਇੱਕ ਲੰਮੀ ਫਹਿਰਿਸ਼ਤ ਹੈ, ਜਿਨ੍ਹਾਂ ਨੇ ਅੱਜ ਦੇ ਦੌਰ ਵਿੱਚ ਮਨੁੱਖੀ ਹੱਕਾਂ ਦੀ ਆਵਾਜ਼ ਕੀਤੀ ਹੈ ਅਤੇ ਸਮੇਂ ਦੀ ਫਾਸ਼ੀਵਾਦੀ ਸਰਕਾਰ ਨੇ ਇਹਨਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ। ਬਜ਼ੁਰਗ ਪਾਦਰੀ ਸਟੇਨ ਸੁਆਮੀ ਵਰਗਿਆਂ ਨੇ ਜੇਲ੍ਹ ਵਿੱਚ ਹੀ ਪ੍ਰਾਣ ਤਿਆਗ ਕੇ ਸੱਤਾ ਦੇ ਜ਼ਾਲਮਾਨਾ ਕਿਰਦਾਰ ਨੂੰ ਨੰਗਾ ਕੀਤਾ।

ਡਾ. ਨਵਸ਼ਰਨ ਕੌਰ ਵੀ ਮਨੁੱਖੀ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਅਜਿਹੀ ਨਿਧੜਕ ਆਵਾਜ਼ ਹੈ, ਜਿਸ ਨੇ ਸਾਰੇ ਅਹੁਦਿਆਂ ਅਤੇ ਰੁਤਬਿਆਂ ਨੂੰ ਤਿਆਗ ਕੇ ਲੋਕਾਂ ਦੇ ਦੁੱਖਾਂ-ਦਰਦਾਂ ਦੀ ਪਹਿਰੇਦਾਰ ਬਣਨ ਦਾ ਪ੍ਰਣ ਲਿਆ ਅਤੇ ਹਰ ਥਾਂ 'ਤੇ ਜਾ ਕੇ ਸੰਘਰਸ਼ ਕਰ ਰਹੇ ਲੋਕਾਂ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਿਆ ਅਤੇ ਗਹਿਨ ਖੋਜ ਕਰਕੇ ਸਰਕਾਰ ਦੀਆਂ ਸਾਜ਼ਿਸ਼ਾਂ ਦਾ ਝੂਠ ਤੇ ਕਪਟ ਨੰਗਾ ਕੀਤਾ। ਇਸ ਲਈ ਉਹ ਸੱਤਾ ਦੀਆਂ ਅੱਖਾਂ ਵਿੱਚ ਰੜਕਦੀ ਹੈ। ਆਖਿਰ 'ਬੁਲਡੋਜ਼ਰ ਅਤੇ ਈਡੀ' ਵਰਗੇ ਵਰਤਮਾਨ ਸੱਤਾ ਦੇ ਦੋ ਖਤਰਨਾਕ ਹਥਿਆਰਾਂ ਵਿੱਚੋਂ ਭੈਣ ਨਵਸ਼ਰਨ 'ਤੇ 'ਈਡੀ' ਬੰਬ ਚਲਾ ਦਿੱਤਾ ਹੈ। ਇਹ ਅੱਜ ਦੇ ਯੁੱਗ ਵਿੱਚ ਕਿਸੇ ਨੂੰ ਡਰਾ-ਧਮਕਾ ਕੇ 'ਤੀਰ ਵਾਂਗ ਸਿੱਧਾ ਕਰਨ ਦੀ' ਸੱਤਾ ਦੀ ਬਹੁਤ ਖਤਰਨਾਕ ਚਾਲ ਹੈ।

ਆਓ ਜਾਣੀਏ ਭੈਣ ਨਵਸ਼ਰਨ ਕੌਰ ਕੌਣ ਹੈ?

27 ਮਾਰਚ 2023 ਦੇ ਸ਼ਹੀਦ ਭਗਤ ਸਿੰਘ ਦੇ ਮਾਨਸਾ ਵਾਲੇ ਕਲਾ ਕਿਤਾਬ ਮੇਲੇ ਵਿੱਚ ਉਹਨਾ ਨੂੰ ਸਨਮਾਨਤ ਕਰਨ ਸਮੇਂ ਮੰਚ ਤੋਂ ਸਾਂਝੇ ਕੀਤੇ ਬੋਲ ਇੱਥੇ ਪੇਸ਼ ਕਰ ਰਿਹਾ ਹਾਂ :

ਪੰਜਾਬੀ ਰੰਗਮੰਚ ਕਿਸੇ ਇੱਕ ਨਿਰਦੇਸ਼ਕ ਦਾ ਰੰਗਮੰਚ ਨਹੀਂ ਹੈ, ਬਲਕਿ ਪਰਵਾਰਾਂ ਦਾ ਸਮੂਹਕ ਰੰਗਮੰਚ ਹੈ। ਮੁੱਢਲੇ ਸਮਿਆਂ ਵਿੱਚ ਨਾਟਕ ਅਤੇ ਰੰਗਮੰਚ ਪ੍ਰਤੀ ਪੰਜਾਬੀ ਸਮਾਜ ਦਾ ਨਜ਼ਰੀਆ ਬਹੁਤਾ ਹਾਂ-ਪੱਖੀ ਨਾ ਹੋਣ ਕਾਰਨ ਆਮ ਤੌਰ 'ਤੇ ਔਰਤਾਂ ਇਸ ਖੇਤਰ ਵਿੱਚ ਸਰਗਰਮ ਨਹੀਂ ਹੁੰਦੀਆਂ ਸਨ। ਨਾਟ-ਮੰਚ ਦੀ ਇਸ ਵਿਲੱਖਣ ਸੀਮਾ ਵਿੱਚੋਂ ਇੱਕ ਨਵੀਂ ਸੰਭਾਵਨਾ ਇਹ ਪੈਦਾ ਹੋਈ ਕਿ ਪੰਜਾਬ ਦੇ ਨਾਟਕਕਾਰ ਆਪ ਹੀ ਨਿਰਦੇਸ਼ਕ ਬਣੇ ਤੇ ਫਿਰ ਉਹਨਾ ਨੇ ਆਪਣੇ ਪਰਵਾਰ ਦੀਆਂ ਔਰਤਾਂ ਨੂੰ ਇਸ ਖੇਤਰ ਵਿੱਚ ਆਪਣਾ ਸਹਿਭਾਗੀ ਬਣਾਇਆ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਬੇਟੀ ਉਮਾ, ਡਾ. ਹਰਚਰਨ ਸਿੰਘ ਦੀ ਪਤਨੀ ਧਰਮ ਕੌਰ ਅਤੇ ਅਜਮੇਰ ਸਿੰਘ ਔਲਖ ਦੀ ਪਤਨੀ ਮਨਜੀਤ ਔਲਖ ਅਤੇ ਤਿੰਨੇ ਬੇਟੀਆਂ ਦਾ ਰੰਗਮੰਚ ਵਿੱਚ ਆਉਣਾ ਇਸੇ ਸੀਮਾ ਨੂੰ ਸੰਭਾਵਨਾ ਵਿੱਚ ਬਦਲਣ ਵਾਲਾ ਅਨੋਖਾ ਵਰਤਾਰਾ ਹੈ।

ਇਸ ਸੰਦਰਭ ਵਿੱਚ ਪੰਜਾਬੀ ਨਾਟਕ ਅਤੇ ਰੰਗਮੰਚ ਦੇ ਬਾਬਾ ਬੋਹੜ ਗੁਰਸ਼ਰਨ ਸਿੰਘ ਦੀ ਪਤਨੀ ਕੈਲਾਸ਼ ਕੌਰ ਅਤੇ ਉਹਨਾਂ ਦੀਆਂ ਦੋਵੇਂ ਧੀਆਂ ਨਵਸ਼ਰਨ ਅਤੇ ਅਰੀਤ ਦਾ ਮੰਚ 'ਤੇ ਆਗਮਨ ਹੁੰਦਾ ਹੈ। ਇਸ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਨਵਸ਼ਰਨ ਅਤੇ ਅਰੀਤ ਨੂੰ ਥੀਏਟਰ ਆਰਟ ਦੀ ਗੁੜ੍ਹਤੀ ਮਿਲੀ ਹੈ। ਜੇ ਇਹ ਕਹਿਣਾ ਢੁੱਕਵਾਂ ਹੋਵੇਗਾ ਕਿ ਪੰਜਾਬੀ ਨਾਟਕ ਅਤੇ ਰੰਗਮੰਚ ਗੁਰਸ਼ਰਨ ਸਿੰਘ ਦੇ ਵਿਹੜੇ ਵਿੱਚ ਜੁਆਨ ਹੋਇਆ ਤਾਂ ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ ਕਿ ਨਵਸ਼ਰਨ ਅਤੇ ਅਰੀਤ ਜੰਮੀਆਂ ਹੀ ਰੰਗਮੰਚ ਦੇ ਵਿਹੜੇ ਵਿੱਚ ਸਨ। ਇਸ ਲਈ ਇਹ ਦੋਵੇਂ ਭੈਣਾਂ ਜਨਮ ਲੈਣ ਸਾਰ ਹੀ ਰੰਗਮੰਚ ਵਿੱਚ ਰੰਗੀਆਂ ਜਾਂਦੀਆਂ ਹਨ ਅਤੇ ਰੰਗਮੰਚ ਦਾ ਇਹ ਮਜੀਠੀ ਰੰਗ ਮੁੜ ਕਦੇ ਧੋਤਿਆਂ ਵੀ ਨਹੀਂ ਉੱਤਰਿਆ, ਕਿਉਂਕਿ ਇਹ ਸਿਰਫ ਰੰਗਮੰਚ ਦਾ ਰੰਗ ਨਹੀਂ ਸੀ, ਇਹ ਲੋਕਹਿੱਤਾਂ ਦੀ ਚਾਸ਼ਨੀ ਵਿੱਚ ਕੜ੍ਹ ਕੇ ਸੁਰਖ ਹੋਏ ਅਜਿਹੇ ਰੰਗਮੰਚ ਦਾ ਰੰਗ ਸੀ, ਜਿਸ ਨੂੰ ਲੋਕਪੱਖੀ ਵਿਚਾਰਧਾਰਾ ਦੀ ਪਾਣ ਚੜ੍ਹੀ ਹੋਈ ਸੀ।

ਡਾ. ਨਵਸ਼ਰਨ ਗੁਰਸ਼ਰਨ ਸਿੰਘ ਦੇ ਪਰਵਾਰ ਦੀ ਅਗਲੀ ਪੀੜ੍ਹੀ ਦਾ ਗੂੜ੍ਹਾ ਹਸਤਾਖਰ ਹੈ। ਆਮ ਤੌਰ 'ਤੇ ਬਹੁਤ ਸਾਰੇ ਨਾਇਕਾਂ ਦੀਆਂ ਅਗਲੀਆਂ ਪੀੜ੍ਹੀਆਂ ਉਸ ਨਾਇਕ ਦੇ ਕਮਾਏ ਨਾਂਅ ਨੂੰ ਮਾਣਦੀਆਂ ਤਾਂ ਹਨ, ਪਰ ਅਗਾਂਹ ਨਹੀਂ ਤੋਰਦੀਆਂ, ਪਰ ਡਾ. ਨਵਸ਼ਰਨ ਕੌਰ ਦੇ ਅੰਦਰ ਗੁਰਸ਼ਰਨ ਸਿੰਘ ਦੀ ਰੂਹ ਵਸਦੀ ਹੈ। ਬਚਪਨ ਤੋਂ ਗੁਰਸ਼ਰਨ ਸਿੰਘ ਨਾਲ ਵਿਚਰਦਿਆਂ ਨਵਸ਼ਰਨ ਕੌਰ ਨੇ ਸਮਾਜਿਕ ਬਰਾਬਰੀ ਅਤੇ ਇਸ ਬਰਾਬਰੀ ਨੂੰ ਲਿਆਉਣ ਲਈ ਸੰਘਰਸ਼ ਕਰਨ ਦੀ ਲੋੜ ਨੂੰ ਸਿਰਫ ਮਹਿਸੂਸ ਹੀ ਨਹੀਂ ਕੀਤਾ, ਬਲਕਿ ਧਾਰਨ ਵੀ ਕੀਤਾ। ਇਨਕਲਾਬੀ ਪਿਛੋਕੜ ਵਿੱਚ ਪਲੀ ਹੋਣ ਕਾਰਨ ਹੀ ਨਵਸ਼ਰਨ ਨੇ ਸਿਆਸਤ ਵਿੱਚ ਪੀ ਐੱਚ ਡੀ ਕੀਤੀ, ਅਨੇਕ ਸਮਾਜਿਕ, ਸੱਭਿਆਚਾਰਕ ਲਹਿਰਾਂ ਵਿੱਚ ਕੰਮ ਕੀਤਾ ਅਤੇ ਦਲਿਤਾਂ, ਔਰਤਾਂ ਅਤੇ ਹੋਰ ਹਾਸ਼ੀਆਂਕ੍ਰਿਤ ਧਿਰਾਂ ਨਾਲ ਦਲੇਰੀ ਨਾਲ ਖੜ੍ਹੇ ਹੋ ਕੇ ਮਨੁੱਖੀ ਅਧਿਕਾਰਾਂ ਦੀ ਆਲਮ-ਬਰਦਾਰ ਬਣੀ।

ਡਾ. ਨਵਸ਼ਰਨ ਨੇ ਇਸ ਥੀਸਿਸ 'ਤੇ ਫੋਕਸ ਕੀਤਾ ਕਿ ਅਲੱਗ-ਅਲੱਗ ਧਿਰਾਂ ਦੀ ਸਿਆਸਤ ਅਲੱਗ-ਅਲੱਗ ਹੁੰਦੀ ਹੈ। ਹਰ ਸਿਆਸਤ ਦਾ ਇੱਕ ਅਰਥ ਸ਼ਾਸਤਰੀ ਮਾਡਲ ਹੁੰਦਾ ਹੈ ਅਤੇ ਇਸ ਸਿਆਸੀ ਆਰਥਿਕ ਗੱਠਜੋੜ ਨੇ ਅੱਗੇ ਸਮਾਜਿਕ ਨਿਆਂ ਜਾਂ ਅਨਿਆਂ ਨੂੰ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਹੈ। ਉਸ ਨੇ ਇਹਨਾਂ ਧਾਰਨਾਵਾਂ 'ਤੇ ਨਾ ਸਿਰਫ ਚਿੰਤਨ ਕੀਤਾ, ਬਲਕਿ ਮਨੁੱਖੀ ਅਧਿਕਾਰਾਂ ਲਈ ਮੂਹਰਲੀਆਂ ਸਫਾਂ ਵਿੱਚ ਹੋ ਕੇ ਲੜਾਈ ਵੀ ਲੜੀ। ਚਾਹੇ ਉਹ ਮਹਿਲ ਕਲਾਂ ਦੀ ਕਿਰਨਜੀਤ ਕੌਰ ਦੇ ਨਿਆਂ ਦੀ ਲੰਮੀ ਲੜਾਈ ਹੋਵੇ, ਚਾਹੇ ਬੇਜ਼ਮੀਨੇ ਦਲਿਤਾਂ ਦਾ ਸਮਾਜਿਕ ਨਾਬਰਾਬਰੀ ਅਤੇ ਜਿਊਣ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਹਾਸਲ ਕਰਨ ਲਈ ਲੜਿਆ ਗਿਆ ਸੰਘਰਸ਼ ਹੋਵੇ ਤੇ ਚਾਹੇ ਦਿੱਲੀ ਦੀਆਂ ਬਰੂਹਾਂ ਅੱਗੇ ਕੇਂਦਰੀ ਸੱਤਾ ਦੀਆਂ ਨਾਦਰਸ਼ਾਹੀ ਅਤੇ ਕਾਰਪੋਰੇਟੀ ਨੀਤੀਆਂ ਦੇ ਖਿਲਾਫ ਪੂਰਾ ਇੱਕ ਸਾਲ ਕੀਤਾ ਗਿਆ ਯੁੱਧ ਹੋਵੇ, ਹਰ ਥਾਂ ਡਾ. ਨਵਸ਼ਰਨ ਕੌਰ ਨੇ ਚਿੰਤਨ ਅਤੇ ਵਿਹਾਰ ਦੀ ਪੱਧਰ 'ਤੇ ਆਪਣੀ ਭੂਮਿਕਾ ਨਿਭਾਈ ਹੈ। ਦੁਆ ਹੈ ਕਿ ਸਮਾਜਿਕ ਨਿਆਂ ਅਤੇ ਜਮਹੂਰੀ ਕਦਰਾਂ-ਕੀਮਤਾਂ ਦੀ ਬਹਾਲੀ ਦੀ ਇਸ ਲੰਮੀ ਲੜਾਈ ਵਿੱਚ ਨਵਸ਼ਰਨ ਕੌਰ ਇਸੇ ਤਰ੍ਹਾਂ ਮੂਹਰਲੀਆਂ ਸਫਾਂ ਵਿੱਚ ਹੋ ਕੇ ਲੜਦੀ ਰਹੇ।

ਅਸੀਂ ਪ੍ਰਗਤੀਸ਼ੀਲ ਲੇਖਕ ਸੰਘ ਸਮੇਤ ਸਾਰੀਆਂ ਭਰਾਤਰੀ ਸੰਸਥਾਵਾਂ ਅਤੇ ਅਗਾਂਹਵਧੂ ਲੇਖਕਾਂ ਵੱਲੋਂ ਸਰਕਾਰ ਦੁਆਰਾ ਭੈਅ ਪੈਦਾ ਕਰਨ ਵਾਲੀਆਂ ਹਰਕਤਾਂ ਦਾ ਵਿਰੋਧ ਕਰਦੇ ਹਾਂ ਤੇ ਪੰਜਾਬ ਦੀ ਇਸ ਸੰਘਰਸ਼ਸ਼ੀਲ ਧੀ ਡਾ. ਨਵਸ਼ਰਨ ਕੌਰ ਦੇ ਨਾਲ ਖੜ੍ਹੇ ਹਾਂ। ਆਓ ਡਾ. ਨਵਸ਼ਰਨ ਕੌਰ ਦਾ ਡਟ ਕੇ ਸਾਥ ਦਈਏ....।

# ਬੀਤੇ ਦੀਆਂ ਬਾਤਾਂ

## ਡਾਇਰੀ ਦਾ ਪੰਨਾ

### ਨਿੰਦਰ ਘੁਗਿਆਣਵੀ

ਦੇਸੀ ਟਿੰਡਿਆਂ ਦੇ ਦਿਨ ਹਨ। ਜਿੰਨੇ ਦੇਸੀ ਟਿੰਡੇ ਸਾਡੇ ਇਲਾਕੇ ਦੇ ਪਿੰਡਾਂ ਵਿਚ ਏਸ ਵਾਰੀ ਹੋਏ ਨੇ, ਏਨੇ ਤਾਂ ਉਦੋਂ ਹੋਇਆ ਕਰਦੇ ਸਨ ਜਦ ਅਸੀਂ ਜਵਾਂ ਈ ਨਿਆਣੇ ਸਾਂ।

ਖੱਖੜੀਆਂ। ਖਰਬੂਜ਼ੇ। ਮਤੀਰੇ। ਚਿੱਭੜ। ਗੁਬਾਰੇ ਦੀਆਂ ਫਲੀਆਂ। ਕੱਦੂ। ਅੱਲਾਂ। ਖੀਰੇ। ਭਿੰਡੀਆਂ, ਤੋਰੀਆਂ ਤੇ ਟਮਾਟੇ। ਮੇਰੇ ਪਿੰਡ ਦੇ ਲੋਕਾਂ ਖੂਬ ਉਗਾਏ। ਆਪ ਵੀ ਖਾਏ ਤੇ ਲੋਕਾਂ ਨੂੰ ਵੀ ਖੁਵਾਏ। ਵੰਗੇ ਤਾਂ ਹਰ ਵਾਰ ਵਾਂਗ ਸਾਡੇ ਨੇੜੇ ਗੁਰੂ ਹਰਸਹਾਏ ਤੋਂ ਆ ਜਾਂਦੇ ਨੇ। ਫਰਿੱਜ ਵਿਚ ਰੱਖੋ। ਆਥਣੇ ਚੀਰੋ ਠੰਢੇ ਵੰਗੇ।

(ਜਦ ਸਾਡੇ ਫਰਿੱਜ ਨਹੀਂ ਸੀ, ਤਾਂ ਤਾਏ ਨੇ ਖੂਹੀ 'ਚੋਂ ਪਾਣੀ ਦੀ ਠੰਢੀ ਠਾਰ ਬਾਲਟੀ ਕੱਢਣੀ ਤੇ ਉਹਦੇ ਵਿਚ ਰੱਖ ਦੇਣਾ, ਇਹੋ ਜਿਹਾ ਨਿੱਕ ਸੁੱਕ)।

****

ਗਰਮੀ ਦੀਆਂ ਹਰੀਆਂ-ਭਰੀਆਂ ਸਬਜ਼ੀਆਂ ਦੀ ਰੁੱਤ ਹੈ, ਪਰ ਸਬਜ਼ੀਆਂ ਉਗਾਉਣ ਵਾਲਿਆਂ ਨੂੰ ਪੁੱਛੋ ਤਾਂ ਉਨ੍ਹਾ ਦੇ ਮਨ ਮਸੋਸੇ ਪਏ ਨੇ। ਮੰਡੀ ਭਾਅ ਨਹੀਂ ਦੇਂਦੀ। ਕੰਡੀਆਂ ਦੇ ਭਾਅ ਲੈਂਦੀ ਹੈ ਤੇ ਅਗਾਂਹ ਸੋਨੇ ਦੇ ਭਾਅ ਦੇਂਦੀ ਹੈ। ਅਸੀਂ ਉਗਾਈਏ। ਪਾਲੀਏ ਤੇ ਸਾਂਭੀਏ। ਭਾਰ ਢੋਈਏ, ਮੰਡੀ ਲਿਆਈਏ ਤੇ ਮੂੰਹ ਮੰਗਵਾਂ ਮੁੱਲ ਤਾਂ ਕਦੀ ਨਾ ਪਾਈਏ! ਕਿੰਨਾ ਕੁ ਚਿਰ ਚਲਦਾ ਰਹੂ ਏਹ ਸਿਲਸਿਲਾ!!

***

ਚੇਤੇ ਆਇਆ ਦੇਸੀ ਟਿੰਡਿਆਂ ਤੋਂ। ਅਸੀਂ ਨਿੱਕੇ ਨਿਆਣੇ ਸਾਂ। ਇਹਨੀਂ ਦਿਨੀਂ ਖੂਹ ਵਾਲੇ ਖੇਤ ਟਿੱਬੇ ਉਤੇ ਸਾਡੇ ਇਹ ਸਭ ਕੁਛ ਆਮ ਹੁੰਦਾ ਤੇ ਲਿਆ ਲਿਆ ਥੱਕ ਜਾਂਦੇ। ਦੇਸੀ ਟਿੰਡੇ, ਕੂਲੇ ਕੂਲੇ, ਲਵੇ ਲਵੇ, ਅਲੂੰਏ ਅਲੂੰਏ, ਤਾਇਆ ਰਾਮ ਤੋੜਦਾ ਤੇ ਆਪਣੇ ਸਾਫੇ ਵਿਚ ਪਾਈ ਜਾਂਦਾ। ਮੈਂ ਕੋਲ ਖਲੋਤਾ ਤਾਏ ਤੋਂ ਟਿੰਡੇ ਤੋੜਨ ਦਾ ਵੱਲ ਮਨੋ ਮਨੀਂ ਹੀ ਸਿੱਖੀ ਜਾਂਦਾ। ਪੱਕੇ ਟਿੰਡੇ ਵੰਨੀਂ ਤਾਇਆ ਝਾਕਦਾ ਈ ਨਾ ਤੇ ਛੱਡ ਛੱਡ ਕੇ ਅਗਾਂਹ ਨੂੰ ਲੰਘੀ ਜਾਂਦਾ।

ਆਥਣੇ ਦਾਦੀ ਚੁੱਲ੍ਹੇ ਉਤੇ ਟਿੰਡੇ ਬਣਾਉਂਦੀ ਦੇਸੀ ਘਿਓ ਪਾ ਕੇ। ਖੁਸ਼ਬੂ ਸਾਰੇ ਵਿਹੜੇ ਵਿਚ ਫੈਲਰਦੀ। ਮੂੰਹ 'ਚ ਪਾਣੀ ਆ ਜਾਣਾ ਤੇ ਆਖਣਾ- "ਮਾਂ, ਛੇਤੀ ਰੋਟੀ ਪਕਾਓ, ਭੁੱਖ ਲੱਗੀ ਐ।" ਗੁਰਦੁਆਰਿਓਂ ਬਾਬਾ ਜੀ ਨੇ ਰਹਿਰਾਸ ਸਾਹਬ ਦਾ ਪਾਠ ਛੋਹ ਲੈਣਾ: ਸੈਲ ਪਥਰ ਮੈ ਜੰਤ ਉਪਾਏ ਤਾ ਕਾ ਰਿਜਕ ਆਗੈ ਕਰ ਧਰਿਆ॥ ਬਾਣੀ ਸੁਣਦਿਆਂ ਤੇ ਦਾਦੀ ਦੀਆਂ ਲੱਥੀਆਂ ਪੱਕੀਆਂ ਖਾਂਦਿਆਂ ਜੋ ਆਲੌਕਿਕ ਅਨੰਦ ਮਾਣਿਆ ਹੈ, ਉਹ ਬਿਆਨੋਂ ਬਾਹਰਾ ਹੈ।

***

ਕੱਲ੍ਹ ਸਾਡੇ ਸਿਵਿਆਂ ਵਾਲੇ ਖੇਤ ਵੱਲ ਗੇੜਾ ਕੱਢਣ ਗਿਆ ਤਾਂ ਬਚਪਨ ਦੀਆਂ ਬਾਤਾਂ ਚੇਤੇ ਆਈਆਂ। ਦੀਵਾਲੀ ਦੀ ਆਥਣ ਵੇਲੇ ਮੇਰੀ ਦਾਦੀ ਪਿੱਤਲ ਦੇ ਥਾਲ ਵਿਚ ਕਈ ਦੀਵੇ ਧਰ ਦਿੰਦੀ ਸੀ। ਵੱਤੀਆਂ ਰੱਖਦੀ ਤੇ ਸਰ੍ਹੋਂ ਦੇ ਤੇਲ ਦੀ ਬਾਟੀ ਰੱਖ ਕੇ ਮੇਰੇ ਤਾਏ ਰਾਮ ਨੂੰ ਆਖਦੀ, "ਜਾਹ ਵੇ ਰਾਮ, ਪਹਿਲਾਂ ਖੂਹ ਵਾਲੇ ਖੇਤ, ਜਾਵੀਂ, ਫੇਰ ਛੱਪੜ ਕਿਨਾਰੇ ਜਾਵੀਂ ਤੇ ਫੇਰ ਸਿਵਿਆਂ 'ਚ ਜਾ ਕੇ ਤੇ ਫੇਰ ਬਾਬੇ ਦੀ ਖਾਨਗਾਹ ਉਤੇ ਦੀਵੇ ਰੱਖਣੇ ਆਂ, ਵੱਡੇ ਵਡੇਰਿਆਂ ਦੀ ਯਾਦਗਾਰ ਹੁੰਦੀ ਐ ਪੁੱਤ।"

ਮੈਂ ਤਾਏ ਦੇ ਨਾਲ ਈ ਤੁਰ ਪੈਂਦਾ। ਅਸੀਂ ਕੱਚੇ ਰਾਹਾਂ ਉਤੇ ਤੁਰਦੇ ਦੂਰ ਖੇਤ ਤੀਕ ਨਿਕਲ ਜਾਂਦੇ ਤਾਂ ਪਿੱਛੋਂ ਪਿੰਡੋਂ ਪਟਾਕੇ ਚੱਲਣ ਦੀ ਆਵਾਜ਼ ਤੇ ਰਹਿਰਾਸ ਪੜ੍ਹਦੇ ਬਾਬੇ ਦੀ ਮੱਧਮ ਜਿਹੀ ਧੁਨੀਂ ਸੁਣਦੀ ਰਹਿੰਦੀ। ਪਟਾਕੇ ਚਲਦੇ ਸੁਣ ਮੇਰਾ ਦਿਲ ਵੀ ਪਟਾਕੇ ਚਲਾਉਣ ਨੂੰ ਕਰਦਾ, ਤੇ ਮੈਂ ਪਿੱਛੇ ਰਹਿ ਗਏ ਦੀਵਿਆਂ ਭਰੇ ਪਿੰਡ ਨੂੰ ਨਿਹਾਰਦਾ, ਧੌਣ ਮੋੜ-ਮੋੜ ਦੇਖਦਾ। ਤਾਇਆ ਆਪਣੀ ਲੈਅ ਵਿਚ ਤੁਰਿਆ ਜਾਂਦਾ। ਮੇਰਾ ਦਿਲ ਕਰਦਾ ਕਿ ਮੈਂ ਆਪਣੀ ਅੱਖ ਦੀ ਇਕ ਝਪਕਣ ਨਾਲ ਹੀ ਜਗਮਗਾਉਂਦੇ ਸਾਰੇ ਦੇ ਸਾਰੇ ਪਿੰਡ ਦੀ ਫੋਟੋ ਖਿੱਚ ਲਵਾਂ। ਤਾਇਆ ਸਿਵਿਆਂ ਵਿਚ ਜਾ ਕੇ ਉਸ ਥਾਂ ਦਾ ਜਾਇਜ਼ਾ ਲੈਂਦਾ, ਜਿੱਥੇ ਮੇਰਾ ਦਾਦਾ ਫੂਕਿਆ ਗਿਆ ਸੀ। ਮੈਨੂੰ ਉਹ ਜਗ੍ਹਾ ਦੀ ਸ਼ਨਾਖ਼ਤ ਅੱਜ ਵੀ ਇਸ ਕਰਕੇ ਰਹਿ ਗਈ ਹੈ ਕਿਉਂਕਿ ਸਸਕਾਰ ਉਤੇ ਤਾਂ ਸਾਨੂੰ ਨਿਆਣਿਆਂ ਨੂੰ ਜਾਣ ਈ ਨਹੀਂ ਸੀ ਦਿੱਤਾ ਗਿਆ, ਜਿੱਦਣ ਫੁੱਲ ਚੁਗਣ ਗਏ ਸੀ, ਤਾਂ ਮੈਂ ਜ਼ਿੱਦ ਕਰਕੇ ਭੂਆ ਊਸ਼ਾ ਦੇ ਨਾਲ ਉਹਦੇ ਕੁਰਤੇ ਦੀ ਕੰਨੀਂ ਫੜੀ ਚਲਿਆ ਗਿਆ ਸਾਂ। ਖੈਰ!

ਨਾ ਤਾਇਆ ਰਿਹਾ ਹੈ, ਨਾ ਦਾਦੀ ਹੈ। ਨਾ ਪਿਤਾ ਰਿਹਾ ਹੈ। ਭੁੱਲ ਭੁਲਾ ਗਏ ਨੇ ਦੀਵੇ ਰੱਖਣੇ ਰਖਾਉਣੇ। ਮੇਰਾ ਭਰਾ ਸਾਡੇ ਡੂਢ ਵਾਲੇ ਖੇਤ ਜਾਂਦਾ ਹੈ ਦੀਵਾ ਰੱਖਣ ਤੇ ਹੁਣ ਉਹ ਵੀ ਘੇਸਲ ਮਾਰ ਗਿਆ। ਮਾਂ ਗੁਰਦਵਾਰੇ ਤੇ ਖਾਨਗਾਹ ਉਤੇ ਦੀਵੇ ਜਗਾ ਆਈ। ਅੱਜ ਜਦ ਮੇਰਾ ਭਤੀਜਾ ਮਨੀਸ਼ ਖੇਤਾਂ ਵੱਲ ਦੀਵੇ ਰੱਖਣ ਤੁਰਿਆ ਤਾਂ ਮੇਰਾ ਬਾਲਪਨ ਵੀ ਜਾਗ ਪਿਆ। ਮੈਂ ਵੀ ਲਿਫਾਫੇ ਵਿਚ ਦੀਵੇ ਪਾਏ ਤੇ ਉਹਦੇ ਨਾਲ ਸਕੂਟਰੀ ਉਤੇ ਬੈਠ ਗਿਆ। ਆਪਣੇ ਖੇਤ ਦੀਵਾ ਜਗਾਉਂਦਿਆਂ ਮੈਨੂੰ ਸ਼ਹੀਦ ਹੋਏ ਦੇਸ਼ ਦੇ ਕਿਸਾਨਾਂ ਦੀ ਯਾਦ ਆਉਣੀ ਸੁਭਾਵਿਕ ਸੀ, ਕਿਉਂਕਿ ਹਰ ਸਾਲ ਖੇਤ ਦੀਵਾ ਜਗਾਉਣ ਵਾਲੇ ਮੇਰੇ ਤਾਇਆ ਤੇ ਪਿਓ ਵੀ ਕਿਸਾਨ ਸਨ ਤੇ ਖੇਤਾਂ ਨਾਲ ਘੁਲਦੇ ਰਹੇ ਸਨ ਸਾਰੀ ਉਮਰ। ਸੋਚਦਾ ਜਾ ਰਿਹਾਂ ਕੱਚੇ ਪਹੇ ਉਤੇ ਤੁਰਦਾ। ਸਿਵਿਆਂ 'ਚੋਂ ਭੌਂਕੇ ਕੁੱਤੇ ਨੇ ਧਿਆਨ ਖੁੰਡਾ ਦਿੱਤਾ। ਪਹੀ ਤੋਂ ਪਿਛਾਂਹ ਮੁੜ ਗਏ ਆਪਣੇ ਆਪ ਪੈਰ!

ਸੰਪਰਕ : 9417421700

# ਮੈਂ ਸ਼ਬਦਾਂ ਦਾ ਰੂਪ ਬਦਲਿਆ, ਸ਼ਬਦਾਂ ਨੇ ਮੇਰੇ ਨੈਣ-ਨਕਸ਼

## ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

### ਡਾ. ਸ਼ਿਆਮ ਸੁੰਦਰ ਦੀਪਤੀ

ਮੈਂ ਇਕ ਰਚਨਾ ਪੜ੍ਹੀ, ਪਾਬਲੋ ਨੇਰੂਦਾ ਦੀ। ਉਸ ਭਾਸ਼ਾ ਵਿਚ ਜਿਸ ਵਿਚ ਮੈਂ ਪੜ੍ਹ ਸਕਿਆ। ਕਵਿਤਾ ਦੀਆਂ ਕੁਝ ਸਤਰਾਂ ਹਨ, 'ਫਿਰ ਵੀ ਕੁਝ ਲੋਕ ਹਨ, ਜੋ ਪਰਿਵਰਤਨ ਵਿਚ ਵਿਸ਼ਵਾਸ ਰੱਖਦੇ ਹਨ। ਜਿਹਨਾਂ ਨੇ ਪਰਿਵਰਤਨ ਕੀਤੇ ਹਨ, ਜਿਹਨਾਂ ਨੇ ਪਰਿਵਰਤਨ ਹੁੰਦੇ ਦਿਖਾਇਆ ਹੈ, ਜਿਹਨਾਂ ਪਰਿਵਰਤਨ ਨੂੰ ਫੁੱਲਾਂ ਵਿਚ ਫੁੱਟਦੇ ਤੱਕਿਆ ਹੈ। ਕਰਾਬਾ! ਕੋਈ ਵੀ ਬਹਾਰ ਨੂੰ ਰੋਕ ਨਹੀਂ ਸਕਦਾ।' ਕਵਿਤਾ ਉੱਸਰੀ ਤੇ ਆਖੀਰ ਮੈਨੂੰ ਜਾਪਿਆ ਮੇਰੇ ਦਿਮਾਗ ਦੀ ਖਿੜਕੀ ਖੁੱਲ੍ਹ ਗਈ। ਫਿਰ ਇਕਦਮ ਅਹਿਸਾਸ ਹੋਇਆ। ਇਹ ਰਚਨਾ ਜੋ ਮੈਂ ਪੜ੍ਹੀ ਹੈ, ਜਿਸ ਭਾਸ਼ਾ ਵਿੱਚ ਲਿਖੀ ਹੈ, ਇਹ ਤਾਂ ਕਿੰਨਿਆਂ ਨੂੰ ਨਹੀਂ ਆਉਂਦੀ, ਉਹ ਲੋਕ ਇਸ ਰਚਨਾ ਦੇ ਅਹਿਸਾਸ ਤੋਂ ਵਾਂਝੇ ਰਹਿ ਜਾਣਗੇ। ਮੈਂ ਇਸ ਨੂੰ ਆਪਣੀ ਭਾਸ਼ਾ ਵਿਚ ਤਬਦੀਲ ਕਰ ਦਿੱਤਾ। ਉਸ ਦੀ ਸ਼ਕਲ ਬਦਲੀ, ਭਾਵ ਉਹੀ ਰਹਿਣ ਦਿੱਤਾ। ਕੋਸ਼ਿਸ਼ ਪੂਰੀ ਕੀਤੀ। ਫਿਰ ਆਪਣੀ ਪਤਨੀ ਨੂੰ ਸੁਣਾਈ। ਊਸ਼ਾ, ਤੁਸੀਂ ਜਾਣਦੇ ਹੋ, ਮੇਰੀਆਂ ਰਚਨਾਵਾਂ ਦੀ ਪਹਿਲੀ ਪਾਠਕ। ਜਿਸ ਨੂੰ ਉਂਜ ਮੈਂ ਸੋਨਮੋਮ ਕਹਿੰਦਾ ਹਾਂ। ਜਦੋਂ ਪੁੱਛਿਆ ਤਾਂ ਜਾਪਿਆ, ਰਚਨਾ ਸਹੀ ਅਰਥਾਂ ਵਿਚ ਪਹੁੰਚ ਗਈ ਹੈ। ਮੇਰਾ ਮਕਸਦ ਪੂਰਾ ਹੋਇਆ। ਇਹ ਹੁਣ ਕਿੰਨੇ ਹੀ ਹੋਰ ਲੋਕਾਂ ਤੱਕ ਪਹੁੰਚ ਕੇ ਉਨ੍ਹਾਂ ਦੇ ਦਿਮਾਗ ਦੀ ਖਿੜਕੀ ਖੋਲ੍ਹੇਗੀ। ਇਕ ਮੈਗਜ਼ੀਨ ਨੇ ਅਨੁਵਾਦ ਸਿਰਲੇਖ ਹੇਠ ਛਾਪੀ। ਸ਼ਬਦਾਂ ਦੇ ਰੂਪ ਦੀ ਤਬਦੀਲੀ। ਰੂਪਾਂਤਰਣ। ਅਨੁਵਾਦ।

ਅਨੁਵਾਦ ਨੂੰ ਪੁਲ ਕਿਹਾ ਜਾਂਦਾ ਹੈ, ਪਰ ਮੈਂ ਸਮਝਦਾ ਹਾਂ, ਇਹ ਗਿਆਨ ਨੂੰ ਫੈਲਾਉਣਾ ਹੈ। ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣਾ। ਪੁਲ ਵੀ ਨਵੇਂ ਰਾਹ ਖੋਲ੍ਹਦੇ ਹਨ। ਮਨੁੱਖੀ ਹਸਤੀ ਨੂੰ ਫੈਲਾਉਣ ਲਈ।

ਹਿੰਦੀ, ਪੰਜਾਬੀ, ਅੰਗਰੇਜ਼ੀ ਤਿੰਨ ਭਾਸ਼ਾਵਾਂ ਨਾਲ ਮੇਰਾ ਵਾਹ-ਵਾਸਤਾ ਰਿਹਾ ਹੈ। ਮਾਂ ਕੋਲੋਂ ਪੰਜਾਬੀ ਦੀ ਉਪ ਭਾਸ਼ਾ ਸਿਰਾਇਕੀ ਮਿਲੀ। ਸਕੂਲ ਪਹਿਲੀ ਭਾਸ਼ਾ ਹਿੰਦੀ ਤੇ ਤੀਸਰੀ ਜਮਾਤ ਤੋਂ ਪੰਜਾਬੀ ਤੇ ਫਿਰ ਪੰਜਾਬੀ ਲੇਖਨ ਰਾਹੀਂ ਪੰਜਾਬੀ ਸਾਹਿਤ ਨਾਲ ਜੁੜਾਵ। ਮੈਡੀਕਲ ਦੀ ਪੜ੍ਹਾਈ ਅੰਗਰੇਜ਼ੀ ਵਿਚ ਕਰਨੀ ਪਈ, ਉਂਜ ਨੌਵੀਂ ਤੋਂ ਹੀ ਵਿਗਿਆਨ ਵਾਲੇ ਵਿਸ਼ੇ ਅੰਗਰੇਜ਼ੀ ਵਿਚ ਪੜ੍ਹੇ।

ਜਦੋਂ ਲੇਖਕੀ ਕਾਰਜ ਸ਼ੁਰੂ ਹੋਇਆ ਤਾਂ ਉਹ ਹਿੰਦੀ ਵਿਚ ਸੀ। ਕਵਿਤਾ ਸੀ ਮੂਲ ਰੂਪ ਵਿਚ। ਸਿਹਤ ਦਾ ਵਿਦਿਆਰਥੀ ਹੋਣ ਨਾਤੇ, ਸਿਹਤ ਬਾਰੇ ਲਿਖਣ ਨੂੰ ਪ੍ਰੇਰਿਆ ਗਿਆ ਤਾਂ ਇੰਜ ਮਹਿਸੂਸ ਹੋਇਆ ਜਿਵੇਂ ਸਿਲੇਬਸੀ ਕਿਤਾਬਾਂ ਦਾ ਅਨੁਵਾਦ ਕਰ ਰਿਹਾ ਹਾਂ। ਪਹਿਲਾ ਲੇਖ 'ਉਦਾਸੀ ਰੋਗ' ਨੂੰ ਲੈ ਕੇ ਸੀ, ਮੈਂ ਮਨੋਰੋਗ ਵਿਭਾਗ ਵਿਚ ਟ੍ਰੇਨਿੰਗ ਲੈ ਰਿਹਾ ਸੀ। ਲੇਖ ਲਿਖ ਕੇ ਇੰਜ ਜਾਪਿਆ ਕਿ ਮੈਂ ਇਸ ਵਿੱਚੋਂ ਗਾਇਬ ਹਾਂ। ਸਿਹਤ ਵਿਗਿਆਨ ਬਾਰੇ ਜਾਣਕਾਰੀ ਨਾਲ ਲੋਕਾਂ ਨੂੰ ਲੈਸ ਕਰਨਾ ਵੀ ਇਕ ਮਕਸਦ ਸੀ। ਇਹ ਗੱਲ ਬਾਅਦ ਵਿਚ ਵੱਧ ਸਮਝ ਆਈ ਜਦੋਂ ਪਤਾ ਚਲਿਆ ਕਿ ਸਮਾਜ ਵਿਚ ਸਿਹਤ ਨੂੰ ਲੈ ਕੇ ਕਿੰਨਾ ਹੀ ਅੰਧ-ਵਿਸ਼ਵਾਸ ਹੈ, ਵਹਿਮ-ਭਰਮ ਹੈ, ਡੇਰੇ-ਬਾਬੇ ਹਨ। ਅਨੇਕਾਂ ਪੈਥੀਆਂ ਨੂੰ ਲੈ ਕੇ ਭੰਬਲਭੂਸਾ ਹੈ। ਹੁਣ ਤਾਂ ਸਿਹਤ ਦੇ ਮਾਹਿਰ, ਸੁਪਰ ਮਾਹਿਰ ਵੀ ਸਿੱਧੇ ਮੂੰਹ ਗੱਲ ਨਹੀਂ ਕਰਦੇ; ਕਹਿਣ ਤੋਂ ਭਾਵ ਮਰੀਜ਼ ਨੂੰ ਉਸ ਦੀ ਬਿਮਾਰੀ ਪ੍ਰਤੀ ਜਾਗਰੂਕ ਜਾਂ ਕਹੀਏ, ਗਿਆਨਵਾਨ ਨਹੀਂ ਕਰਦੇ।

ਜਦੋਂ ਮੈਂ ਭਾਰਤ ਗਿਆਨ-ਵਿਗਿਆਨ ਸੰਮਤੀ ਨਾਲ ਜੁੜਿਆ ਤੇ ਫਿਰ ਵਿਗਿਆਨਕ ਚੇਤਨਾ ਮੁਹਿੰਮ ਨਾਲ ਤਾਂ ਸਭ ਤੋਂ ਪਹਿਲਾਂ ਅੰਗਰੇਜ਼ੀ, ਹਿੰਦੀ ਤੋਂ ਮਿਲੀ ਸਮੱਗਰੀ ਨੂੰ ਪੰਜਾਬੀ ਭਾਸ਼ਾ ਵਿਚ ਤਿਆਰ ਕਰਕੇ ਲੋਕਾਂ ਵਿਚ ਲੈ ਕੇ ਜਾਣਾ ਪ੍ਰਮੁੱਖ ਕੰਮ ਸੀ। ਇਕ ਛੋਟੀ ਜਿਹੀ ਪੁਸਤਕ, ਕਿਤਬਰਾ ਕਹੋ, ਦਿੱਲੀ ਸਾਇੰਸ ਫੋਰਮ ਵੱਲੋਂ ਤਿਆਰ ਹੋ ਕੇ ਪਹੁੰਚਿਆ, ਊਸ਼ਾ ਮੈਨਨ ਵੱਲੋਂ ਲਿਖਿਆ, 'ਦੇਸ਼ ਅਤੇ ਆਤਮ ਨਿਰਭਰਤਾ ਲਈ ਵਿਗਿਆਨ।' ਉਸ ਨੇ ਵੀ ਦਿਮਾਗ ਦੀ ਖਿੜਕੀ ਖੋਲ੍ਹੀ। ਵਿਗਿਆਨ ਤੋਂ ਅੱਗੇ ਸਰਮਾਏਦਾਰੀ ਦੇ ਹੱਥ ਆ ਕੇ, ਤਕਨਾਲੋਜੀ ਵਿਕਸਿਤ ਕਰਕੇ, ਵਿਗਿਆਨ ਨੂੰ ਟੁਕੜਿਆਂ ਵਿਚ ਵਰਤਣਾ। ਟੁਕੜੇ-ਟੁਕੜੇ ਕਰਨ ਦੀ ਮਾਨਸਿਕਤਾ, ਰਾਜ ਕਰਨ ਦੀ ਮਾਨਸਿਕਤਾ, ਸੱਤਾ ਵਿਚ ਬਣੇ ਰਹਿਣ ਦੀ ਹੈ। ਸਰਮਾਏਦਾਰੀ ਇਸ ਨੂੰ ਬਾਜ਼ਾਰ ਵਿਚ ਬਣੇ ਰਹਿਣ ਲਈ ਵਰਤਦੀ ਹੈ। ਇਕ ਤਾਂ ਵਿਗਿਆਨ ਦੀਆਂ ਖੋਜਾਂ ਸਭ ਤੱਕ ਬਰਾਬਰ ਪਹੁੰਚਣ ਦੇ ਘੇਰੇ ਤੋਂ ਬਾਹਰ ਹੋਈਆਂ ਤੇ ਵੱਖ-ਵੱਖ ਕੰਪਨੀਆਂ ਵੱਲੋਂ ਬਣਾਏ ਗਏ ਸਾਮਾਨ ਨੂੰ ਏਨਾ ਵੱਖਰਾ ਕਰ ਲਿਆ ਕਿ ਹਰ ਕੰਪਨੀ ਆਤਮ ਨਿਰਭਰ ਹੋ ਗਈ ਤੇ ਇਸਤੇਮਾਲ ਕਰਨ ਵਾਲੇ ਲੋਕ ਮੁਥਾਜ। ਕਿੰਨੀਆਂ ਹੀ ਕਾਰਾਂ ਨੇ। ਸਭ ਦੇ ਚਾਰ ਪਹੀਏ। ਕਿਸੇ ਇਕ ਕੰਪਨੀ ਦੀ ਕਾਰ ਦੀ ਸਟੈਪਨੀ ਜਾਂ ਟਾਇਰ, ਦੂਸਰੀ ਕੰਪਨੀ ਦੀ ਕਾਰ ਵਿਚ ਇਸਤੇਮਾਲ ਨਹੀਂ ਹੋ ਸਕਦਾ। ਇਹ ਤਾਂ ਵੱਡੀ ਉਦਾਹਰਨ ਹੈ, ਤੁਸੀਂ ਪੇਚ ਵੀ ਇਸਤੇਮਾਲ ਨਹੀਂ ਕਰ ਸਕਦੇ। ਲੋੜ ਪੈਣ 'ਤੇ ਉਨ੍ਹਾਂ ਵੱਲ ਹੀ ਝਾਕਣਾ ਪਵੇਗਾ ਤੇ ਇਸ ਤਰੀਕੇ ਨਾਲ ਉਹ ਹਰ ਤਰ੍ਹਾਂ ਦਾ ਸ਼ੋਸ਼ਣ ਕਰਦੇ ਹਨ।

ਸਰਮਾਏਦਾਰ ਮਿਲ ਕੇ ਕੰਮ ਕਰਨ ਵਿਚ ਯਕੀਨ ਨਹੀਂ ਕਰਦਾ। ਉਹ ਮੁਕਾਬਲੇਬਾਜ਼ੀ ਉਭਾਰਦੀ ਹੈ। ਮੁਕਾਬਲੇਬਾਜ਼ੀ ਵਿਚ ਦੂਸਰੇ ਤੋਂ ਅੱਗੇ ਨਿਕਲਣ ਦੀ, ਵਧੀਆ ਮਾਲ ਦੀ ਭਾਵਨਾ ਜ਼ਰੂਰ ਉਭਾਰੀ ਜਾਂਦੀ ਹੈ, ਪਰ ਹੁੰਦਾ ਇਸ ਤੋਂ ਉਲਟ ਹੈ। ਅਸਲ ਵਿਚ ਇਕ-ਦੂਸਰੇ ਨੂੰ ਬਰਬਾਦ ਕਰਨ ਦੀ ਹੋੜ ਲੱਗਦੀ ਹੈ।

'ਮਿੰਨੀ' ਤ੍ਰੈਮਾਸਿਕ ਮੈਗਜ਼ੀਨ 1988 ਵਿਚ ਸ਼ੁਰੂ ਹੋਇਆ। ਭਾਰਤ ਗਿਆਨ-ਵਿਗਿਆਨ ਸੰਮਤੀ ਦੇ ਗਠਨ ਵਾਲੇ ਸਮੇਂ ਤੋਂ ਹੀ। ਅਸੀਂ ਇਸ ਨਵੀਂ ਵਿਧਾ ਦੇ ਨਵੇਂ ਤੌਰ-ਤਰੀਕੇ ਸਮਝਣ ਲਈ, ਮੈਗਜ਼ੀਨ ਵਿਚ 'ਮਹਿਮਾਨ ਮਿੰਨੀ ਕਹਾਣੀਆਂ' ਦਾ ਕਾਲਮ ਸ਼ੁਰੂ ਕੀਤਾ। ਉਸ ਦੇ ਤਹਿਤ ਹਿੰਦੀ, ਹੋਰ ਭਾਰਤੀ ਭਾਸ਼ਾਵਾਂ ਅਤੇ ਵਿਦੇਸ਼ੀ ਲੇਖਕਾਂ ਦੀਆਂ ਮਿੰਨੀ ਕਹਾਣੀਆਂ, ਅਨੁਵਾਦ ਕਰਕੇ ਛਾਪਦੇ। ਮੇਰੀ ਮੁਲਾਕਾਤ ਪੰਜਾਬੀ ਦੇ ਨਾਮਵਰ ਲੇਖਕ, ਮੁੰਬਈ ਵਿਚ, ਸਮੁੰਦਰ ਕਿਨਾਰੇ ਘਰ ਸੰਨ ਐਂਡ ਸੀ ਬਿਲਡਿੰਗ ਵਿਚ ਰਹਿੰਦੇ, ਹਰ ਰੋਜ਼ ਖਿੜਕੀ ਵਿੱਚੋਂ ਸਮੁੰਦਰ ਨੂੰ ਦਿਸਹੱਦੇ ਤੱਕ ਨਿਹਾਰਦੇ ਤੇ ਉਸ ਦੀ ਡੂੰਘਾਈ ਨੂੰ ਆਪਣੀ ਸੋਚ ਵਿਚ ਉਤਾਰਦੇ। ਮੇਰੇ ਪ੍ਰਤੀ ਬਹੁਤ ਮਿਹਰਬਾਨ ਸਨ। ਮਿੰਨੀ ਕਹਾਣੀ ਵਿਧਾ, ਜਿਸ ਨੂੰ ਪੰਜਾਬੀ ਦੇ ਵੱਡੇ ਲੇਖਕ ਟਿੱਚ ਸਮਝਦੇ, ਜਦੋਂ ਮੈਗਜ਼ੀਨ ਦੀ ਕਾਪੀ ਭੇਜੀ ਤਾਂ ਉਨ੍ਹਾਂ ਨੇ ਪੰਜਾਹ ਦੇ ਕਰੀਬ ਵਿਦੇਸ਼ੀ ਲੇਖਕਾਂ, ਚੇਖਵ, ਗੋਰਕੀ, ਆਸਕਰ ਵਾਇਲਡ, ਸਲਜੋਨਿਤਸਿਨ, ਲ ਸ਼ਨ ਆਦਿ ਦੀਆਂ ਰਚਨਾਵਾਂ ਭੇਜੀਆਂ ਤੇ ਛਾਪਣ ਲਈ ਪ੍ਰੇਰਿਆ। ਉਨ੍ਹਾਂ ਦੀ ਹਮੇਸ਼ਾ ਕੋਸ਼ਿਸ਼ ਰਹੀ ਕਿ ਚਿੰਤਨ ਦਾ ਸੰਸਾਰ ਵਿਆਪਕ ਹੋਵੇ। ਵਿਦੇਸ਼ੀ ਮਿੰਨੀ ਕਹਾਣੀਆਂ ਨੇ ਮਿੰਨੀ ਕਹਾਣੀ ਦੇ ਰੂਪਕ ਪੱਖ ਨੂੰ ਅਤੇ ਪੇਸ਼ਕਾਰੀ ਨੂੰ ਵਿਸਥਾਰ ਦਿੱਤਾ।

ਇਸ ਨੇ ਭਾਰਤ ਦੇ ਹੋਰ ਭਾਸ਼ਾਵਾਂ ਨਾਲ ਜੁੜੇ ਲੇਖਕਾਂ ਨਾਲ ਮਿਲਣ ਦਾ ਸਬੱਬ ਬਣਾਇਆ। 'ਲਘੂ ਕਥਾ ਸੰਘ ਪਟਨਾ' ਨੇ, ਆਪਣੇ ਸਾਲਾਨਾ ਸਮਾਗਮ ਵਿਚ ਇਸ ਕਾਰਜ ਲਈ 'ਮਿੰਨੀ' ਤ੍ਰੈਮਾਸਿਕ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਅਤੇ ਸਨਮਾਨਿਆ ਵੀ।

ਪੰਜਾਬੀ ਵਿਚ ਅਨੁਵਾਦ ਦਾ ਕਾਰਜ ਕਰਦਿਆਂ ਭਾਵੇਂ ਛੋਟੇ ਪੱਧਰ 'ਤੇ ਹੀ, ਨਾਲ ਹੀ ਮੈਡੀਕਲ ਦਾ ਡਾਕਟਰ ਹੋਣ ਦੇ ਨਾਤੇ, ਨੈਸ਼ਨਲ ਬੁੱਕ ਟਰੱਸਟ ਨੇ ਇਕ ਕਿਤਾਬ 'ਅੰਡਰਸਟੈਂਡਿੰਗ ਅਡੋਲਸੈਂਟ' ਦਾ ਪੰਜਾਬੀ ਅਨੁਵਾਦ ਕਰਨ ਲਈ ਭੇਜੀ। ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ, ਇਸ ਤਰ੍ਹਾਂ ਦਾ ਪ੍ਰੋਜੈਕਟ ਪਹਿਲੀ ਵਾਰ ਕਰ ਰਿਹਾ ਸੀ। ਪਹਿਲਾਂ ਭਾਵੇਂ ਚੇਖ਼ਵ, ਗੋਰਕੀ, ਲ ਸ਼ਨ ਅਤੇ ਪਾਬਲੋ ਨੇਰੂਦਾ ਆਦਿ ਦੀਆਂ ਰਚਨਾਵਾਂ ਨੂੰ ਅਨੁਵਾਦ ਕੀਤਾ ਸੀ, ਪਰ ਸਾਰਾ ਹਿੰਦੀ ਤੋਂ ਸੀ। ਖੈਰ, ਮੈਂ ਇਹ ਕੰਮ ਹੱਥ ਲੈ ਲਿਆ। ਇਸ ਪੁਸਤਕ ਨੇ ਅਨੁਵਾਦ ਤੋਂ ਇਲਾਵਾ ਮੇਰੇ ਆਪਣੇ ਮੈਡੀਕਲ ਅਤੇ ਮਨੋਵਿਗਿਆਨ ਦੇ ਪਹਿਲੂ ਨੂੰ ਇਕ ਨਵਾਂ ਰਾਹ ਦਿਖਾਇਆ ਤੇ ਮੈਂ ਆਪਣੀ ਐੱਮ.ਡੀ ਦੀ ਪੜ੍ਹਾਈ ਕਰਵਾਉਂਦਿਆਂ, ਆਪਣੇ ਵਿਦਿਆਰਥੀਆਂ ਨੂੰ ਇਸ ਉਮਰ ਦੇ ਅਲੱਗ-ਅਲੱਗ ਪਹਿਲੂਆਂ 'ਤੇ ਕੰਮ ਕਰਵਾਇਆ। ਉਨ੍ਹਾਂ ਨੂੰ ਕੰਮ ਕਰਵਾਉਂਦੇ ਮੇਰੇ ਤੋਂ ਇਕ ਪੁਸਤਕ, 'ਜਵਾਨ ਹੋ ਰਹੇ ਧੀਆਂ ਪੁੱਤ' ਲਿਖੀ ਗਈ। ਕਹਿ ਲਵੋ ਅਨੁਵਾਦ ਹੀ ਉਹ ਜ਼ਰੀਆ ਸੀ, ਇਕ ਪੁਲ ਸੀ, ਜੋ ਇਸ ਨਵੇਂ ਪੈਂਡੇ, ਨਵੀਂ ਮੰਜ਼ਲ ਤੱਕ ਲੈ ਗਿਆ। ਇਸ ਕਿਤਾਬ ਦਾ ਮੁੱਢ ਉਸ ਕਿਤਾਬ ਤੋਂ ਵੀ ਬੱਝਿਆ, ਜੋ 'ਬੱਚੇ ਕਦੇ ਤੰਗ ਨਹੀਂ ਕਰਦੇ' ਨਾਂਅ ਹੇਠ ਲਿਖੀ ਗਈ ਤੇ ਵੱਡੀ ਗਿਣਤੀ ਵਿਚ ਪੜ੍ਹੀ ਗਈ। ਇਨ੍ਹਾਂ ਦੋਹਾਂ ਅਤੇ ਹੋਰ ਅਜਿਹੀਆਂ ਲਿਖਤਾਂ ਪਿੱਛੇ ਵੀ ਵਿਸ਼ਵ ਪੱਧਰੀ ਮਨੋਵਿਗਿਆਨ ਅਤੇ ਸਮਾਜ ਵਿਗਿਆਨ ਦੀ ਪੜ੍ਹਾਈ ਸੀ, ਜੋ ਅਨੁਵਾਦ ਹੋ ਕੇ ਜਾਂ ਮੂਲ ਭਾਸ਼ਾ ਵਿਚ ਪਹੁੰਚੀਆਂ ਸਨ ਤੇ ਇੱਥੋਂ ਦੀ ਧਰਤੀ ਦੇ ਸੱਭਿਆਚਾਰ ਦਾ ਬਾਣਾ ਪਾ ਕੇ, ਨਵੇਂ ਰੂਪ ਵਿਚ ਸਾਹਮਣੇ ਆ ਰਹੀਆਂ ਸਨ।

ਅਨੁਵਾਦ ਕਰਨ ਵਾਲੇ ਇਸ ਕਾਰਜ ਲਈ ਮੁਹਾਰਤ ਰੱਖਣ ਵਾਲੇ ਲੇਖਕ ਲੋਕ, ਇਸ ਨੂੰ ਮੂਲ ਕਾਰਜ ਜਿੰਨਾ ਹੀ ਮਹੱਤਵਪੂਰਨ ਸਮਝਦੇ ਹਨ। ਨਿਸ਼ਚਿਤ ਹੀ ਇਸ ਨਾਲ ਪਛਾਣ ਵੀ ਜੁੜਦੀ ਹੈ। ਪਰ ਮੈਂ ਜੋ ਮਹਿਸੂਸ ਕੀਤਾ ਹੈ ਕਿ ਮੈਂ ਇਸ ਤਰ੍ਹਾਂ ਦਾ ਨਾਮਵਰ, ਜਾਣਿਆ-ਪਛਾਣਿਆ ਅਨੁਵਾਦਕ ਨਹੀਂ ਹਾਂ। ਕੋਈ ਇੱਕਾ-ਦੁੱਕਾ ਰਚਨਾ, ਕਵਿਤਾ ਜਾਂ ਮਿੰਨੀ ਕਹਾਣੀ ਹੀ ਅਨੁਵਾਦ ਹੋ ਜਾਂਦੀ ਹੈ। ਉਹ ਵੀ ਕੋਈ ਬਹੁਤ ਵਿਸ਼ੇਸ਼ ਲੱਗੇ, ਹਟਵੀਂ ਅਤੇ ਨਵੀਂ ਗੱਲ ਪੇਸ਼ ਕਰਦੀ, ਪੁਰਾਣੀ ਗੱਲ ਨੂੰ ਨਵੇਂ ਲਹਿਜੇ ਵਿਚ ਕਹਿਣ ਵਾਲੀ। ਸ਼ੇਅਰੋ-ਸ਼ਾਇਰੀ ਨੂੰ ਲੈ ਕੇ ਇਕ ਗੱਲ ਕਹੀ ਜਾਂਦੀ ਹੈ ਕਿ ਕੋਈ ਕਿਸੇ ਮੌਕੇ ਕਿਸੇ ਸ਼ੇਅਰ ਨੂੰ ਆਪਣੇ ਚੇਤੇ ਵਿੱਚੋਂ ਚੁੱਕ ਕੇ ਪੇਸ਼ ਕਰਦਾ ਜਾਂ ਸੁਣਾਉਂਦਾ ਹੈ ਤਾਂ ਭਾਵ ਹੈ ਕਿ ਉਸ ਵਿਅਕਤੀ ਨੇ ਇਹ ਸ਼ੇਅਰ ਖੁਦ ਲਿਖਿਆ ਹੈ, ਉਹ ਸ਼ਬਦ ਭਾਵ ਉਸੇ ਦੇ ਹੀ ਹਨ। ਵੈਸੇ ਕੋਈ ਕਵਿਤਾ ਕਹਾਣੀ ਪੜ੍ਹ ਕੇ, ਜੇਕਰ ਲੱਗੇ ਕਿ ਇਹ ਮੈਂ ਲਿਖੀ ਹੈ, ਤੇ ਉਸ ਦਾ ਅਨੁਵਾਦ ਕਰਨ ਦਾ ਮਨ ਕਰੇ ਤਾਂ ਸਪੱਸ਼ਟ ਹੈ ਕਿ ਤੁਸੀਂ ਉਸ ਦੇ ਸਿਰਜਕ ਹੀ ਹੋ। ਅਨੁਵਾਦ ਜਿਥੇ ਪੁਲ ਹੈ, ਵਿਚਾਰਾਂ ਦਾ ਫੈਲਾਅ ਕਰਦਾ ਹੈ, ਉਥੇ ਉਹ ਉਨ੍ਹਾਂ ਨਵੇਂ ਵਿਚਾਰਾਂ ਨਾਲ ਨਵੀਂ ਧਰਤੀ, ਵੱਖਰੇ ਸੱਭਿਆਚਾਰ ਤੋਂ ਮਿਲੇ ਤਜਰਬਿਆਂ ਨਾਲ ਸ਼ਖਸੀਅਤ ਤਬਦੀਲੀ ਵੀ ਕਰਦਾ। ਮੈਂ ਆਪਣੇ ਬਾਰੇ ਕਹਿ ਸਕਦਾ ਹਾਂ ਕਿ ਮੇਰਾ ਆਪਣਾ ਵਜੂਦ, ਅਨੁਵਾਦ ਹੋਈਆਂ, ਅਨੁਵਾਦ ਕੀਤੀਆਂ ਲਿਖਤਾਂ ਨੇ ਬਦਲਿਆ ਹੈ।

ਅੰਗਰੇਜ਼ੀ ਤੋਂ ਅਨੁਵਾਦ ਕਰਕੇ, ਪਹਿਲਾਂ ਸਿਹਤ ਸੰਬੰਧੀ ਲਿਖਤਾਂ ਛਪੀਆਂ ਤੇ ਤਸੱਲੀ ਨਾ ਹੋਈ, ਪਰ ਸਿਹਤ ਨੂੰ ਨਿੱਠ ਕੇ ਪੜ੍ਹਿਆ ਤੇ ਪੜ੍ਹਾਇਆ ਤੇ ਇਸ ਦੇ ਸਮਾਜਿਕ ਪੱਖ ਨੂੰ ਸਮਝਿਆ ਤਾਂ ਸਿਹਤ ਅਤੇ ਸਮਾਜ ਦੇ ਰਿਸ਼ਤੇ ਨੂੰ ਲੈ ਕੇ ਲਿਖਿਆ ਤਾਂ ਇਸ ਵਿਚ ਮੇਰੀਆਂ ਪੜ੍ਹੀਆਂ ਅਨੇਕਾਂ ਫਲਸਫਾਨਾ ਰਚਨਾਵਾਂ ਵੀ ਸੀ, ਮੇਰੀ ਸਰੀਰ ਵਿਗਿਆਨ ਬਾਰੇ ਸਮਝ ਅਤੇ ਸਮਾਜ ਵਿਗਿਆਨ ਦਾ ਪਿਛੋਕੜ ਵੀ। ਇਨ੍ਹਾਂ ਨੇ ਮਿਲ ਕੇ, ਨਵੇਂ ਤਰ੍ਹਾਂ ਵਾਲੇ, ਨਵੇਂ ਨਿਵੇਕਲੇ ਗੁਣਾਂ ਵਾਲੇ ਪੱਖਾਂ ਨੂੰ ਉਜਾਗਰ ਕੀਤਾ। ਕਈ ਕੁਝ ਵਧੀਆ ਲਿਖਿਆ ਗਿਆ। 'ਕਿਵੇਂ ਵੱਖਰੇ ਹਾਂ ਅਸੀਂ ਜਾਨਵਰਾਂ ਤੋਂ' ਜੋ ਬਾਅਦ ਵਿਚ 'ਮਨੁੱਖ ਹੋਣ ਦੇ ਮਾਇਣੇ' ਵਜੋਂ ਛਪੀ। ਇਹ ਪੁਸਤਕ ਕਈ ਦਰਸ਼ਨਾਂ ਦਾ ਮੇਲ-ਮਿਲਾਪ ਹੋਣ ਕਰਕੇ, ਵਿਸ਼ੇ ਨੂੰ ਨਵੇਂ ਪਸਾਰ ਤੋਂ ਪੇਸ਼ ਕਰਦੀ ਰਚਨਾ ਬਣੀ ਹੈ।

ਹਿੰਦੀ-ਪੰਜਾਬੀ ਦਾ ਤਕਰੀਬਨ ਬਰਾਬਰ ਦਾ ਗਿਆਨ ਹੋਣ ਕਾਰਨ, ਹਿੰਦੀ ਨਾ ਵੀ ਕਹੀਏ, ਹਿੰਦੁਸਤਾਨੀ ਤਾਂ ਪਰੇ ਯਕੀਨ ਨਾਲ ਕਹਿ ਸਕਦਾ ਹਾਂ, ਆਪ ਹੀ ਕਈ ਲੇਖਾਂ ਦਾ ਅਨੁਵਾਦ ਕੀਤਾ। ਮੇਰੀ ਇਕ ਲੇਖ ਸੀਰੀਜ਼ 'ਨੌਜਵਾਨ ਅਤੇ ਸੈਕਸ ਸਮੱਸਿਆਵਾਂ' ਜਦੋਂ ਲਗਾਤਾਰ ਤਰਕਸ਼ੀਲ ਰਸਾਲੇ ਵਿਚ ਛਪੀ ਤੇ ਬਾਅਦ ਵਿਚ ਪੁਸਤਕ ਵੀ ਬਣੀ ਤਾਂ ਇਹ ਪੁਸਤਕ, ਹਰਿਆਣਾ ਤੋਂ ਕਰਨਾਲ ਦੇ ਮਨੋਰੋਗ ਵਿਸ਼ੇਸ਼ਗ ਡਾ. ਜਗਦੀਸ਼ ਬਾਠਲਾ ਦੇ ਹੱਥ ਲੱਗੀ ਤਾਂ ਉਨ੍ਹਾਂ ਨੇ ਅਨੁਵਾਦ ਕਰਕੇ ਛਾਪਣ ਦੀ ਪੇਸ਼ਕਸ਼ ਕੀਤੀ। ਮਕਸਦ ਸੀ ਕਿ ਆਪਣੇ ਹਸਪਤਾਲ ਵਿਚ ਆਉਣ ਵਾਲੇ ਮਰੀਜ਼ਾਂ ਨੂੰ ਵੰਡੀ ਜਾ ਸਕੇ। ਇਸ ਤਰ੍ਹਾਂ ਉਹ ਕਿਤਾਬ ਅੱਜ ਵੀ ਡਾ. ਬਾਠਲਾ ਦੇ ਕਲੀਨਿਕ 'ਤੇ ਸਮੱਸਿਆ ਦੇ ਸਹੀ ਪਹਿਲੂ ਜਾਨਣ ਲਈ ਵੰਡੀ ਜਾਂਦੀ ਹੈ, ਜਦੋਂ ਕਿ ਇਨ੍ਹਾਂ ਸਮੱਸਿਆਵਾਂ, ਜਿਨ੍ਹਾਂ ਨੂੰ 'ਗੁਪਤ' ਰੋਗ ਦੇ ਨਾਂਅ ਹੇਠ, ਠੱਗੀ ਦਾ ਬਾਜ਼ਾਰ ਚਲਾਉਣ ਦਾ ਜ਼ਰੀਆ ਬਣਾਇਆ ਹੋਇਆ ਹੈ। ਵੱਡੇ-ਵੱਡੇ ਇਸ਼ਤਿਹਾਰਾਂ ਰਾਹੀਂ, ਸ਼ੋਸ਼ਣ ਦੀ ਦੁਕਾਨਦਾਰੀ ਚੱਲਦੀ ਹੈ ਕਿਉਂਕਿ ਜੋ ਅਸੀਂ ਖੁੱਲ੍ਹ ਕੇ ਗੱਲ ਨਹੀਂ ਕਰਦੇ। ਹਿੰਦੀ-ਪੰਜਾਬੀ, ਸਥਾਨਕ ਸਮਝ ਦੇ ਪੱਧਰ 'ਤੇ ਲਿਖੀ ਇਹ ਪੁਸਤਕ ਆਪਣੀ ਭੂਮਿਕਾ ਨਿਭਾਅ ਰਹੀ ਹੈ।

ਭਾਸ਼ਾ-ਬੋਲੀ ਮਨੁੱਖੀ ਵਿਲੱਖਣਤਾ ਹੈ ਤੇ ਇਹ ਵੀ ਸੱਚ ਕਿ ਹਰ ਦਸ ਕੋਹ 'ਤੇ ਬਦਲ ਜਾਂਦੀ ਹੈ। ਮਨੁੱਖ ਵਿਚ ਇਸ ਨੂੰ ਸਿੱਖਣ ਦੀ ਨਿਵੇਕਲੀ ਪ੍ਰਵਿਰਤੀ ਹੈ, ਪਰ ਸਿਆਸਤ ਜਦੋਂ ਵੀ ਤੇ ਜਿੱਥੋਂ ਵੀ ਆਪਣਾ ਫਾਇਦਾ ਦੇਖਦੀ ਹੈ, ਸਰਮਾਏਦਾਰੀ ਵਾਂਗ ਉਸ ਨੂੰ ਲਪੇਟ ਕੇ, ਪੈਕ ਕਰਕੇ, ਆਪਣਾ ਲੇਬਲ ਚਿਪਕਾ ਕੇ, ਬਾਜ਼ਾਰ ਵਿਚ ਵੇਚਣ ਆ ਜਾਂਦੀ ਹੈ। ਭਾਸ਼ਾ, ਨਿਸ਼ਚਿਤ ਹੀ ਸਿਆਣਪ ਦਾ ਅਸਲ ਹੈ ਤੇ ਇਸ ਦਾ ਜਜ਼ਬਾਤੀ ਪੱਖ ਵੀ ਭਾਰੂ ਹੈ। ਜਦੋਂ ਮੇਰੀ ਭਾਸ਼ਾ, ਮੇਰੇ ਖਿੱਤੇ ਦੀ ਬੋਲੀ ਤੇ ਫਿਰ ਮੇਰੀ ਮਾਂ ਬੋਲੀ। ਮੇਰੀ ਮਾਂ ਵੱਲੋਂ ਦੁੱਧ ਦੇ ਰੂਪ ਵਿਚ, ਮੇਰੀਆਂ ਰਗਾਂ-ਖ਼ੂਨ ਵਿਚ ਪਹੁੰਚੀ ਬੋਲੀ। ਹੁਣ ਜਦੋਂ ਗੱਲਬਾਤ ਵਿਚ ਮਾਂ ਹੀ ਆ ਗਈ ਤਾਂ ਫਿਰ ....।

ਜਜ਼ਬਾਤ, ਸੱਭਿਆਚਾਰ ਦਾ ਮੁੱਖ ਗੁਣ ਹਨ, ਜ਼ਿੰਦਾ ਰਹਿਣ ਦੀ ਨਿਸ਼ਾਨੀ, ਪਰ ਜਜ਼ਬਾਤ ਵਿੱਚੋਂ ਸਿਆਣਪ ਮਨਫ਼ੀ ਕਰਕੇ, ਇਸ ਨੂੰ ਮਰਨ ਦੀ ਹੱਦ ਤੱਕ ਲੈ ਜਾਣ ਦਾ ਕੰਮ, ਜੋ ਬਾਜ਼ਾਰ-ਵਪਾਰ ਕਰਦਾ ਹੈ ਤੇ ਸਿਆਸਤ ਉਸ ਨੂੰ ਥਾਪੜਾ ਦਿੰਦੀ ਹੈ ਤਾਂ ਫਿਰ ਇਹ ਨੈਣ-ਨਕਸ਼ ਸੰਵਾਰਦੀ-ਸੰਵਾਰਦੀ ਵਿਗਾੜ ਵੀ ਦਿੰਦੀ ਹੈ, ਬੇਢੱਬਾ ਵੀ ਬਣਾ ਦਿੰਦੀ ਹੈ।

ਮੋਬਾ : 98158-08506

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

21-May-Sunday.qxd 5/20/2023 8:48 PM Page 4



## ਉਹਦਾ ਕਣ ਕਣ ਦੇ ਵਿਚ ਵਾਸਾ ਹੈ

**(ਗੀਤ ਸੰਗ੍ਰਹਿ)**
**ਬਲਵਿੰਦਰ ਗਿੱਲ**
**ਪੰਨੇ-112, ਮੁੱਲ-200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

# ਇਤਿਹਾਸ, ਮਿਥਿਹਾਸ, ਫਲਸਫ਼ਾ ਤੇ ਵਰਤਮਾਨ ਸਾਰਥਿਕਤਾ ਦਾ ਪ੍ਰਵਚਨ





**ਕਿਤਾਬ ਦੀ ਪਰਖ ਪੜਚੋਲ**

**ਡਾ. ਹਰਿੰਦਰ ਸਿੰਘ ਤੂੜ**

ਬਲਵਿੰਦਰ ਗਿੱਲ ਦਾ ਪਲੇਠਾ ਗੀਤ ਸੰਗ੍ਰਹਿ 'ਉਹਦਾ ਕਣ ਕਣ ਦੇ ਵਿਚ ਵਾਸਾ ਹੈ' ਸਾਹਿਤਕ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਹੈ। ਇਸ ਪੁਸਤਕ ਵਿਚ 79 ਗੀਤਾਂ ਦਾ ਖ਼ੂਬਸੂਰਤ ਗੁਲਦਸਤਾ ਹੈ, ਜਿਸ ਵਿਚ ਮਨੁੱਖੀ ਜੀਵਨ ਹਯਾਤੀ ਦੇ ਪਲ਼ ਰੂਪਮਾਨ ਹੁੰਦੇ ਹਨ। ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਸਮਾਜਿਕ ਸਿਸਟਮ ਦੇ ਦਾਇਰਿਆਂ ਵਿਚ ਵਿਚਰਦਾ ਹੈ। ਉਸ ਦੀ ਜੀਵਨ-ਜਾਚ ਉੱਤੇ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ, ਸੱਭਿਆਚਾਰਕ, ਵਿਗਿਆਨਕ, ਮਨੋਵਿਗਿਆਨਕ ਅਤੇ ਇਤਿਹਾਸਕ ਪ੍ਰਣਾਲੀਆਂ ਦਾ ਪ੍ਰਭਾਵ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ। ਵਰਤਮਾਨ ਵਰਤਾਰਿਆਂ ਵਿਚ ਵਿਚਰਦਾ ਮਨੁੱਖ ਆਪਣੇ ਇਤਿਹਾਸ ਪ੍ਰਤੀ ਅਵੇਸਲਾ ਤੇ ਭਵਿੱਖ ਪ੍ਰਤੀ ਚਿੰਤਾਗ੍ਰਸਤ ਰਹਿੰਦਾ ਹੈ। ਪ੍ਰਮੁੱਖ ਗੀਤਾਂ ਦੇ ਆਧਾਰ 'ਤੇ ਇਤਿਹਾਸਕ ਚਿੰਤਨ ਤੇ ਚੇਤਨਾ ਦੇ ਸਰੋਕਾਰ ਦ੍ਰਿਸ਼ਟੀਗੋਚਰ ਹੁੰਦੇ ਹਨ।

ਪੁਸਤਕ ਦੇ ਸਿਰਲੇਖ ਵਾਲਾ ਗੀਤ 'ਉਹਦਾ ਕਣ ਕਣ ਦੇ ਵਿਚ ਵਾਸਾ ਹੈ' ਵਿਚ ਰੱਬ ਦੀ ਕਣ-ਕਣ ਵਿਚ ਵਿਦਮਾਨ ਹੋਂਦ ਦਾ ਜ਼ਿਕਰ ਕੀਤਾ ਹੈ। ਰੱਬ ਦੀ ਰਹੱਸਾਤਮਕ ਕਾਰਜ-ਪ੍ਰਣਾਲੀ ਨੂੰ ਸਮਝਣਾ ਮੁਸ਼ਕਲ ਹੈ। ਉਹ ਕਦੋਂ, ਕਿਵੇਂ, ਕਿਸ ਤਰ੍ਹਾਂ 'ਰਾਜੇ ਨੂੰ ਭਿਖਾਰੀ ਅਤੇ ਭਿਖਾਰੀ ਨੂੰ ਰਾਜਾ ਬਣਾ ਦੇਵੇ' ਕੁਝ ਨਹੀਂ ਕਿਹਾ ਜਾ ਸਕਦਾ। ਸਾਰਾ ਬ੍ਰਹਿਮੰਡ ਹੀ ਰੱਬ ਦੇ ਹੁਕਮ ਵਿਚ ਚੱਲ ਰਿਹਾ ਹੈ :

ਭਿਖਾਰੀ ਨੂੰ ਤਖ਼ਤ ਬਿਠਾ ਦੇਂਦਾ, ਫੜਾਇਆ ਰਾਜਿਆਂ ਦੇ ਹੱਥ ਕਾਸਾ ਹੈ'
ਜਿੰਨ੍ਹਾ ਲੱਭਿਆ ਹੈ ਉਹ ਦੱਸਦੇ ਨੇ, ਉਹਦਾ ਕਣ ਕਣ ਦੇ ਵਿਚ ਵਾਸਾ ਹੈ। (12)

ਸਭ ਸੱਚਾਈ ਪਤਾ ਹੋਣ ਦੇ ਬਾਵਜੂਦ ਮਨੁੱਖ ਵਿਅਰਥ ਦੀ ਦੌੜ-ਭੱਜ ਕਰ ਰਿਹਾ ਹੈ। "ਸਵੈ-ਮਾਣ" ਤੇ "ਸਵੈ-ਹੋਂਦ" ਤਾਂ ਮਨੁੱਖ ਵਿੱਚੋਂ ਕਿਧਰੇ ਖੰਭ ਲਾ ਕੇ ਉੱਡ ਗਿਆ ਹੈ। ਲੋਕ 'ਚਾਪਲੂਸੀ' ਨੂੰ 'ਸਮਾਰਟ ਵਰਕ' ਦੀ ਟਰਮ ਵਰਤ ਕੇ ਆਪਣੇ ਆਪੇ ਨੂੰ ਧਰਵਾਸ ਦਿੰਦੇ ਹਨ। ਗਿੱਲ ਦੇ ਗੀਤਾਂ ਤੋਂ ਸਮਝ ਪੈਂਦੀ ਹੈ ਕਿ ਉਹ ਕਾਲ ਤੋਂ ਪਰ੍ਹੇ ਹੈ। ਭੂਤ ਤੇ ਭਵਿੱਖ ਦੀ ਚਿੰਤਾ ਛੱਡ ਕੇ ਵਰਤਮਾਨ ਵਿਚ ਜਿਉਣਾ ਚਾਹੀਦਾ ਹੈ। ਉਹ ਔਖੇ ਸਮੇਂ ਵਿਚ ਆਪਣੇ ਮਨੁੱਖਾਂ ਦੀ ਮਦਦ ਕਰਨ ਵਾਲਾ ਮਦਦਗਾਰ ਬਣਦਾ ਹੈ। ਇਸ ਸ੍ਰਿਸ਼ਟੀ ਦੇ ਹਰੇਕ ਕਣ ਵਿਚ ਰੱਬ ਮੌਜੂਦ ਹੈ, ਪਰ ਮਨੁੱਖ ਦੀ ਪਦਾਰਥਕ ਦ੍ਰਿਸ਼ਟੀ ਉਸ ਨੂੰ ਦੇਖਣ ਤੋਂ ਅਸਮਰੱਥ ਹੈ।

ਗੀਤ 'ਬਾਬਾ ਨਾਨਕ ਜੀ' ਵਿਚ ਬਾਬੇ ਨਾਨਕ ਅੱਗੇ ਅਰਜੋਈ ਬੇਨਤੀ ਕੀਤੀ ਗਈ ਹੈ, ਕਿਉਂਕਿ ਵਰਤਮਾਨ ਪ੍ਰਸਥਿਤੀਆਂ ਭਿਆਨਕ ਰੂਪ ਧਾਰਨ ਕਰ ਰਹੀਆਂ ਹਨ। ਪਦਾਰਥਕ ਸਿਸਟਮ ਵਿੱਚੋਂ ਨਿਕਲਣ ਲਈ ਬਾਬੇ ਨਾਨਕ ਦਾ ਸਿਧਾਂਤ "ਕਿਰਤ ਕਰੋ ਨਾਮ ਜਪੋ ਤੇ ਵੰਡ ਛਕੋ" ਨੂੰ ਜੀਵਨ ਵਿਚ ਅਮਲੀ ਰੂਪ ਵਿਚ ਅਪਨਾਉਣ ਦੀ ਜ਼ਰੂਰਤ ਹੈ। ਸੱਜਣ ਠੱਗ, ਚੌਧਰੀ ਭਾਗੋ ਜਿਹੇ ਲੋਕ ਹਰੇਕ ਪਿੰਡ, ਨਗਰ, ਰਾਜ, ਦੇਸ਼ ਵਿਚ ਮੌਜੂਦ ਹਨ। ਇਹਨਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਸਾਮਰਾਜਵਾਦੀ ਸਿਸਟਮ ਨੇ ਹਮੇਸ਼ਾ ਮਨੁੱਖਤਾ ਉੱਤੇ ਜਬਰ-ਜ਼ੁਲਮ ਕੀਤਾ :

ਭੇਸ ਵਟਾ ਕੇ ਸੱਜਣ ਠੱਗ ਜਿਹੇ, ਮੁੜ ਜਨਤਾ ਨੂੰ ਲੁੱਟ ਰਹੇ ਨੇ,
ਫੇਰ ਚੌਧਰੀ ਭਾਗੋ ਵਰਗੇ, ਲਾਲੋ ਦਾ ਗਲ ਘੁੱਟ ਰਹੇ ਨੇ। (89)

ਇਸ ਤੋਂ ਇਲਾਵਾ ਅਨੈਤਿਕਤਾ, ਨਿੰਦਿਆ, ਚੁਗਲੀ, ਈਰਖ਼ਾ, ਸਾੜਾ, ਦਵੈਸ਼, ਪ੍ਰਕਿਰਤੀ ਦਾ ਘਾਣ ਕਰਨਾ, ਧੀਆਂ ਮਾਰਨਾ, ਪਾਪ ਆਦਿ ਦਾ ਵਿਰੋਧ ਕਰਦੇ ਹੋਏ ਬਾਬੇ ਨਾਨਕ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਅਪੀਲ ਵੀ ਕੀਤੀ ਹੈ ਤਾਂ ਜੋ ਜੀਵਨ ਵਧੀਆ ਬਣ ਸਕੇ :

ਵੱਢਣ ਰੁੱਖ ਤੇ ਮਾਰਨ ਧੀਆਂ, ਨੱਥ ਪਾਵੀਂ ਜ਼ਰਾ ਸ਼ੈਤਾਨਾਂ ਨੂੰ,
ਜਾਣੇ ਅਣਜਾਣੇ ਬਣ ਗਏ ਪਾਪੀ, ਸੋਝੀ ਦੇ ਇਨਸਾਨਾਂ ਨੂੰ। (89)

ਸਿੱਖਾਂ ਦਾ ਇਤਿਹਾਸ ਕੁਰਬਾਨੀਆਂ ਦਾ ਇਤਿਹਾਸ ਹੈ। ਬਲਵਿੰਦਰ ਗਿੱਲ ਦਾ ਗੀਤ 'ਗੁਰੂ ਤੇਗ ਬਹਾਦਰ ਜੀ' ਵਿਚ ਸਿੱਖ ਫਲਸਫ਼ੇ ਤੇ ਕੁਰਬਾਨੀਆਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਸਾਹਿਬ ਜੀ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ। ਉਹਨਾਂ ਨੇ ਹਿੰਦੂ ਧਰਮ ਦੀ ਰੱਖਿਆ ਹਿੱਤ ਦਿੱਲੀ ਦੇ ਚਾਦਨੀ ਚੌਂਕ ਵਿਚ ਆਪਣਾ ਬਲੀਦਾਨ ਦਿੱਤਾ। ਸਿੱਖੀ ਸਿਧਾਂਤ ਦੀ ਵਰਤਮਾਨ ਵਿਚ ਜ਼ਿਆਦਾ ਜ਼ਰੂਰਤ ਹੈ, ਕਿਉਂਕਿ ਵਿਅਕਤੀ ਪਤਿਤ ਹੁੰਦੇ ਜਾ ਰਹੇ ਹਨ ਅਤੇ ਅਨੈਤਿਕਤਾ 'ਤੇ ਚੱਲ ਕੇ ਬੁਰਾਈ ਦਾ ਪਸਾਰ ਕਰ ਰਹੇ ਹਨ। ਇਹਨਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। 'ਸਿੱਖੀ ਸਿਧਾਂਤ' ਤੇ 'ਸਿੱਖੀ ਸਿਦਕ' ਦਾ ਕਲਾਤਮਿਕ ਚਿਤਰਨ :

ਔਰੰਗੇ ਦੀ ਈਨ ਨਾ ਮੰਨੀ ਸਹਿ ਲਏ ਦੁੱਖ ਭਾਰੇ ਸੀ,
ਸਿੰਘ ਉੱਥੇ ਮਤੀ ਦਾਸ ਜਿਹੇ, ਚੀਰੇ ਨਾਲ ਆਰੇ ਸੀ।
ਭਾਣਾ ਮੰਨ ਸ਼ੁਕਰ ਸੀ ਕੀਤਾ, ਸਿਦਕੋਂ ਨਾ ਹਾਰੇ ਸੀ।
ਸਤਿਗੁਰ 'ਤੇ ਕਹਿਰ ਕਮਾ ਕੇ ਜ਼ਾਲਮ ਸੀ ਹਾਰ ਗਏ,
ਭਾਰਤ ਲਈ 'ਗਿੱਲ ਬਲਵਿੰਦਰਾ' ਸਭ ਕੁਝ ਉਹ ਵਾਰ ਗਏ। (63)

ਗੁਰੂ ਸਾਹਿਬਾਨ ਸਿੱਖੀ ਸਿਧਾਂਤ, ਹੱਕ-ਸੱਚ ਤੇ ਈਮਾਨ ਲਈ ਲੜਦੇ ਰਹੇ। ਸਿੱਖਾਂ ਦਾ ਇਤਿਹਾਸ ਲਾਸਾਨੀ ਕੁਰਬਾਨੀਆਂ ਦਾ ਇਤਿਹਾਸ ਹੈ। ਬਲਵਿੰਦਰ ਗਿੱਲ ਵਰਤਮਾਨ ਸਮੇਂ ਵਿਚ ਵਧ ਰਹੀਆਂ ਕੁਰੀਤੀਆਂ ਨੂੰ ਠੱਲ੍ਹ ਪਾਉਣ ਲਈ ਆਪਣੇ ਇਤਿਹਾਸ ਤੋਂ ਨੈਤਿਕ ਮੁੱਲ-ਵਿਧਾਨ ਸਿੱਖਣ ਲਈ ਪ੍ਰੇਰਿਤ ਕਰਦਾ ਹੈ, ਕਿਉਂਕਿ ਸਿੱਖੀ ਸਿਧਾਂਤ "ਜੀਓ ਤੇ ਜੀਉਣ ਦਿਓ" ਉੱਤੇ ਟੇਕ ਕਰਦਾ ਹੈ। ਦੂਜੇ ਧਰਮ ਦੀ ਰੱਖਿਆ ਲਈ ਜੇ ਬਲੀਦਾਨ ਦਿੱਤਾ ਜਾ ਸਕਦਾ ਹੈ ਤਾਂ ਆਪਣੇ ਧਰਮ ਦੀ ਪਰਪੱਕਤਾ ਲਈ ਸਦਾ ਤਿਆਰ-ਬਰ-ਤਿਆਰ ਰਹਿਣਾ ਜ਼ਿਆਦਾ ਜ਼ਰੂਰੀ ਹੈ। ਸਰਹਿੰਦ ਦੀ ਸਾਮਰਾਜਵਾਦੀ ਤਖ਼ਤ ਦੀ ਕੱਟੜਤਾ ਨੇ ਗੁਰੂ ਗੋਬਿੰਦ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਜੀ ਨੂੰ ਕੰਧਾਂ ਵਿਚ ਚਿਣਵਾ ਕੇ ਸ਼ਹੀਦ ਕੀਤਾ ਸੀ। ਇਸ ਜ਼ਾਲਮਾਨਾ ਤਖ਼ਤ ਦਾ ਵਿਰੋਧ ਬਾਬਾ ਬੰਦਾ ਸਿੰਘ ਬਹਾਦਰ ਨੇ ਕੀਤਾ। ਉਸ ਨੇ ਸਰਹਿੰਦ ਨੂੰ ਤਬਾਹ ਕਰ ਦਿੱਤਾ। ਇਤਿਹਾਸ ਗਵਾਹੀ ਦਿੰਦਾ ਹੈ ਕਿ ਤੱਤੀ ਤਵੀ, ਉਬਲਦੀਆਂ ਦੇਗਾਂ, ਆਰੇ, ਚਰਖੜੀਆਂ, ਰੰਬੀਆਂ ਦੀਆਂ ਧਾਰਾਂ, ਸਰਹਿੰਦ ਦੀਆਂ ਨੀਹਾਂ, ਚਮਕੌਰ ਦੀ ਜੰਗ, ਭਖਦੇ ਗਰਮ ਜੰਬੂਰਾਂ ਅਤੇ ਸਾਮਰਾਜੀ ਕੱਟੜਵਾਦੀਆਂ ਵੱਲੋਂ ਸਮੇਂ-ਸਮੇਂ ਸਿਰ ਖੇਡੀ ਖ਼ੂਨੀ ਹੋਲੀ ਨੇ ਸਿੱਖ ਕੌਮ ਵਿਚ ਸਵੈ-ਮਾਣ, ਬੀਰਤਾ, ਚੜ੍ਹਦੀ ਕਲਾ, ਹੱਕ-ਸੱਚ ਦੇ ਜਜ਼ਬੇ ਭਰ ਦਿੱਤੇ। ਪਿਛਲੇ ਕਈ ਸਾਲਾਂ ਦੌਰਾਨ ਜੋ ਤਸੀਹੇ ਸਿੱਖਾਂ ਨੇ ਹੰਢਾਏ, ਉਨ੍ਹਾਂ ਵਿਚ ਗੁਰੂ ਗੋਬਿੰਦ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਿਲ ਕੰਬਾਊ ਘਟਨਾ ਸਾਕਾ ਸਰਹਿੰਦ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ। ਸਰਹਿੰਦ ਦੀ ਤਸਵੀਰਕਸ਼ੀ :

ਨੱਕ ਦੇ ਧਰਤ 'ਤੇ ਲੀਕਾਂ, ਸੁੱਚਾ ਨੰਦ ਵਾਹੂਗਾ।
ਇੱਟ ਨਾਲ ਅੱਜ ਇੱਟ ਸਰਹਿੰਦ ਦੀ ਬੰਦਾ ਖੜਕਾਊਗਾ। (22)

ਵਰਤਮਾਨ ਵਿਚ ਵਾਪਰ ਰਹੀਆਂ ਘਟਨਾਵਾਂ ਜਿਸ ਵਿਚ 'ਸਿੱਖੀ ਫਲਸਫ਼ੇ' ਨੂੰ ਢਾਹ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ, ਜਿਵੇਂ ਨਸ਼ਿਆਂ ਦਾ ਵਹਿ ਰਿਹਾ ਛੇਵਾਂ ਦਰਿਆ, ਸਿੱਖ ਨਸਲਕੁਸ਼ੀ ਦੇ ਮਸਲੇ, ਈਸਾਈ ਮਤ ਦੀਆਂ ਨੀਤੀਆਂ, ਨੌਜਵਾਨਾਂ ਦਾ ਪੰਜਾਬ ਛੱਡ ਪਰਵਾਸ ਧਾਰਨ ਕਰਨਾ ਆਦਿ ਹਨ। ਬਲਵਿੰਦਰ ਗਿੱਲ ਵਰਤਮਾਨ ਸੰਦਰਭ ਵਿਚ ਕਾਲ ਤੋਂ ਪਾਰ ਦੀ ਗੱਲ ਬੇਬਾਕੀ ਨਾਲ ਕਰਦਾ ਹੈ :

ਯੋਧੇ ਇਹ ਕਲਗੀਧਰ ਦੇ, ਜੱਗ ਤੋਂ ਨਾ ਮੁੱਕਣਗੇ।
ਵੈਰੀਆਂ ਨੂੰ ਲਾਉਣਗੇ ਸੋਧਾ, ਜਦ ਵੀ ਅੱਤ ਚੁੱਕਣਗੇ। (22)

ਬਲਵਿੰਦਰ ਗਿੱਲ ਆਪਣੇ ਗੀਤ "ਚਾਲੀ ਮੁਕਤੇ" ਰਾਹੀਂ ਚਾਲੀ ਮੁਕਤਿਆਂ ਦੀ ਲਾਸਾਨੀ ਸ਼ਹਾਦਤ ਤੇ "ਟੁੱਟੀ ਗੰਢਣ" ਦੀ ਘਟਨਾ ਦੀ ਤਸਵੀਰ ਭਾਵਪੂਰਤ ਤਰੀਕੇ ਨਾਲ ਰੂਪਮਾਨ ਕਰਦਾ ਹੈ। ਚਾਲੀ ਮੁਕਤੇ ਸਿੰਘਾਂ ਦੇ ਨਾਂਅ ਸਮੀਰ ਸਿੰਘ, ਸਰਜਾ ਸਿੰਘ, ਸਾਧੂ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲ੍ਹਾ ਸਿੰਘ, ਕੀਰਤਿ ਸਿੰਘ, ਕ੍ਰਿਪਾਲ ਸਿੰਘ, ਖੁਸ਼ਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਯਾਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾਂ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਇ ਸਿੰਘ ਅਤੇ ਲਛਮਣ ਸਿੰਘ ਹਨ। ਕਈ ਇਤਿਹਾਸਕਾਰਾਂ ਨੇ ਨਾਵਾਂ ਵਿਚ ਫ਼ਰਕ ਵੀ ਪਾਇਆ ਹੈ :

ਉਸ ਦਾ ਕੀ ਜੱਗ 'ਤੇ ਜਿਉਣਾ, ਗੁਰੂ ਤੋਂ ਜਿਸ ਮੁੱਖ ਘੁਮਾਇਆ।
ਜਿਉਂਦੀ ਰਹੇ ਭਾਗੋ ਮਾਤਾ, ਭੁੱਲ ਗਿਆਂ ਨੂੰ ਜਿਸ ਸਮਝਾਇਆ।
ਨੀਲੇ ਦੀਆਂ ਵਾਗਾਂ ਸਤਿਗੁਰ, ਸਾਡੇ ਵੱਲ ਮੋੜ ਦਿਓ।
ਬੇ ਦਾਅਵੇ ਨੂੰ ਪਾੜ ਕੇ ਦਾਤਾ, ਟੁੱਟੀ ਅੱਜ ਜੋੜ ਦਿਓ। (65)

ਗੀਤ "ਸਿੰਘ ਸੂਰਮੇ" ਵਿਚ ਇਤਿਹਾਸਕ ਦ੍ਰਿਸ਼ਟੀ ਰਾਹੀਂ ਊਧਮ ਸਿੰਘ ਦੀ ਬਹਾਦਰੀ ਪਿੱਛੇ ਕਾਰਜਸ਼ੀਲ ਇਤਿਹਾਸ ਵਿਚ ਘਟਿਤ ਘਟਨਾਵਾਂ ਜਾਂ ਸ਼ਹਾਦਤ ਨੂੰ ਆਧਾਰ ਬਣਾਇਆ ਹੈ। ਗੁਰੂ ਅਰਜਨ ਦੇਵ ਜੀ, ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੇ ਊਧਮ ਸਿੰਘ ਨੂੰ ਆਪਣੇ ਖ਼ਮੀਰ ਵਿਚ ਸ਼ਹਾਦਤ ਨੂੰ ਬਰਕਰਾਰ ਰੱਖਣ ਲਈ ਪ੍ਰੇਰਿਤ ਕੀਤਾ। ਚਾਹੇ ਮੁਗ਼ਲ ਰਾਜ ਸੀ, ਚਾਹੇ ਅੰਗਰੇਜ਼ਾਂ ਦੀ ਸਾਮਰਾਜੀ ਸ਼ਕਤੀ ਸੀ, ਕਿਸੇ ਅੱਗੇ ਵੀ ਸਿੱਖ ਕਦੇ ਨਹੀਂ ਝੁਕੇ। ਊਧਮ ਸਿੰਘ ਨੇ ਅੰਗਰੇਜ਼ੀ ਹਕੂਮਤ ਦੇ ਮਾਈਕਲ ਓਡਵਾਇਰ ਵੱਲੋਂ 1919 ਦੀ ਵਿਸਾਖੀ ਵਾਲੇ ਦਿਨ ਨਿਹੱਥੇ ਅਤੇ ਬੇਕਸੂਰ ਪੰਜਾਬੀਆਂ ਨੂੰ ਮਾਰਨ ਦੀ ਕਾਰਵਾਈ ਦਾ ਬਦਲਾ ਲੈਣ ਲਈ ਬਦਲੇ ਦੀ ਚਿੰਗਾਰੀ ਆਪਣੇ ਦਿਲ ਵਿਚ 20 ਸਾਲਾਂ ਤੱਕ ਮਘਾਈ ਰੱਖੀ, ਇਹ ਵਿਲੱਖਣ ਇਤਿਹਾਸਕ ਮਿਸਾਲ ਹੈ। ਇਸ ਇਤਿਹਾਸਕ ਤੱਥ ਤੋਂ ਜ਼ਾਲਮ ਹਕੂਮਤਾਂ ਨੂੰ ਸਬਕ ਸਿੱਖ ਲੈਣਾ ਚਾਹੀਦਾ ਹੈ ਕਿ ਸਿੱਖ ਜ਼ਾਲਮ ਨੂੰ ਕਦੇ ਬਖਸ਼ਦੇ ਨਹੀਂ :

ਸ਼ੇਰ ਊਧਮ ਸਿਓਂ ਨੇ ਕੀਤਾ ਫ਼ਾਇਰ ਸੀ।
ਪਾਪੀ ਹੋ ਗਿਆ ਪਲਾਂ ਦੇ ਵਿਚ ਢੇਰ ਸੀ।
ਚਿੱਟੇ ਦਿਨ ਵਰਤਾਇਆ ਉੱਥੇ ਕਹਿਰ ਸੀ।
ਕਹਿੰਦਾ ਵੈਰੀਆ ਕਿਉਂ ਐਨੀ ਤੂੰ ਐਵੇਂ ਅੱਤ ਚੁੱਕੀ ਐ।
ਨਿਉਂਦਾ ਇੱਕੀਆਂ ਦਾ ਸਿੰਘ ਸਦਾ ਪਾਉਂਦੇ ਇਕੱਤੀ ਐ। (33)

ਬਲਵਿੰਦਰ ਗਿੱਲ ਦਾ ਗੀਤ 'ਅਣਖੀ ਪੰਜਾਬੀ ਯੋਧੇ' ਸਾਨੂੰ ਪ੍ਰੋ. ਪੂਰਨ ਸਿੰਘ ਦੀ ਪ੍ਰਸਿੱਧ ਕਵਿਤਾ "ਜਵਾਨ ਪੰਜਾਬ ਦੇ" ਵਿਚਲੇ ਸਿਧਾਂਤ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਨੂੰ ਰੂਪਮਾਨ ਕਰਦੀ ਹੈ। ਪੰਜਾਬ ਭਾਰਤ ਦਾ ਮੁੱਖ ਦੁਆਰ ਰਿਹਾ ਹੈ, ਜਿਸ ਸਦਕਾ ਹਮਲਾਵਰਾਂ ਨੂੰ ਸਭ ਤੋਂ ਪਹਿਲਾਂ ਪੰਜਾਬ ਦੇ ਜਵਾਨਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਹਨਾਂ ਨਿੱਤ ਦੇ ਹਮਲਿਆਂ ਨੇ ਪੰਜਾਬੀਆਂ ਨੂੰ ਬਹਾਦਰ ਕੌਮ ਵਜੋਂ ਉਜਾਗਰ ਕੀਤਾ। ਪੰਜਾਬੀਆਂ ਨੇ ਹਮੇਸ਼ਾ ਹੱਕ-ਸੱਚ ਲਈ ਆਵਾਜ਼ ਬੁਲੰਦ ਕੀਤੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਾ ਆ ਰਿਹਾ ਹੈ :

ਸਰਬੱਤ ਦਾ ਭਲਾ ਲੋੜਦੇ ਜਰਦੇ ਵੰਡ ਕਾਣੀ ਨਹੀਂ,
ਸੂਕਣ ਭਾਵੇਂ ਮੌਤ ਦੇ ਬੱਦਲ ਭੁੱਲਦੇ ਪਰ ਬਾਣੀ ਨਹੀਂ,
ਇਕੱਲੇ ਵੀ 'ਗਿੱਲ ਬਲਵਿੰਦਰਾ' ਲੱਖਾਂ ਮੂਹਰੇ ਅੜਦੇ ਨੇ,
ਅਣਖੀ ਪੰਜਾਬੀ ਯੋਧੇ ਹੱਕਾਂ ਲਈ ਲੜਦੇ ਨੇ। (18)

ਇਤਿਹਾਸਕ ਤੱਥ ਮੌਜੂਦ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਖ਼ਾਲਸੇ ਨੇ ਲਾਸਾਨੀ ਸ਼ਹੀਦੀਆਂ ਦੀ ਗੁੜ੍ਹਤੀ ਲਈ ਹੋਣ ਕਰਕੇ ਵੈਰੀ ਨੂੰ ਸੋਧਾ ਲਾਉਂਦੇ ਹਨ। ਹਰੀ ਸਿੰਘ ਨਲੂਏ ਦੀ ਬਹਾਦਰੀ, ਊਧਮ ਸਿੰਘ ਦੀ ਕੁਰਬਾਨੀ, ਫ਼ਾਂਸੀਆਂ ਦੇ ਰੱਸੇ ਚੁੰਮਣਾ, ਆਜ਼ਾਦ ਫ਼ਿਤਰਤ ਨਾਲ ਜਿਉਣਾ, ਇਹਨਾਂ ਦੇ ਖਮੀਰ ਵਿਚ ਸਦਾ ਕਾਇਮ-ਦਾਇਮ ਹਨ। ਬਾਬੇ ਨਾਨਕ ਦਾ 20 ਰੁਪਏ ਦਾ ਲਗਾਇਆ ਲੰਗਰ ਅੱਜ ਵੀ ਚੱਲ ਰਿਹਾ ਹੈ ਅਤੇ ਚੱਲਦਾ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕਵੀਸ਼ਰੀ ਦਾ ਬਾਦਸ਼ਾਹ ਬਾਬੂ ਰਜਬ ਅਲੀ

## ਕਲਾਮ : ਬਾਬੂ ਰਜਬ ਅਲੀ

**(ਚੋਣ ਤੇ ਸੰਪਾਦਕ)**
**ਬੁੱਧ ਸਿੰਘ ਨੀਲੋਂ**
**ਮੁੱਲ : 250 ਰੁਪਏ, ਪੰਨੇ : ਪੇਪਰ ਬੈਕ : 192**
**ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ**

**ਡਾ. ਅਮਰ ਕੋਮਲ**



ਇਸ ਪੁਸਤਕ ਵਿੱਚ ਰਜਬ ਅਲੀ ਦੀ ਸਮੁੱਚੀ ਕਵਿਤਾ ਵਿੱਚੋਂ ਚੋਣਵੀਆਂ ਅਤੇ ਹਰਮਨ ਪਿਆਰੀਆਂ ਲੱਗਭੱਗ ਪੰਤਾਲੀ ਕਵਿਤਾਵਾਂ ਸੰਗ੍ਰਹਿ ਕੀਤੀਆਂ ਹਨ, ਜਿਨ੍ਹਾਂ ਨੂੰ ਸੰਪਾਦਕ ਨੇ 1 ਨੀਤੀ ਕਬਿੱਤ 2. ਧਾਰਮਿਕ 3. ਲੋਕ-ਰੰਗ, ਬਹੱਤਰ ਕਲਾ-ਛੰਦ, ਗਣਨਾ ਦੇ ਬੈਂਤ, ਸਿਰਲੇਖ ਨਾਲ ਸਮੁੱਚੇ ਕਾਵਿ ਦੀ ਚੋਣ ਕੀਤੀ ਹੈ।

ਕਵੀ ਬਾਬੂ ਰਜਬ ਅਲੀ ਕਵੀ ਵੀ ਸੀ ਅਤੇ ਕਵੀਸ਼ਰ ਵੀ ਸੀ। ਆਪਣੇ ਅਖਾੜੇ ਆਪ ਲਾਉਂਦਾ-ਲਵਾਉਂਦਾ ਸੀ। ਪੰਜਾਬ ਵੀਹਵੀਂ ਸਦੀ ਵਿੱਚ ਕਵੀਸ਼ਰਾਂ ਦਾ ਘਰ ਕਿਹਾ ਜਾਂਦਾ ਹੈ, ਜਿੱਥੇ ਅਠਾਰਵੀਂ ਸਦੀ ਤੋਂ ਲੈ ਵੀਹਵੀਂ ਸਦੀ ਤੱਕ ਕਵੀਸ਼ਰਾਂ ਦਾ ਨਿਕਾਸ ਤੇ ਵਿਕਾਸ ਹੋਇਆ, ਅਜੇ ਵੀ ਕਵੀਸ਼ਰ ਪ੍ਰਾਪਤ ਹਨ। ਰਜਬ ਅਲੀ ਭਾਵੇਂ ਓਵਰਸੀਅਰੀ ਪਾਸ ਕਰਕੇ ਨਹਿਰੀ ਮਹਿਕਮੇ ਵਿੱਚ ਸਰਕਾਰੀ ਨੌਕਰ ਸੀ, ਪ੍ਰੰਤੂ ਕਵੀਸ਼ਰੀ ਕਰਨੀ ਉਸ ਦਾ ਸ਼ੌਕ ਸੀ। ਮਲਵੱਈ ਇਲਾਕੇ ਵਿੱਚ ਉਸ ਦੀ ਕਵੀਸ਼ਰੀ ਦੀ ਖੂਬ ਪ੍ਰਸਿੱਧੀ ਹੋ ਗਈ ਸੀ।

ਇਸ ਪੁਸਤਕ ਵਿੱਚ ਸੰਪਾਦਕ ਨੇ ਉਸ ਦੇ ਸਮੁੱਚੇ ਕਾਵਿ ਨੂੰ ਸੱਤ ਭਾਗਾਂ ਵਿੱਚ ਵੰਡਿਆ ਹੈ। ਜਿਵੇਂ ਰੁਮਾਂਚਿਕ, ਕਿੱਸੇ, ਇਤਿਹਾਸਕ ਪ੍ਰਸੰਗ, ਸੂਰਮਿਆਂ ਤੇ ਵੈਲੀਆਂ ਦੇ ਕਿੱਸੇ, ਦੇਸ਼ ਭਗਤੀ ਦੀਆਂ ਰਚਨਾਵਾਂ ਅਤੇ ਫੁੱਟਕਲ ਕਵਿਤਾਵਾਂ ਤੇ ਇਹਨਾਂ ਵਿੱਚ ਵਰਤੇ ਗਏ ਛੰਦਾਂ ਦੇ ਵਸਤੂ ਵੇਰਵੇ ਸਪੱਸ਼ਟ ਦਰਸਾਏ ਗਏ ਹਨ। ਜਿਵੇਂ ਔੜ, ਕਬਿਤ, ਟੋਹਰਾ, ਮੁਕੰਦ, ਬੈਂਤ, ਡਿਉਢ, ਦਵੈਯਾ, ਕੋਰੜਾ ਆਦਿ ਕਵੀ ਬਾਬੂ ਰਜਬ ਅਲੀ ਵੱਲੋਂ ਵਰਤੋਂ ਵਿੱਚ ਲਿਆਂਦੇ ਛੰਦ ਹਨ। ਬਾਬੂ ਜੀ ਨੇ ਨਾ ਸਿਰਫ ਮਸਨਵੀ ਧਾਰਨਾ ਨੂੰ ਤੋੜਿਆ ਹੈ, ਬਲਕਿ ਉਸ ਦੀ ਸਿਰਜਣਾਤਮਿਕ ਵਰਤੋਂ ਵੀ ਹੈ। ਕਵੀਸ਼ਰ ਆਮ ਤੌਰ 'ਤੇ ਵੱਖ-ਵੱਖ ਧਰਮਾਂ ਦੇ ਇਤਿਹਾਸ, ਮਿਥਿਹਾਸ ਅਤੇ ਵੱਖ-ਵੱਖ ਧਰਮਾਂ ਦੇ ਗੁਰੂਆਂ-ਪੀਰਾਂ ਦੀ ਸ਼ਖਸੀਅਤ ਨੂੰ ਮੁੱਖ ਪਾਤਰ ਬਣਾ ਕੇ ਕਵੀਸ਼ਰੀ ਕਰਿਆ ਕਰਦੇ ਸਨ। ਰਜਬ ਅਲੀ ਨੇ ਵੀ ਇਸ ਪ੍ਰੰਪਰਾ ਨੂੰ ਚਾਲੂ ਰੱਖਿਆ ਹੈ ਅਤੇ ਧਾਰਮਿਕ ਕਾਵਿ ਸਿਰਜਣ ਕੀਤਾ ਹੈ। ਇਹੋ ਨਹੀਂ, ਆਪਣੇ ਕਾਵਿ ਦੇ ਵਿਸ਼ੇ ਅਨੇਕ ਰੱਖੇ ਹਨ, ਜਿਵੇਂ ਪੰਜਾਬੀ ਬੋਲੀ ਬਾਰੇ ਆਪ ਦੀ ਇਸ ਕਵਿਤਾ ਬਾਰੇ ਕੁਝ ਸ਼ਬਦ :

'ਖੰਡ ਤੋਂ ਮਿੱਠੀ ਬੋਲੀ, ਪਿਆਰੇ ਵਤਨ ਪੰਜਾਬ ਦੀ
ਮੁੱਖ 'ਚੋਂ ਲਟਕਾਂ ਮਾਰਨ, ਜੈਸੇ ਅਤਰ ਗੁਲਾਬ ਦੀ
ਹੋਰ ਸਤਾਉਣ ਜ਼ੁਬਾਨਾਂ ਅੱਖੋਂ ਜਲ ਭਰ ਡੋਹਲੀ
ਕਰਦੇ ਨਾ ਹਮਦਰਦੋ, ਦਰਦ ਪੰਜਾਬੀ ਬੋਲੀ ਦਾ।

ਰਜਬ ਅਲੀ (10 ਅਗਸਤ 1892-6 ਜੂਨ 1979) ਪੰਜਾਬ ਦੇ ਮਲਵਈ ਇਲਾਕੇ ਵਿੱਚ ਜਨਮ ਲੈ ਪੰਜਾਬ ਦੇ ਮਲਵਈ ਸੱਭਿਆਚਾਰ ਨੂੰ ਤਨ, ਮਨ ਤੋਂ ਸਵੀਕਾਰ ਕਰਦਿਆਂ ਭਾਈਚਾਰਕ ਸਾਂਝ ਬਣਾ ਕੇ ਰੱਖਦਾ ਸੀ। ਉਸ ਦੇ ਸਮਿਆਂ ਵਿੱਚ ਹਰ ਧਰਮ ਦੇ ਦੇਵਤਿਆਂ, ਗੁਰੂਆਂ-ਪੀਰਾਂ ਪ੍ਰਤੀ ਸ਼ਰਧਾ ਸੰਕਲਪੀ ਦ੍ਰਿਸ਼ਟੀਕੋਣ ਹੈ। ਇਸ ਕਾਵਿ ਸੰਗ੍ਰਹਿ ਦੀ ਕਵਿਤਾ ਨੂੰ ਸੰਪਾਦਕ ਨੇ ਪੰਜ ਭਾਗਾਂ ਵਿੱਚ ਵੰਡਿਆ ਹੈ। (1) ਨੀਤੀ ਕਬਿੱਤ (2) ਧਾਰਮਿਕ ਕਾਵਿ (3) ਲੋਕ ਰੰਗ (4) ਬਹੱਤਰ ਕਲਾ ਛੰਦ (5) ਰਾਣਾਂ ਦੇ ਬੈਂਤ।

'ਕਵੀ ਦੀ ਕਾਵਿ ਕਲਾ' ਵਧੇਰੇ ਮਲਵੱਈ ਸੱਭਿਆਚਾਰ ਤੋਂ ਪ੍ਰਭਾਵਿਤ ਕਹਿ ਸਕਦੇ ਹਾਂ। ਬਹੁਤੀਆਂ ਰਚਨਾਵਾਂ ਅਖਾੜਾ ਪ੍ਰੰਪਰਾ ਅਨੁਸਾਰ ਢਾਲੀਆਂ ਗਈਆਂ ਹਨ। ਅਖਾੜੇ ਦੇ ਤਿੰਨ ਰੂਪ ਪ੍ਰਚੱਲਤ ਹੁੰਦੇ ਸਨ ਖੁੱਲ੍ਹਾ, ਧਾਰਮਿਕ ਤੇ ਕਵੀਸ਼ਰੀ ਤੇ ਦਰਬਾਰ। ਰਜਬ ਅਲੀ ਨੇ ਕਵੀਸ਼ਰੀ ਦੇ ਰੀਤੀ-ਰਿਵਾਜ ਅਨੁਸਾਰ ਆਪਣੇ ਕਾਵਿ ਦੇ ਹਰ ਪ੍ਰਕਾਰ ਦੇ ਛੰਦ ਵਰਤੇ ਹਨ, ਉਹਨਾ ਦੀ ਆਪ ਨੇ ਢੁਕਵੀਂ ਵਰਤੋਂ ਕੀਤੀ ਹੈ। ਨੀਤੀ-ਗੀਤੀ ਨੂੰ ਨਿਭਾਇਆ ਹੈ। ਆਪ ਵੱਲੋਂ ਸਮੁੱਚੇ ਕਾਵਿ ਵਿੱਚ ਨੀਤੀ-ਕਬਿਤ, ਧਾਰਮਿਕ ਕਾਵਿ, ਲੋਕ-ਰੰਗ, ਬਹੱਤਰ ਕਲਾ ਛੰਦ ਅਤੇ ਬੈਂਤ, ਛੰਦਾਂ ਦਾ ਪ੍ਰਯੋਗ ਬਹੁਤ ਪਿਆਰਾ ਹੈ। ਬਾਬੂ ਰਜਬ ਅਲੀ ਕਾਵਿ 'ਚੋਂ ਲਏ ਕੁਝ ਕਾਵਿ ਟੋਟੇ ਪੇਸ਼ ਹਨ :

ਮਿੱਠੀ ਸ਼ੈਅ ਗਰਜ ਜੈਸੀ, ਬੁਰੀ ਸ਼ੈ ਕਰਜ਼ ਜੈਸੀ,
ਝਲਣਾ ਹਰਜ਼ ਤੇ ਮਰਜ਼ ਇੱਕ-ਤਾਪ ਜਿਹਾ। (15) ਪੰਨਾ
-0-
ਰੋਪੜ ਦੇ ਤਾਲੇ ਚੰਗੇ, ਪਟਿਆਲੇ ਨਾਲੇ ਚੰਗੇ,
ਦਰੀਆਂ ਅੰਬਾਲੇ ਤੇ ਪਿਆਲੇ ਗੁਜਰਾਤ ਦੇ। (ਪੰਨਾ 41)
-0- ਤਰਜ਼ ਦੋਤਾਰਾ -0-
ਗਲ ਬੁੱਕ ਬੁੱਕ ਲੀਰਾਂ ਦੇ, ਖੁੱਲ੍ਹੇ ਜ੍ਹਿ ਕੇਸ ਲਗੇ ਵੇ ਰੇਤੇ।
ਬਹਿ ਰੂੜੀ ਉੱਪਰ ਜੀ, ਦਰਦ ਦੇ ਭਰੇ ਸੁਨੇਹੇ ਦੇ 'ਤੇ।
(ਪੰਨਾ : 96)
-0-
ਰਜਬ ਅਲੀ, ਗੁਲਾਮ ਤੇ ਜੱਟ ਚੂਹੜਾ
ਰੱਜੇ ਨਹੀਂ ਗੁਜ਼ਾਰਦੇ ਖੈਰ ਤਿੰਨੇ। (177)

ਕਵੀ ਕੋਲ ਹਰ ਪ੍ਰਕਾਰ ਦੇ ਸ਼ਬਦ, ਆਦਿਤਾਂ, ਬਚਨ, ਸਿਰਨਾਵੇਂ, ਕਹਾਵਤਾਂ, ਪਰਸੰਗ, ਪਿੰਡਾਂ ਦੇ ਨਾਂਅ, ਰਵਾਇਤਾਂ, ਇਤਿਹਾਸਕ ਮਿਥਿਹਾਸਕ-ਪ੍ਰਸੰਗ, ਧਰਮਾਂ ਦੇ ਇਤਿਹਾਸ, ਸੂਰਮੇ ਪ੍ਰੇਮੀ ਪ੍ਰੇਮਕਾਵਾਂ, ਗੋਤਰ, ਜਾਤਾਂ-ਪਾਤਾਂ, ਮਠਿਆਈਆਂ ਰਸਮੋਂ-ਰਿਵਾਜ, ਸ਼ਗਨ ਸਨਮਾਨ ਆਦਿ ਸੈਂਕੜੇ ਹੋਰ ਕਹਾਵਤਾਂ ਯਾਦ ਸਨ, ਜਿਨ੍ਹਾਂ ਦਾ ਆਪ ਨੇ ਆਪਣੇ ਕਾਵਿ ਵਿੱਚ ਜ਼ਿਕਰ ਕੀਤਾ ਹੈ। ਰਜਬ ਅਲੀ ਲੋਕ-ਸ਼ਾਇਰ ਸੀ। ਉਸ ਨੇ ਆਪਣੀ ਪੰਜਾਬੀ ਸ਼ਾਇਰੀ ਸਦਕਾ ਮਲਵਈ ਲੋਕ ਸੱਭਿਆਚਾਰ ਨੂੰ ਕਵਿਤਾਇਆ ਹੈ, ਜਿਸ ਵਿੱਚ ਸਿੱਖ ਗੁਰੂ ਸਾਹਿਬਾਨ, ਸਿੱਖ ਲੜਾਈਆਂ, ਕੁਰਬਾਨੀਆਂ ਅਤੇ ਗੁਰੂ ਸਾਹਿਬਾਨ ਸ਼ਾਮਲ ਹਨ। ਮਾਂ ਬੋਲੀ, ਪੰਜਾਬੀ ਤਿਉਹਾਰ, ਪੰਜਾਬੀ ਮੇਲੇ, ਪੰਜਾਬੀ ਰੁੱਖ, ਖੇਤ, ਖੂਹ, ਪੰਜਾਬੀ ਡੰਗਰ, ਬਹਾਦਰ, ਪ੍ਰੇਮੀ-ਪ੍ਰੇਮਿਕਾਵਾਂ ਦੇ ਪ੍ਰਸੰਗ ਬਣਾ ਕੇ ਕਵੀਸ਼ਰੀ ਕੀਤੀ ਹੈ।

ਵੀਹਵੀਂ ਸਦੀ ਦਾ ਪੰਜਾਬ ਮੇਲਿਆਂ, ਤਿਉਹਾਰਾਂ, ਵਿਆਹਾਂ-ਸ਼ਾਦੀਆਂ, ਮੇਲੀਆਂ-ਮੇਲਣਾ ਦਾ ਪੰਜਾਬ ਸੀ। ਖੂਹਾਂ 'ਚੋਂ ਪਾਣੀ ਭਰਨ, ਤੀਆਂ ਦਾ ਝੂਟਣ, ਸਾਉਣ ਮਹੀਨੇ ਦੇ ਸ਼ਗਨ, ਹਰ ਨਿੱਕੀ-ਵੱਡੀ ਤਿੱਥ-ਤਿਉਹਾਰ ਮਨਾਉਣ ਦੀ ਸੂਚਨਾ ਕਵੀ ਆਪਣੇ ਕਾਵਿ ਵਿੱਚ ਪਰੋ ਦਿੰਦਾ ਹੈ।

ਰਜਬ ਅਲੀ ਨਿਵੇਕਲਾ ਕਵੀ ਹੈ, ਸੰਪਾਦਕ ਨੇ ਉਸ ਦੇ ਕਾਵਿ ਦੀ ਸੰਭਾਲ ਇਸ ਪੁਰਸ਼, ਕਵੀ ਰਜਬ ਅਲੀ ਦੀ ਯਾਦ ਨੂੰ ਸਦੀਵੀ ਬਣਾ ਦਿੱਤਾ ਹੈ। ਸੱਚਮੁੱਚ ਉਸ ਦੀ ਵੱਡੀ ਸਾਹਿਤਕ ਪ੍ਰਾਪਤੀ ਹੈ। ਸੰਪਾਦਕ ਬੁੱਧ ਸਿੰਘ ਨੀਲੋਂ ਦਾ ਇਹ ਸੰਪਾਦਨ ਕਾਰਜ ਪ੍ਰਸੰਸਾਯੋਗ ਹੈ।

ਮੋਬਾ: 84378-73556

# ਸੱਜਰਾ ਸਾਹਿਤ

## ਸੂਰਮੇ ਕਿ ਡਾਕੂ

**(ਕਵਿਤਾ-ਵਾਰਤਕ)**
**ਚਮਕੌਰ ਸਿੰਘ ਸੇਖੋਂ ਭੋਤਨਾ**
**ਪੰਨੇ : 110, ਮੁੱਲ : 200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਛੋਟੇ ਹੁੰਦਾ ਉਹ ਭੋਤਨਾ ਤੋਂ ਟੱਲੇਵਾਲ ਪੜ੍ਹਨ ਆਉਂਦਾ। ਸਕੂਲ ਪੜ੍ਹਦਿਆਂ ਹੀ ਉਹ ਗੁਰਚਰਨ ਸਿੰਘ ਟੱਲੇਵਾਲ ਦੇ ਜਥੇ ਵਿੱਚ ਗਾਉਣ ਲੱਗ ਪਿਆ ਸੀ। ਉਹ ਦੂਰ-ਨੇੜੇ ਗਾਉਣ ਵੀ ਜਾਂਦਾ। ਇੱਕ ਵਾਰ ਕਿਸੇ ਥਾਂ 'ਤੇ ਉਹਦਾ ਮੇਲ ਜਗਮੇਲ ਸਿੰਘ ਚੱਠੇ ਰੋਟੀ ਰਾਮ ਨਾਲ ਹੋਇਆ। ਜਗਮੇਲ ਸਿੰਘ ਥੋੜ੍ਹੀ-ਬਹੁਤੀ ਸਾਰੰਗੀ ਜਾਣਦਾ ਸੀ ਤੇ ਭੋਤਨਾ ਢੱਡ ਵਜਾਉਂਦਾ ਸੀ। ਜਗਮੇਲ ਸਿੰਘ ਨੇ ਜਿੰਨੀ ਉਸ ਨੂੰ ਸਾਰੰਗੀ ਆਉਂਦੀ ਸੀ, ਉਹ ਵੀ ਭੋਤਨਾ ਨੂੰ ਸਿਖਾਈ ਤੇ ਆਪਣੀ ਸਾਰੰਗੀ ਵੀ ਛੇ ਮਹੀਨੇ ਲਈ ਮੰਗਵੀਂ ਦੇ ਦਿੱਤੀ। ਭੋਤਨਾ ਜਗਮੇਲ ਦੇ ਦੱਸੇ ਰਸਤੇ 'ਤੇ ਲਗਾਤਾਰ ਚੱਲਦਾ ਰਿਹਾ।

-ਭੂਮਿਕਾ 'ਚੋਂ

## ਉਡੀਕਾਂ ਤੇਰੀਆਂ

**(ਕਾਵਿ ਸੰਗ੍ਰਹਿ)**
**ਅਤੁਲ ਕੰਬੋਜ (ਚੰਨ)**
**ਪੰਨੇ : 102, ਮੁੱਲ : 200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ**



ਮਾੜਾ ਸੁੱਕੀ ਨਹਿਰ 'ਚ ਡੁੱਬਦਾ
ਤਕੜਾ ਸਮੁੰਦਰ ਤਰ ਰਿਹਾ ਹੈ

ਪਤਾ ਨਹੀਂ ਕਿਹੜੀ ਗਲਤੀ ਹੋਈ,
ਜੁਰਮਾਨੇ ਜਿਸ ਦੇ ਭਰ ਰਿਹਾ ਹੈ

ਸੁਣਿਆ ਅੱਜ-ਕੱਲ੍ਹ ਉਹ ਵੀ ਤੰਗ ਹੈ,
ਪਹਿਲਾਂ ਜੋ ਮੁਖਬਰ ਰਿਹਾ ਹੈ

ਕਿਸਮਤ ਉਹ ਵੀ ਵੇਖ ਤੂੰ 'ਚੰਨਾ'
ਆਪਣਿਆਂ ਤੋਂ ਉਹ ਹਰ ਰਿਹਾ ਹੈ

-ਇੱਕ ਕਵਿਤਾ 'ਚੋਂ

## ਚਰਬੀ ਦੀ ਗੁੱਡੀ

**(ਮੋਪਾਸਾਂ ਦੀਆਂ ਪ੍ਰਸਿੱਧ ਕਹਾਣੀਆਂ)**
**ਅਨੁਵਾਦ : ਤਰਸੇਮ**
**ਪੰਨੇ : 134, ਮੁੱਲ : 250 ਰੁਪਏ**
**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**



ਮੋਪਾਸਾਂ ਦੇ ਕਥਾ ਬਿਰਤਾਂਤ ਵਿੱਚ ਜ਼ਿਆਦਾਤਰ ਉਸ ਦਾ ਸਿੱਧਾ ਅਨੁਭਵ ਹੁੰਦਾ ਜਾਪਦਾ ਹੈ। ਜਰਮਨ-ਫਰਾਂਸ ਦੀ ਲੜਾਈ ਵਿੱਚ ਉਹ ਆਪ ਫੌਜ ਵਿੱਚ ਸ਼ਾਮਲ ਰਿਹਾ। 'ਚਰਬੀ ਦੀ ਗੁੱਡੀ' ਯੁੱਧ ਦੇ ਬਿਰਤਾਂਤ ਨਾਲ ਸੰਬੰਧਤ ਹੈ। ਇਹ ਕਹਾਣੀ 1880 ਵਿੱਚ ਛਪੀ ਅਤੇ ਇਸ ਨੇ ਮੋਪਾਸਾਂ ਨੂੰ ਬਹੁਤ ਪ੍ਰਸਿੱਧੀ ਦਿਵਾਈ। ਉਹਨੀਂ ਦਿਨੀਂ ਜ਼ੋਲਾ ਨੇ ਫਰਾਂਸ-ਜਰਮਨ ਯੁੱਧ ਦੇ ਵਿਸ਼ੇ 'ਤੇ ਆਪਣੇ ਸਮੇਤ ਛੇ ਲੇਖਕਾਂ ਦੀਆਂ ਕਹਾਣੀਆਂ ਦਾ ਸੰਪਾਦਨ ਕਰਨ ਦੀ ਯੋਜਨਾ ਬਣਾਈ ਤਾਂ ਉਸ ਨੇ ਮੋਪਾਸਾਂ ਨੂੰ ਵੀ ਇਸ 'ਚ ਸ਼ਾਮਲ ਕੀਤਾ।

-ਅਨੁਵਾਦਕ ਵੱਲੋਂ

# ਪੁਸਤਕ ਰੀਵਿਊ

## ਪ੍ਰਕਾਰਜੀ ਪੰਜਾਬੀ ਭਾਸ਼ਾ ਸਿਧਾਂਤਕ ਤੇ ਵਿਹਾਰਿਕ ਅਧਿਐਨ (ਭਾਗ-ਪਹਿਲਾ)

**ਡਾ. ਰਵਿੰਦਰ ਕੌਰ, ਡਾ. ਗੁਰਜੀਤ ਕੌਰ**
**ਮੁੱਲ : 300 ਰੁਪਏ, ਸਫ਼ੇ : 178**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

'ਪ੍ਰਕਾਰਜੀ ਪੰਜਾਬੀ ਭਾਸ਼ਾ : ਸਿਧਾਂਤਕ ਅਤੇ ਵਿਹਾਰਿਕ ਅਧਿਐਨ' (ਭਾਗ-ਪਹਿਲਾ) ਪੁਸਤਕ ਡਾ. ਰਵਿੰਦਰ ਕੌਰ ਅਤੇ ਡਾ. ਗੁਰਜੀਤ ਕੌਰ ਦੁਆਰਾ ਲਿਖੀ ਗਈ ਹੈ। ਇਹ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਬੀ ਏ ਭਾਗ-ਪਹਿਲਾ ਦੇ 'ਪ੍ਰਕਾਰਜੀ ਪੰਜਾਬੀ' ਵਿਸ਼ੇ ਨਾਲ ਸੰਬੰਧਤ ਹੈ, ਜੋ ਵਿਦਿਆਰਥੀਆਂ ਦੀਆਂ ਇਮਤਿਹਾਨੀ ਲੋੜਾਂ ਨੂੰ ਮੁੱਖ ਰੱਖ ਕੇ ਲਿਖੀ ਗਈ ਹੈ। ਪੁਸਤਕ ਦੀ ਭੂਮਿਕਾ ਵਿਚ ਲੇਖਕਾਂ ਵੱਲੋਂ ਇਹ ਗੱਲ ਜ਼ਾਹਿਰ ਕੀਤੀ ਗਈ ਹੈ ਕਿ ਉਹ ਆਪਣੀ ਸੰਸਥਾ ਵਿਚ ਸੰਬੰਧਤ ਵਿਸ਼ਾ ਪੜ੍ਹਾ ਰਹੇ ਹਨ ਅਤੇ ਇਸ ਦੇ ਸਿਲੇਬਸ ਨਾਲ ਸੰਬੰਧਤ ਕੋਈ ਠੋਸ ਅਤੇ ਬੱਝਵੇਂ ਰੂਪ ਵਿਚ ਪੁਸਤਕ ਨਾ ਹੋਣ ਕਰਕੇ ਅਧਿਆਪਨ ਸਮੇਂ ਕਈ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਇਸ ਕੰਮ ਨੂੰ ਸੁਗਠਿਤ ਤਰੀਕੇ ਨਾਲ ਪੁਸਤਕ ਰੂਪ ਵਿਚ ਲਿਆਉਣ ਦਾ ਯਤਨ ਕੀਤਾ।

ਸਿਲੇਬਸ ਅਧੀਨ ਇਸ ਪੁਸਤਕ ਨੂੰ ਮੁੱਖ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ 'ਪ੍ਰਕਾਰਜੀ ਪੰਜਾਬੀ ਦਾ ਸਿਧਾਂਤਕ ਪਰਿਪੇਖ' ਉਸਾਰਿਆ ਗਿਆ ਹੈ, ਜਿਸ ਦੇ ਅੰਤਰਗਤ ਪੰਜਾਬੀ ਵਾਕ ਬਣਤਰ, ਪੰਜਾਬੀ ਸ਼ਬਦ ਬਣਤਰ, ਧੁਨੀ ਵਿਓਂਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ, ਅੰਤਰਰਾਸ਼ਟਰੀ ਧੁਨੀ ਲਿਪੀ ਅਤੇ ਗੁਰਮੁਖੀ ਲਿਪਾਂਕਣਕਾਰੀ ਵਿਸ਼ੇ ਵਿਚਾਰੇ ਗਏ ਹਨ। ਉਪਰੰਤ ਅਗਲੇ ਭਾਗ ਵਿਚ 'ਸੰਚਾਰ ਦੇ ਮਾਧਿਅਮ ਇਲੈਕਟ੍ਰੌਨਿਕ ਸਾਧਨਾਂ' ਬਾਰੇ ਚਰਚਾ ਕੀਤੀ ਗਈ ਹੈ। ਇਸ ਭਾਗ ਵਿਚ ਕੰਪਿਊਟਰ, ਸੂਚਨਾ ਤਕਨਾਲੋਜੀ ਦਾ ਅਰਥ ਅਤੇ ਪਰਿਭਾਸ਼ਾ, ਸੰਚਾਰ ਜਨਸੰਚਾਰ ਅਤੇ ਪ੍ਰਸਾਰਨ, ਸੰਚਾਰ ਦਾ ਮਾਧਿਅਮ ਰੇਡੀਓ ਅਤੇ ਪੰਜਾਬੀ ਭਾਸ਼ਾ ਅਤੇ ਪੱਤਰਕਾਰੀ ਦਾ ਸੰਖੇਪ ਇਤਿਹਾਸ ਬਾਰੇ ਵਿਚਾਰ-ਚਰਚਾ ਕੀਤੀ ਗਈ ਹੈ। ਪੁਸਤਕ ਦੇ ਤੀਜੇ ਭਾਗ ਵਿਚ 'ਵਿਹਾਰਕ ਅਧਿਐਨ' ਨਾਲ ਸੰਬੰਧਤ ਵਿਸ਼ਿਆਂ ਨੂੰ ਬਿਆਨਿਆ ਗਿਆ ਹੈ। ਇਸ ਤੀਜੇ ਭਾਗ ਵਿਚ ਲਿਖਤ ਨੂੰ ਉਚੀ ਆਵਾਜ਼ ਵਿਚ ਪੜ੍ਹਨ ਦਾ ਅਭਿਆਸ, ਜ਼ੁਬਾਨੀ ਬੋਲਣ ਦਾ ਅਭਿਆਸ, ਅੱਖੀਂ ਵੇਖੀ ਘਟਨਾ, ਦੁਰਘਟਨਾ, ਦ੍ਰਿਸ਼ ਅਤੇ ਸ਼ਖ਼ਸੀਅਤ ਦਾ ਲਿਖਤੀ ਵੇਰਵਾ, ਰਿਸ਼ਤਾ-ਨਾਤਾ ਪ੍ਰਣਾਲੀ, ਤਕਨੀਕੀ ਸ਼ਬਦਾਵਲੀ, ਰੇਡੀਓ ਅਤੇ ਟੀ ਵੀ ਬਾਰੇ ਵਿਹਾਰਕ ਜਾਣਕਾਰੀ, ਵਿਹਾਰਕ ਜੀਵਨ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਅਤੇ ਪ੍ਰਾਹੁਣਿਆਂ ਨੂੰ ਜੀ ਆਇਆਂ ਕਹਿਣਾ ਵਿਸ਼ਿਆਂ ਨੂੰ ਵਿਚਾਰਿਆ ਗਿਆ ਹੈ। ਉਪਰੋਕਤ ਪੁਸਤਕ 'ਪ੍ਰਕਾਰਜੀ ਪੰਜਾਬੀ' ਬੀ ਏ ਭਾਗ ਪਹਿਲਾ ਦੇ ਸਮੁੱਚੇ ਪਾਠਕ੍ਰਮ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਪ੍ਰਕਾਰਜੀ ਪੰਜਾਬੀ ਵਿਸ਼ੇ ਨਾਲ ਸੰਬੰਧਤ ਇਹ ਪੁਸਤਕ ਵਿਦਿਆਰਥੀਆਂ ਦੇ ਮਿਆਰ ਅਤੇ ਇਮਤਿਹਾਨੀ ਲੋੜਾਂ ਨੂੰ ਮੁੱਖ ਰੱਖ ਕੇ ਲਿਖੀ ਗਈ ਹੈ। ਪ੍ਰਕਾਰਜੀ ਪੰਜਾਬੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਿਲੇਬਸ ਦੇ ਵਿਸ਼ਿਆਂ ਨੂੰ ਜੁਟਾਉਣ ਵਿਚ ਕਾਫ਼ੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਸੀ, ਪਰੰਤੂ ਉਪਰੋਕਤ ਪੁਸਤਕ ਵਿਚ ਸਿਲੇਬਸ ਸੁਗਠਿਤ ਰੂਪ ਵਿਚ ਪ੍ਰਾਪਤ ਹੁੰਦਾ ਹੈ ਅਤੇ ਇਹ ਪੁਸਤਕ ਵਿਦਿਆਰਥੀਆਂ ਦੀਆਂ ਇਮਤਿਹਾਨੀ ਲੋੜਾਂ ਲਈ ਲਾਹੇਵੰਦ ਸਾਬਤ ਹੋਵੇਗੀ।

—ਪ੍ਰੋ. ਮਨਪ੍ਰੀਤ ਕੌਰ

## ਆਖਰੀ ਮੁਸਕਾਨ

**(ਕਹਾਣੀ ਸੰਗ੍ਰਹਿ)**
**ਪਰਸ਼ੋਤਮ ਧਾਲੀਵਾਲ**
**ਪੰਨੇ-132, ਮੁੱਲ-200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨਜ਼ ਚੰਡੀਗੜ੍ਹ**

ਪਰਸ਼ੋਤਮ ਧਾਲੀਵਾਲ ਦੇ ਨਵੇਂ ਕਹਾਣੀ ਸੰਗ੍ਰਹਿ ਵਿੱਚ ਉਸ ਦੀਆਂ 11 ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਕਹਾਣੀਆਂ ਰਾਹੀਂ ਲੇਖਕ ਆਪਣੇ ਸਮਕਾਲੀ ਸਮਾਜਿਕ, ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਵਰਤਾਰਿਆਂ ਵਿੱਚ ਸਿਰਜਣਾਤਕ ਦਖਲਅੰਦਾਜ਼ੀ ਕਰਕੇ ਸਮਾਜ ਅਤੇ ਸਮਾਜਿਕਤਾ ਨੂੰ ਮਨੁੱਖਤਾ ਦੇ ਹਾਣ ਦੀ ਦਿਸ਼ਾ ਤੇ ਦਸ਼ਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਦੇ ਮੰਤਵੀ ਕਾਰਜ ਨੂੰ ਅੱਗੇ ਲਿਜਾਂਦੀਆਂ ਕਹਾਣੀਆਂ ਦੇ ਪਾਤਰ ਅਜਿਹੀਆਂ ਬਹੁਤ ਸਾਰੀਆਂ ਪਹਿਲਕਦਮੀਆਂ ਕਰਦੇ ਹਨ, ਜੋ ਮਾਨਵੀ ਧਰਾਤਲ 'ਤੇ ਸਮਾਜ ਦੀ ਪੁਨਰ ਉਸਾਰੀ ਕਰਨ ਦੇ ਸਮਰੱਥ ਹਨ। ਸੰਗ੍ਰਹਿ ਦੀ ਟਾਈਟਲ ਕਹਾਣੀ 'ਆਖਰੀ ਮੁਸਕਾਨ' ਵਿਚਲਾ ਸੋਨੇ ਦੀ ਖਾਨ ਦਾ ਮਾਲਕ ਅਜਨਬੀ ਬੰਦਾ ਆਪਣੀ ਸਾਰੀ ਜਾਇਦਾਦ ਦੀ ਵਸੀਅਤ ਸ਼ਹਿਰ ਵਾਸੀਆਂ ਦੇ ਨਾਂਅ ਕਰਨ ਤੋਂ ਬਾਅਦ ਮਰ ਕੇ ਵੀ ਆਪਣੀ ਮਾਨਵੀ ਸੋਚ ਨੂੰ ਜਿਉਂਦਾ ਰੱਖਣ ਵਿੱਚ ਸਫਲ ਰਹਿੰਦਾ ਹੈ। ਕਹਾਣੀ 'ਦੋ ਅਜਨਬੀ' ਵਿੱਚਲਾ ਪ੍ਰੇਮੀ ਜੋੜਾ ਬਿੱਲੂ ਤੇ ਕੋਮਲ ਭਾਵੇਂ ਪਿੰਡ ਛੱਡ ਕੇ ਆਪਣੀ ਨਵੀਂ ਦੁਨੀਆ ਵਸਾ ਲੈਂਦੇ ਹਨ, ਪਰ ਆਪਣੀ ਜਨਮ ਭੂਮੀ ਨਾਲ ਜੁੜਿਆ ਮੋਹ ਉਨ੍ਹਾਂ ਨੂੰ ਦਹਾਕਿਆਂ ਬਾਅਦ ਫਿਰ ਪਿੰਡ ਲੈ ਆਉਂਦਾ ਹੈ। ਇਸ ਸਮੇਂ ਉਹ ਪਿੰਡ ਦੇ ਲੋਕਾਂ ਦਾ ਸਮਾਜਿਕ ਪੱਧਰ ਉਪਰ ਚੁੱਕਣ ਲਈ ਪੰਜਾਹ ਲੱਖ ਰੁਪਏ ਦਾਨ ਵੀ ਦਿੰਦੇ ਹਨ।

ਉਸ ਦੀਆਂ ਕਹਾਣੀਆਂ ਵਿਚਲਾ ਜੀਵਨ ਦਰਸ਼ਨ ਮਨੁੱਖੀ ਜੀਵਨ ਦੀ ਤੋਰ ਨੂੰ ਹੋਰ ਅੱਗੇ ਲਿਜਾਣ ਵਾਲਾ ਹੈ। ਕਹਾਣੀ 'ਸੁਕਰਾਤ ਦੀ ਰੂਹ' ਵਿਚਲਾ ਦਰਸ਼ਨ ਮਨ ਤੇ ਸਰੀਰ ਨੂੰ ਮਨੁੱਖੀ ਜੀਵਨ ਰੱਥ ਦੇ ਦੋ ਪਹੀਏ ਮੰਨਦਾ ਹੈ ਤੇ ਸਰੀਰ ਦੀਆਂ ਲੋੜਾਂ ਦੇ ਨਾਲ ਮਨ ਦੀਆਂ ਲੋੜਾਂ ਵੱਲ ਵੀ ਧਿਆਨ ਦਿਵਾਉਂਦਾ ਹੈ। ਕਹਾਣੀ 'ਕਿਸਮਤ ਦਾ ਖੇਲ' ਜ਼ਿੰਦਗੀ ਦੀ ਨਿਰੰਤਰ ਯੋਗਤਾ ਬਣਾਈ ਰੱਖਣ ਵਾਲੀਆਂ ਮਨੁੱਖੀ ਕੋਸ਼ਿਸ਼ਾਂ ਨੂੰ ਵਿਸ਼ੇਸ਼ ਸਨਮਾਨ ਦਿੰਦੀ ਹੈ। ਕਹਾਣੀ 'ਕੇਸੂ ਦੇ ਫੁੱਲ' ਦੂਜਿਆਂ ਦੀਆਂ ਪਿਆਰ ਭਾਵਨਾਵਾਂ ਦਾ ਸਤਿਕਾਰ ਕਰਨ ਦਾ ਸੁਨੇਹਾ ਦਿੰਦੀ ਹੈ। ਇਸ ਕਹਾਣੀ ਵਿਚਲੀ ਡਾਟਕਟਨੀ ਦੀ ਆਪਣੀ ਪਿਆਰ ਕਹਾਣੀ ਭਾਵੇਂ ਅਧੂਰੀ ਹੀ ਰਹੀ, ਪਰ ਉਹ ਰਾਗਨੀ ਤੇ ਰਘੂ ਦੇ ਪਿਆਰ ਸੰਬੰਧਾਂ ਨੂੰ ਵਿਆਹ ਰੂਪੀ ਸਮਾਜਿਕ ਮਾਨਤਾ ਦਿਵਾ ਕੇ ਵਿਸ਼ੇਸ਼ ਮਾਨਸਕ ਰਾਹਤ ਮਹਿਸੂਸ ਕਰਦੀ ਹੈ। ਕਹਾਣੀ 'ਬਾਜ਼ ਦਾ ਹੰਝੂ' ਅਨੁਸਾਰ ਸੰਗੀਤ ਕਲਾ ਕਠੋਰ ਤੋਂ ਕਠੋਰ ਮਨ ਵਿੱਚ ਵੀ ਸੰਵੇਦਨਾ ਦੇ ਅਹਿਸਾਸ ਪੈਦਾ ਕਰਨ ਦੇ ਸਮਰੱਥ ਹੁੰਦੀ ਹੈ।

ਕਹਾਣੀ 'ਬਾਜ਼ੀ' ਵੱਲੋਂ ਸਿਰਜਿਆ ਜੀਵਨ ਆਦਰਸ਼ ਮੈਨੂੰ ਜਗੀਰਦਾਰੀ ਯੁੱਗ ਦੇ ਹਾਣ ਦਾ ਲੱਗਿਆ ਹੈ। ਕਹਾਣੀ ਦੀ ਮੁੱਖ ਪਾਤਰ ਮਾਨ ਕੌਰ ਦਾ ਪਤੀ ਉਸ ਨੂੰ ਮਾਂ ਬਣਨ ਦਾ ਸੁੱਖ ਨਹੀਂ ਦੇ ਸਕਦਾ ਤਾਂ ਉਹ ਇਹ ਸੁੱਖ ਪ੍ਰਾਪਤ ਕਰਨ ਲਈ ਆਪਣੇ ਮਨਪਸੰਦ ਪੁਰਸ਼ ਸਲਤਾਨ ਸਿੰਘ ਨਾਲ ਇੱਕ ਰਾਤ ਲਈ ਬਿਸਤਰ ਸਾਂਝਾ ਕਰਨ ਦਾ ਰਾਹ ਚੁਣਦੀ ਹੈ। ਇਹ ਰਾਹ ਔਰਤ ਲਈ ਬਹੁਤ ਜੋਖਮ ਭਰਿਆ ਹੈ। ਮਾਨ ਕੌਰ ਵਰਗੀਆਂ ਔਰਤਾਂ ਲਈ ਬਿਹਤਰ ਇਹ ਹੈ ਕਿ ਉਹ ਇਸ ਚੋਰੀ ਦੇ ਰਾਹ 'ਤੇ ਤੁਰਣ ਦੀ ਬਜਾਏ ਉਸ ਸਾਮੰਤੀ ਸੋਚ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨ, ਜਿਹੜੀ ਮਾਂ ਨਾ ਬਣ ਸਕਣ ਦੀ ਸਥਿਤੀ ਵਿਚ ਪੁਰਸ਼ ਦੀ ਬਜਾਏ ਕੇਵਲ ਔਰਤ ਨੂੰ ਦੋਸ਼ੀ ਠਹਿਰਾਉਂਦੀ ਹੈ। ਕਹਾਣੀ 'ਜੱਜ ਸਾਹਿਬ ਦਾ ਆਖਰੀ ਫੈਸਲਾ' ਵਿਚਲੇ ਜੱਜ ਵੱਲੋਂ ਆਪਣੀ ਸਾਰੀ ਜਾਇਦਾਦ ਨਸ਼ੇੜੀ ਪੁੱਤਰ ਦੀ ਬਜਾਏ ਅੰਤਰਜਾਤੀ ਵਿਆਹ ਕਰਾਉਣ ਵਾਲੀ ਧੀ ਦੇ ਨਾਂਅ ਕਰਵਾਉਣ ਦਾ ਫੈਸਲਾ ਤਾਂ ਦਰੁੱਸਤ ਜਾਪਦਾ ਹੈ, ਪਰ ਆਪਣੀ ਪਤਨੀ, ਪੁੱਤਰ ਤੇ ਆਪਣੇ ਆਪ ਨੂੰ ਗੋਲੀ ਮਾਰ ਲੈਣ ਦੀ ਗੱਲ ਪੂਰੀ ਤਰ੍ਹਾਂ ਦਿਸ਼ਾ ਰਹਿਤ ਹੈ।

ਕਹਾਣੀ 'ਲਕੀਰਾਂ ਦੀ ਜੰਗ' ਧਰਮ ਨੂੰ ਢਾਲ ਬਣਾ ਕੇ ਕੀਤੇ ਜਾਣ ਵਾਲੀ ਸਿਆਸੀ ਹਿੱਤਾਂ ਦੀ ਪੂਰਤੀ ਨੂੰ ਆਪਣੇ ਕਟਾਖਸ਼ ਦਾ ਨਿਸ਼ਾਨਾ ਬਣਾਉਂਦੀ ਹੈ। ਇਹਨਾਂ ਕਹਾਣੀਆਂ ਵਿਚਲਾ ਕਥਾਰਸ ਇਹਨਾਂ ਨੂੰ ਪੜ੍ਹਣਯੋਗ ਬਣਾਉਂਦਾ ਹੈ, ਪਰ ਇਹਨਾਂ ਵਿਚਲੀਆਂ ਕੁਝ ਤਕਨੀਕੀ ਉਕਾਈਆਂ ਰੜਕਦੀਆਂ ਵੀ ਹਨ। ਉਦਾਹਰਣ ਵਜੋਂ ਕਹਾਣੀ 'ਦੋ ਅਜਨਬੀ' ਸਰਕਾਰੀ ਪ੍ਰਾਇਮਰੀ ਸਕੂਲ ਵਿਚ ਕਲਾ ਅਧਿਆਪਕ ਦੀ ਪੋਸਟ ਵਿਖਾਉਂਦੀ ਹੈ, ਜਦੋਂ ਕਿ ਡਰਾਇੰਗ ਦਾ ਚੋਣਵਾਂ ਵਿਸ਼ਾ ਛੇਵੀ ਜਮਾਤ ਤੋਂ ਹੀ ਪੜ੍ਹਾਇਆ ਜਾਣਾ ਸ਼ੁਰੂ ਹੁੰਦਾ ਹੈ। ਕੁਲ ਮਿਲਾ ਕੇ ਇਹ ਸੰਗ੍ਰਹਿ ਪੜ੍ਹਣ ਤੇ ਸਵਾਗਤ ਕਰਨ ਯੋਗ ਹੈ।

- ਨਿਰੰਜਣ ਬੋਹਾ

## ਤਪਦੀਆਂ ਰੁੱਤਾਂ ਦੇ ਸ਼ਾਇਰ

**ਲੇਖਕ ਤੇ ਸੰਪਾਦਕ : ਸਰਵਣ ਜ਼ਫਰ**
**ਮੁੱਲ : 200 ਰੁਪਏ, ਪੰਨੇ : 148**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਲੇਖਕ ਸਰਵਣ ਜ਼ਫਰ ਕਾਫੀ ਅਰਸਾ ਪਹਿਲਾਂ ਪੰਜਾਬ ਤੋਂ ਇੰਗਲੈਂਡ ਜਾ ਵਸਿਆ ਹੋਇਆ ਹੈ। ਸਰਵਣ ਜ਼ਫਰ ਦੀ ਪੁਸਤਕ 'ਤਪਦੀਆਂ ਰੁੱਤਾਂ ਦੇ ਸ਼ਾਇਰ' ਦੀ ਪ੍ਰਕਾਸ਼ਨਾ ਦੇ ਸੰਬੰਧ ਵਿੱਚ ਪ੍ਰੋ. ਸੁਖਦੇਵ ਸਿੰਘ ਸਿਰਸਾ ਨੇ ਇਹਨਾਂ ਸ਼ਾਮਲ ਕੀਤੇ ਸ਼ਾਇਰਾਂ ਦੀਆਂ ਪੁਸਤਕਾਂ ਲੇਖਕ ਦੀ ਘਰੇਲੂ ਲਾਇਬਰੇਰੀ ਦਾ ਸ਼ਿੰਗਾਰ ਬਣੀਆਂ ਹੋਣ ਕਰਕੇ ਇਹਨਾਂ ਵਿਚਲੀਆਂ ਰਚਨਾਵਾਂ ਦਾ ਤਰਜਮਾ ਕਰਨ ਬਾਰੇ ਦਿੱਤੀ ਸਲਾਹ ਨੂੰ ਲੇਖਕ ਨੇ ਬਾਖ਼ੂਬੀ ਜਾਮਾ ਪਹਿਨਾਇਆ ਹੈ। ਲੇਖਕ ਨੇ ਇਸ ਪੁਸਤਕ ਵਿੱਚ ਆਪਣੀ ਸੰਪਾਦਕੀ ਮੁੱਢਲੀ ਗੱਲ ਰਾਹੀਂ ਇਸ ਪੁਸਤਕ ਦੀ ਭੂਮਿਕਾ ਵਿੱਚ ਉਰਦੂ ਸ਼ਾਇਰ ਸੱਜਾਦ ਜ਼ਹੀਰ, ਮਖਦੂਮ ਮਹੀਉਦੀਨ, ਅਲੀ ਸਰਦਾਰ ਜ਼ਾਫਰੀ, ਕੈਫੀ ਆਜ਼ਮੀ, ਮਿਰਜ਼ਾ ਗਾਲਿਬ, ਫੈਜ਼ ਅਹਿਮਦ ਫੈਜ਼ ਦੀਆਂ ਉਰਦੂ ਲਿਖਤਾਂ, ਕਲਾਮ ਜੋ ਵੱਖ-ਵੱਖ ਰਸਾਲਿਆਂ ਵਿੱਚ ਛਪਦੇ, ਸਾਰਿਆਂ ਨੂੰ ਇਕੱਤਰ ਕੀਤੇ ਹੋਣ ਬਾਰੇ ਦੱਸਿਆ ਹੈ। ਲੇਖਕ ਦੇ ਅਨੁਸਾਰ ਇਨ੍ਹਾਂ ਸ਼ਾਇਰਾਂ ਨੇ ਉਰਦੂ ਅਦਬ ਨੂੰ ਅਵਾਮੀ ਅਦਬ ਅਤੇ ਲੋਕ ਸ਼ਾਇਰੀ ਵਿੱਚ ਢਾਲਿਆ ਅਤੇ ਭਾਰਤੀ ਰਵਾਇਤਾਂ, ਇਤਿਹਾਸ ਅਤੇ ਦੇਸ਼ ਦੇ ਸੈਕੂਲਰ ਸੱਭਿਆਚਾਰ ਨਾਲ ਇੱਕ-ਮਿੱਕ ਕੀਤਾ। ਉਰਦੂ ਅਦੀਬਾਂ ਨੇ ਸੰਸਾਰ ਸਾਹਿਤ ਦੀਆਂ ਸ਼ਾਹਕਾਰ ਰਚਨਾਵਾਂ ਦਾ ਤਰਜਮਾ ਕਰਕੇ ਦੇਸ਼ਵਾਸੀਆਂ ਸਾਹਮਣੇ ਪੇਸ਼ ਕਰਨ 'ਚ ਪਹਿਲ ਕੀਤੀ। ਆਜ਼ਾਦੀ ਦੀ ਲੜਾਈ ਲਈ ਦੇਸ਼ ਵਾਸੀਆਂ ਨੂੰ ਉਤਸ਼ਾਹਤ ਕੀਤਾ। ਭਾਰਤ ਵਿੱਚ ਅੱਜ ਵੀ ਉਸ ਜਜ਼ਬੇ ਅਤੇ ਦ੍ਰਿਸ਼ਟੀ ਦੀ ਲੋੜ ਹੈ ਤਾਂ ਜੋ ਭਾਰਤੀ ਸੈਕੂਲਰ ਢਾਂਚੇ ਤੇ ਜਮਹੂਰੀਅਤ ਨੂੰ ਕਾਇਮ ਰੱਖਿਆ ਜਾ ਸਕੇ। ਤਰੱਕੀ-ਪਸੰਦ ਤਹਿਰੀਕ ਨੂੰ ਮੁਖ਼ਾਤਬ ਸ਼ਾਇਰਾਂ ਦੁਆਰਾ ਭਾਰਤ ਵਿੱਚ 1936 ਵਿੱਚ ਬਣਾਈ 'ਪ੍ਰਗਤੀਸ਼ੀਲ ਲੇਖਕ ਸੰਘ' ਰਾਹੀਂ ਸੱਜਾਦ ਜ਼ਹੀਰ ਦੁਆਰਾ ਇਸ ਲਹਿਰ ਨੂੰ ਸਥਾਪਤ ਕਰਨ ਵਿੱਚ ਨਿਭਾਈ ਭੂਮਿਕਾ ਬਾਰੇ ਡਾ. ਅਲੀ ਅਹਿਮਦ ਫਾਤਮੀ ਨੇ ਤਰੱਕੀ-ਪਸੰਦ ਤਹਿਰੀਕ ਤੇ ਸੱਜਾਦ ਜ਼ਹੀਰ ਅਧਿਆਇ ਵਿੱਚ ਪੇਸ਼ ਕੀਤਾ ਹੈ।

ਸਰਵਣ ਜ਼ਫਰ ਨੇ ਆਪਣੇ ਲੇਖ ਗਾਲਿਬ ਦੇ ਕਲਾਮ ਦੀ ਝਲਕ ਅਤੇ ਜ਼ਿੰਦਾ ਰਹਿਣੇ ਕੇ ਮੌਸਮ ਦਾ ਇਕਰਾਰ : ਕੈਫੀ ਆਜ਼ਮੀ ਦੀਆਂ ਰਚਨਾਵਾਂ ਵਿੱਚ ਪੇਸ਼ ਹੋਏ ਗੀਤ, ਗਜ਼ਲਾਂ ਰਾਹੀਂ ਤਰੱਕੀ-ਪਸੰਦ ਲਹਿਰ ਨੂੰ ਅਗਾਂਹ ਵਧਾਉਣ ਬਾਰੇ, ਉਹਨਾ ਦੇ ਜੀਵਨ ਸੰਬੰਧੀ ਅਤੇ ਫਿਲਮੀ ਗੀਤਾਂ ਦੇ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ ਹੈ। ਲੇਖਕ ਜ਼ੁਬੈਰ ਰਿਜ਼ਵੀ ਦੁਆਰਾ ਆਪਣੇ ਲੇਖ ਜਮਹੂਰੀਅਤ, ਧਰਮ-ਨਿਰਪੱਖਤਾ ਤੇ ਤਰੱਕੀ-ਪਸੰਦ ਲਹਿਰ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਹੈ। ਲਹਿਰ ਦੇ ਪਿਛੋਕੜ ਅਤੇ ਇਸ ਨੂੰ ਸਫਲ ਬਣਾਉਣ ਵਾਲੇ ਇਨ੍ਹਾਂ ਸ਼ਾਇਰਾਂ ਨੇ ਆਪਣੀਆਂ ਲਿਖਤਾਂ, ਸ਼ੇਅਰਾਂ, ਗਜ਼ਲਾਂ ਰਾਹੀਂ ਆਜ਼ਾਦੀ ਦੀ ਪ੍ਰਾਪਤੀ ਲਈ ਮਹੱਤਵਪੂਰਨ ਭੂਮਿਕਾ ਨਿਭਾਉਣ ਬਾਰੇ ਜਾਣਕਾਰੀ ਦਿੱਤੀ ਹੈ। ਸ਼ਾਹਿਦ ਨਕਵੀ, ਅਲੀ ਸਰਦਾਰ ਜ਼ਾਫਰੀ, ਪ੍ਰੋ. ਵਹੀਦ ਅਖਤਰ, ਅਲੀਗੜ੍ਹ, ਸ੍ਰੀ ਇੰਦਰ ਕੁਮਾਰ ਗੁਜਰਾਲ, ਡਾਕਟਰ ਕਮਰ ਰਈਸ, ਪ੍ਰੋ. ਮੁਹੰਮਦ ਹਸਨ ਅਤੇ ਸਆਦਤ ਹਸਨ ਮੰਟੋ ਦੁਆਰਾ ਇਸ ਤਹਿਰੀਕ ਨੂੰ ਸਮਰਪਿਤ ਇਹਨਾਂ ਦਾਨਿਸ਼ਵਰਾਂ ਦੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਆਪਣੇ ਦੁਆਰਾ ਕੀਤੇ ਯਤਨਾਂ ਨੂੰ ਲੇਖਕ ਸਰਵਣ ਜ਼ਫਰ ਦੁਆਰਾ ਸੰਪਾਦਨ ਕੀਤਾ ਹੈ। ਇਹਨਾਂ ਲੇਖਕਾਂ ਨੇ ਉਪਰੋਕਤ ਸ਼ਾਇਰਾਂ ਦੇ ਸੰਘਰਸ਼ੀ ਪਲ, ਉਹਨਾਂ ਦੀਆਂ ਰਚਨਾਵਾਂ/ਪੁਸਤਕਾਂ ਦੀ ਸਮੁੱਚੀ ਜਾਣਕਾਰੀ ਅਤੇ ਇਹਨਾਂ ਵਿੱਚ ਪੇਸ਼ ਕੀਤੇ ਕਲਾਮ ਦੁਆਰਾ ਆਜ਼ਾਦੀ ਪ੍ਰਾਪਤੀ, ਜਮਹੂਰੀਅਤ ਨੂੰ ਬਚਾਉਣ ਸੰਬੰਧੀ ਤੱਥਪੂਰਨ ਜਾਣਕਾਰੀ ਦਿੱਤੀ ਹੈ। ਸਰਵਣ ਜ਼ਫਰ ਨੂੰ ਪੁਸਤਕ ਤਰੱਕੀ ਪਸੰਦ ਤਹਿਰੀਕ ਤਪਦੀਆਂ ਰੁੱਤਾਂ ਦੇ ਸ਼ਾਇਰ ਲਈ ਮੁਬਾਰਕਬਾਦ।

-ਡਾ. ਬਲਵਿੰਦਰ ਸਿੰਘ

21-May-Sunday.qxd 5/20/2023 8:49 PM Page 6



# ਪੰਜਾਬੀ ਸਾਹਿਤ ਅਕਾਦਮੀ ਦੇ ਫ਼ੈਲੋਸ਼ਿਪ ਨਾਲ ਪੰਜ ਸਾਹਿਤਕਾਰ ਸਨਮਾਨਤ



**ਲੁਧਿਆਣਾ** : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਅਕਾਡਮੀ ਦੇ ਸਰਵਉੱਚ ਸਨਮਾਨ ਫ਼ੈਲੋਸ਼ਿਪ ਨਾਲ ਉੱਘੇ ਸਾਹਿਤਕਾਰ ਗੁਲਜ਼ਾਰ ਸਿੰਘ ਸੰਧੂ, ਪ੍ਰੇਮ ਪ੍ਰਕਾਸ਼, ਰਵਿੰਦਰ ਰਵੀ (ਕੈਨੇਡਾ), ਰਵਿੰਦਰ ਭੱਠਲ ਅਤੇ ਡਾ. ਸ. ਪ. ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਫ਼ੈਲੋਸ਼ਿਪ ਸਨਮਾਨ ਵਿਚ ਸਾਹਿਤਕਾਰਾਂ ਨੂੰ ਇੱਕੀ-ਇੱਕੀ ਹਜ਼ਾਰ ਰੁਪਏ ਦੀ ਰਾਸ਼ੀ, ਸ਼ੋਭਾ ਪੱਤਰ, ਦੋਸ਼ਾਲੇ ਅਤੇ ਪੁਸਤਕਾਂ ਭੇਟ ਕੀਤੀਆਂ ਗਈਆਂ।

ਮੁੱਖ ਮਹਿਮਾਨ ਡਾ. ਸਰਦਾਰਾ ਸਿੰਘ ਜੌਹਲ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਪੰਜੇ ਫ਼ੈਲੋਜ਼ ਦਾ ਸਨਮਾਨ, ਉਨ੍ਹਾਂ ਦੀਆਂ ਪੰਜਾਬੀ ਸਾਹਿਤ ਨੂੰ ਉਮਰ ਭਰ ਦੀਆਂ ਸੇਵਾਵਾਂ ਦਾ ਸਨਮਾਨ ਹੈ। ਉਨ੍ਹਾਂ ਕਿਹਾ, ਇਨ੍ਹਾਂ ਲੇਖਕਾਂ ਦੀ ਸਾਹਿਤਕ ਕਮਾਈ ਦਾ ਸਤਿਕਾਰ ਕਰਕੇ ਅਕਾਡਮੀ ਨੇ ਆਪਣਾ ਫ਼ਰਜ਼ ਨਿਭਾਇਆ ਹੈ। ਸਮਾਗਮ ਦੇ ਆਰੰਭ ਵਿਚ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਲਖਵਿੰਦਰ ਸਿੰਘ ਜੌਹਲ ਨੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਮੁਬਾਰਕਬਾਦ ਦਿੰਦਿਆਂ ਸਭ ਨੂੰ ਜੀ ਆਇਆਂ ਨੂੰ ਕਿਹਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਨੂੰ ਸਨਮਾਨਤ ਕਰਕੇ ਅਕਾਡਮੀ ਗੌਰਵ ਮਹਿਸੂਸ ਕਰ ਰਹੀ ਹੈ।

ਇਸ ਮੌਕੇ ਸ. ਗੁਲਜ਼ਾਰ ਸਿੰਘ ਸੰਧੂ ਬਾਰੇ ਡਾ. ਜੇ.ਬੀ. ਸੇਖੋਂ ਨੇ, ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਬਾਰੇ ਡਾ. ਰਵਿੰਦਰ ਘੁੰਮਣ ਨੇ, ਰਵਿੰਦਰ ਰਵੀ (ਕੈਨੇਡਾ) ਬਾਰੇ ਡਾ. ਹਰਜਿੰਦਰ ਸਿੰਘ ਅਟਵਾਲ ਨੇ, ਪ੍ਰੋ. ਰਵਿੰਦਰ ਸਿੰਘ ਭੱਠਲ ਬਾਰੇ ਸ੍ਰੀ ਜਸਵੀਰ ਰਾਣਾ ਦਾ ਲਿਖਿਆ ਪਰਚਾ ਡਾ. ਆਤਮਜੀਤ ਨੇ ਪੇਸ਼ ਕੀਤਾ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਉਪਕੁਲਪਤੀ ਡਾ. ਸ.ਪ. ਸਿੰਘ ਬਾਰੇ ਪੇਪਰ ਡਾ. ਤੇਜਿੰਦਰ ਕੌਰ ਨੇ ਪੜ੍ਹਿਆ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਮੰਚ ਸੰਚਾਲਨ ਕਰਦੇ ਹੋਏ ਅੱਜ ਦੇ ਸਮਾਗਮ ਦੀ ਰੂਪ-ਰੇਖਾ ਤੇ ਫ਼ੈਲੋਸ਼ਿਪ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਅਕਾਡਮੀ ਦੇ ਇਕੋ ਸਮੇਂ ਵੱਧ ਤੋਂ ਵੱਧ 10 ਫ਼ੈਲੋਜ਼ ਹੁੰਦੇ ਹਨ।

ਪੰਜਾਬੀ ਸਾਹਿਤ ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ ਨੇ ਸਨਮਾਨਿਤ ਸਾਹਿਤਕਾਰਾਂ ਨੂੰ ਵਧਾਈ ਦਿੰਦਿਆਂ ਸਭ ਦਾ ਧੰਨਵਾਦ ਕੀਤਾ।

—ਤ੍ਰੈਲੋਚਨ ਲੋਚੀ

# ਮਲਵਿੰਦਰ ਸ਼ਾਇਰ ਨਾਲ ਰੂਬਰੂ

**ਅੰਮ੍ਰਿਤਸਰ** : ਗੁਰੂਆਂ, ਪੀਰਾਂ-ਫਕੀਰਾਂ ਅਤੇ ਸਾਹਿਤਕਾਰਾਂ ਵੱਲੋਂ ਹੋਂਦ ਵਿਚ ਲਿਆਂਦੀ ਗੌਰਵਮਈ ਆਪਸੀ ਸੰਵਾਦ ਦੀ ਪਰੰਪਰਾ ਤਹਿਤ "ਕਿਛ ਸੁਣੀਐ ਕਿਛੁ ਕਹੀਐ" ਦੇ ਅੰਤਰਗਤ ਰਾਬਤਾ ਮੁਕਾਲਮਾਂ ਕਾਵਿ ਮੰਚ ਵੱਲੋਂ ਸ਼ੁਰੂ ਕੀਤੀ ਸਾਹਿਤਕ ਸਮਾਗਮਾਂ ਦੀ ਲੜੀ ਦੇ ਪਲੇਠੇ ਸਮਾਗਮ ਵਿਚ ਅੱਜ ਏਥੇ ਸ਼ਾਇਰ ਮਲਵਿੰਦਰ ਨਾਲ ਸਾਹਿਤਕ ਸੰਵਾਦ ਰਚਾਇਆ ਗਿਆ।



ਸਮਾਗਮ ਦੇ ਕਨਵੀਨਰ ਸਰਬਜੀਤ ਸਿੰਘ ਸੰਧੂ ਨੇ ਸਵਾਗਤੀ ਸ਼ਬਦ ਕਹਿੰਦਿਆਂ ਸਮੁੱਚੀ ਰੂਪ-ਰੇਖਾ ਸਾਂਝੀ ਕੀਤੀ। ਗੁਫ਼ਤਗੂ ਦਾ ਆਗਾਜ਼ ਗੁਜਰਾਤ ਦੇ ਸ਼ਹਿਰ ਵਾਪੀ ਤੋਂ ਉਚੇਚੇ ਤੌਰ 'ਤੇ ਆਏ ਮਦਨ ਸਿੰਘ ਸੌਂਧ ਵੱਲੋਂ ਤਰੁਨਮ ਵਿਚ ਗਾਏ ਗੀਤ "ਮੈਨੂੰ ਮੇਰੇ ਪਿੰਡ ਦਾ ਬਨੇਰਾ ਚੇਤੇ ਆ ਗਿਆ" ਨਾਲ ਹੋਇਆ। ਵਿਦੇਸ਼ ਤੋਂ ਪਰਤੇ ਸ਼ਾਇਰ ਮਲਵਿੰਦਰ ਨੇ ਕਿਹਾ ਕਿ ਬੇਸ਼ੱਕ ਉਹ ਆਪਣੇ ਬੱਚਿਆਂ ਕੋਲੋਂ ਹੱਸ-ਖੇਡ ਕੇ ਆਏ ਹਨ, ਫਿਰ ਵੀ ਮਾਨਸਿਕ ਸਕੂਨ ਆਪਣੀ ਧਰਤੀ, ਆਪਣੇ ਲੋਕ ਅਤੇ ਆਪਣੀ ਭਾਸ਼ਾ 'ਚ ਵਿਚਰਦਿਆਂ ਹੀ ਮਿਲਦਾ ਹੈ। ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਅਜੋਕੀ ਨੱਠ-ਭੱਜ ਵਾਲੀ ਜੀਵਨ ਸ਼ੈਲੀ ਵਿਚ ਅਜਿਹੀ ਅਦਬੀ ਮਹਿਫਲ ਸਹਿਜਤਾ ਬਖਸ਼ਦੀ ਹੈ। ਡਾ. ਮੋਹਨ ਅਤੇ ਪ੍ਰਿੰ. ਹਰਜੀਤ ਕੌਰ ਸੌਂਧ ਨੇ ਕਿਹਾ ਕਿ ਇਹੋ ਜਿਹੀਆਂ ਬੈਠਕਾਂ ਕੇਵਲ ਰਚਨਾਵਾਂ ਦਾ ਅਦਾਨ-ਪ੍ਰਦਾਨ ਹੀ ਨਹੀਂ ਕਰਦੀਆਂ, ਬਲਕਿ ਸਮਾਜਿਕ ਸਾਂਝ ਦਾ ਮੁੱਢ ਵੀ ਬੰਨ੍ਹਦੀਆਂ ਹਨ।

ਇਸ ਸਮੇਂ ਸ਼ਾਇਰ ਮਲਵਿੰਦਰ ਦੀ ਨਵ-ਪ੍ਰਕਾਸ਼ਿਤ ਵਾਰਤਕ ਪੁਸਤਕ "ਚੁੱਪ ਦਾ ਮਰਮ ਪਛਾਣੀਏ" ਹਾਜ਼ਰ ਸਾਹਿਤਕਾਰਾਂ ਵੱਲੋਂ ਲੋਕ ਅਰਪਿਤ ਕੀਤੀ ਗਈ। ਰਚਨਾਵਾਂ ਦੇ ਚੱਲੇ ਦੌਰ ਵਿੱਚ ਅਰਤਿੰਦਰ ਸੰਧੂ, ਵਿਜੇਤਾ ਭਾਰਦਵਾਜ, ਜਗਤਾਰ ਗਿੱਲ, ਬਲਜਿੰਦਰ ਮਾਂਗਟ, ਜਸਵੰਤ ਧਾਪ, ਡਾ. ਭੁਪਿੰਦਰ ਸਿੰਘ ਫੇਰੂਮਾਨ, ਸਤਿੰਦਰ ਓਠੀ, ਡਾ. ਰਾਜੇਸ਼, ਤਰਸੇਮ ਲਾਲ ਬਾਵਾ, ਰਾਜ ਖੁਸ਼ਵੰਤ ਸਿੰਘ ਸੰਧੂ ਅਤੇ ਬਲਵਿੰਦਰ ਕੌਰ ਆਦਿ ਨੇ ਅਦਬੀ ਰੰਗ ਬਿਖੇਰਿਆ। ਆਏ ਸਾਹਿਤਕਾਰਾਂ ਦਾ ਧੰਨਵਾਦ ਰੰਗਕਰਮੀ ਹਰਜੀਤ ਸਿੰਘ ਸੰਧੂ ਨੇ ਕੀਤਾ ਅਤੇ ਅਰਤਿੰਦਰ ਸੰਧੂ ਨੇ ਆਪਣੀ ਪੁਸਤਕ ਚੋਣਵੇਂ ਲੇਖਕਾਂ ਨੂੰ ਭੇਟ ਕੀਤੀ।

# ਸਮਕਾਲ

## ਆਪਣੀ ਆਵਾਜ਼ : ਮਈ 2023

ਇਸ ਮਾਸਿਕ ਪੱਤਰ ਦੇ ਮੁੱਖ ਪੰਨੇ 'ਤੇ ਜਸਲੀਨ ਕੌਰ ਰੰਧਾਵਾ ਵੱਲੋਂ ਖਿੱਚੀ ਤਸਵੀਰ ਫੁੱਲਾਂ ਦੀ ਖ਼ੂਬਸੂਰਤੀ ਦਾ ਅਹਿਸਾਸ ਕਰਵਾਉਂਦੀ ਹੈ। ਅੱਜ ਦੀ ਗੱਲ (ਸੰਪਾਦਕੀ) ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਦੇ ਇਤਿਹਾਸ, ਪੰਜਾਬ ਇਕਾਈ ਬਾਰੇ ਗੱਲ ਹੋਈ ਹੈ। ਵਰਿਆਮ ਸੰਧੂ ਦਾ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਦਾ ਲੇਖ ਹੈ। ਈਵਾ ਏਕੇਬਲਾਡ ਬਾਰੇ ਡਾ. ਪਰਮਜੀਤ ਢੀਂਗਰਾ ਦਾ ਲੇਖ ਹੈ। ਸਿਹਤਨਾਮਾ ਵਿੱਚ ਡਾ. ਸ਼ਿਆਮ ਸੁੰਦਰ ਦੀਪਤੀ ਨੇ ਹਾਜ਼ਰੀ ਲੁਆਈ ਹੈ।




ਟੁੱਟੇ ਸ਼ੀਸ਼ਿਆਂ ਦੀ ਦਾਸਤਾਨ ਬਾਰੇ ਜ਼ਿਕਰ ਹੈ। ਸੁਰਿੰਦਰ ਸੁੰਨੜ, ਹਰਪ੍ਰੀਤ ਸੰਧੂ ਦੀਆਂ ਲਘੂ ਰਚਨਾਵਾਂ ਦੇ ਨਾਲ ਹੀ ਕੁਝ ਮਿੰਨੀ ਕਹਾਣੀਆਂ ਵੀ ਹਨ। ਡਾ. ਬੀ ਆਰ ਅੰਬੇਡਕਰ ਬਾਰੇ ਲੇਖ ਉਸ ਦੇ ਸੰਘਰਸ਼ ਭਰੇ ਜੀਵਨ ਦੀ ਗਾਥਾ ਪੇਸ਼ ਕਰਦਾ ਹੈ। ਸੁਭਾਸ਼ ਨੀਰਵ ਦੀ ਹਿੰਦੀ ਕਹਾਣੀ ਨੂੰ ਪੰਜਾਬੀ ਰੂਪ ਜਗਦੀਸ਼ ਰਾਏ ਕੁਲਰੀਆਂ ਨੇ ਦਿੱਤਾ ਹੈ। ਮੰਗਤ ਕੁਲਜਿੰਦ ਦਾ ਹਾਸ-ਵਿਅੰਗ ਵੀ ਹੈ। ਕਿਤਾਬਾਂ ਕਾਲਮ ਹੇਠ ਇਸ ਵਾਰ ਚਾਰ ਕਿਤਾਬਾਂ ਦਾ ਰੀਵਿਊ ਪੇਸ਼ ਹੈ। ਕਾਵਿ ਸੰਸਾਰ ਵਿੱਚ ਪੂਨਮ ਕੁਮਾਰੀ, ਵਿਜੈਤਾ ਭਾਰਦਵਾਜ, ਰਵਿੰਦਰ ਰਵੀ, ਆਰ ਐੱਸ ਲਿਬਰੇਟ, ਸੁਰਜੀਤ ਸਾਰੰਗ, ਸੁਰਜੀਤ ਕਲਸੀ ਅਤੇ ਹੋਰਨਾਂ ਦੀਆਂ ਕਾਵਿ ਰਚਨਾਵਾਂ ਹਨ।

ਪੰਨੇ : 68, ਮੁੱਲ : 50 ਰੁਪਏ, ਸੰਪਾਦਕ : ਲਖਵਿੰਦਰ ਸਿੰਘ ਜੌਹਲ, ਸੰਪਰਕ : 693, ਗੁਰੂ ਤੇਗ ਬਹਾਦਰ ਨਗਰ, ਜਲੰਧਰ-144001 (ਮੋ:) 98725-49506, 94171-94812

## ਪ੍ਰਾਇਮਰੀ ਸਿੱਖਿਆ : ਮਈ 2023

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇਸ ਮਾਸਿਕ ਮੈਗਜ਼ੀਨ ਵਿੱਚ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਅਤੇ ਹੋਰ ਬੱਚਿਆਂ ਬਾਰੇ ਜਾਣਕਾਰੀ ਭਰਪੂਰ ਅਤੇ ਮਨੋਰੰਜਕ ਮੈਟਰ ਹੁੰਦਾ ਹੈ। ਸੰਪਾਦਕੀ ਜ਼ਿੰਦਗੀ ਵਿਚਲੀਆਂ ਛੋਟੀਆਂ-ਛੋਟੀਆਂ ਗੱਲਾਂ ਦੇ ਵਡੇਰੇ ਮਹੱਤਵ ਵੱਲ ਇਸ਼ਾਰਾ ਕਰਦੀ ਹੈ। ਗਰਮੀ ਦੀਆਂ ਛੁੱਟੀਆਂ ਦੇ ਚਾਅ ਵਾਲੀ ਕਵਿਤਾ, ਚਿੰਟੂ ਨੂੰ ਸਮਝ ਆਈ (ਕਹਾਣੀ), ਪੁੱਗ ਦਾ ਪੁਆੜਾ (ਕਹਾਣੀ), ਅੰਗੂਰ ਨਾ ਖੱਟੇ ਨਾ ਮਿੱਠੇ, ਮੇਰਾ ਬੇਟਾ ਮੇਰਾ ਲਾਲ ਆਦਿ ਰਚਨਾਵਾਂ ਰੌਚਿਕ ਹਨ। ਬਾਲ ਕਵਿਤਾਵਾਂ ਦੇ ਨਾਲ-ਨਾਲ ਹੋਰ ਜਾਣਕਾਰੀ ਭਰਪੂਰ ਗੱਲਾਂ ਵੀ ਹਨ ਇਸ ਅੰਕ ਵਿੱਚ।




ਪੰਨੇ : 32, ਮੁੱਲ : 20 ਰੁਪਏ, ਸੰਪਾਦਕ : ਦਰਸ਼ਨ ਸਿੰਘ ਬਨੂੜ

ਸੰਪਰਕ : ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਫੋਨ : 0172-5227395

## ਚੰਗੀ ਖੇਤੀ : ਮਈ 2023

ਇਸ ਅੰਕ ਦਾ ਮੁੱਖ ਪੰਨਾ ਬਹੁਤ ਹੀ ਆਕਰਸ਼ਕ ਹੈ, ਵਿਭਿੰਨ ਫਸਲਾਂ ਦੀਆਂ ਛੋਟੀਆਂ-ਛੋਟੀਆਂ ਤਸਵੀਰਾਂ ਦਾ ਸੰਗਮ ਪੰਜਾਬ ਦੀ ਹੋਂਦ ਦੀ ਗਵਾਹੀ ਭਰਦੀਆਂ ਹਨ। ਵਾਈਸ ਚਾਂਸਲਰ ਸਤਿਬੀਰ ਸਿੰਘ ਗੋਸਲ ਦਾ ਲੇਖ ਅਤੇ ਲਘੂ ਸੰਪਾਦਕੀ ਪੰਜਾਬ ਦੇ ਅਨਮੁੱਲੇ, ਪਰ ਲਗਾਤਾਰ ਘਟਦੇ ਜਾ ਰਹੇ ਕੁਦਰਤੀ ਖਜ਼ਾਨੇ ਪਾਣੀ ਦੀ ਸਾਂਭ-ਸੰਭਾਲ ਬਾਰੇ ਚੇਤਨ ਕਰਦੇ ਹਨ। ਫਸਲੀ ਵਿਭਿੰਨਤਾ, ਗੰਨੇ ਦੀ ਫਸਲ ਬਾਰੇ, ਸਬਜ਼ੀਆਂ ਦੀ ਕਾਸ਼ਤ, ਝੋਨੇ ਦੀ ਸਿੱਧੀ ਬਿਜਾਈ, ਬਾਗਬਾਨੀ ਲਈ ਲੋੜੀਂਦੀ ਜਾਣਕਾਰੀ ਵੀ ਹੈ।




ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਡਾ. ਜਗਵਿੰਦਰ ਸਿੰਘ, ਸੰਪਰਕ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ

*- ਹਰਜਿੰਦਰ ਅਟਵਾਲ (ਡਾ.)*

# ਸੁਰ ਸਾਂਝ ਤੇ ਸਕੂਲ ਆਫ ਪੋਇਟਰੀ ਵੱਲੋਂ ਸਮਾਗਮ

**ਚੰਡੀਗੜ੍ਹ**-'ਚੰਡੀਗੜ੍ਹ ਸਕੂਲ ਆਫ ਪੋਇਟਰੀ ਕ੍ਰਿਟੀਸਿਜ਼ਮ' ਤੇ ਸੁਰ ਸਾਂਝ ਕਲਾ ਮੰਚ ਖਰੜ ਵੱਲੋਂ ਅੱਜ ਉੱਘੇ ਹਿੰਦੀ ਕਵੀ ਤੇ ਕਹਾਣੀਕਾਰ ਛਤੀਸਗੜ੍ਹ ਵਾਸੀ ਰਾਮ ਕੁਮਾਰ ਤਿਵਾੜੀ ਦਾ ਪੰਜਾਬ ਯੂਨੀਵਰਸਿਟੀ ਦੇ ਪੰਜਾਬੀ ਵਿਖੇ ਰੂਬਰੂ ਕਰਵਾਇਆ ਗਿਆ। ਸਭ ਤੋਂ ਪਹਿਲਾਂ ਰਾਮ ਕੁਮਾਰ ਤਿਵਾੜੀ ਹੁਰਾਂ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਉਸ ਤੋਂ ਬਾਅਦ ਉਹਨਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਸ ਤਕਨੀਕੀ ਯੁੱਗ ਵਿਚ ਮਨੁੱਖ ਦੀ ਸੰਵੇਦਨਾ ਮਰ ਰਹੀ ਹੈ। ਹਰ ਵਿਦਿਆਰਥੀ ਨੂੰ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ, ਨਹੀਂ ਤਾਂ ਮਨੁੱਖ ਮਸ਼ੀਨ ਬਣ ਕੇ ਰਹਿ ਜਾਏਗਾ। ਉਹਨਾਂ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਵੀ ਗੱਲ ਕੀਤੀ। ਉਹਨਾਂ ਵਿਦਿਆਰਥੀਆਂ ਤੇ ਬਾਹਰੋਂ ਆਏ ਸਰੋਤਿਆਂ ਦੇ ਸੁਆਲਾਂ ਦੇ ਜੁਆਬ ਵੀ ਦਿੱਤੇ। ਸਮਾਗਮ ਦੀ ਪ੍ਰਧਾਨਗੀ ਕਰਦੇ ਹੋਏ ਉੱਘੇ ਆਲੋਚਕ ਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਸਰਬਜੀਤ ਨੇ ਕਿਹਾ ਕਿ ਦੂਸਰੀਆਂ ਭਾਸ਼ਾਵਾਂ ਤੋਂ ਆਏ ਸਾਹਿਤਕਾਰਾਂ ਦੇ ਰੂਬਰੂ ਹੋ ਕੇ ਸਾਨੂੰ ਪਤਾ ਲੱਗੇਗਾ ਕਿ ਸਾਡਾ ਪੱਧਰ ਕੀ ਹੈ। ਉਹਨਾਂ ਅੱਗੇ ਕਿਹਾ ਕਿ ਵਿਦਿਆਰਥੀਆਂ ਨੂੰ ਇਸ ਸਮੇਂ ਦਾ ਲਾਹਾ ਲੈਣਾ ਚਾਹੀਦਾ ਹੈ। ਇਸ ਤੋਂ ਬਾਅਦ ਪ੍ਰਧਾਨਗੀ ਮੰਡਲ ਵਿੱਚੋਂ ਉੱਘੇ ਨੌਜਵਾਨ ਆਲੋਚਕ ਡਾ. ਪ੍ਰਵੀਨ ਨੇ ਕਿਹਾ ਕਿ ਰਾਮ ਕੁਮਾਰ ਤਿਵਾੜੀ ਅੱਜ ਦੇ ਸਮੇਂ ਦਾ ਮਹੱਤਵਪੂਰਨ ਕਵੀ ਹੈ, ਮਨੁੱਖੀ ਮਨੋਵਿਗਿਆਨ ਨੂੰ ਸਮਝਦਾ ਹੈ। ਇਹਨਾਂ ਦੀ ਕਵਿਤਾ ਅੱਜ ਦੇ ਸਮੇਂ ਨੂੰ ਰਿਲੇਟ ਕਰਦੀ ਹੈ। ਇਹਨਾਂ ਦਾ ਵਿਦਿਆਰਥੀਆਂ ਦੇ ਰੂਬਰੂ ਹੋਣਾ, ਵਿਦਿਆਰਥੀਆਂ ਲਈ ਲਾਹੇਵੰਦ ਹੈ। ਸਮਾਗਮ ਦੇ ਮੁੱਖ ਮਹਿਮਾਨ ਚੰਡੀਗੜ੍ਹ ਸਾਹਿਤ ਅਕਾਦਮੀ ਦੇ ਸਕੱਤਰ ਸੁਭਾਸ਼ ਭਾਸਕਰ ਨੇ ਕਿਹਾ ਕਿ ਕਵੀ ਦੇ ਹੋਰ ਕਿਸੇ ਭਾਸ਼ਾ, ਖਿੱਤੇ ਨਾਲ ਸੰਬੰਧਤ ਹੋਣ ਨਾਲ, ਵਿਦਿਆਰਥੀ ਨਵੇਂ ਅਨੁਭਵਾਂ ਦੇ ਰੂਬਰੂ ਹੋਏ ਨੇ। ਅਜਿਹੇ ਸਮਾਗਮ ਹੁੰਦੇ ਰਹਿਣੇ ਚਾਹੀਦੇ ਨੇ। ਮੰਚ ਸੰਚਾਲਨ ਜਗਦੀਪ ਸਿੱਧੂ ਨੇ ਕੀਤਾ। ਸੁਰ ਸਾਂਝ ਕਲਾ ਮੰਚ ਖਰੜ ਦੇ ਪ੍ਰਧਾਨ ਸੁਰਜੀਤ ਸੁਮਨ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਅੱਜ ਦੇ ਸਮਾਗਮ ਵਿਚ ਡਾ. ਯੋਗਰਾਜ ਹਿੰਦੀ ਦੇ ਪਰਚੇ ਕਥਾਦੇਸ ਦੇ ਸੰਪਾਦਕ ਹਰੀ ਨਰਾਇਣ, ਪ੍ਰੋ. ਰਾਜੇਸ਼, ਕਹਾਣੀਕਾਰ ਬਲੀਜੀਤ, ਸ਼ਾਇਰਾ ਸੰਦੀਪ ਜਸਵਾਲ, ਕਵੀ ਪਾਲ ਅਜਨਬੀ ਆਦਿ ਹਾਜ਼ਰ ਸਨ।




# 'ਉਮਰ ਲੰਘਦੀ ਗਈ' ਦਾ ਲੋਕ ਅਰਪਣ



**ਬਰਨਾਲਾ** : ਕੌਮਾਂਤਰੀ ਕਲਾਕਾਰ ਸੰਗਮ ਸਭਾ (ਰਜਿ.), ਬਰਨਾਲਾ ਦੀ ਤਿਮਾਹੀ ਮੀਟਿੰਗ ਸੰਗਮ ਦੇ ਚੇਅਰਮੈਨ ਪਰਮਜੀਤ ਮਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਆਰੰਭ ਕਰਦਿਆਂ ਸੰਗਮ ਦੇ ਸਕੱਤਰ ਜਨਰਲ ਕੰਵਰਜੀਤ ਭੱਠਲ ਨੇ ਮੈਂਬਰਾਂ ਨੂੰ ਸੂਚਿਤ ਕੀਤਾ ਕਿ ਕੌਮਾਂਤਰੀ ਕਲਾਕਾਰ ਸੰਗਮ ਸਭਾ ਰਜਿਸਟਰਡ ਹੋ ਚੁੱਕੀ ਹੈ। ਇਸ ਉਪਰੰਤ ਹੋਏ ਕਵੀ ਦਰਬਾਰ ਦਾ ਆਰੰਭ ਕਰਦਿਆਂ ਰਾਮ ਸਰੂਪ ਸ਼ਰਮਾ ਨੇ ਆਪਣਾ ਗੀਤ ਤਰੰਨਮ ਵਿੱਚ ਪੇਸ਼ ਕੀਤਾ। ਫਿਰ ਡਾ. ਅਮਨਦੀਪ ਸਿੰਘ ਟੱਲੇਵਾਲੀਆ, ਡਾ. ਉਜਾਗਰ ਮਾਨ, ਤੇਜਿੰਦਰ ਚੰਡਿਹੋਕ, ਤੇਜਾ ਸਿੰਘ ਤਿਲਕ, ਡਾ. ਤਰਸਪਾਲ ਕੌਰ, ਕੰਵਰਜੀਤ ਭੱਠਲ ਨੇ ਆਪਣੀ ਸ਼ਾਇਰੀ ਨਾਲ ਹਾਜ਼ਰੀ ਲਗਵਾਈ। ਇਸ ਉਪਰੰਤ ਡਾ. ਉਜਾਗਰ ਸਿੰਘ ਮਾਨ ਦਾ ਤੀਜਾ ਕਾਵਿ-ਸੰਗ੍ਰਹਿ 'ਉਮਰ ਲੰਘਦੀ ਗਈ' ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤਾ ਗਿਆ। ਪ੍ਰੋਗਰਾਮ ਦੇ ਆਖ਼ਿਰ ਵਿਚ ਪਰਮਜੀਤ ਮਾਨ ਵੱਲੋਂ ਪ੍ਰਧਾਨਗੀ ਭਾਸ਼ਣ ਦੇ ਨਾਲ-ਨਾਲ ਆਪਣਾ ਇਕ ਗੀਤ ਵੀ ਤਰੰਨਮ ਵਿਚ ਪੇਸ਼ ਕੀਤਾ। ਸਮਾਗਮ ਦੀ ਕਾਰਵਾਈ ਕੰਵਰਜੀਤ ਭੱਠਲ ਵੱਲੋਂ ਬਾਖੂਬੀ ਨਿਭਾਈ ਗਈ।

# ਅਰਪਨ ਲਿਖਾਰੀ ਸਭਾ ਦੀ ਮੀਟਿੰਗ

**ਕੈਲਗਰੀ**-ਅਰਪਨ ਲਿਖਾਰੀ ਸਭਾ ਦੀ ਮੀਟਿੰਗ ਮਾਂ ਦਿਵਸ ਨੂੰ ਸਮਰਪਿਤ ਕੀਤੀ ਗਈ। ਡਾ. ਮਨਮੋਹਨ ਸਿੰਘ ਬਾਠ ਨੇ ਸ਼ਿਵ ਕੁਮਾਰ ਬਟਾਲਵੀ ਦਾ ਗੀਤ ਗਾ ਕੇ ਸ਼ਿਵ ਨੂੰ ਹਾਜ਼ਰ ਕਰ ਦਿੱਤਾ। ਜਰਨੈਲ ਸਿੰਘ ਤੱਗੜ ਨੇ ਸ਼ਹੀਦਾਂ ਨੂੰ ਯਾਦ ਕੀਤਾ। ਜਸਵੀਰ ਸਹੋਤਾ ਨੇ ਸੁਰਜੀਤ ਲੀ ਦੀ ਸਾਹਿਤਕ ਦੇਣ ਦੀ ਗੱਲ ਕੀਤੀ, ਨਾਲ ਇਕ ਕਵਿਤਾ ਵੀ ਸੁਣਾਈ। ਸ਼ਾਇਰ ਕੇਸਰ ਸਿੰਘ ਨੀਰ ਨੇ ਗ਼ਜ਼ਲ ਆਪਣੇ ਨਿਰਾਲੇ ਅੰਦਾਜ਼ ਵਿਚ ਪੇਸ਼ ਕੀਤੀ।



ਸੁਰਿੰਦਰ ਢਿੱਲੋਂ ਨੇ ਕਵਿਤਾ ਅਤੇ ਗ਼ਜ਼ਲ ਦੇ ਫ਼ਰਕ ਨੂੰ ਪਰਖਿਆ। ਇਕਬਾਲ ਖ਼ਾਨ ਨੇ ਆਪਣੀ ਜੇਲ੍ਹ ਯਾਤਰਾ ਦੇ ਅਨੁਭਵ ਸਾਂਝੇ ਕਰਦਿਆਂ ਕਪੂਰਥਲਾ ਦੀ ਜੇਲ੍ਹ ਅੰਦਰ ਕੰਧ ਉਪਰ ਸੂਏ ਨਾਲ ਝਰੀਟਾਂ ਪਾ ਕੇ ਲਿਖੀ ਕਵਿਤਾ 'ਜਦੋਂ ਸਾਥੀਆਂ ਤੋਂ ਮੈਂ ਦੂਰ ਹੋਇਆ ਤੇ ਹੋਇਆ ਕੋਠੜੀ ਦੇ ਵਿਚ ਬੰਦ ਯਾਰੋ, ਪੜ੍ਹਦਾ ਸ਼ੇਅਰ ਹਾਂ ਜਦੋਂ ਇਨਕਲਾਬੀਆਂ ਦੇ ਹੋਵੇ ਹੌਸਲਾ ਮੇਰਾ ਬੁਲੰਦ ਯਾਰੋ' ਸੁਣਾਈ। ਜਗਦੇਵ ਸਿੰਘ ਸਿੱਧੂ ਨੇ 'ਮਾਂ ਮੈਂ ਤੈਨੂੰ ਯਾਦ ਕਰਾਂ, ਮੇਰੇ ਨੈਣੋਂ ਨੀਰ ਵਹੇ' ਵਿਲੱਖਣ ਪੇਸ਼ਕਾਰੀ ਰਾਹੀਂ ਮਾਂ ਨੂੰ ਯਾਦ ਕਰਕੇ ਹਾਜ਼ਰੀਨ ਦੇ ਨੈਣ ਸਿੱਲ੍ਹੇ ਕਰ ਦਿੱਤੇ।

—ਜਸਵੰਤ ਸਿੰਘ ਸੇਖੋਂ

# ਏਕਮ ਸਾਹਿਤ ਮੰਚ ਵੱਲੋਂ ਪੁਰਸਕਾਰ ਸਮਾਗਮ

**ਅੰਮ੍ਰਿਤਸਰ**- ਬੀਤੇ ਦਿਨ ਏਕਮ ਸਾਹਿਤ ਮੰਚ ਅੰਮ੍ਰਿਤਸਰ ਵੱਲੋਂ ਮੰਚ ਦਾ ਪੰਜਵਾਂ ਪੁਰਸਕਾਰ ਸਮਾਗਮ ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਸੰਪੰਨ ਹੋਇਆ। ਇਸ ਮੰਚ ਵੱਲੋਂ ਹਰ ਸਾਲ ਨਵੇਂ ਲੇਖਕਾਂ ਨੂੰ ਉਤਸ਼ਾਹਤ ਕਰਨ ਵਾਸਤੇ ਦੋ ਸ਼ਾਇਰਾਂ ਦੀ ਪਹਿਲੀ ਪੁਸਤਕ, ਇੱਕ ਨਜ਼ਮ ਤੇ ਇੱਕ ਗਜ਼ਲ ਦੀ ਕਿਤਾਬ ਨੂੰ ਏਕਮ ਸਾਹਿਤ ਪੁਰਸਕਾਰ ਦਿੱਤਾ ਜਾਂਦਾ ਹੈ। ਇਸ ਵਾਰ ਇਹ ਇਨਾਮ ਸ਼ਾਇਰ ਕ੍ਰਿਤਪਾਲ ਦੀ ਕਿਤਾਬ 'ਚੰਨਣਗੀਰ੍ਹੀ' ਤੇ ਗਜ਼ਲਕਾਰਾ ਮਨ ਮਾਨ ਦੀ ਕਿਤਾਬ 'ਰਾਵੀ ਦੀ ਰੀਝ' ਦੇ ਹਿੱਸੇ ਆਏ। ਸਮਾਗਮ ਦੇ ਆਰੰਭ ਵਿਚ ਮੰਚ ਦੇ ਜਨਰਲ ਸਕੱਤਰ ਹਰਪਾਲ ਸਿੰਘ ਸੰਧਾਵਾਲੀਆ ਨੇ ਸਾਰੇ ਮਹਿਮਾਨਾਂ ਵਾਸਤੇ ਸੁਅਗਤੀ ਸ਼ਬਦ ਕਹੇ। ਇਸ ਤੋਂ ਪਿੱਛੋਂ ਮੈਗਜ਼ੀਨ 'ਏਕਮ' ਦੀ ਸੰਪਾਦਕ ਅਰਤਿੰਦਰ ਸੰਧੂ ਨੇ ਮੰਚ ਦੀਆਂ ਗਤੀਵਿਧਿਆਂ ਦੀ ਜਾਣਕਾਰੀ ਦੇਂਦਿਆਂ ਦੱਸਿਆ ਕਿ ਇਸ ਮੰਚ ਦਾ ਨਿਸ਼ਾਨਾ ਨਿਵੇਕਲੀ ਨੁਹਾਰ ਲੈ ਕੇ ਉੱਭਰਦੀਆਂ ਕਲਮਾਂ ਨੂੰ ਉਤਸ਼ਾਹਤ ਕਰ ਕੇ ਸਾਹਿਤ ਦੇ ਖੇਤਰ ਵਿਚ ਉਹਨਾਂ ਦੀ ਪਛਾਣ ਨੂੰ ਗੂਹੜਾ ਕਰਨਾ ਹੈ। ਸਮਾਗਮ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੰਜਾਬੀ ਅਧਿਐਨ ਸਕੂਲ ਦੇ ਮੁਖੀ ਡਾ. ਮਨਜਿੰਦਰ ਸਿੰਘ ਮੁੱਖ ਮਹਿਮਾਨ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਮੋਹਨ ਤਿਆਗੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਡਾ. ਮਨਜਿੰਦਰ ਸਿੰਘ ਨੇ ਆਪਣੇ ਭਾਸ਼ਣ ਵਿਚ ਏਕਮ ਸਾਹਿਤ ਮੰਚ ਵੱਲੋਂ ਸਨਮਾਨਤ ਸ਼ਾਇਰਾਂ ਦੀ ਚੋਣ ਦੀ ਸਿਫਤ ਕਰਦਿਆਂ ਕਿਹਾ ਕਿ ਇਹ ਮੰਚ ਨਵੇਂ ਤੇ ਵਧੀਆ ਸ਼ਾਇਰ ਪੈਦਾ ਕਰਨ ਦੀ ਭੂਮਿਕਾ ਨਿਭਾ ਰਿਹਾ ਹੈ। ਡਾਕਟਰ ਤਿਆਗੀ ਨੇ ਕਿਹਾ ਕਿ ਨਵੇਂ ਸਾਹਿਤਕਾਰਾਂ ਨੂੰ ਸਨਮਾਨਤ ਕਰ ਕੇ ਇਹ ਮੰਚ ਸਾਹਿਤ ਦੇ ਖੇਤਰ ਵਿਚ ਇੱਕ ਵੱਖਰੀ ਦਿਸ਼ਾ ਵੱਲ ਕੰਮ ਕਰ ਰਿਹਾ ਹੈ।




ਏਕਮ ਸਾਹਿਤ ਮੰਚ ਵੱਲੋਂ ਸ਼ਾਇਰਾ ਵਿਜੇਤਾ ਨੇ ਕਿਰਤ ਦੀ ਸ਼ਾਇਰੀ ਬਾਰੇ ਜਾਣਕਾਰੀ ਦਿੰਦਿਆਂ ਉਸ ਦੀ ਸ਼ਾਇਰੀ ਦੀ ਪਾਠਕਾਂ ਨਾਲ ਸਾਂਝ ਪੁਆਈ। ਸ਼ਾਇਰ ਮੀਤ ਨੇ ਮਨ ਮਾਨ ਦੀ ਗਜ਼ਲ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਗਜ਼ਲਕਾਰ ਸਰਬਜੀਤ ਸਿੰਘ ਸੰਧੂ ਨੇ ਵੀ ਮਨ ਮਾਨ ਦੀ ਗਜ਼ਲ ਬਾਰੇ ਚਰਚਾ ਕੀਤੀ। ਦੋਵਾਂ ਸਨਮਾਨਤ ਸ਼ਾਇਰਾਂ ਨੇ ਵੀ ਆਪਣਾ ਕਲਾਮ ਸਾਂਝਾ ਕਰ ਕੇ ਸਰੋਤਿਆਂ ਤੋਂ ਵਾਹ-ਵਾਹ ਹਾਸਲ ਕੀਤੀ। ਪ੍ਰਧਾਨਗੀ ਮੰਡਲ ਵੱਲੋਂ ਜਸਪਾਲ ਕੌਰ ਦੀ ਕਹਾਣੀਆਂ ਦੀ ਕਿਤਾਬ 'ਓਹਲਿਆਂ ਦੇ ਆਰ ਪਾਰ' ਤੇ ਜਤਿੰਦਰਪਾਲ ਕੌਰ ਦੀ ਕਵਿਤਾ ਦੀ ਕਿਤਾਬ 'ਬੀਜ ਤੋਂ ਬੂਟਾ' ਦਾ ਲੋਕ ਅਰਪਣ ਕੀਤਾ ਗਿਆ। ਇਸ ਤੋਂ ਪਿੱਛੋਂ ਏਕਮ ਸਾਹਿਤ ਮੰਚ ਦੇ ਮੈਂਬਰਾਂ ਵੱਲੋਂ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ, ਮਨ ਮਾਨ ਤੇ ਕਿਰਤ ਨੂੰ ਯਾਦਗਾਰੀ ਮਿਮੈਂਟੋ ਦੇ ਕੇ ਉਹਨਾਂ ਦਾ ਸਨਮਾਨ ਕੀਤਾ ਗਿਆ। ਜਸਪਾਲ ਕੌਰ ਨੇ ਮੰਚ ਵੱਲੋਂ ਸਭ ਦਾ ਧੰਨਵਾਦ ਕੀਤਾ। ਸੰਤੁਲਿਤ ਤੇ ਸੁਚੱਜਾ ਮੰਚ ਸੰਚਾਲਨ ਡਾ. ਬਲਜੀਤ ਕੌਰ ਰਿਆੜ ਵੱਲੋਂ ਕੀਤਾ ਗਿਆ।

— ਅਰਤਿੰਦਰ ਸੰਧੂ

# ਭਲਵਾਨ ਕੁੜੀਆਂ ਦੇ ਹੱਕ 'ਚ ਨਿੱਤਰੀ ਇਸਤਰੀ ਸਭਾ

**ਚੰਡੀਗੜ੍ਹ** : ਪੰਜਾਬ ਇਸਤਰੀ ਸਭਾ ਦਾ ਇਕ ਗਰੁੱਪ 12 ਮਈ ਨੂੰ ਜੰਤਰ-ਮੰਤਰ 'ਤੇ ਧਰਨਾ ਦੇ ਰਹੇ ਪਹਿਲਵਾਨਾਂ ਕੋਲ ਪਹੁੰਚਿਆ। ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਅਤੇ ਪੰਜਾਬ ਇਸਤਰੀ ਸਭਾ ਲਗਾਤਾਰ ਮਹਿਲਾ ਪਹਿਲਵਾਨਾਂ ਵੱਲੋਂ ਲੜੇ ਜਾ ਰਹੇ ਇਨਸਾਫ ਲਈ ਸੰਘਰਸ਼ ਦੀ ਹਮਾਇਤ ਵਿਚ ਆਪਣਾ ਹਿੱਸਾ ਪਾ ਰਹੀਆਂ ਹਨ। ਵੱਖ-ਵੱਖ ਰਾਜਾਂ ਵਿੱਚ ਅਤੇ ਪੰਜਾਬ ਵਿੱਚ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪ੍ਰੋਗਰਾਮ ਕਰਕੇ ਮਹਿਲਾ ਪਹਿਲਵਾਨਾਂ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ। ਪੰਜਾਬ ਇਸਤਰੀ ਸਭਾ ਦੇ ਇਸ ਜੱਥੇ ਵਿੱਚ ਸੂਬਾ ਜਨਰਲ ਸਕੱਤਰ ਰਾਜਿੰਦਰਪਾਲ ਕੌਰ, ਸੀਨੀਅਰ ਸਹਾਇਕ ਸਕੱਤਰ ਨਰਿੰਦਰ ਸੋਹਲ, ਸਰਪ੍ਰਸਤ ਨਰਿੰਦਰਪਾਲ, ਫਿਰੋਜ਼ਪੁਰ ਤੋਂ ਤ੍ਰਿਪਤ ਕਾਲੀਆ ਅਤੇ ਨਸੀਬ ਕੌਰ ਸ਼ਾਮਲ ਹੋਏ। ਉਹਨਾਂ ਇਕ ਸ਼ੀਟ 'ਤੇ ਲੋਕਾਂ ਦੇ ਦਸਤਖਤ ਕਰਵਾਏ ਅਤੇ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ ਨੂੰ ਭੇਟ ਕੀਤੇ। ਅਜਿਹਾ ਕਰਕੇ ਉਹਨਾਂ ਨੇ ਲੜਾਈ ਨੂੰ ਆਮ ਲੋਕਾਂ ਤੱਕ ਪਹੁੰਚਾਇਆ। ਸੂਬਾ ਜਨਰਲ ਸਕੱਤਰ ਰਾਜਿੰਦਰਪਾਲ ਕੌਰ ਅਤੇ ਨਰਿੰਦਰ ਸੋਹਲ ਸਹਾਇਕ ਸਕੱਤਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੁਸ਼ਤੀ ਸੰਘ ਦੇ ਪ੍ਰਧਾਨ ਨੂੰ ਐਨੀ ਸਖਤ ਸਜ਼ਾ ਦਿੱਤੀ ਜਾਵੇ ਤਾਂ ਕਿ ਅੱਗੇ ਤੋਂ ਕਿਸੇ ਨੂੰ ਅਜਿਹਾ ਕੁਕਰਮ ਕਰਨ ਦੀ ਹਿੰਮਤ ਨਾ ਪਵੇ। ਸਾਨੂੰ ਜਾਤਾਂ ਅਤੇ ਧਰਮਾਂ ਤੋਂ ਉੱਪਰ ਉੱਠ ਕੇ ਪੀੜਤ ਬੱਚੀ ਦੇ ਨਾਲ ਖਲੋਣਾ ਚਾਹੀਦਾ ਹੈ ਤਾਂ ਹੀ ਇਸ ਸੰਘਰਸ਼ ਨੂੰ ਜਿੱਤ ਵਿੱਚ ਬਦਲਿਆ ਜਾ ਸਕਦਾ ਹੈ।

— ਰਾਜਿੰਦਰਪਾਲ ਕੌਰ

# ਸਾਹਿਤ ਸਭਾ ਵੱਲੋਂ ਭਲਵਾਨ ਕੁੜੀਆਂ ਦੀ ਹਮਾਇਤ



**ਬੰਗਾ**-ਪੰਜਾਬੀ ਸਾਹਿਤ ਸਭਾ ਖਟਕੜ ਕਲਾਂ (ਬੰਗਾ) ਦੀ ਮਹੀਨਾਵਾਰ ਇਕੱਤਰਤਾ ਕਰਕੇ ਦਿੱਲੀ ਵਿਖੇ ਧਰਨੇ ਉੱਤੇ ਬੈਠੀਆਂ ਪਹਿਲਵਾਨ ਲੜਕੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਗਈ। ਸਭਾ ਵੱਲੋਂ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਗਿਆ ਕਿ ਸਰਕਾਰ ਵੱਲੋਂ ਦੇਸ਼ ਦਾ ਨਾਂਅ ਅੰਤਰ-ਰਾਸ਼ਟਰੀ ਪੱਧਰ 'ਤੇ ਰੌਸ਼ਨ ਕਰਨ ਵਾਲੀਆਂ ਲੜਕੀਆਂ ਦਾ ਇਸ ਤਰ੍ਹਾਂ ਸ਼ੋਸ਼ਣ ਕਰਨਾ ਬੇਹੱਦ ਸ਼ਰਮਨਾਕ ਗੱਲ ਹੈ। ਕੇਂਦਰ ਸਰਕਾਰ ਵੱਲੋਂ ਦੇਸ਼ ਦੀਆਂ ਲੜਕੀਆਂ ਨਾਲ ਕੀਤਾ ਜਾ ਰਿਹਾ ਅਜਿਹਾ ਵਿਵਹਾਰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਭਾ ਵੱਲੋਂ ਇਹ ਮੰਗ ਕੀਤੀ ਗਈ ਕਿ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਅਤੇ ਹੋਰਨਾਂ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫਤਾਰ ਕੀਤਾ ਜਾਵੇ। ਸਭਾ ਵੱਲੋਂ ਉੱਘੇ ਸਾਹਿਤਕਾਰ ਕੇਹਰ ਸ਼ਰੀਫ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ ਕੀਤਾ ਗਿਆ। ਇਸ ਮੌਕੇ 2 ਮਿੰਟ ਦਾ ਮੌਨ ਉਨ੍ਹਾਂ ਦੀ ਯਾਦ ਵਿੱਚ ਰੱਖਿਆ ਗਿਆ। ਸਾਹਿਤ ਸਭਾ ਵੱਲੋਂ ਆਪਣੀਆਂ ਮਹੀਨਾਵਾਰ ਮੀਟਿੰਗਾਂ ਵਿੱਚ ਚੰਗੀਆਂ ਕਿਤਾਬਾਂ 'ਤੇ ਵਿਚਾਰ-ਚਰਚਾ ਕੀਤੀ ਜਾਇਆ ਕਰੇਗੀ। ਇਸ ਦਾ ਆਗਾਜ਼ ਜੂਨ ਮਹੀਨੇ ਤੋਂ ਸ੍ਰੀ ਜੰਗ ਬਹਾਦਰ ਗੋਇਲ ਦੀ ਪੁਸਤਕ "ਸਾਹਿਤ ਸੰਜੀਵਨੀ" ਤੋਂ ਕੀਤਾ ਜਾਵੇਗਾ। ਅੱਜ ਦੀ ਮੀਟਿੰਗ ਵਿਚ ਹਰਬੰਸ ਹੀਉਂ, ਦੀਪ ਕਲੇਰ, ਪਰਮਜੀਤ ਸਿੰਘ ਖੱਟੜਾ, ਜਸਵੰਤ ਖਟਕੜ, ਤਲਵਿੰਦਰ ਸ਼ੇਰਗਿੱਲ, ਧਰਮਿੰਦਰ ਮਸਾਣੀ, ਸ਼ਿੰਗਾਰਾ ਲੰਗੇਰੀ, ਸੀਤਲ ਰਾਮ ਬੰਗਾ, ਗੁਰਲੀਨ ਕੌਰ, ਹਰੀ ਰਾਮ ਰਸੂਲਪੁਰੀ ਆਦਿ ਸ਼ਾਮਲ ਹੋਏ।

# 'ਚਾਣਕ ਅੰਨ੍ਹੇ ਹਨ' 'ਤੇ ਵਿਚਾਰ-ਚਰਚਾ

**ਜਲੰਧਰ** : ਉੱਘੇ ਪੰਜਾਬੀ ਸ਼ਾਇਰ ਤੇ ਨਾਟਕਕਾਰ ਅਜਾਇਬ ਕਮਲ ਦੇ ਕਾਵਿ-ਨਾਟਕ 'ਚਾਣਕ ਅੰਨ੍ਹੇ ਹਨ' 'ਤੇ ਪੰਜਾਬੀ ਵਿਭਾਗ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਵਿਚਾਰ-ਚਰਚਾ ਕੀਤੀ ਗਈ। ਅਜਾਇਬ ਕਮਲ ਪਰਵਾਰ ਦੇ ਮੈਂਬਰ ਹਰਗੁਰਜੋਧ ਸਿੰਘ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਸ਼ਾਮਲ ਹੋਏ। ਚਰਚਾ ਦੇ ਆਰੰਭ 'ਚ ਪੰਜਾਬੀ ਵਿਭਾਗ ਦੇ ਮੁਖੀ ਡਾ. ਕਿਰਨਦੀਪ ਸਿੰਘ ਨੇ ਵਿਸ਼ੇਸ਼ ਮਹਿਮਾਨ ਦੀ ਵਿਦਿਆਰਥੀਆਂ ਨਾਲ ਜਾਣ-ਪਛਾਣ ਕਰਵਾਈ ਤੇ ਪੁਸਤਕ ਦੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਡਾ. ਹਰਪ੍ਰੀਤ ਸਿੰਘ ਹੁਰਾਂ ਕਾਵਿ ਨਾਟਕ ਬਾਰੇ ਚਰਚਾ ਕਰਦੇ ਹੋਏ ਕਿਹਾ ਕਿ 'ਚਾਣਕ ਅੰਨ੍ਹੇ ਹਨ' ਵਿੱਚ ਅਜਾਇਬ ਕਮਲ ਹੁਰਾਂ ਨੇ ਮਹਾਂ ਨਗਰਾਂ 'ਚ ਮਨੁੱਖੀ ਜੀਵਨ ਦੇ ਸੰਕਟ ਨੂੰ ਬੜੀ ਕਲਾਤਮਿਕਤਾ ਸਹਿਤ ਪੇਸ਼ ਕੀਤਾ ਹੈ। ਡਾ. ਸਤਵੰਤ ਸਿੰਘ ਹੁਰਾਂ ਨੇ ਆਖਿਆ ਕਿ ਇਸ ਕਾਵਿ ਨਾਟਕ 'ਚ ਬੜੀ ਖ਼ੂਬਸੂਰਤੀ ਨਾਲ ਲੇਖਕ ਨੇ ਮਾਨਵੀ ਸੰਵੇਦਨਾ ਦੇ ਦਵੰਧ ਨੂੰ ਸਿਰਜਿਆ ਹੈ। ਡਾ: ਯਾਦਵਿੰਦਰ ਕੌਰ ਹੁਰਾਂ ਅਜਾਇਬ ਕਮਲ ਦੀ ਪ੍ਰਯੋਗਸ਼ੀਲ ਕਵੀ ਦੇ ਤੌਰ 'ਤੇ 'ਚਾਣਕ ਅੰਨ੍ਹੇ ਹਨ' ਵਿੱਚੋਂ ਹਵਾਲੇ ਦੇ ਕੇ ਚਰਚਾ ਕੀਤੀ। ਡਾ: ਕਿਰਨਦੀਪ ਸਿੰਘ ਨੇ ਕਿਹਾ ਕਿ 'ਚਾਣਕ ਅੰਨ੍ਹੇ ਹਨ' ਕਾਵਿ ਨਾਟਕ ਉਦਾਸ ਯੁੱਗ ਦੇ ਬਿਮਾਰ ਤੇ ਚਿੰਤਾਗ੍ਰਸਤ ਸਹਿਮੇ ਹੋਏ ਚਿਹਰਿਆਂ ਦਾ ਝਲਕਾਰਾ ਪੇਸ਼ ਕਰਦਾ ਹੈ। ਹਰਗੁਰਜੋਧ ਸਿੰਘ ਨੇ ਆਖਿਆ ਕਿ ਅਜਾਇਬ ਕਮਲ ਪ੍ਰਯੋਗਸ਼ੀਲ ਕਵਿਤਾ ਦਾ ਇਕ ਸਿਧਾਂਤਕਾਰ ਹੈ। 'ਚਾਣਕ ਅੰਨ੍ਹੇ ਹਨ' ਵਿੱਚ ਵਿਸ਼ਾ ਨਵੀਂ ਸਿਨਮੈਟਿਕ ਤਕਨੀਕ ਤੇ ਪਿੱਠ ਭੂਮੀ 'ਚੋਂ ਪ੍ਰਤੀ ਧੁਨੀਆਂ ਦੀ ਵਰਤੋਂ ਕਰਕੇ ਅਜਾਇਬ ਕਮਲ ਹੁਰੀਂ ਨਵਾਂ ਪ੍ਰਯੋਗ ਕੀਤਾ ਹੈ।



# ਪਾਠਕਾਂ ਦੇ ਝਰੋਖੇ 'ਚੋਂ

## ਪਰਖ ਪੜਚੋਲ

14 ਮਈ ਦੇ ਐਤਵਾਰਤਾ ਵਿਚ ਰਵਿੰਦਰ ਸਿੰਘ ਸੋਢੀ ਨੇ ਆਲੋਚਕ ਨਿਰੰਜਨ ਬੋਹਾ ਦੀਆਂ ਕਹਾਣੀਆਂ ਦੀ ਨਵੀ ਕਿਤਾਬ 'ਤੀਸਰੀ ਖਿੜਕੀ' ਦੀ ਪਰਖ ਪੜਚੋਲ ਕਰਕੇ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਦੀ ਚਰਚਾ ਕੀਤੀ ਹੈ। ਕਹਾਣੀਆਂ ਵਿਚ ਖੁੱਲ੍ਹੇ ਜਿਨਸੀ ਸੰਬੰਧਾਂ ਦੀ ਗੱਲ ਕੀਤੀ ਹੈ। ਪੰਜਾਬੀ ਕਹਾਣੀ ਦਾ ਇਹ ਬਹੁਚਰਚਿਤ ਵਿਸ਼ਾ ਰਿਹਾ ਹੈ। ਬੇਮੇਲ ਵਿਆਹ, ਨਜਾਇਜ਼ ਸੰਬੰਧਾਂ ਦਾ ਜ਼ਿਕਰ ਸਾਡੇ ਲੇਖਕ ਕਹਾਣੀ ਵਿਚ ਕਾਮੁਕ ਰੰਗ ਭਰਨ ਲਈ ਅਕਸਰ ਕਰਦੇ ਹਨ। ਇਹੋ ਜਿਹੀ ਕਹਾਣੀ 'ਤੇ ਸਿੱਧਾ ਫਰਾਈਡਵਾਦ ਅਸਰ ਹੈ। ਫਰਾਈਡ ਅਧਾਰਤ ਪੰਜਾਬੀ ਕਹਾਣੀ ਦੀ ਇਕ ਪ੍ਰਚੱਲਤ ਧਾਰਾ ਹੈ। 'ਤੀਸਰੀ ਖਿੜਕੀ' ਅਸਲ ਵਿਚ ਕਾਮੁਕ ਖਿੜਕੀ ਹੈ। ਸੰਗ੍ਰਹਿ ਦੀਆਂ ਕਹਾਣੀਆਂ ਸਮਾਜਕ ਤਸਵੀਰ ਹਨ। ਮਹਾਂਨਗਰਾਂ ਦੇ ਵੱਡੇ ਅਮੀਰ ਘਰਾਣਿਆ ਵਿਚ ਇਹੋ ਜਿਹੀਆਂ ਕਾਮੁਕ ਖੇਡਾਂ ਆਮ ਵਰਤਾਰਾ ਹੈ। ਸਾਡੇ ਲੇਖਕ ਵਧੇਰੇ ਕਰਕੇ ਪਿੰਡਾਂ ਦੀ ਚਰਚਾ ਕਰਦੇ ਹਨ। ਹਾਂ, ਸਾਡਾ ਮਹਾਨ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਸ਼ਹਿਰੀ ਵਰਗ ਦੀਆਂ ਇਸ ਕਿਸਮ ਦੀਆਂ ਸਥਿਤੀਆਂ ਨੂੰ ਕਹਾਣੀ ਵਿਚ ਪੇਸ਼ ਕਰਦਾ ਸੀ। 'ਤੀਸਰੀ ਖਿੜਕੀ' ਪਰਵਾਰਕ ਉਲਝਣਾਂ ਦਾ ਸੰਗ੍ਰਹਿ ਹੈ। ਕੁਝ ਸਾਡਾ ਏਸ ਵੇਲੇ ਸੋਸ਼ਲ ਮੀਡੀਆ ਦਾ ਰੁਝਾਨ ਵੀ ਇਸ ਪਾਸੇ ਵਧੇਰੇ ਹੈ।

ਇਸ ਪੰਨੇ ਦੇ ਹੋਰ ਕਿਤਾਬਾਂ ਦੇ ਰੀਵਿਊ 'ਰਾਣੀ ਜਿੰਦ ਕੌਰ', 'ਕੋਸੀ ਕੋਸੀ ਧੁੱਪ', 'ਰਾਵੀ ਦੀ ਰੀਝ' ਪੁਸਤਕਾਂ ਦੀ ਵਡਮੁਲੀ ਜਾਣਕਾਰੀ ਦੇਣ ਵਾਲੇ ਹਨ। ਕਲਾ ਪੰਨੇ 'ਤੇ ਜੋਗਿੰਦਰ ਕੌਰ ਅਗਨੀਹੋਤਰੀ ਨੇ ਕਬੂਤਰਾਂ ਦੀ ਇਤਿਹਾਸਕ ਜਾਣਕਾਰੀ ਦਿੱਤੀ ਹੈ। ਕੋਈ ਸਮਾਂ ਸੀ ਡਾਕ ਸਿਸਟਮ ਸਾਰਾ ਕਬੂਤਰਾਂ 'ਤੇ ਨਿਰਭਰ ਸੀ। ਲੇਖਕਾ ਨੇ ਬਹੁਤ ਖੋਜਮਈ ਜਾਣਕਾਰੀ ਇਸ ਜਾਨਵਰ ਬਾਰੇ ਦਿੱਤੀ ਹੈ। ਕੁਝ ਵਿਗਿਆਨਕ ਖੋਜਾਂ ਵੀ ਕਬੂਤਰਾਂ ਦੇ ਸਰੀਰ ਉਪਰ ਕੀਤੀਆਂ ਜਾਂਦੀਆਂ ਹਨ। ਚਿੱਟੇ ਕਬੂਤਰਾਂ ਦੀ ਲੰਮੀ ਉਡਾਰੀ ਦੇ ਮੁਕਾਬਲੇ ਵੀ ਲੋਕ ਕਰਦੇ ਹਨ ਤੇ ਜੇਤੂ ਕਬੂਤਰਾਂ ਨੂੰ ਇਨਾਮ ਦਿੱਤੇ ਜਾਂਦੇ ਹਨ। ਪਾਕਿਸਤਾਨ ਦੀ ਫਿਲਮ 'ਦੁੱਲਾ ਭੱਟੀ' ਵਿਚ ਕਬੂਤਰ ਲੰਮੀ ਉਡਾਰੀ ਮਾਰਦਾ ਹੈ। ਕਬੂਤਰ ਸਾਡੀ ਸਮਾਜਕ ਧਾਰਾ ਦਾ ਦਰਵੇਸ਼ ਜੀਵ ਹੈ। ਸੁਰਜੀਤ ਕੌਰ ਦੀਆਂ ਕਲਾ ਕ੍ਰਿਤਾਂ ਦਾ ਜ਼ਿਕਰ ਪੜ੍ਹ ਕੇ ਚੰਗਾ ਲੱਗਾ। ਕਲਾ ਕ੍ਰਿਤਾਂ ਔਰਤ ਦੀ ਮਾਨਸਿਕਤਾ ਦੀ ਤਰਜਮਾਨੀ ਕਰਦੀਆਂ ਹਨ।

ਨਿੰਦਰ ਘੁਗਿਆਣਵੀ ਨੇ ਵਲੈਤ ਦੀ ਅਦਾਲਤ ਦੀ ਕਾਰਵਾਈ ਦਾ ਜ਼ਿਕਰ ਕੀਤਾ ਹੈ। ਸਾਡੇ ਨਾਲੋਂ ਉਹ ਦੇਸ਼ ਅਦਾਲਤਾਂ ਹੀ ਨਹੀਂ, ਸਾਰੇ ਸਮਾਜਕ ਢਾਂਚੇ ਵਿਚ ਅੰਤਰ ਹੈ। ਗੁਰਮੀਤ ਸਿੰਘ ਪਲਾਹੀ ਨੇ ਤਿੜਕਦੇ ਪਰਵਾਰਾਂ ਦੇ ਕਈ ਸੂਖਮ ਕਾਰਨ ਲਿਖੇ ਹਨ। ਹੁਣ ਦੇ ਸਮੇਂ ਵਿਚ ਨੂੰਹਾਂ ਸੱਸਾਂ ਦੇ ਕੋਲ ਬੈਠ ਕੇ ਰਾਜ਼ੀ ਨਹੀਂ। ਚਾਹੇ ਨੂੰਹਾਂ ਪੜ੍ਹੀਆਂ-ਲਿਖੀਆਂ ਵੀ ਹੋਣ, ਉਹ ਸੱਸਾਂ ਨੂੰ ਨਫਰਤ ਕਰਦੀਆ ਹਨ। ਪੋਤਰੇ ਵੱਡੇ ਹੋ ਕੇ ਦਾਦੇ-ਦਾਦੀ ਨਾਲ ਲੜਦੇ-ਝਗੜਦੇ ਵੇਖੇ ਗਏ ਹਨ। ਬੱਚਿਆਂ 'ਤੇ ਪੜ੍ਹਾਈ ਦਾ ਬੋਝ ਹੈ, ਜਿਸ ਕਰਕੇ ਬੱਚਿਆਂ ਦੇ ਸੁਭਾਅ ਚਿੜਚਿੜੇ ਹੋ ਗਏ ਹਨ। ਡਾ. ਦੀਪਤੀ ਦਾ ਕਾਲਮ ਕਈ ਕੁਝ ਨਵਾਂ ਦੱਸ ਗਿਆ। ਜਲੰਧਰ ਚੋਣ ਦਾ ਨਤੀਜਾ ਕੋਈ ਲੋਕਤੰਤਰਿਕ ਨਤੀਜਾ ਨਹੀਂ। ਉਸ ਦਿਨ ਸਵੇਰ ਤੋਂ ਸ਼ਾਮ ਤੱਕ ਕੁਝ ਪੰਜਾਬੀ ਚੈਨਲਾਂ ਉਪਰ ਹਕੂਮਤੀ ਧੌਂਸ ਦੀਆਂ ਖਬਰਾਂ ਵੇਖਦੇ ਰਹੇ ਹਾਂ, ਦੂਸਰੇ ਹਲਕਿਆਂ ਦੇ ਕਈ ਵਿਧਾਇਕ ਧੱਕੇਸ਼ਹੀ ਕਰਦੇ ਰਹੇ ਹਨ। ਮੀਡੀਆ ਇਸ ਦਾ ਗਵਾਹ ਹੈ,ਪਰ ਅਖਬਾਰਾਂ ਵਿਚ ਵਿਰੋਧੀ ਪਾਰਟੀਆਂ ਨੇ ਆਪਣੀ ਹਾਰ ਮੰਨ ਲਈ ਹੈ। ਜੇ ਵਿਰੋਧੀ ਪਾਰਟੀਆਂ ਇਕੱਠੀਆਂ ਹੋ ਕੇ ਜਿਸ ਤਰ੍ਹਾਂ ਚੋਣਾਂ ਵਾਲੇ ਦਿਨ ਗੁਜ਼ਰਦੇ ਰਹੇ ਹਨ, ਉਸ ਤਰ੍ਹਾਂ ਨਤੀਜੇ ਪਿਛੋਂ ਵੀ ਉਹ ਅਗਲੀ ਕਾਰਵਾਈ ਕਰਨ ਤਾਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਸਕਦਾ ਹੈ, ਨਹੀਂ ਤਾਂ ਰੱਬ ਦਾ ਭਾਣਾ (ਲੋਕਾਂ ਦਾ ਨਹੀਂ) ਮੰਨ ਕੇ ਬੈਠ ਜਾਣ।

—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ

# ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਅਮਰੀਕਾ ਦਾ ਸਫ਼ਰਨਾਮਾ : ਜਗਤਾਰ ਸਿੰਘ ਭੁੰਗਰਨੀ

ਗਣੇਸ਼ ਨਰਾਇਣ ਦੇਵੀ ਨਾਲ ਮੁਲਾਕਾਤ : ਸ਼ਾਹਿਦ ਤਾਂਤਰੇ

ਚਾਣਕਿਆ ਦੀ ਪਰਖ ਪੜਚੋਲ : ਡਾ. ਕਰਮਜੀਤ ਸਿੰਘ ਨਡਾਲਾ

ਪ੍ਰਤੀਨਿਧ ਮਿੰਨੀ ਕਹਾਣੀਆਂ ਅਤੇ ਹੋਰ ਬਹੁਤ ਕੁਝ

ਐਤਵਾਰ, 21 ਮਈ, 2023
7 ਜੇਠ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 350

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • SUNDAY, 21 MAY, 2023 ਜਲੰਧਰ You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

# ਕਾਂਗਰਸ ਦੇ 5 ਵਾਅਦੇ ਪਹਿਲੀ ਮੀਟਿੰਗ 'ਚ ਮਨਜ਼ੂਰ

**ਸਿੱਧਾਰਮਈਆ ਕਰਨਾਟਕ ਦੇ ਮੁੱਖ ਮੰਤਰੀ, ਡੀ ਕੇ ਉਪ ਮੁੱਖ ਮੰਤਰੀ, ਖੜਗੇ ਦੇ ਪੁੱਤ ਸਮੇਤ 8 ਮੰਤਰੀਆਂ ਲਿਆ ਹਲਫ਼**

**ਨਫ਼ਰਤ ਦੇ ਬਜ਼ਾਰ 'ਚ ਕਰਨਾਟਕ ਦੇ ਲੱਖਾਂ ਲੋਕਾਂ ਨੇ ਮੁਹੱਬਤ ਦੀ ਦੁਕਾਨ ਖੋਲ੍ਹੀ : ਰਾਹੁਲ**



**ਬੈਂਗਲੁਰੂ** : ਕਰਨਾਟਕ 'ਚ ਸ਼ਨੀਵਾਰ ਕਾਂਗਰਸ ਦੀ ਸਰਕਾਰ ਬਣ ਗਈ। ਸਿੱਧਾਰਮਈਆ ਨੇ ਦੂਜੀ ਵਾਰ ਮੁੱਖ ਮੰਤਰੀ ਅਹੁਦੇ ਦਾ ਹਲਫ਼ ਲਿਆ। ਇਸ ਦੇ ਨਾਲ ਹੀ ਕਰਨਾਟਕ ਵਿਧਾਨ ਸਭਾ 'ਚ ਕਾਂਗਰਸ ਨੇ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਪਹਿਲੀ ਕੈਬਨਿਟ ਮੀਟਿੰਗ 'ਚ ਮਨਜ਼ੂਰੀ ਦੇ ਦਿੱਤੀ ਗਈ। ਪ੍ਰੈੱਸ ਕਾਨਫਰੰਸ ਦੌਰਾਨ ਮੁੱਖ ਮੰਤਰੀ ਸਿੱਧਾਰਮਈਆ ਨੇ ਕਿਹਾ, 'ਮੈਨੀਫੈਸਟੋ 'ਚ ਪੰਜ ਗਰੰਟੀਆਂ ਦਾ ਵਾਅਦਾ ਕੀਤਾ ਗਿਆ ਸੀ ਅਤੇ ਉਨ੍ਹਾਂ ਪੰਜ ਗਰੰਟੀਆਂ ਨੂੰ ਲਾਗੂ ਕਰਨ ਦਾ ਆਦੇਸ਼ ਪਹਿਲੀ ਕੈਬਨਿਟ ਮੀਟਿੰਗ 'ਚ ਦੇ ਦਿੱਤਾ ਗਿਆ ਹੈ। ਹੁਣ ਅਗਲੀ ਕੈਬਨਿਟ ਮੀਟਿੰਗ ਇੱਕ ਹਫ਼ਤੇ ਦੇ ਅੰਦਰ ਬੁਲਾਈ ਗਈ ਹੈ, ਜਿਸ ਤੋਂ ਬਾਅਦ ਵਾਅਦਿਆਂ ਨੂੰ ਲਾਗੂ ਕਰ ਦਿੱਤਾ ਜਾਵੇਗਾ।' ਮੀਟਿੰਗ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਸਹੁੰ ਚੁੱਕ ਸਮਾਗਮ 'ਚ ਕਿਹਾ, 'ਅਸੀਂ ਝੂਠੇ ਵਾਅਦੇ ਨਹੀਂ ਕਰਦੇ, ਅਸੀਂ ਜੋ ਕਹਿੰਦੇ ਹਾਂ, ਉਹ ਕਰਦੇ ਹਾਂ।'

ਇਸ ਤੋਂ ਪਹਿਲਾ ਸਿੱਧਾਰਮਈਆ ਨੇ ਸੂਬੇ 'ਚ ਨਵੀਂ ਕਾਂਗਰਸ ਸਰਕਾਰ ਦੇ ਸਹੁੰ ਚੁੱਕ ਸਮਾਗਮ 'ਚ ਕਰਨਾਟਕ ਦੇ 24ਵੇਂ ਮੁੱਖ ਮੰਤਰੀ ਦੇ ਰੂਪ 'ਚ ਹਲਫ਼ ਲਿਆ। ਉਥੇ ਹੀ ਡੀ ਕੇ ਸ਼ਿਵਕੁਮਾਰ ਨੇ ਉਪ ਮੁੱਖ ਮੰਤਰੀ ਦੇ ਤੌਰ 'ਤੇ ਸਹੁੰ ਲਈ। ਡਾ. ਜੀ ਪਰਮੇਸ਼ਵਰ, ਕੇ ਐੱਚ ਮੁਨੀਅੱਪਾ, ਕੇ ਜੇ ਜਾਰਜ ਅਤੇ ਐੱਮ ਬੀ ਪਾਟਿਲ, ਸਤੀਸ਼ ਜਾਰਕੀ ਹੋਲੀ, ਪ੍ਰਿਆਂਕ ਖੜਗੇ, ਰਾਮਲਿੰਗਾ ਰੈਡੀ ਅਤੇ ਬੀ ਜ਼ੈੱਡ ਜ਼ਮੀਰ ਅਹਿਮਦ ਖਾਨ ਨੇ ਨਵੀਂ ਚੁਣੀ ਕਰਨਾਟਕ ਸਰਕਾਰ 'ਚ ਕੈਬਨਿਟ ਮੰਤਰੀਆਂ ਦੇ ਰੂਪ 'ਚ ਸਹੁੰ ਚੁੱਕੀ। ਰਾਜਪਾਲ ਥਾਵਰਚੰਦ ਗਹਿਲੋਤ ਨੇ ਮੁੱਖ ਮੰਤਰੀ ਅਤੇ ਮੰਤਰੀਆਂ ਨੂੰ ਸਹੁੰ ਦਿਵਾਈ।

ਇਸ ਮੌਕੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਅਸੀਂ ਯਾਤਰਾ 'ਚ ਕਿਹਾ ਸੀ ਕਿ ਨਫ਼ਰਤ ਨੂੰ ਮਿਟਾਉਣਾ ਅਤੇ ਮੁਹੱਬਤ ਜਿਤਾਉਣੀ ਹੈ। ਨਫ਼ਰਤ ਦੇ ਬਾਜ਼ਾਰ 'ਚ ਕਰਨਾਟਕ ਦੇ ਲੱਖਾਂ ਲੋਕਾਂ ਨੇ ਮੁਹੱਬਤ ਦੀਆਂ ਦੁਕਾਨਾਂ ਖੋਲ੍ਹੀਆਂ ਹਨ। ਉਨ੍ਹਾ ਕਰਨਾਟਕ ਦੀ ਜਨਤਾ ਨੂੰ ਦਿਲ ਤੋਂ ਅਤੇ ਕਾਂਗਰਸ ਪਾਰਟੀ ਵੱਲੋਂ ਧੰਨਵਾਦ ਦਿੱਤਾ। ਰਾਹੁਲ ਨੇ ਜਨਤਾ ਨੂੰ ਸੰਬੋਧਨ ਹੁੰਦੇ ਹੋਏ ਕਿਹਾ—ਤੁਸੀਂ ਪੂਰੀ ਤਰ੍ਹਾਂ ਕਾਂਗਰਸ ਪਾਰਟੀ ਨੂੰ ਸਮਰਥਨ ਦਿੱਤਾ। ਉਨ੍ਹਾ ਕਿਹਾ ਕਿ ਅਸੀਂ ਝੂਠੇ ਵਾਅਦੇ ਨਹੀਂ ਕਰਦੇ, ਜੋ ਕਹਿੰਦੇ ਹਾਂ, ਉਹ ਅਸੀਂ ਕਰ ਕੇ ਵਿਖਾਉਂਦੇ ਹਾਂ। ਪਿਛਲੇ ਪੰਜ ਸਾਲਾਂ 'ਚ ਤੁਸੀਂ ਕਿਹੜੀਆਂ ਮੁਸ਼ਕਲਾਂ ਸਹਿਣ ਕੀਤੀਆਂ, ਇਹ ਤੁਸੀਂ ਅਤੇ ਅਸੀਂ ਸਭ ਜਾਣਦੇ ਹਾਂ। ਮੀਡੀਆ 'ਚ ਲਿਖਿਆ ਗਿਆ ਕਿ ਇਹ ਚੋਣ ਕਾਂਗਰਸ ਪਾਰਟੀ ਕਿਉਂ ਜਿੱਤੀ। ਇਸ ਜਿੱਤ ਦਾ ਸਿਰਫ਼ ਇੱਕ ਹੀ ਕਾਰਨ ਹੈ ਅਤੇ ਉਹ ਹੈ ਕਿ ਕਾਂਗਰਸ ਕਰਨਾਟਕ ਦੇ ਗਰੀਬਾਂ, ਪੱਛੜੇ, ਦਲਿਤਾਂ ਦੇ ਨਾਲ ਖੜੀ ਹੋਈ ਹੈ। ਮੁੱਖ ਮੰਤਰੀ ਦੇ ਰੂਪ 'ਚ ਸਿੱਧਾਰਮਈਆ ਦਾ ਇਹ ਦੂਜਾ ਕਾਰਜਕਾਲ ਹੈ। ਉਨ੍ਹਾ ਪਹਿਲਾਂ 2013 ਅਤੇ 2018 ਵਿਚਾਲੇ ਇਹ ਅਹੁਦਾ ਸੰਭਾਲਿਆ ਸੀ। ਸਹੁੰ ਚੁੱਕ ਸਮਾਗਮ 'ਚ 9 ਵਿਰੋਧੀ ਪਾਰਟੀਆਂ ਦੇ ਨੇਤਾਵਾਂ ਸ਼ਾਮਲ ਹੋਏ। ਇਹਨਾਂ 'ਚ ਮਹਿਬੂਬਾ ਮੁਫ਼ਤੀ (ਪੀ ਡੀ ਪੀ), ਨਿਤਿਸ਼ ਕੁਮਾਰ (ਜੇ ਡੀ ਯੂ), ਤੇਜਸਵੀ ਯਾਦਵ (ਆਰ ਜੇ ਡੀ), ਡੀ ਰਾਜਾ (ਸੀ ਪੀ ਆਈ), ਸੀਤਾ ਰਾਮ ਯੇਚੁਰੀ (ਸੀ ਪੀ ਐੱਮ), ਐੱਮ ਕੇ ਸਟਾਲਿਨ (ਡੀ ਐੱਮ ਕੇ), ਸ਼ਰਦ ਪਵਾਰ (ਐੱਨ ਸੀ ਪੀ), ਫਾਰੂਖ ਅਬਦੁੱਲਾ (ਨੈਸ਼ਨਲ ਕਾਂਗਰਸ), ਕਮਲ ਹਸਨ (ਮੱਕਲ ਨਿਧੀ ਮਾਇਮ) ਆਦਿ ਸ਼ਾਮਲ ਹੋਏ।

# ਦਿੱਲੀ ਸਰਕਾਰ ਤੇ ਕੇਂਦਰ 'ਚ ਫਿਰ ਖਿੱਚੋਤਾਣ

## ਕੇਂਦਰ ਦੇ ਆਰਡੀਨੈਂਸ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਵੇਗੀ ਦਿੱਲੀ ਸਰਕਾਰ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਸ਼ਨੀਵਾਰ ਕਿਹਾ ਕਿ ਦਿੱਲੀ ਸਰਕਾਰ ਛੇਤੀ ਹੀ ਸੁਪਰੀਮ ਕੋਰਟ ਦੇ ਆਦੇਸ਼ ਖਿਲਾਫ਼ ਜਾ ਕੇ ਲਿਆਂਦੇ ਗਏ ਕੇਂਦਰ ਦੇ ਆਰਡੀਨੈਂਸ ਨੂੰ ਫਿਰ ਸੁਪਰੀਮ ਕੋਰਟ 'ਚ ਚੁਣੌਤੀ ਦੇਵੇਗੀ। ਸੰਜੇ ਸਿੰਘ ਨੇ ਦੋਸ਼ ਲਾਇਆ ਕਿ ਦਿੱਲੀ ਦੀ ਸਰਕਾਰ ਦਾ ਇੱਕ ਹੀ ਮਕਸਦ ਹੈ ਕਿ ਕਿਸ ਤਰ੍ਹਾਂ ਨਾਲ ਦਿੱਲੀ ਸਰਕਾਰ ਨੂੰ ਜਨਤਾ ਦੇ ਹਿੱਤ 'ਚ ਕੰਮ ਕਰਨ ਤੋਂ ਰੋਕਿਆ ਜਾਵੇ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨਾ ਸੰਵਿਧਾਨ ਨਾਲ ਚਲਣਾ ਚਾਹੁੰਦੀ ਹੈ ਅਤੇ ਨਾ ਹੀ ਅਦਾਲਤ ਦੇ ਫੈਸਲੇ ਨੂੰ ਮੰਨਦੀ ਹੈ। ਰਾਤ ਦੇ ਹਨੇਰੇ 'ਚ ਲਿਆਂਦਾ ਗਿਆ ਤੁਗਲਕੀ ਅਤੇ ਕਾਲਾ ਆਰਡੀਨੈਂਸ ਇਸ ਗੱਲ ਦਾ ਗਵਾਹ ਹੈ ਕਿ ਕੇਂਦਰ ਸਰਕਾਰ ਦਿੱਲੀ ਸਰਕਾਰ ਦੇ ਹਰ ਚੰਗੇ ਕੰਮ ਨੂੰ ਰੋਕਣਾ ਚਾਹੁੰਦੀ ਹੈ।

ਉਹਨਾ ਕਿਹਾ ਕਿ ਭਾਜਪਾ ਹਰ ਹਾਲ 'ਚ ਤਾਨਾਸ਼ਾਹੀ ਅਤੇ ਡੰਡੇ ਨਾਲ ਸਰਕਾਰ ਚਲਾਉਣਾ ਚਾਹੁੰਦੀ ਹੈ। ਸੁਪਰੀਮ ਕੋਰਟ ਦੇ ਸਪੱਸ਼ਟ ਆਦੇਸ਼ ਤੋਂ ਬਾਅਦ ਕੋਈ ਵੀ ਪਵਿਰਤਣ ਅਤੇ ਆਰਡੀਨੈਂਸ ਸੰਵਿਧਾਨ ਦੇ ਦਾਇਰੇ 'ਚ ਹੋਵੇਗਾ, ਉਸ ਤੋਂ ਬਾਹਰ ਜਾ ਕੇ ਕੋਈ ਆਰਡੀਨੈਂਸ ਨਹੀਂ ਲਿਆਂਦਾ ਜਾ ਸਕਦਾ। ਉਸ ਦੇ ਬਾਵਜੂਦ ਇਹ ਆਰਡੀਨੈਂਸ ਦਿੱਲੀ ਸਰਕਾਰ ਦੇ ਕੰਮ ● ਬਾਕੀ ਸਫ਼ਾ 10 'ਤੇ

## ਆਰਡੀਨੈਂਸ ਕੋਰਟ 'ਚ ਪੰਜ ਮਿੰਟ ਵੀ ਨਹੀਂ ਟਿਕੇਗਾ : ਕੇਜਰੀਵਾਲ



**ਨਵੀਂ ਦਿੱਲੀ** : ਕੇਂਦਰ ਦੇ ਆਰਡੀਨੈਂਸ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਪ੍ਰੈੱਸ ਕਾਨਫਰੰਸ ਕੀਤੀ। ਇਸ ਦੌਰਾਨ ਉਨ੍ਹਾ ਕਿਹਾ ਕਿ ਕੇਂਦਰ ਨੇ ਪਹਿਲਾਂ ਹੀ ਸੋਚ ਲਿਆ ਸੀ ਕਿ ਆਰਡੀਨੈਂਸ ਲਿਆ ਕੇ ਅਸੀਂ ਸੁਪਰੀਮ ਕੋਰਟ ਦੇ ਆਦੇਸ਼ ਨੂੰ ਪਲਟ ਦਿਆਂਗੇ। ਕੇਜਰੀਵਾਲ ਨੇ ਕਿਹਾ ਕਿ ਕੇਂਦਰ ਦੀ ਇਹ ਸੋਚੀ-ਸਮਝੀ ਸਾਜ਼ਿਸ਼ ਹੈ। ਇਸ ਆਰਡੀਨੈਂਸ ਦੀ ਟਾਈਮਿੰਗ ਵੀ ਪਲਾਟ ਦੇ ਤਹਿਤ ਸੀ। ਉਨ੍ਹਾ ਨੂੰ ਵੀ ਪਤਾ ਸੀ ਕਿ ਅਸੀਂ ਇਸ ਆਰਡੀਨੈਂਸ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਵਾਂਗੇ। ਕੇਂਦਰ ਸਰਕਾਰ ਅਤੇ ਉਪ ਰਾਜਪਾਲ ਕੋਰਟ ਦੇ ਬੰਦ ਹੋਣ ਦਾ ਇੰਤਜ਼ਾਰ ਕਰ ਰਹੇ ਸਨ। ਇਹ ਪਹਿਲਾਂ ਕਿਉਂ ਨਹੀਂ ਲਿਆਂਦਾ? ਇਹ ● ਬਾਕੀ ਸਫ਼ਾ 10 'ਤੇ

## ਕੇਂਦਰ ਦਾ ਆਰਡੀਨੈਂਸ ਅਸੰਵਿਧਾਨਕ : ਆਤਿਸ਼ੀ



**ਨਵੀਂ ਦਿੱਲੀ** : ਆਮ ਆਦਮੀ ਪਾਰਟੀ (ਆਪ) ਨੇ ਸ਼ਨੀਵਾਰ ਦੋਸ਼ ਲਗਾਇਆ ਕਿ ਦਿੱਲੀ 'ਚ ਨੌਕਰਸ਼ਾਹਾਂ ਦੇ ਤਬਾਦਲੇ 'ਤੇ ਕੇਂਦਰ ਦਾ ਆਰਡੀਨੈਂਸ ਅਸੰਵਿਧਾਨਕ ਹੈ ਅਤੇ ਇਹ ਸੇਵਾ ਮਾਮਲਿਆਂ ਵਿਚ ਸੁਪਰੀਮ ਕੋਰਟ ਵੱਲੋਂ ਦਿੱਲੀ ਸਰਕਾਰ ਨੂੰ ਦਿੱਤੀਆਂ ਸ਼ਕਤੀਆਂ ਖੋਹਣ ਲਈ ਕਦਮ ਚੁੱਕਿਆ ਹੈ। ਦਿੱਲੀ ਦੀ ਮੰਤਰੀ ਆਤਿਸ਼ੀ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਕੇਂਦਰ ਸਰਕਾਰ ਨੇ ਜਾਣਬੁੱਝ ਕੇ ਆਰਡੀਨੈਂਸ ਲਿਆਉਣ ਦਾ ਸਮਾਂ ਉਦੋਂ ਚੁਣਿਆ, ਜਦੋਂ ਸੁਪਰੀਮ ਕੋਰਟ ਛੁੱਟੀਆਂ ਲਈ ਬੰਦ ਹੈ। ਆਤਿਸ਼ੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਆਦੇਸ਼ ਦਾ ਮਤਲਬ ਸੀ ਕਿ ਜੇਕਰ ਦਿੱਲੀ ਦੀ ਜਨਤਾ ਨੇ ਅਰਵਿੰਦ ਕੇਜਰੀਵਾਲ ਨੂੰ ਚੁਣਿਆ ਹੈ ਤਾਂ ਫੈਸਲੇ ਲੈਣ ਦੀ ਸ਼ਕਤੀ ਉਨ੍ਹਾ ਕੋਲ ਹੈ। ਇਹੀ ਸੰਵਿਧਾਨ ਕਹਿੰਦਾ ਹੈ। ਜ਼ਮੀਨ, ਕਾਨੂੰਨ ਵਿਵਸਥਾ ਅਤੇ ਪੁਲਸ ਦੇ ਮੁੱਦਿਆਂ ਨੂੰ ਛੱਡ ਕੇ ਸਾਰੇ ਫੈਸਲੇ ਮੇਕਿੰਗ ਪਾਵਰ ਅਰਵਿੰਦ ਕੇਜਰੀਵਾਲ ਦੇ ਕੋਲ ਹਨ ਅਤੇ ਐੱਲ ਜੀ ਉਨ੍ਹਾ ਦੇ ਸਾਰੇ ਫੈਸਲਿਆਂ ਨੂੰ ਮੰਨਣ ਲਈ ਪਾਬੰਦ ਹਨ। ਇਹ ਲੋਕਤੰਤਰ ਹੈ, ਪਰ ਕੇਂਦਰ ਸਰਕਾਰ ਅਤੇ ਭਾਜਪਾ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੀ। ਪ੍ਰਧਾਨ ਮੰਤਰੀ ਮੋਦੀ ਇਸ ਸੱਚਾਈ ਨੂੰ ਬਰਦਾਸ਼ਤ ਨਹੀਂ ਕਰ ਰਹੇ ਕਿ ਸੁਪਰੀਮ ਕੋਰਟ ਨੇ ਅਰਵਿੰਦ ਕੇਜਰੀਵਾਲ ਨੂੰ ਅਧਿਕਾਰ ਦਿੱਤਾ ਹੈ।

## ਦੇਸ਼ ਨੂੰ 30-31 ਰਾਜਪਾਲ ਤੇ ਪ੍ਰਧਾਨ ਮੰਤਰੀ ਚਲਾ ਲੈਣ, ਵੋਟਾਂ 'ਤੇ ਕਰੋੜਾਂ ਦਾ ਖ਼ਰਚ ਕਿਉਂ : ਭਗਵੰਤ ਮਾਨ

**ਚੰਡੀਗੜ੍ਹ** : ਕੇਂਦਰ ਸਰਕਾ ਵੱਲੋਂ ਦਿੱਲੀ 'ਚ ਅਧਿਕਾਰੀਆਂ ਦੇ ਤਬਾਦਲੇ, ਤਾਇਨਾਤੀ ਅਤੇ ਵਿਜੀਲੈਂਸ ਨਾਲ ਸੰਬੰਧਤ ਅਧਿਕਾਰਾਂ ਨੂੰ ਲੈ ਕੇ ਜਾਰੀ ਕੀਤੇ ਗਏ ਆਰਡੀਨੈਂਸ ਨੂੰ ਲੈ ਕੇ ਆਮ ਆਦਮੀ ਪਾਰਟੀ ਵੱਲੋਂ ਤਿੱਖਾ ਪ੍ਰਤੀਕਰਮ ਦਿੱਤਾ ਗਿਆ। ਕੇਂਦਰ ਦੇ ਆਰਡੀਨੈਂਸ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ 'ਤੇ ਤਿੱਖੇ ਤਨਜ਼ ਕੱਸਦੇ ਹੋਏ ਟਵਿੱਟਰ ਜ਼ਰੀਏ ਹਮਲਾ ਕਰਦੇ ਹੋਏ ਕਿਹਾ ਕਿ ਜੇ ਭਾਰਤੀ ਸੰਵਿਧਾਨ 'ਚ ਲੋਕਤੰਤਰ ਦੇ ਕਾਤਲਾਂ ਨੂੰ ਸਜ਼ਾ ਦੀ ਕੋਈ ਵਿਵਸਥਾ ਹੁੰਦੀ ਤਾਂ ਪੂਰੀ ਭਾਜਪਾ ਨੂੰ ਫਾਂਸੀ ਦੀ ਸਜ਼ਾ ਹੋ ਸਕਦੀ ਸੀ। ਮੁੱਖ ਮੰਤਰੀ ਮਾਨ ਨੇ ਟਵਿੱਟਰ ਜ਼ਰੀਏ ਹਮਲਾ ਕਰਦੇ ਹੋਏ ਕਿਹਾ—ਦੇਸ਼ ਨੂੰ 30-31 ਰਾਜਪਾਲ ਅਤੇ ਇੱਕ ਪ੍ਰਧਾਨ ਮੰਤਰੀ ਚਲਾ ਲੈਣ...ਵੋਟਾਂ ਪਵਾਉਣ 'ਤੇ ਕਰੋੜਾਂ, ਅਰਬਾਂ ਖ਼ਰਚਣ ਦਾ ਕੀ ਫ਼ਾਇਦਾ?

## 'ਆਪ' ਵੱਲੋਂ ਭਾਜਪਾ ਦੇ ਤਾਨਾਸ਼ਾਹੀ ਕਦਮ ਦੀ ਸਖਤ ਨਿੰਦਾ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ (ਆਪ) ਨੇ ਨੈਸ਼ਨਲ ਕੈਪੀਟਲ ਸਿਵਲ ਅਥਾਰਟੀ ਦੇ ਆਰਡੀਨੈਂਸ ਲਈ ਕੇਂਦਰ ਦੇ ਰਵੱਈਏ ਦੀ ਸਖਤ ਨਿਖੇਧੀ ਕੀਤੀ ਅਤੇ ਇਸ ਨੂੰ ਅਦਾਲਤ ਦਾ ਅਪਮਾਨ ਅਤੇ ਲੋਕਤੰਤਰ ਵਿਰੋਧੀ ਸਰਕਾਰ ਦੀ ਕਾਇਰਤਾ ਭਰੀ ਕਾਰਵਾਈ ਕਰਾਰ ਦਿੱਤਾ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਨਿਰਦੇਸ਼ ਦਿੱਤੇ ਹਨ ਕਿ ਚੁਣੀ ਹੋਈ ਸਰਕਾਰ ਨੂੰ ਲੋਕਤੰਤਰ ਦੇ ਸਿਧਾਂਤਾਂ ਅਨੁਸਾਰ ਆਪਣੀ ਮਰਜ਼ੀ ਮੁਤਾਬਕ ਆਜ਼ਾਦਾਨਾ ਤੌਰ 'ਤੇ ਫੈਸਲੇ ਲੈਣ ਦੀਆਂ ਸ਼ਕਤੀਆਂ ਦਿੱਤੀਆਂ ਜਾਣ, ਪਰ ਭਾਜਪਾ ਹਮੇਸ਼ਾ ਦੀ ਤਰ੍ਹਾਂ ਹਾਰੀ ਹੋਈ ਸਾਬਤ ਹੋ ਰਹੀ ਹੈ ਅਤੇ ਇਹ ਆਰਡੀਨੈਂਸ ਦਿੱਲੀ ਦੀ 'ਆਪ' ਸਰਕਾਰ ਅਤੇ ਲੋਕਤੰਤਰ ਦੀ ਭਾਵਨਾ ਵਿਰੁੱਧ ਉਨ੍ਹਾਂ ਦੀ ਬਦਲਾਖੋਰੀ ਦਾ ਨਤੀਜਾ ਹੈ। ਇਨ੍ਹਾਂ ਦਾ ਇੱਕੋ-ਇੱਕ ਮਕਸਦ ● ਬਾਕੀ ਸਫ਼ਾ 10 'ਤੇ

## ਪਹਿਲੀ 'ਤੇ ਪਰਦਾ ਪਾਉਣ ਲਈ ਕੀਤੀ ਗਈ ਦੂਜੀ ਨੋਟਬੰਦੀ : ਖੜਗੇ



**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਵੱਲੋਂ 2 ਹਜ਼ਾਰ ਰੁਪਏ ਦੇ ਨੋਟ ਨੂੰ ਸਤੰਬਰ 2023 ਤੋਂ ਬਾਅਦ ਚਲਨ ਤੋਂ ਬਾਹਰ ਕਰਨ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਸ਼ਨੀਵਾਰ ਕੇਂਦਰ 'ਤੇ ਨਿਸ਼ਾਨਾ ਸਾਧਿਆ। ਖੜਗੇ ਨੇ ਸਵਾਲ ਕੀਤਾ ਕਿ ਕੀ ਨੋਟਬੰਦੀ ਰੂਪੀ ਗਲਤ ਫੈਸਲੇ 'ਤੇ ਪਰਦਾ ਪਾਉਣ ਲਈ ਇਹ 'ਦੂਜੀ ਨੋਟਬੰਦੀ' ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਇਕ ਨਿਰਪੱਖ ਜਾਂਚ ਨਾਲ ਹੀ ਪੂਰੀ ਸੱਚਾਈ ਸਾਹਮਣੇ ਆਏਗੀ। ਖੜਗੇ ਨੇ ਟਵੀਟ ਕੀਤਾ—ਤੁਸੀਂ ਪਹਿਲੀ ਨੋਟਬੰਦੀ ਨਾਲ ਅਰਥ ਵਿਵਸਥਾ ਨੂੰ ਇਕ ਡੂੰਘਾ ਜ਼ਖਮ ਦਿੱਤਾ ਸੀ, ਜਿਸ ਨਾਲ ਪੂਰਾ ਅਸੰਗਠਿਤ ਖੇਤਰ ਤਬਾਹ ਹੋ ਗਿਆ, ਸੂਖਮ, ਲਘੂ ਅਤੇ ਮੱਧਮ ਉਦਯੋਗ ਠੱਪ ਹੋ ਗਏ ਅਤੇ ਕਰੋੜਾਂ ਰੁਜ਼ਗਾਰ ਚਲੇ ਗਏ।

ਹੁਣ 2 ਹਜ਼ਾਰ ਰੁਪਏ ਦੇ ਨੋਟ ਵਾਲੀ 'ਦੂਜੀ ਨੋਟਬੰਦੀ'। ਕੀ ਇਹ ਗਲਤ ਫੈਸਲੇ ਦੇ ਉੱਪਰ ਪਰਦਾ ਪਾਉਣਾ ਹੈ? ਇਕ ਨਿਰਪੱਖ ਜਾਂਚ ਤੋਂ ਹੀ 'ਕਾਰਨਾਮਿਆਂ' ਦੀ ਸੱਚਾਈ ਸਾਹਮਣੇ ਆਏਗੀ।

## ਸਿੱਖ ਕਤਲੇਆਮ ਮਾਮਲੇ 'ਚ ਟਾਈਟਲਰ ਖਿਲਾਫ ਸੀ ਬੀ ਆਈ ਵੱਲੋਂ ਚਾਰਜਸ਼ੀਟ ਦਾਖਲ



**ਨਵੀਂ ਦਿੱਲੀ** : ਸੀ ਬੀ ਆਈ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸੰਬੰਧਤ ਪੁਲ ਬੰਗਸ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖਿਲਾਫ ਚਾਰਜਸ਼ੀਟ ਦਾਖਲ ਕਰ ਦਿੱਤੀ। ਇਹ ਮਾਮਲਾ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਇਕ ਦਿਨ ਬਾਅਦ 1 ਨਵੰਬਰ 1984 ਨੂੰ ਪੁਲ ਬੰਗਸ ਇਲਾਕੇ ਵਿਚ ਗੁਰਦੁਆਰੇ ਨੂੰ ਸਾੜਨ ਅਤੇ ਤਿੰਨ ਵਿਅਕਤੀਆਂ ਦੀ ਹੱਤਿਆ ਨਾਲ ਸੰਬੰਧਤ ਹੈ। ਸੀ ਬੀ ਆਈ ਨੇ ਇਥੇ ਵਿਸ਼ੇਸ਼ ਅਦਾਲਤ ਵਿਚ ਦਾਇਰ ਆਪਣੀ ਚਾਰਜਸ਼ੀਟ ਵਿਚ ਕਿਹਾ ਕਿ 1 ਨਵੰਬਰ 1984 ਨੂੰ ਟਾਈਟਲਰ ਨੇ ਪੁਲ ਬੰਗਸ ਨੇੜੇ ਗੁਰਦੁਆਰਾ ਆਜ਼ਾਦ ਮਾਰਕੀਟ ਵਿਖੇ ਭੀੜ ਨੂੰ ਭੜਕਾਇਆ, ਜਿਸ ਨੇ ਗੁਰਦੁਆਰੇ ਨੂੰ ਸਾੜ ਦਿੱਤਾ ਅਤੇ ਤਿੰਨ ਸਿੱਖਾਂ ਠਾਕੁਰ ਸਿੰਘ, ਬਾਦਲ ਸਿੰਘ ਅਤੇ ਗੁਰਚਰਨ ਸਿੰਘ ਦਾ ਕਤਲ ਕਰ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਟਾਈਟਲਰ 'ਤੇ ਭਾਰਤੀ ਦੰਡਾਵਲੀ (ਆਈ ਪੀ ਸੀ) ਦੀ ਧਾਰਾ 147 (ਦੰਗੇ), 109 (ਉਕਸਾਉਣਾ) ਅਤੇ 302 (ਕਤਲ) ਦੇ ਤਹਿਤ ਦੋਸ਼ ਲਗਾਏ ਹਨ। ਉਨ੍ਹਾ ਕਿਹਾ ਕਿ ਅਦਾਲਤ 2 ਜੂਨ ਨੂੰ ਦੋਸ਼ਾਂ 'ਤੇ ਵਿਚਾਰ ਕਰੇਗੀ।

## ਪਾਕਿ ਤੋਂ ਆਏ ਦੋ ਡਰੋਨ ਸੁੱਟੇ, ਹੈਰੋਇਨ ਬਰਾਮਦ



**ਅੰਮ੍ਰਿਤਸਰ** : ਬਾਰਡਰ ਸਕਿਉਰਟੀ ਫੋਰਸ ਨੇ ਅੰਤਰਰਾਸ਼ਟਰੀ ਸਰਹੱਦ ਪਾਰ ਕਰਕੇ ਭਾਰਤ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਦੋ ਪਾਕਿਸਤਾਨੀ ਡਰੋਨਾਂ ਨੂੰ ਸੁੱਟ ਲਿਆ। ਪਹਿਲਾ ਡਰੋਨ 'ਡੀ ਜੇ ਆਈ ਮੈਟ੍ਰਿਸ 300 ਆਰਟੀਕੇ' ਪਿੰਡ ਧਾਰੀਵਾਲ ਤੋਂ ਬਰਾਮਦ ਕੀਤਾ ਗਿਆ। ਬੁਲਾਰੇ ਅਨੁਸਾਰ ਬੀ ਐੱਸ ਐੱਫ ਦੇ ਜਵਾਨਾਂ ਨੇ ਸ਼ੁੱਕਰਵਾਰ ਰਾਤ ਕਰੀਬ 9 ਵਜੇ ਯੂ ਏ ਵੀ ਨੂੰ ਗੋਲੀਬਾਰੀ ਕਰਕੇ ਡੇਗ ਦਿੱਤਾ। ਤਲਾਸ਼ੀ ਦੌਰਾਨ ਡਰੋਨ ਟੁੱਟੀ ਹਾਲਤ 'ਚ ਖੇਤ 'ਚ ਪਿਆ ਮਿਲਿਆ। ਦੂਜਾ ਡਰੋਨ 'ਡੀ ਜੇ ਆਈ ਮੈਟ੍ਰਿਸ 300 ਆਰਟੀਕੇ' ਅੰਮ੍ਰਿਤਸਰ ਦੇ ਪਿੰਡ ਰਤਨ ਖੁਰਦ ਤੋਂ ਬਰਾਮਦ ਕੀਤਾ ਗਿਆ, ਜਦੋਂ ਫੌਜੀਆਂ ਨੇ ਰਾਤ ਕਰੀਬ 9.30 ਵਜੇ ਗੋਲੀਬਾਰੀ ਕੀਤੀ। ਬੁਲਾਰੇ ਅਨੁਸਾਰ ਦੂਜੇ ਮਾਮਲੇ ਵਿੱਚ ਡਰੋਨ ਨਾਲ ਦੋ ਪੈਕੇਟ ਜੁੜੇ ਹੋਏ ਸਨ, ਜਿਨ੍ਹਾਂ 'ਚੋਂ 2.6 ਕਿਲੋ ਸ਼ੱਕੀ ਹੈਰੋਇਨ ਬਰਾਮਦ ਹੋਈ ਹੈ।

## ਕਸ਼ਮੀਰ : ਜੀ-20 'ਚ ਸ਼ਾਮਲ ਹੋਣ ਤੋਂ ਚੀਨ ਦਾ ਇਨਕਾਰ

**ਸ੍ਰੀਨਗਰ** : ਸ੍ਰੀਨਗਰ 'ਚ 22 ਤੋਂ 24 ਮਈ ਤੱਕ ਜੀ-20 ਦੀ ਮੀਟਿੰਗ ਹੋਣੀ ਹੈ। ਚੀਨ ਨੇ ਸ਼ਨੀਵਾਰ ਇਸ 'ਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਦਫ਼ਤਰੀ ਬਿਆਨ ਜਾਰੀ ਕਰਕੇ ਮੀਟਿੰਗ ਦੇ ਬਾਈਕਾਟ ਦੀ ਪੁਸ਼ਟੀ ਕੀਤੀ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵਾਂ ਵੈਨਬਿਨ ਨੇ ਕਿਹਾ—ਚੀਨ ਵਿਵਾਦਤ ਖੇਤਰ 'ਤੇ ਕਿਸੇ ਵੀ ਪ੍ਰਕਾਰ ਦੀ ਜੀ-20 ਮੀਟਿੰਗ ਦਾ ਪੂਰੀ ਤਰ੍ਹਾਂ ਨਾਲ ਵਿਰੋਧ ਕਰਦਾ ਹੈ। ਚੀਨ ਦੇ ਇਸ ਬਿਆਨ 'ਤੇ ਭਾਰਤ ਨੇ ਇਤਰਾਜ਼ ਪ੍ਰਗਟਾਇਆ ਹੈ। ਭਾਰਤ ਨੇ ਗੁਆਂਢੀ ਦੇਸ਼ ਨੂੰ ਜਵਾਬ ਦਿੰਦੇ ਹੋਏ ਕਿਹਾ—ਉਹ ਆਪਣੇ ਖੇਤਰ 'ਚ ਮੀਟਿੰਗ ਆਯੋਜਿਤ ਕਰਨ ਲਈ ਪੂਰੀ ਤਰ੍ਹਾਂ ਨਾਲ ਆਜ਼ਾਦ ਹੈ। ਇਸ ਤੋਂ ਪਹਿਲਾਂ ਮਾਰਚ 'ਚ ਜਦ ਅਰੁਣਾਚਲ ਪ੍ਰਦੇਸ਼ 'ਚ ਜੀ-20 ਮੀਟਿੰਗ ਆਯੋਜਿਤ ਕੀਤੀ ਗਈ ਸੀ, ਉਦੋਂ ਵੀ ਚੀਨ ਨੇ ਮੀਟਿੰਗ 'ਚ ਹਿੱਸਾ ਨਹੀਂ ਲਿਆ ਸੀ, ਉਦੋਂ ਪਾਕਿਸਤਾਨ ਨੇ ਚੀਨ ਦੇ ਇਸ ਬਾਈਕਾਟ ਦਾ ਸਮਰਥਨ ਕੀਤਾ ਸੀ।

## ਪੀ ਏ ਪੀ ਮੈੱਸ ਦੇ ਬਾਹਰੋਂ ਵਿਰਾਸਤੀ ਤੋਪ ਚੋਰੀ

**ਚੰਡੀਗੜ੍ਹ** : ਪੰਜਾਬ ਆਰਮਡ ਪੁਲਸ (ਪੀ ਏ ਪੀ) ਦੀ 82 ਬਟਾਲੀਅਨ, ਸੈਕਟਰ-1, ਚੰਡੀਗੜ੍ਹ ਦੇ ਜੀ ਓ ਮੈੱਸ ਦੇ ਗੇਟ ਤੋਂ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਨਾਲ ਸੰਬੰਧਤ ਲਗਭਗ 300 ਕਿਲੋ ਭਾਰੀ ਅਤੇ ਲਗਭਗ 3 ਫੁੱਟ ਲੰਬਾਈ ਵਾਲੀ ਇਤਿਹਾਸਕ ਤੋਪ ਚੋਰੀ ਹੋ ਗਈ। ਇਹ ਤੋਪ 5 ਮਈ ਦੀ ਰਾਤ ਨੂੰ ਚੋਰੀ ਹੋ ਗਈ ਸੀ। ਕੇਸ ਦਰਜ ਕਰ ਲਿਆ ਹੈ।

ਇਸ ਚੋਰੀ 'ਚ ਕਰੀਬ 5 ਲੋਕਾਂ ਦੇ ਸ਼ਾਮਲ ਹੋਣ ਦਾ ਖਦਸ਼ਾ ਹੈ। ਫਿਲਹਾਲ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਹ ਪੁਰਾਤਨ ਤੋਪ ਪਿੱਤਲ ਦੀ ਬਣੀ ਹੋਈ ਹੈ, ਇਸ ਦਾ ਭਾਰ ਲਗਭਗ 200 ਤੋਂ 300 ਕਿਲੋ ਹੈ। ਬਟਾਲੀਅਨ ਕਮਾਂਡੈਂਟ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ। 82 ਬਟਾਲੀਅਨ ਪੰਜਾਬ ਦੇ ਵੀ ਵੀ ਆਈ ਪੀ ਲੋਕਾਂ ਦੀ ਸੁਰੱਖਿਆ ਦਾ ਧਿਆਨ ਰੱਖਦੀ ਹੈ। ਪੁਲਸ ਦਾ ਕਹਿਣਾ ਹੈ ਕਿ ਇਹ ਤੋਪ ਬਹੁਤ ਭਾਰੀ ਹੈ ਅਤੇ ਕੋਈ ਵੀ ਵਿਅਕਤੀ ਇਸ ਨੂੰ ਚੋਰੀ ਨਹੀਂ ਕਰ ਸਕਦਾ। ਇਸ 'ਚ 4 ਤੋਂ 5 ਲੋਕਾਂ ਦੇ ਸ਼ਾਮਲ ਹੋਣ ਦੀ ਸੰਭਾਵਨਾ ਹੈ।

ਜਾਣਕਾਰੀ ਅਨੁਸਾਰ ਇਹ ਵਿਰਾਸਤੀ ਤੋਪ ਪੰਜਾਬ ਆਰਮਡ ਪੁਲਸ ਦੀ ਬਹੁਤ ਹੀ ਮਹੱਤਵਪੂਰਨ ਵਿਰਾਸਤ ਸੀ। ਇਸ ਨੂੰ ਕਰੀਬ ਡੇਢ ਸਾਲ ਪਹਿਲਾਂ 82 ਬਟਾਲੀਅਨ ਦੇ ਸਟੋਰ ਰੂਮ 'ਚ ਤਬਦੀਲ ਕਰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਇਸ ਨੂੰ ਇੱਕ ਵਾਰ ਫਿਰ ਲੋਕਾਂ ਦੇ ਸਾਹਮਣੇ ਪ੍ਰਦਰਸ਼ਤ ਕੀਤਾ ਗਿਆ। ਜਿਸ ਥਾਂ ਇਸ ਤੋਪ ਨੂੰ ਰੱਖਿਆ ਗਿਆ ਸੀ, ਉੱਥੇ ਕੋਈ ਸੀ ਸੀ ਟੀ ਵੀ ਕੈਮਰਾ ਨਹੀਂ ਸੀ। ਅਜਿਹੇ 'ਚ ਪੁਲਸ ਲਈ ਦੋਸ਼ੀਆਂ ਨੂੰ ਲੱਭਣਾ ਮੁਸ਼ਕਲ ਹੋ ਗਿਆ ਹੈ।



ਗਰਮੀ ਤੇਜ਼ ਹੋ ਗਈ ਹੈ। ਉਸ ਦੇ ਨਾਲ ਹੀ ਕਈ ਤਰ੍ਹਾਂ ਦੀਆਂ ਕਿਸਮਾਂ ਦੇ ਅੰਬ ਵੀ ਮਾਰਕੀਟ 'ਚ ਆ ਗਏ ਹਨ। ਪੱਛਮੀ ਬੰਗਾਲ ਦੇ ਨਾਦਿਆ 'ਚ ਅੰਬਾਂ ਨੂੰ ਸੜਕ ਕਿਨਾਰੇ ਵੇਚਦਾ ਇੱਕ ਵਿਅਕਤੀ।

## ਜੇਲ੍ਹ 'ਚ ਸੁੱਟ ਕੇ ਵਿਚਾਰਧਾਰਾ ਨੂੰ ਕੁਚਲਿਆ ਨਹੀਂ ਜਾ ਸਕਦਾ : ਇਮਰਾਨ



**ਇਸਲਾਮਾਬਾਦ** : ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਭਾਰੀ ਸੰਕਟ ਦੇ ਦੌਰ 'ਚੋਂ ਲੰਘ ਰਹੇ ਹਨ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਨੇ ਲੋਕਾਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਜੇਲ੍ਹ 'ਚ ਸੁੱਟ ਕੇ ਵਿਚਾਰਧਾਰਾ ਨੂੰ ਕੁਚਲਿਆ ਨਹੀਂ ਜਾ ਸਕਦਾ। ਮੈਨੂੰ ਐੱਨ ਆਰ ਓ ਦੀ ਜ਼ਰੂਰਤ ਨਹੀਂ, ਮੈਂ ਪਾਕਿਸਤਾਨ ਨਹੀਂ ਛੱਡਾਂਗਾ। ਐੱਨ ਆਰ ਓ ਉਹ ਲੋਕ ਲੈਂਦੇ ਹਨ, ਜਿਨ੍ਹਾਂ ਦਾ ਪੈਸਾ ਵਿਦੇਸ਼ਾਂ 'ਚ ਹੈ। ਉਹਨਾ ਕਿਹਾ ਕਿ ਜੋ ਕੋਈ ਪਾਰਟੀ ਨੇਤਾਵਾਂ ਖਿਲਾਫ਼ ਕਾਰਵਾਈ ਕਰ ਰਿਹਾ ਹੈ, ਉਹ ਮੇਰੀ ਇਸ ਗੱਲ ਨੂੰ ਯਾਦ ਰੱਖੇ ਕਿ ਇਸ ਨਾਲ ਪਾਰਟੀ ਦਾ ਵੋਟ ਬੈਂਕ ਹੀ ਵਧੇਗਾ ਅਤੇ ਇਸ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ। ਪਾਰਟੀ ਛੱਡ ਕੇ ਜਾਣ ਵਾਲੇ ਨੇਤਾਵਾਂ ਖਿਲਾਫ਼ ਵੀ ਇਮਰਾਨ ਨੇ ਤਨਜ਼ ਕੱਸਦੇ ਹੋਏ ਕਿਹਾ ਕਿ ਜਦ ਪਾਰਟੀ ਦਾ ਵੋਟ ਬੈਂਕ 70 ਫੀਸਦੀ ਤੋਂ ਜ਼ਿਆਦਾ ਹੋਵੇ, ਤਾਂ ਕਿਸੇ ਦੇ ਆਉਣ ਜਾਂ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ। ਖਾਨ ਜਿਸ ਸਮੇਂ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ, ਉਸ ਸਮੇਂ ਉਨ੍ਹਾ ਦਾ ਸੰਬੋਧਨ ਟੀ ਵੀ 'ਤੇ ਲਾਈਵ ਨਹੀਂ ਕੀਤਾ ਗਿਆ। ਸਵਾਲ ਉਠਾਉਂਦੇ ਹੋਏ ਉਹਨਾ ਕਿਹਾ ਕਿ ਉਨ੍ਹਾ ਦੇ ਸੰਬੋਧਨ ਨੂੰ ਟੈਲੀਵਿਜ਼ਨ 'ਤੇ ਲਾਈਵ ਨਹੀਂ ਕੀਤਾ ਜਾ ਰਿਹਾ, ਕਿਉਂਕਿ ਇਸ ਨਾਲ ਵੱਧ ਤੋਂ ਵੱਧ ਲੋਕ ਉਨ੍ਹਾਂ 'ਤੇ ਹੋ ਰਹੇ ਜ਼ੁਲਮ ਨੂੰ ਸੁਣ ਤੇ ਦੇਖ ਸਕਣਗੇ। ਇਮਰਾਨ ਨੇ ਕਿਹਾ ਕਿ ਇਹ ਜਮਾਨ ਪਾਰਕ ਹੈ, ਜੋ ਸਭ ਤੋਂ ਜ਼ਿਆਦਾ ਦਰਸ਼ਕਾਂ ਦੀ ਗਿਣਤੀ ਬਟੋਰਦਾ ਹੈ, ਪਰ ਫਿਰ ਵੀ ਮੇਰੇ ਸੰਬੋਧਨ ਨੂੰ ਪ੍ਰਸਾਰਤ ਨਹੀਂ ਕੀਤਾ ਜਾਵੇਗਾ। ਉਨ੍ਹਾ ਆਪਣੇ ਸੰਬੋਧਨ 'ਚ ਪ੍ਰਸ਼ਨ ਕਰਦੇ ਹੋਏ ਕਿਹਾ ਕਿ ਕੀ ਅਸੀਂ ਆਪਣੇ ਕਾਰਜਕਾਲ 'ਚ ਕਦੀ ਇਸ ਦਾ ਸਹਾਰਾ ਲਿਆ?

## ਹੇਮਕੁੰਟ ਸਾਹਿਬ ਦੇ ਕਿਵਾੜ ਖੁੱਲ੍ਹੇ, ਹਜ਼ਾਰਾਂ ਸ਼ਰਧਾਲੂ ਪੁੱਜੇ



**ਦੇਹਰਾਦੂਨ** : ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸ਼ਨੀਵਾਰ ਸਿੱਖ ਸੰਗਤ ਲਈ ਖੋਲ੍ਹ ਦਿੱਤੇ ਅਤੇ ਗੁਰਮਤਿ ਮਰਿਆਦਾ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦਾ ਪ੍ਰਕਾਸ਼ ਕੀਤਾ ਗਿਆ। ਗੁਰਦੁਆਰੇ ਦੇ ਕਿਵਾੜ ਖੁੱਲ੍ਹਣ ਨਾਲ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਰਸਮੀ ਸ਼ੁਰੂਆਤ ਹੋ ਗਈ। ਪੰਜ ਪਿਆਰਿਆਂ ਦੀ ਅਗਵਾਈ ਹੇਠ ਅਤੇ ਸਿੱਖ ਸੰਗਤ ਦੇ ਜੈਕਾਰਿਆਂ ਦੀ ਗੂੰਜ ਹੇਠ ਸੁਖ ਆਸਨ ਤੋਂ ਪਾਵਨ ਸਰੂਪ ਨੂੰ ਗੁਰਦੁਆਰੇ 'ਚ ਪ੍ਰਕਾਸ਼ ਕਰਨ ਲਈ ਲਿਆਂਦਾ। ਪ੍ਰਕਾਸ਼ ਕਰਨ ਮਗਰੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਪਹਿਲੀ ਅਰਦਾਸ ਤੇ ਪਹਿਲਾ ਹੁਕਮਨਾਮਾ ਲਿਆ ਗਿਆ। ਬਾਅਦ 'ਚ ਕੀਰਤਨ ਚਲਦਾ ਰਿਹਾ। ਗੁਰਦੁਆਰਾ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਸ਼ਨੀਵਾਰ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਦਰਸਨਾਂ ਲਈ ਦੋ ਹਜ਼ਾਰ ਸਿੱਖ ਸ਼ਰਧਾਲੂ ਪੁੱਜੇ ਹਨ। ਸਾਲਾਨਾ ਯਾਤਰਾ ਲਈ ਸੰਗਤ ਵਿੱਚ ਭਾਰੀ ਉਤਸਾਹ ਹੈ। ਉਤਰਾਖੰਡ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਵੀ ਯਾਤਰਾ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਟਰੱਸਟ ਵੱਲੋਂ ਵੱਖ-ਵੱਖ ਗੁਰਦੁਆਰਿਆਂ ਵਿਚ ਆਉਣ ਵਾਲੀ ਸੰਗਤ ਵਾਸਤੇ ਰਿਹਾਇਸ਼, ਲੰਗਰ ਤੇ ਹੋਰ ਪ੍ਰਬੰਧ ਕੀਤੇ ਗਏ ਹਨ।

## ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਸਿੱਖ ਮਸਲਿਆਂ ਸੰਬੰਧੀ ਅਹਿਮ ਫੈਸਲੇ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ 'ਚ ਜੰਤਰ ਮੰਤਰ ਵਿਖੇ ਧਰਨੇ 'ਤੇ ਬੈਠੇ ਓਲੰਪੀਅਨ ਭਲਵਾਨਾਂ ਦੇ ਸੰਘਰਸ਼ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਸ਼ਨੀਵਾਰ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇੱਕ ਪਾਸੇ ਸਰਕਾਰਾਂ ਬੱਚੀਆਂ ਨੂੰ ਉੱਚਾ ਚੁੱਕਣ ਦੀ ਗੱਲ ਕਰਦੀਆਂ ਹਨ, ਦੂਜੇ ਪਾਸੇ ਦੇਸ਼ ਦਾ ਨਾਂਅ ਰੋਸ਼ਨ ਕਰਨ ਵਾਲੀਆਂ ਲੜਕੀਆਂ ਕੇਂਦਰ ਸਰਕਾਰ ਦੇ ਬੂਹਾਂ 'ਤੇ ਬੈਠ ਕੇ ਇਨਸਾਫ਼ ਲਈ ਲੜ ਰਹੀਆਂ ਹਨ। ਐਡਵੋਕੇਟ ਧਾਮੀ ਨੇ ਆਖਿਆ ਕਿ ਸਿੱਖ ਕੌਮ ਆਪਣੇ ਇਤਿਹਾਸ, ਰਵਾਇਤਾਂ ਅਤੇ ਪਰੰਪਰਾਵਾਂ ਦੀ ਤਰਜਮਾਨੀ ਕਰਦਿਆਂ ਇਨ੍ਹਾਂ ਸੰਘਰਸ਼ੀ ਖਿਡਾਰਣਾਂ ਦਾ ਸਮਰਥਨ ਕਰਦੀ ਹੈ। ਜਲਦ ਹੀ ਇਨ੍ਹਾਂ ਖਿਡਾਰਨਾਂ ਨੂੰ ਮਿਲਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਵਫ਼ਦ ਦਿੱਲੀ ਭੇਜਿਆ ਜਾਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਕੱਤਰਤਾ ਦੇ ਹੋਰ ਫੈਸਲਿਆਂ ਬਾਰੇ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਸਿੱਖ ● ਬਾਕੀ ਸਫ਼ਾ 10 'ਤੇ

## ਅੱਜ-ਨਾਮਾ

ਟੱਕਰ ਕੇਂਦਰ ਨਾਲ ਦਿੱਲੀ ਦੀ ਹੋਈ ਤਿੱਖੀ,
ਮੁੜ-ਘਿੜ ਜਾਵਣ ਅਦਾਲਤਾਂ ਵੱਲ ਮੀਆਂ।
ਚੁੱਕਦੀ ਧਿਰ ਜਦ ਇੱਕ ਹੈ ਕਦਮ ਅਗਲਾ,
ਸਕਦੀ ਧਿਰ ਨਹੀਂ ਦੂਜੀ ਉਹ ਝੱਲ ਮੀਆਂ।
ਪਬਲਿਕ ਦਿੱਲੀ ਦੀ ਦੋਵਾਂ ਵਿਚਕਾਰ ਫਾਥੀ,
ਨਿਕਲਦਾ ਰਤਾ ਨਹੀਂ ਜਾਪਦਾ ਹੱਲ ਮੀਆਂ।
ਤਿੱਖੇ ਬੋਲਣ ਲਈ ਮਾਹਰ ਆ ਧਿਰਾਂ ਦੋਵੇਂ,
ਕਰਦਾ ਸੰਭਲ ਕੇ ਕੋਈ ਨਹੀਂ ਗੱਲ ਮੀਆਂ।
ਹੋ ਗਿਆ ਹਾਦਸਾ ਭਲਕ ਨੂੰ ਕੋਈ ਕਿਧਰੇ,
ਹਰ ਕੋਈ ਦੂਸਰੇ ਨੂੰ ਦੇਊਗਾ ਦੋਸ਼ ਮੀਆਂ।
ਵਿੱਚ ਦਿੱਲੀ ਦੇ ਕਾਇਮ ਰਹੇ ਸੁੱਖ-ਸ਼ਾਂਤੀ,
ਇਹਦੀ ਹਾਲੇ ਨਹੀਂ ਕਿਸੇ ਨੂੰ ਹੋਸ਼ ਮੀਆਂ।

-ਤੀਸ ਮਾਰ ਖਾਂ

## ਅਸਲੇ ਸਮੇਤ ਅੰਤਰਰਾਜੀ ਗਰੋਹ ਦਾ ਪਰਦਾ ਫਾਸ਼, 4 ਮੈਂਬਰ ਗ੍ਰਿਫ਼ਤਾਰ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**

ਅਵਨੀਤ ਕੌਂਡਲ ਸੀਨੀਅਰ ਪੁਲਸ ਕਪਤਾਨ ਖੰਨਾ ਨੇ ਦੱਸਿਆ ਕਿ ਖੰਨਾ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ, ਜਦੋਂ 4 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਕੋਲੋਂ 8 ਪਿਸਤੌਲਾਂ ਦੀ ਬਰਾਮਦਗੀ ਕੀਤੀ ਗਈ। ਉਨ੍ਹਾ ਦੱਸਿਆ ਕਿ ਮੰਜੀ ਸਾਹਿਬ ਕੋਟਾਂ ਬੀਜਾ ਪੁਲ ਹੇਠਾਂ ਐੱਸ ਐੱਚ ਓ ਸਦਰ ਹਰਦੀਪ ਸਿੰਘ ਪੁਲਸ ਪਾਰਟੀ ਸਮੇਤ ਵਾਹਨਾਂ ਦੀ ਚੈਕਿੰਗ ਕਰ ਰਹੇ ਸਨ। ਉਸ ਸਮੇਂ ਉਨ੍ਹਾ ਨੂੰ ਕਿਸੇ ਮੁਖਬਰ ਨੇ ਇਤਲਾਹ ਦਿੱਤੀ ਕਿ ਚਾਰ-ਪੰਜ ਵਿਅਕਤੀ ਵੈਨਿਊ ਕਾਰ ਪੀ ਬੀ 18 ਐੱਕਸ 8135 ਵਿਚ ਸਵਾਰ ਹੋ ਕੇ ਦਿੱਲੀ ਸਾਈਡ ਤੋਂ ਲੁਧਿਆਣਾ ਵੱਲ ਜਾ ਰਹੇ ਹਨ, ਜਿਨ੍ਹਾਂ ਕੋਲ ਗੈਰ-ਕਨੂੰਨੀ ਅਸਲਾ ਹੈ। ਇਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਜੀ ਟੀ ਰੋਡ ਪਿੰਡ ਮੰਡਿਆਲਾ ਕਲਾਂ ਨੇੜੇ ਨਾਕਾਬੰਦੀ ਕਰਕੇ ਗੱਡੀਆਂ ਦੀ ਚੈਕਿੰਗ ਕੀਤੀ ਗਈ। ਜਿਸ ਦੌਰਾਨ ਦਿੱਲੀ ਵੱਲੋਂ ਆ ਰਹੀ ਵੈਨਿਊ ਕਾਰ ਨੂੰ ਰੋਕਿਆ ਤਾਂ ਉਸ ਵਿੱਚ ਚਾਰ ਵਿਅਕਤੀ ਬੈਠੇ ਸਨ। ਪੁਲਸ ਪਾਰਟੀ ਵੱਲੋਂ ਪੁੱਛਣ 'ਤੇ ਉਨ੍ਹਾਂ ਆਪਣਾ ਨਾਂਅ ਹਰਦੇਵ ਉਰਫ ਸਿੰਘ ਪੁੱਤਰ ਜੋਗਿੰਦਰ ਸਿੰਘ, ਰਵਿੰਦਰਪਾਲ ਪੁੱਤਰ ਗੁਰਮੀਤ ਸਿੰਘ, ਮਨਪ੍ਰੀਤ ਸਿੰਘ ਪੁੱਤਰ ਸਰੂਪ ਸਿੰਘ ਵਾਸੀ ਪਿੰਡ ਪੁਰੀਆਂ ਕਲਾਂ, ਥਾਣਾ ਸਦਰ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਅਤੇ ਧਰਮਪ੍ਰੀਤ ਸਿੰਘ ਉਰਫ ਮੋਟਾ ਪੁੱਤਰ ਮੱਸਾ ਸਿੰਘ ਵਾਸੀ ਪਿੰਡ ਚਿੱਤ, ਥਾਣਾ ਸਦਰ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਦੱਸਿਆ। ਤਲਾਸ਼ੀ ਦੌਰਾਨ ਇਹਨਾਂ ਕੋਲੋਂ ਇਕ-ਇਕ ਪਿਸਤੌਲ ਸਮੇਤ ਮੈਗਜ਼ੀਨ ਕੁਲ ਤਿੰਨ ਪਿਸਤੌਲ 32 ਬੋਰ ਸਮੇਤ ਤਿੰਨ ਖਾਲੀ ਮੈਗਜ਼ੀਨ ਬਰਾਮਦ ਕੀਤੇ। ਉਕਤ ਮੁਲਜ਼ਮਾਂ ਦਾ ਚਾਰ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ। ਪੁੱਛਗਿੱਛ ਇਹ ਗੱਲ ਸਾਹਮਣੇ ਆਈ ਕਿ ਹਰਦੇਵ ਸਿੰਘ ਦਾ ਸੰਬੰਧ ਪਵਿੱਤਰ ਹੁਸਨ ਦੀਪ ਗੈਂਗ ਨਾਲ ਹੈ, ਜੋ ਕਿ ਅੰਮ੍ਰਿਤਸਰ ਜੇਲ੍ਹ ਵਿੱਚ ਮਿਲੇ ਸਨ। ਇਸ ਤੋਂ ਬਾਅਦ ਹਰਦੇਵ ਸਿੰਘ ਨੇ ਅਸਲੇ ਦੀ ਅੰਤਰਰਾਜੀ ਸਪਲਾਈ ਸ਼ੁਰੂ ਕਰ ਦਿੱਤੀ ਅਤੇ ਵੱਡੇ ਪੱਧਰ 'ਤੇ ਨਸ਼ੇ ਵੇਚਣੇ ਸ਼ੁਰੂ ਕਰ ਦਿੱਤੇ। ਇਸ ਖਿਲਾਫ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਐੱਨ ਡੀ ਪੀ ਐਸ ਐਕਟ ਅਧੀਨ ਮੁਕੱਦਮੇ ਦਰਜ ਹਨ। ਇਹ ਕਾਫੀ ਸਮੇਂ ਤੋਂ ਇਹਨਾਂ ਮੁਕੱਦਮਿਆਂ ਵਿਚ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤਾ ਹੋਇਆ ਹੈ। ਪੁੱਛਗਿੱਛ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਰਵਿੰਦਰਪਾਲ ਸਿੰਘ ਦਰਮਨ ਕਾਹਲੋਂ ਗਰੁੱਪ ਦਾ ਖਾਸ ਗੁਰਗਾ ਹੈ, ਜਿਸ ਖਿਲਾਫ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿਚ ਐੱਨ ਡੀ ਪੀ ਐੱਸ ਅਸਲਾ ਐਕਟ ਅਤੇ ਇਰਾਦਾ ਕਤਲ ਤਹਿਤ ਮੁਕੱਦਮੇ ਦਰਜ ਹਨ। ਰਵਿੰਦਰ ਪਾਲ ਸਿੰਘ ਦੀ ਨਿਸ਼ਾਨਦੇਹੀ 'ਤੇ ਤਿੰਨ ਪਿਸਤੌਲ 32 ਬੋਰ, ਪੰਜ ਮੈਗਜ਼ੀਨ ਅਤੇ 3 ਜ਼ਿੰਦਾ ਰੌਂਦ ਉਸ ਦੇ ਖੇਤਾਂ ਵਿੱਚ ਬਣੇ ਡੇਰੇ ਤੋਂ ਬਰਾਮਦ ਕੀਤੇ ਹਨ। ਰਵਿੰਦਰ ਸਿੰਘ ਨੇ ਇਹ ਪਿਸਤੌਲ ਇੰਦੌਰ ਜੇਲ੍ਹ ਵਿੱਚ ਬੰਦ ਉਸ ਦੇ ਇਕ ਸਾਥੀ ਰਾਹੀਂ ਖਰੀਦੇ ਸਨ। ਉਸ ਨੂੰ ਵੀ ਜੇਲ੍ਹ ਵਿਚੋਂ ਲਿਆ ਕੇ ਮੁਕੱਦਮੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਦੀ ਨਿਸ਼ਾਨਦੇਹੀ 'ਤੇ ਦੋ ਪਿਸਤੌਲ 32 ਬੋਰ, ਪੰਜ ਮੈਗਜ਼ੀਨ, 2 ਜ਼ਿੰਦਾ ਰੌਂਦ ਬਰਾਮਦ ਕੀਤੇ ਹਨ।



ਜਾਣਕਾਰੀ ਦਿੰਦੇ ਪੁਲਸ ਅਧਿਕਾਰੀ।

## ਫੌਜ ਨੇ ਸਿੱਕਮ 'ਚ ਫਸੇ 400 ਸੈਲਾਨੀਆਂ ਨੂੰ ਬਚਾਇਆ



**ਗੰਗਟੋਕ** : ਭਾਰਤੀ ਫੌਜ ਨੇ ਸਿੱਕਮ 'ਚ ਬਾਰਿਸ਼ ਕਾਰਨ ਢਿੱਗਾਂ ਡਿੱਗਣ ਅਤੇ ਸੜਕਾਂ ਟੁੱਟਣ ਕਾਰਨ ਫਸੇ ਮਹਿਲਾਵਾਂ ਅਤੇ ਬੱਚਿਆਂ ਸਮੇਤ 400 ਸੈਲਾਨੀਆਂ ਨੂੰ ਬਚਾਇਆ। ਸੁਰੱਖਿਆ ਅਧਿਕਾਰੀਆਂ ਨੇ ਸ਼ਨੀਵਾਰ ਇਹ ਜਾਣਕਾਰੀ ਦਿੱਤੀ। ਲੈਫਟੀਨੈਂਟ ਕਰਨਲ ਮਹਿੰਦ ਰਾਵਤ ਨੇ ਕਿਹਾ—ਸ਼ੁੱਕਰਵਾਰ ਮੰਗਨ ਜ਼ਿਲ੍ਹੇ ਦੇ ਲਾਚੇਨ, ਲਾਚੁੰਗ ਅਤੇ ਚੁੰਗਥਾਂਗ 'ਚ ਭਾਰੀ ਬਾਰਿਸ਼ ਹੋਈ, ਜਿਸ ਦੇ ਚਲਦੇ ਲਗਭਗ 400 ਸੈਲਾਨੀ, ਜੋ ਲਾਚੁੰਗ ਅਤੇ ਲਾਚੇਨ ਘਾਟੀ ਦੀ ਯਾਤਰਾ ਕਰ ਰਹੇ ਸਨ, ਢਿੱਗਾਂ ਡਿੱਗਣ ਕਾਰਨ ਰਸਤਾ ਬੰਦ ਹੋ ਗਿਆ, ਜਿਸ ਕਾਰਨ ਚੁੰਗਥਾਂਗ 'ਚ ਲੋਕ ਫਸ ਗਏ। ਉਨ੍ਹਾ ਕਿਹਾ ਕਿ ਚੁੰਗਥਾਂਗ ਦੇ ਉਪ ਮੈਜਿਸਟ੍ਰੇਟ ਦੇ ਕਹਿਣ 'ਤੇ ਫੌਜ ਦੇ ਤ੍ਰਿਸ਼ਕਤੀ ਕੋਰ ਦੇ ਜਵਾਨਾਂ ਨੇ ਕਾਰਵਾਈ ਕੀਤੀ ਅਤੇ ਫਸੇ ਲੋਏ ਸੈਲਾਨੀਆਂ ਨੂੰ ਸੁਰੱਖਿਅਤ ਕੱਢ ਲਿਆ। 113 ਔਰਤਾਂ ਅਤੇ 54 ਬੱਚਿਆਂ ਸਮੇਤ ਫਸੇ ਹੋਏ ਸੈਲਾਨੀਆਂ ਨੂੰ ਬਚਾਉਣ ਤੋਂ ਬਾਅਦ ਵੱਖ-ਵੱਖ ਫੌਜ ਦੇ ਕੈਂਪਾਂ 'ਚ ਭੇਜਿਆ ਗਿਆ, ਜਿੱਥੇ ਉਨ੍ਹਾਂ ਨੂੰ ਖਾਣ-ਪੀਣ ਅਤੇ ਗਰਮ ਕੱਪੜੇ ਮੁਹੱਈਆ ਕਰਵਾਏ ਗਏ।

# ਸ਼ਰਧਾ ਭਾਵਨਾ ਨਾਲ ਮਨਾਇਆ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ਦਿਹਾੜਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਮੁੱਖੀ ਰਹੇ ਯੁੱਧਵੀਰ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ 305ਵਾਂ ਜਨਮ ਦਿਹਾੜਾ ਬੁੱਢਾ ਦਲ ਦੇ 14ਵੇਂ ਮੁੱਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਛਾਉਣੀ ਬੁੱਢਾ ਦਲ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਪੂਰਨ ਸ਼ਰਧਾ ਸਤਿਕਾਰ ਸਹਿਤ ਅਤੇ ਖਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ। ਜਨਮ ਦਿਹਾੜੇ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਸ. ਆਹਲੂਵਾਲੀਆ ਦੇ ਲੱਗੇ ਬੁੱਤ 'ਤੇ ਫੁੱਲਾਂ ਦੇ ਹਾਰ ਪਾ ਕੇ ਖਾਲਸਾਈ ਜੈਕਾਰੇ ਗੁੰਜਾਏ ਗਏ। ਇਸ ਮੌਕੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਮੁੱਖੀ ਬੁੱਢਾ ਦਲ ਵੱਲੋਂ ਉਨ੍ਹਾਂ ਦੇ ਜਨਮ ਦਿਨ ਤੇ ਸਮੂੰਹ ਸੰਗਤਾਂ ਨੂੰ ਵਧਾਈ ਦਿਤੀ ਤੇ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣ ਦੀ ਅਪੀਲ ਵੀ ਕੀਤੀ ਹੈ। ਸ. ਹਰਪਾਲ ਸਿੰਘ ਆਹਲੂਵਾਲੀਆ, ਹਰਪ੍ਰੀਤ ਸਿਮਘ ਆਹਲੂਵਾਲੀਆ ਨੇ ਸਾਂਝੇ ਤੌਰ 'ਤੇ ਕਿਹਾ ਕਿ ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ 305ਵਾਂ ਜਨਮ ਦਿਹਾੜਾ ਬੁੱਢਾ ਦਲ ਦੀ ਅਗਵਾਈ ਵਿੱਚ ਸੁਲਤਾਨ-ਉਲ-ਕੌਮ ਬਾਬਾ ਜੱਸਾ ਸਿੰਘ ਆਹਲੂਵਾਲੀਆ ਫੈਡਰੇਸ਼ਨ ਵੱਲੋਂ ਮਨਾਇਆ ਗਿਆ ਹੈ। ਸ. ਮਨਮੋਹਨ ਸਿੰਘ ਆਹਲੂਵਾਲੀਆ ਵੱਲੋਂ ਠੰਡੀ ਮਿੱਠੀ ਲੱਸੀ ਦੀ ਛਬੀਲ ਵੀ ਲਗਾਈ ਗਈ। ਇਸ ਮੌਕੇ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ, ਨਵਦੀਪ ਸਿੰਘ ਜਿੰਮੀਂ ਆਹਲੂਵਾਲੀਆ, ਰਾਜਿੰਦਰ ਸਿੰਘ ਮਰਵਾਹ ਸ਼ਹਿਰੀ ਪ੍ਰਧਾਨ ਮੰਤਰੀ, ਗੁਰਪ੍ਰਤਾਪ ਸਿੰਘ ਟਿੱਕਾ ਸ਼ਹਿਰੀ ਪ੍ਰਧਾਨ, ਜਸਵਿੰਦਰ ਸਿੰਘ ਦੀਨਪੁਰ, ਪਰਮਜੀਤ ਸਿੰਘ ਬਾਜਵਾ, ਨਰਿੰਦਰ ਸਿੰਘ ਧੰਜਲ, ਅਮਰਬੀਰ ਸਿੰਘ ਢੋਟ ਫੈਡਰੇਸ਼ਨ ਆਗੂ, ਜਗਦੀਸ਼ ਸਿੰਘ ਵਡਾਲਾ, ਮਧੂਪਾਲ ਸਿੰਘ ਗੋਗਾ, ਰਣਜੀਤ ਸਿੰਘ ਦੋਸਾਂਝ, ਹਰਿੰਦਰ ਸਿੰਘ ਸ਼ਹਿ, ਸੁਖਪਾਲ ਸਿੰਘ ਬਾਜਵਾ, ਪ੍ਰਿੰਸ ਸੋਢੀ, ਹਰਪ੍ਰੀਤ ਸਿੰਘ ਸੋਢੀ, ਬਲਜੀਤ ਸਿੰਘ ਆਹਲੂਵਾਲੀਆ, ਇੰਜਿਨਰ ਨਰਿੰਦਰਪਾਲ ਸਿੰਘ ਆਹਲੂਵਾਲੀਆ, ਮਨਦੀਪ ਸਿੰਘ ਲੱਕੀ, ਐਡਵੋਕੇਟ ਪੀ. ਐਸ. ਤੇਗ, ਐਸ. ਐਸ ਤੇਗ, ਕੋਮਲਪ੍ਰੀਤ ਸਿੰਘ ਰੋਜ਼ਾ, ਜਤਿੰਦਰ ਸਿੰਘ ਵਾਲੀਆ, ਪ੍ਰਭਜੋਤ ਸਿੰਘ ਆਹਲੂਵਾਲੀਆ, ਅਮਰਜੀਤ ਸਿੰਘ, ਸਿਮਰਨਜੀਤ ਸਿੰਘ ਆਹਲੂਵਾਲੀਆ, ਬਾਬਾ ਭਗਤ ਸਿੰਘ, ਬਾਬਾ ਅਮਰੀਕ ਸਿੰਘ, ਬਾਬਾ ਗੁਰਲਾਲ ਸਿੰਘ ਆਦਿ ਹਾਜ਼ਰ ਸਨ।

# ਡਾ. ਨਵਸ਼ਰਨ ਨੂੰ ਈ ਡੀ ਪ੍ਰੇਸ਼ਾਨ ਕਰਨਾ ਬੰਦ ਕਰੇ: ਰਜਿੰਦਰ ਪਾਲ ਕੌਰ, ਜਸਪਾਲ ਭਾਟੀਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਇਸਤਰੀ ਸਭਾ ਅਤੇ ਨਾਰੀ ਚੇਤਨਾ ਮੰਚ ਨੇ ਇਕ ਸਾਂਝੀ ਮੀਟਿੰਗ ਵਿੱਚ ਡਾਕਟਰ ਨਵਸ਼ਰਨ ਨੂੰ ਈ. ਡੀ. ਵੱਲੋ ਕੀਤੀ ਗਈ ਪੁੱਛਗਿੱਛ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਔਰਤਾਂ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੀ ਡਾਕਟਰ ਨੂੰ ਤੰਗ ਪਰੇਸ਼ਾਨ ਕਰਨਾ ਤੁਰੰਤ ਬੰਦ ਕੀਤਾ ਜਾਵੇ।

ਇਸ ਮੀਟਿੰਗ ਨੂੰ ਪੰਜਾਬ ਇਸਤਰੀ ਸਭਾ ਦੇ ਸੂਬਾ ਸਰਪ੍ਰਸਤ ਨਰਿੰਦਰਪਾਲ, ਸੂਬਾ ਜਨਰਲ ਸਕੱਤਰ ਰਜਿੰਦਰਪਾਲ ਕੌਰ, ਨਾਰੀ ਚੇਤਨਾ ਮੰਚ ਦੇ ਪ੍ਰਧਾਨ ਜਸਪਾਲ ਭਾਟੀਆ ਅਤੇ ਕਾਰਜਕਾਰਨੀ ਮੈਂਬਰ ਸਿਮਰਜੀਤ ਕੌਰ ਨੇ ਸੰਬੋਧਨ ਕਰਦਿਆਂ ਡਾ. ਨਵਸ਼ਰਨ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਵਰਨਣਯੋਗ ਹੈ ਕਿ ਡਾ. ਨਵਸ਼ਰਨ ਕੌਰ ਇਕ ਉੱਘੇ ਸਮਾਜਿਕ ਕਾਰਕੁੰਨ ਅਤੇ ਰਿਸਰਚ ਸਕਾਲਰ ਹਨ। ਉਹ ਮੋਦੀ ਸਰਕਾਰ ਦੇ ਗਲਤ ਫੈਸਲਿਆਂ ਦਾ ਖੁੱਲ੍ਹ ਕੇ ਵਿਰੋਧ ਕਰਦੇ ਹਨ। ਉਹ ਆਪਣੀ ਲੇਖਣੀ ਵਿੱਚ ਔਰਤਾਂ, ਦਲਿਤਾਂ, ਗਰੀਬਾਂ ਤੇ ਘੱਟ-ਗਿਣਤੀਆਂ 'ਤੇ ਹੋ ਰਹੇ ਜ਼ੁਲਮ ਦੀ ਸਖਤ ਆਲੋਚਨਾ ਕਰਦੇ ਹਨ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ "ਬੇਟੀ ਬਚਾਓ, ਬੇਟੀ ਪੜ੍ਹਾਓ" ਦਾ ਨਾਅਰਾ ਦਿੰਦੀ ਹੈ ਪ੍ਰੰਤੂ ਉਨ੍ਹਾਂ ਦੀ ਸੁਰੱਖਿਆ ਦੀ ਗਰੰਟੀ ਨਹੀਂ ਕਰਦੀ। ਜਿਹੜੀਆਂ ਬੇਟੀਆਂ ਜ਼ੁਲਮ ਦੇ ਖਿਲਾਫ ਬੋਲਦੀਆਂ ਹਨ ਉਨ੍ਹਾਂ ਨੂੰ ਗੌਰੀ ਲੰਕੇਸ਼ ਵਾਂਗ ਜਾਂ ਤਾਂ ਗੋਲੀ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ ਜਾਂ ਝੂਠੇ ਕੇਸਾਂ ਵਿੱਚ ਫਸਾ ਕੇ ਤਸੀਹੇ ਦਿੱਤੇ ਜਾਂਦੇ ਹਨ। ਹੁਣ ਡਾ. ਨਵਸ਼ਰਨ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿਸਦਾ ਦੋਵੇਂ ਜਥੇਬੰਦੀਆਂ ਪੰਜਾਬ ਇਸਤਰੀ ਸਭਾ ਅਤੇ ਨਾਰੀ ਚੇਤਨਾ ਮੰਚ ਨਿਖੇਧੀ ਕਰਦਿਆਂ ਸਰਕਾਰ ਨੂੰ ਚਿਤਾਵਨੀ ਵੀ ਦਿੰਦੀਆਂ ਹਨ ਕਿ ਜੇਕਰ ਡਾ. ਨਵਸ਼ਰਨ ਨੂੰ ਤੰਗ-ਪਰੇਸ਼ਾਨ ਕਰਨਾ ਬੰਦ ਨਾ ਕੀਤਾ ਗਿਆ ਤਾਂ ਸਮੂਹ ਜਥੇਬੰਦੀਆਂ ਸੜਕਾਂ 'ਤੇ ਆਉਣ ਲਈ ਮਜਬੂਰ ਹੋਣਗੀਆਂ। ਭੈਣ ਪ੍ਰਵੀਨ ਨੇ ਇਸ ਜ਼ੁਲਮ ਦੇ ਖਿਲਾਫ ਲੜਾਈ ਦਾ ਸਮਰਥਨ ਕਰਨ ਵਾਲਿਆਂ ਦਾ ਧੰਨਵਾਦ ਕੀਤਾ।

# ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਵਚਨਬੱਧ : ਸ਼ਮਸ਼ੇਰ ਸਿੰਘ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀ ਜਨਤਾ ਨਾਲ ਵਾਅਦਾ ਕੀਤਾ ਸੀ ਕਿ ਪੰਜਾਬ ਦੀ ਸੱਤਾ ਸੰਭਾਲਣ ਤੋਂ ਬਾਅਦ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਿਆ ਜਾਵੇਗਾ। ਇਸੇ ਕੜੀ ਦੇ ਤਹਿਤ ਹੀ ਹਾਈਕਮਾਂਡ ਦੇ ਆਦੇਸ਼ਾਂ ਤੇ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਬਰਿਆਰ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ 41.67 ਲੱਖ ਰੁਪਏ ਦੀ ਲਾਗਤ ਨਾਲ ਨਬਾਰਡ ਸਕੀਮ ਤਹਿਤ ਉਸਾਰੀ ਗਈ ਇਮਾਰਤ ਨੂੰ ਹਲਕਾ ਇੰਚਾਰਜ ਸਮਸ਼ੇਰ ਸਿੰਘ ਨੇ ਇਕ ਸਮਾਗਮ ਦੌਰਾਨ ਸਕੂਲ ਨੂੰ ਸਮਰਪਿਤ ਕੀਤੀ। ਇਸ ਇਮਾਰਤ ਵਿਚ 5 ਕਲਾਸ ਰੂਮ, ਆਰ ਓ ਸਿਸਟਮ, 5 ਪਰੋਜੈਕਟਰ ਅਤੇ 100 ਡੈਸਕ ਆਦਿ ਸ਼ਾਮਿਲ ਹਨ।

ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣੀ ਸ਼ੁਰੂ ਹੋ ਗਈ ਹੈ ਅਤੇ ਜਲਦੀ ਹੀ ਪੰਜਾਬ ਦੇ ਸਕੂਲ ਦਿੱਲੀ ਦੀ ਤਰਜ਼ ਤੇ ਪ੍ਰਾਈਵੇਟ ਸਕੂਲਾਂ ਨੂੰ ਮਾਤ ਪਾਉਣਗੇ। ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਵੱਲੋਂ ਸਕੂਲ ਵਿੱਚ ਰਹਿੰਦੇ ਕੰਮਾਂ ਨੂੰ ਹਲਕਾ ਇੰਚਾਰਜ ਦੇ ਧਿਆਨ ਵਿੱਚ ਲਿਆਉਣ ਮਗਰੋਂ ਹਲਕਾ ਇੰਚਾਰਜ ਨੇ ਤੁਰੰਤ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਉਪਰੋਕਤ ਕੰਮ ਨੇਪਰੇ ਚਾੜ੍ਹਣ ਲਈ ਕਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੋਡਲ ਅਫਸਰ ਅਮਨ ਕੁਮਾਰ, ਪ੍ਰਿੰਸੀਪਲ ਰਮਨ ਪ੍ਰੀਤ ਕੌਰ, ਲੈਕਚਰਾਰ ਰਾਜੇਸ਼ ਕੁਮਾਰ, ਲੈਕਚਰਾਰ ਕੁਲਦੀਪ ਚੰਦ, ਲੈਕਚਰਾਰ ਨਰੇਸ਼ ਕੁਮਾਰ, ਮਾਸਟਰ ਜੁਗਲ ਕਿਸ਼ੋਰ, ਮਾਸਟਰ ਵਿਕਰਮਜੀਤ ਆਦਿ ਹਾਜ਼ਰ ਸਨ।

# ਲੁਧਿਆਣਾ ਵਿਖੇ ਅੱਜ ਕਿੱਥੇ ਕਿੱਥੇ ਬਿਜਲੀ ਬੰਦ ਰਹੇਗੀ

ਲੁਧਿਆਣਾ (ਐਮ.ਐਸ.ਭਾਟੀਆ)- ਪੀ.ਐਸ.ਪੀ.ਸੀ.ਐਲ ਵਲੋਂ ਜਾਰੀ ਪ੍ਰੈਸ ਨੋਟ ਅਨੁਸਾਰ 21 ਮਈ (ਐਤਵਾਰ) ਨੂੰ ਲੁਧਿਆਣਾ ਦੇ 11 ਕੇ ਵੀ ਫੀਡਰ ਬੰਦ ਰਹਿਣਗੇ। ਜ਼ਰੂਰੀ ਰੱਖ-ਰਖਾਅ ਦੇ ਕੰਮ ਕਾਰਨ ਪ੍ਰਭਾਵਿਤ ਖੇਤਰ ਇਹ ਹੋਣਗੇ : ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਸੁਖਮਨੀ ਐਨਕਲੇਵ, ਓਂਕਾਰ ਕਲੋਨੀ, ਦੇਵਕੀ ਸਦਨ, ਮਹਾਵੀਰ ਐਨਕਲੇਵ, ਬਾੜੇਵਾਲ ਰੋਡ। ਸਵੇਰੇ 10 ਵਜੇ ਤੋਂ ਸਾਮ 5:30 ਵਜੇ ਤੱਕ ਭਾਮੀਆਂ, ਬਾਲਾਜੀ ਪ੍ਰੋਸੈਸਰ, ਤਾਜਪੁਰ, ਗੁਰੂ ਨਾਨਕ ਨਗਰ, ਜੈ ਗਣੇਸ਼, ਜਵੰਦ ਐਂਡ ਸੰਨਜ਼। ਸਵੇਰੇ 10 ਵਜੇ ਤੋਂ ਸਾਮ 6 ਵਜੇ ਤੱਕ ਪੀ.ਐਸ.ਪੀ.ਸੀ.ਐਲ ਦਫਤਰ ਦੇ ਨਾਲ, ਨੇੜੇ ਆਰ.ਕੇ. ਰੋਡ, ਟੈਕਸਟਾਈਲ ਕਲੋਨੀ, ਭਾਰਤ ਇੰਜੀਨੀਅਰਿੰਗ ਵਰਕਸ, ਜੂਮ ਹੋਟਲ ਖੇਤਰ ਦੇ ਸਾਹਮਣੇ, ਅਰਵਿੰਦ ਫੋਰਜਿੰਗ ਦੇ ਨਾਲ, ਨੇੜੇ ਰੇਲਵੇ ਲਾਈਨ ਖੇਤਰ ਆਦਿ।

## ਸੂਚਨਾ

ਦੀ ਨਿਊ ਅੰਮ੍ਰਿਤਸਰ ਹਾਊਸਫੈਡ ਕੰਪਲੈਕਸ ਸੀ.ਐਚ.ਬੀ.ਐਸ. ਲਿਮ: ਅੰਮ੍ਰਿਤਸਰ ਦੇ ਸਮੂਹ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਿਤੀ 05-06-2023 ਦਿਨ ਸੋਮਵਾਰ ਤੇ 06-06-2023 ਦਿਨ ਮੰਗਲਵਾਰ ਨੂੰ ਸਵੇਰੇ 9.00 ਵਜੇ ਸਭਾ ਦੇ ਦਫਤਰ ਨਿਊ ਅੰਮ੍ਰਿਤਸਰ ਹਾਊਸਫੈਡ ਕੰਪਲੈਕਸ (ਕਮਿਊਨਿਟੀ ਹਾਲ) ਵਿੱਚ ਹੋਵੇਗੀ। ਇਸ ਲਈ ਸਮੂਹ ਮੈਂਬਰਾਂ ਨੂੰ ਇਸ ਚੋਣ ਵਿੱਚ ਭਾਗ ਲੈਣ ਲਈ ਬੇਨਤੀ ਕੀਤੀ ਜਾਂਦੀ ਹੈ।

ਵੱਲੋਂ :
ਸਕੱਤਰ ਸਭਾ

# ਰੱਲੀ ਵਿਖੇ ਕਰਿਆਨੇ ਦੀ ਦੁਕਾਨ ਨੂੰ ਲੱਗੀ ਅੱਗ, ਲੱਖਾਂ ਦਾ ਸਾਮਾਨ ਸੜ ਕੇ ਸੁਆਹ

ਬਰੇਟਾ (ਰੀਤਵਾਲ)- ਬੀਤੀ ਰਾਤ ਨੇੜਲੇ ਪਿੰਡ ਰੱਲੀ ਵਿਖੇ ਕਰਿਆਨੇ ਦੀ ਦੁਕਾਨ ਨੂੰ ਅੱਗ ਲੱਗਣ ਕਾਰਨ ਲੱਖਾਂ ਦਾ ਸਾਮਾਨ ਸੜ ਕੇ ਸੁਆਹ ਹੋਣ ਦਾ ਸਮਾਚਾਰ ਮਿਲਿਆ ਹੈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਬੁਢਲਾਡਾ ਵਾਸੀ ਸੁਭਾਸ਼ ਚੰਦ ਪੁੱਤਰ ਸ਼ਿਵ ਦਿਆਲ ਜੋ ਕਾਫੀ ਲੰਬੇ ਸਮੇਂ ਤੋਂ ਰੱਲੀ ਵਿਖੇ ਕਰਿਆਨੇ ਦੀ ਦੁਕਾਨ ਕਰਦਾ ਹੈ। ਰਾਤ ਸਮੇਂ ਬੰਦ ਦੁਕਾਨ ਅੰਦਰ ਅੱਗ ਲੱਗਣ ਕਾਰਨ ਧੂੰਆ ਦੁਕਾਨ ਦੀ ਛੱਤ ਚੋਂ ਨਿਕਲਦਾ ਦੇਖ ਕੇ ਗੁਆਂਢੀਆਂ ਵੱਲੋਂ ਇਸ ਦੀ ਸੂਚਨਾ ਆਸ ਪਾਸ ਦੇ ਲੋਕਾਂ ਅਤੇ ਸੁਭਾਸ਼ ਚੰਦ ਨੂੰ ਦਿੱਤੀ ਤਾਂ ਪਿੰਡ ਵਾਸੀਆਂ ਨੇ ਮੌਕੇ 'ਤੇ ਪਾਣੀ ਅਤੇ ਹੋਰ ਸਾਧਨਾਂ ਰਾਹੀਂ ਅੱਗ 'ਤੇ ਕਾਬੂ ਪਾ ਲਿਆ। ਦੁਕਾਨਦਾਰ ਨੇ ਦੱਸਿਆ ਕਿ ਅੱਗ ਲੱਗਣ ਕਾਰਨ ਉਸ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਹੈ ਅਤੇ 810 ਲੱਖ ਰੁਪਏ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਇਸ ਮੌਕੇ ਦੁਕਾਨਦਾਰ ਨਾਲ ਹਮਦਰਦੀ ਕਰਨ ਪਹੁੰਚੇ ਹਲਕਾ ਵਿਧਾਇਕ ਬੁੱਧ ਰਾਮ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਨੇ ਪੀੜਤ ਨੂੰ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ। ਸਦਰ ਪੁਲਸ ਦੇ ਸਹਾਇਕ ਥਾਣੇਦਾਰ ਨਾਜਰ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਗਿਆ। ਅੱਗ ਲੱਗਣ ਦੇ ਕਾਰਨਾਂ ਦਾ ਕੁਝ ਪਤਾ ਨਹੀਂ ਲੱਗ ਸਕਿਆ।

## ਡਾ. ਨਵਸ਼ਰਨ ਨੂੰ ਝੂਠੇ ਕੇਸ 'ਚ ਫਸਾਉਣ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਵੱਲੋਂ ਸਖਤ ਨਿਖੇਧੀ

ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)-ਜਮਹੂਰੀ ਅਤੇ ਮਨੁੱਖੀ ਅਧਿਕਾਰਾਂ ਦੀ ਦੇਸ਼ ਭਰ ਵਿੱਚ ਜਾਣੀ ਪਹਿਚਾਣੀ ਸਰਗਰਮ ਹਸਤੀ ਡਾ. ਨਵਸ਼ਰਨ ਨੂੰ ਕੇਂਦਰ ਸਰਕਾਰ ਦੀ ਹੱਥ ਠੋਕਾ ਬਣੀ ਏਜੰਸੀ ਈ ਡੀ ਰਾਹੀਂ ਬੁਲਾ ਕੇ ਤੰਗ ਪ੍ਰੇਸ਼ਾਨ ਕਰਨ ਦੀਆਂ ਕੋਸ਼ਿਸ਼ਾਂ ਦੀ ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦੇ ਹੋਏ ਸਭਾ ਦੇ ਸੂਬਾ ਉੱਪ ਪ੍ਰਧਾਨ ਪ੍ਰੋ. ਏ ਕੇ ਮਲੇਰੀ, ਜ਼ਿਲ੍ਹਾ ਪ੍ਰਧਾਨ ਜਸਵੰਤ ਜੀਰਖ, ਸਕੱਤਰ ਮਾ. ਮਨਜੀਤ ਸਿੰਘ ਬੁਢੇਲ ਨੇ ਕਿਹਾ ਕਿ ਡਾ. ਨਵਸ਼ਰਨ ਜੋ ਕਿ ਦੁਨੀਆ ਭਰ 'ਚ ਪ੍ਰਸਿੱਧੀ ਪ੍ਰਾਪਤ ਕਰ ਗਏ, ਜਮਹੂਰੀ ਹੱਕਾਂ ਦੀ ਅਵਾਜ਼ ਕਹਾਉਣ ਵਾਲੇ ਰੰਗਕਰਮੀ ਗੁਰਸ਼ਰਨ ਸਿੰਘ ਦੀ ਧੀ ਹੈ। ਵਿਰਸੇ 'ਚੋਂ ਮਿਲੀ ਮਨੁੱਖੀ ਜਮਹੂਰੀ ਹੱਕਾਂ ਦੀ ਰਾਖੀ ਕਰਨ ਦੀ ਗੁੜ੍ਹਤੀ ਰਾਹੀਂ ਉਹ ਪੂਰੀ ਦ੍ਰਿੜ੍ਹਤਾ ਨਾਲ ਕਿਰਤੀ ਵਰਗ ਦੀ ਅਵਾਜ਼ ਬਣ ਕੇ ਭ੍ਰਿਸ਼ਟ ਅਤੇ ਦੇਸ਼ ਵਿਰੋਧੀ ਤਾਕਤਾਂ ਦੇ ਚਿਹਰੇ ਲੋਕਾਂ ਵਿੱਚ ਨੰਗੇ ਕਰ ਰਹੀ ਹੈ ਜੋ ਦੇਸ਼ ਨੂੰ ਵੇਚਣ ਦੇ ਰਾਹ ਪਏ ਅਖੌਤੀ ਸਿਆਸਤਦਾਨਾਂ ਨੂੰ ਨਹੀਂ ਭਾਉਂਦੀ। ਪੀ ਐਮ ਐਲ ਏ ਵਰਗੇ ਜਮਹੂਰੀਅਤ ਵਿਰੋਧੀ ਕਾਨੂੰਨ ਦੇ ਤਹਿਤ ਕੁਝ ਘੜੇ ਹੋਏ ਬਹਾਨਿਆਂ ਦੇ ਤਹਿਤ ਡਾ. ਨਵਸ਼ਰਨ ਨੂੰ ਸੰਮਨ ਭੇਜ ਕੇ ਤੰਗ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੀ ਐਮ ਐਲ ਏ ਵੀ ਕੌਮੀ ਸੁਰੱਖਿਆ ਐਕਟ ਅਤੇ ਯੂ ਏ ਪੀ ਏ ਵਰਗਾ ਹੀ ਕਾਲਾ ਕਾਨੂੰਨ ਹੈ ਜੋ ਕਿ ਸਰਕਾਰ ਵੱਲੋਂ ਹਰ ਤਰ੍ਹਾਂ ਦੀ ਵਿਰੋਧੀ ਸੁਰ ਵਾਲੀ ਜਮਹੂਰੀ ਅਵਾਜ਼ ਨੂੰ ਦਬਾਉਣ ਵਾਸਤੇ ਵਰਤਿਆ ਜਾ ਰਿਹਾ ਹੈ। ਬਿਆਨ ਵਿੱਚ ਡਾ. ਨਵਸ਼ਰਨ ਦੀਆਂ ਜਮਹੂਰੀ ਗਤੀਵਿਧੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਜਮਹੂਰੀ ਅਧਿਕਾਰ ਸਭਾ ਵੱਲੋਂ ਲਖੀਮਪੁਰ ਖੀਰੀ ਜ਼ਿਲ੍ਹੇ ਵਿੱਚ ਕਿਸਾਨਾਂ ਨੂੰ ਗੱਡੀ ਹੇਠ ਦਰੜਨ ਦੀ ਦਰਦਨਾਕ ਘਟਨਾ ਬਾਰੇ ਰਿਪੋਰਟ ਤਿਆਰ ਕਰਨ ਲਈ ਗਠਿਤ ਕਮੇਟੀ ਦੀ ਡਾ. ਨਵਸ਼ਰਨ ਇੱਕ ਮੈਂਬਰ ਸੀ। ਮੁਲਕ ਭਰ ਵਿੱਚ ਲੋਕਾਂ ਦੇ ਜਮਹੂਰੀ ਅਧਿਕਾਰਾਂ ਉਪਰ ਹੋ ਰਹੇ ਹਮਲਿਆਂ ਵਿਰੁੱਧ ਅਵਾਜ਼ ਉਠਾਉਣ ਵਿੱਚ ਡਾ. ਨਵਸ਼ਰਨ ਦੀ ਭੂਮਿਕਾ ਹਮੇਸ਼ਾ ਹੀ ਅਹਿਮ ਰਹੀ ਹੈ। ਕਿਸਾਨ ਘੋਲ ਦੇ ਸਮਰਥਨ ਵਿੱਚ ਅਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਵਿੱਚ ਵੀ ਡਾ. ਨਵਸ਼ਰਨ ਦਾ ਅਹਿਮ ਸਥਾਨ ਰਿਹਾ ਹੈ। ਪੀ ਐਮ ਐਲ ਏ ਵਰਗੇ ਕਾਲੇ ਕਾਨੂੰਨ ਤਹਿਤ ਭੇਜੇ ਸੰਮਨ ਸਰਕਾਰ ਦੁਆਰਾ ਜਮਹੂਰੀ ਅਧਿਕਾਰਾਂ ਦੀ ਅਜਿਹੀ ਨਿਡਰ ਅਵਾਜ਼ ਨੂੰ ਦਬਾਉਣ ਲਈ ਚੱਲੀ ਸਰਕਾਰ ਦੀ ਇੱਕ ਕੋਝੀ ਚਾਲ ਹੈ।

ਇਸ ਤੋਂ ਪਹਿਲਾਂ ਵੀ ਕਈ ਪੱਤਰਕਾਰਾਂ, ਲੋਕ ਅਤੇ ਦੇਸ਼ ਪੱਖੀ ਬੁੱਧੀਜੀਵੀਆਂ ਸਮੇਤ ਕਿੰਨੇ ਹੀ ਲੋਕਾਂ ਨੂੰ ਝੂਠੇ ਕੇਸਾਂ ਵਿੱਚ ਜੇਲ੍ਹੀਂ ਡੱਕਿਆ ਹੋਇਆ ਹੈ। ਆਪਣੇ ਬਿਆਨ ਵਿੱਚ ਜਮਹੂਰੀ ਅਧਿਕਾਰ ਸਭਾ ਨੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਆਪਣੇ ਅਜਿਹੇ ਕਦਮਾਂ ਤੋਂ ਬਾਜ ਆਵੇ ਨਹੀਂ ਤਾਂ ਜਮਹੂਰੀ ਅਧਿਕਾਰਾਂ ਦੀ ਲਹਿਰ ਇਸ ਦੇ ਵਿਰੋਧ ਵਿੱਚ ਆਪਣੀ ਅਵਾਜ਼ ਉਠਾਉਣ ਲਈ ਸਾਰੀਆਂ ਜਮਹੂਰੀ ਤਾਕਤਾਂ ਦੀ ਲਹਿਰ ਉਸਾਰਨ ਦੇ ਰਾਹ ਪੈਣ ਲਈ ਮਜਬੂਰ ਹੋਵੇਗੀ।


## DAV Public School, Samana
(CBSE affiliated)

*(Near Vill. Chak Amritsaria, Patran Road, Samana)*

Demands Sealed Quotations from Outsourcing agencies to hire House-Keeping Staff, Security Guards and Gunman. Submit the sealed Quotations at School office within one week.

Tel: 01764221815, 9878144815

Principal Dr. Mohan Lal Sharma

## SANT SINGH SUKHA SINGH
KHALSA EDUCATIONAL INSTITUTIONS

84, THE MALL, AMRITSAR.
E-mail.ssssmainschool1893@gmail.com

Wanted the following staff-

1. B Tech. Electronics Instructor to handle Tinkring Labs.
2. Lab Attendant with ITI Diploma in Electronics.
3. Qualified clerk with knowledge of Tally, for office work.
4. Stenographer knowing Punjabi Typing also.

Interested candidates may apply by 25-05-2023. to the Hony Secretary under registered cover.

(Jagdish Singh)
Director.

## SANT SINGH SUKHA SINGH
KHALSA EDUCATIONAL INSTITUTIONS

84, THE MALL, AMRITSAR.
E-mail.ssssmainschool1893@gmail.com

"Wanted Principal for SSSS Khalsa Modern School, Circular Road, near langar Hall, Tarn Taran. The Candidate must be academically qualified with 10-15 year's Teaching experience in a reputed affiliated secondary School".

Interested candidates to apply by 25-05-2023 giving details of experience to the Hony Secretary under registered cover.

(Jagdish Singh)
Director.

## PAOS INDUSTRIES LTD.

CIN:L24100PB1990PLC049032
Registered Office: Village Pawa, G.T. Road, Near Civil Airport, Ludhiana-141 120 (Pb)

BOARD MEETING NOTICE

Pursuant to Regulation 29 of the SEBI (Listing Obligation & Disclosure Requirements), 2015 and other applicable provisions, if any, intimation is hereby given that the meeting of the Board of Directors of PAOS Industries Limited has been fixed on Tuesday, the 30th day of May, 2023 at 3:30 p.m. at the Registered/Corporate Office of the Company at Village Pawa, G.T. Road, Near Civil Airport, Ludhiana-141 120 inter-alia to consider, take on record and approve the following:

1. The annual Financial Statements for the year ended on 31st March, 2023,
2. The financial statements and financial results for the 4th quarter ended on 31-03-2023.
3. The statutory audit report on the financial statements/results for the year ended on 31st March, 2023 and for the quarter ending on 31st March, 2023,
4. The disclosure of Interest and declarations made by the members of Board of Directors.
5. The Corporate Governance report and other records pertaining to quarter ended on 31st March, 2023,
6. The meeting fee to be paid to the Independent Directors,
7. The committee meeting proceedings,
8. The appointment of Secretarial Auditor for FY 2022-2023
9. The discussion on Joint Venture and
10. Any other matter and business with the permission of chair and member present.

For PAOS Industries Limited
Sd/-
(Sanjeev Banasal)
Managing Director

DATE : 19-05-2023
PLACE : LUDHIANA

## ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ. 433-ਸਿਗ- ਟੀ-07-23-24
ਬੰਦ ਹੋਣ ਦੀ ਮਿਤੀ/ਸਮਾਂ-01.06.2023 ਨੂੰ 15:00 ਵਜੇ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-7/23-24 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 01.06.2023 ਨੂੰ 15:00 ਵਜੇ ਤਕ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਂਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜ਼ਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

1. NIT HEADER

| | | | |
|---|---|---|---|
| ਕੰਮ ਦਾ ਨਾਮ | ਫਿਰੋਜਪੁਰ ਮੰਡਲ ਦੇ 121 ਸਟੇਸ਼ਨਾਂ ਉਤੇ ਪੈਸੰਜਰ ਅਡ੍ਰੇਸ ਸਿਸਟਮ/ਕੰਪਿਊਟਰ ਆਧਾਰਿਤ ਉਦਘੋਸ਼ਣਾ ਪ੍ਰਣਾਲੀ ਦਾ ਪ੍ਰਾਵਧਾਨ। | | |
| ਟਾਈਪ ਆਫ ਟੈਂਡਰ | ਸਿੰਗਲ | ਟੈਂਡਰ ਪਾਉਣ ਦਾ ਸਿਸਟਮ | ਸਿੰਗਲ ਪੈਕਟ ਸਿਸਟਮ |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 01.06.2023 15.00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 09.05.2023 17:59 |
| ਟੈਂਡਰ ਪ੍ਰੀ-ਬਿਡ ਚਾਹੀਦਾ | ਨਹੀਂ | ਟੈਂਡਰ ਪ੍ਰੀ ਬਿਡ ਦੇ ਬਾਰੇ ਵਿਚ ਜਾਣਕਾਰੀ ਦੀ ਮਿਤੀ ਅਤੇ ਸਮਾਂ | ਮਾਨਯ ਨਹੀਂ ਹੈ |
| ਅੰਦਾਜਨ ਕੀਮਤ | ₹ 13483627.33 | ਟੈਂਡਰਿੰਗ ਸੈਕਸ਼ਨ | ਸੰਕੇਤ ਅਤੇ ਦੂਰਸੰਚਾਰ |
| ਟੈਂਡਰ ਪਾਉਣ ਦਾ ਤਰੀਕਾ | ਨਿਵਿਦਾ ਦੇ ਲਈ ਏਕਲ ਦਰ | ਬਿਡਿੰਗ ਯੂਨਿਟ | ਉਪਰ/ਹੇਠਾਂ/ਪਾਰ |
| ਬਿਆਨਾ ਰਾਸ਼ੀ (ਰੁ.) | ₹ 217400/- | ਟੈਂਡਰ ਦੀ ਵੈਧਤਾ ਅਤੇ | 60 ਦਿਨ |
| ਟੈਂਡਰ ਡਾਕੂਮੈਂਟ ਦੀ ਕੀਮਤ (ਰੁ.) | ₹ 0/- | ਕੰਮ ਪੂਰਾ ਕਰਨ ਦਾ ਸਮਾਂ | 06 ਮਹੀਨੇ |
| ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 18.05.2023 | | |

1530/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## Court Notice

(Succession Case)

In the Court of Sh. Atul Kamboj Civil Judge (Senior Division), Patiala.

CNR No. PBPT02-001379-2023
Next Date : 17.7.2023

Gurpreet Singh
Versus
General Public

Notice to : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 17.7.2023 at 10.00 a.m.

For details logon to : https://highcourtchd.gov.in/?trs=district notice& district=Patiala

Civil Judge (Senior Division), Patiala.

Dated, this day of 18.5.2023

## Court Notice

In the Court of Ms. Tripat Jot Kaur Addl. Principal Judge Family Court-1, Jalandhar.

CNR No. PBJL01-003350-2023
Next Date : 22.8.2023

1. Dilbag Rai aged 64 years S/o Maghar Ram R/o P.O. Jandu Singha Jalandhar 2. Gurtej Kaur aged 55 years W/o Dilbagh Rai R/o P.O. Jandu Singha Jalandhar

Versus

1. General Public 2. Gagandeep Singh S/o Dilbagh Rai R/o P.O. Jandu Singha Jalandhar 3. Sonia W/o Gagandeep Singh R/o P.O. Jandu Singha Jalandhar .

Petition for Appointing and Declaring the Petitioners to be legal an lawful Guardian and holding legal coustody of minor Harsimran Rai.

Publication issued to : 2. Gagandeep Singh S/o Dilbagh Rai R/o P.O. Jandu Singha Jalandhar 3. Sonia W/o Gagandeep Singh R/o P.O. Jandu Singha Jalandhar .

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 22.8.2023 at 10.00 a.m.

For details logon to : https://highcourtchd.gov.in/?trs=district notice& district=Jalandhar

Addl. Principal Judge Family Court-1, Jalandhar

Dated, this day of 18.5.2023

## Court Notice

In the Court of Sh. Vineet Kumar Narang Addl. Principal Judge Family Court-II, Jalandhar.

GW/150/2022
CNR No. PBJL01-008408-2022
Next Date : 12.7.2023

Rajan Verma S/o Sat Pal Verma Address : 164, Ground Floor Sector 19-A, Chandigarh

Versus

1. Neha Shoor W/o Aakash Chawla D/o Anil Shoor Address : 575 Model Town Jalandhar presently at Australia through Attorney Anil Shoor S/o Banarsi Lal Shoor R/o 575 Model Town, Jalandhar 2. Anil Shoor S/o Banarsi Lal Shoor Address : 575 Model Town Jalandhar 3. Kiran Shoor W/o Anil Shoor S/o Banarsi Lal Shoor Address : 575 Model Town Jalandhar 4. General Public Address General Public

Petition Under Guardian and Wards Act

Publication issued to : General Public Spouse : General Public

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 12.7.2023 at 10.00 a.m.

For details logon to : https://highcourtchd.gov.in/?trs=district notice& district=Jalandhar

Addl. Principal Judge Family Court-II, Jalandhar

Dated, this day of 4.5.2023

## ਆਮ ਸੂਚਨਾ

ਕਰਨੈਲ ਸਿੰਘ ਪੁੱਤਰ ਮੁਕੰਦ ਸਿੰਘ ਐਫਏ-274 ਬੁਸਹਿਰਾ ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਸੁਨੀਰਾ ਗਿੱਲ ਪਤਨੀ ਕਰਨੈਲ ਸਿੰਘ ਬੁਸਹਿਰਾ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ ਜ਼ੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 7 ਦਿਨਾ ਵਿੱਚ ਕਰ ਸਕਦਾ ਹੈ ਵੱਲੋਂ:-ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਬੰਗਾਂ (ਰਾਜਪਾਲ)

ਮੱਖਣ ਸਿੰਘ ਪੁੱਤਰ ਜਰਨੈਲ ਸਿੰਘ ਏਪੀ04-0130 ਬਿਸ਼ਨਪੁਰਾ ਖੋਖਰ ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਦਲਜੀਤ ਸਿੰਘ ਪੁੱਤਰ ਜਰਨੈਲ ਸਿੰਘ ਬਿਸ਼ਨਪੁਰਾ ਖੋਖਰ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ ਜ਼ੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 7 ਦਿਨਾ ਵਿੱਚ ਕਰ ਸਕਦਾ ਹੈ ਵੱਲੋਂ:-ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮੂਨਕ (ਰਾਜਪਾਲ)

ਮੈਂ, ਹਰਮੇਸ਼ ਚੰਦਰ ਪੁੱਤਰ ਪ੍ਰਕਾਸ਼ ਵਾਸੀ ਪੱਦੀ ਜਗੀਰ ਤਹਿ: ਫਿਲੌਰ ਜ਼ਿਲ੍ਹਾ ਜਲੰਧਰ ਮੈਂ ਆਪਣੇ ਲੜਕੇ ਸੰਜੀਵ ਕੁਮਾਰ ਅਤੇ ਨੂੰਹ ਸੁਸ਼ਮਾ ਨੂੰ ਨਵਾਂ ਜ਼ਮਾਨਾ ਅਖਬਾਰ ਦੇ ਰਾਹੀਂ ਮਿਤੀ 22.10.2010 ਨੂੰ ਬੇਦਖਲ ਕੀਤਾ ਸੀ ਤੇ ਹੁਣ ਇਹ ਦੋਵੇਂ ਮੇਰੇ ਕਹਿਣੇ ਵਿੱਚ ਹਨ। ਇਸ ਲਈ ਮੈਂ ਹੁਣ ਬੇਦਖਲੀ ਨੋਟਿਸ ਵਾਪਸ ਲੈ ਰਿਹਾ ਹਾਂ।

ਮੋਟਰ ਕਨੈਕਸ਼ਨ ਖਾਤਾ ਨੰਬਰ ਏ.ਪੀ.20/0151 ਰਣਜੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਨੂੰ ਆਪਣੇ ਨਾਮ ਕਰਨ ਲਈ ਰਾਣੀ ਪਤਨੀ ਗੁਰਮੇਲ ਸਿੰਘ ਹਿੱਸੇਦਾਰ ਰਕਬਾ ਕਮਾਲਾ ਬੋਦਲਾ (ਫਿਰੋਜ਼ਪੁਰ) ਨੇ ਇਸ ਦਫਤਰ ਨੂੰ ਬੇਨਤੀ ਕੀਤੀ ਹੈ ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐਸ.ਡੀ.ਓ. ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ ।

ਅਸੀਂ, ਸਤਿਆ ਪਾਲ ਬੇਦੀ ਪੁੱਤਰ ਸ੍ਰੀ ਦੇਸ ਰਾਜ ਬੇਦੀ ਅਤੇ ਮਮਤਾ ਬੇਦੀ ਪਤਨੀ ਸ੍ਰੀ ਸਤਿਆ ਪਾਲ ਬੇਦੀ ਵਾਸੀਆਨ 23, ਦੁਰਗਾ ਇਨਕਲੇਵ, ਬੈਕਸਾਇਡ ਪੈਟਰੋਲ ਪੰਪ, ਇਸਲਾਮਾਬਾਦ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਮਨੀਸ਼ ਬੇਦੀ, ਉਸ ਦੀ ਪਤਨੀ ਜੋਤੀ ਬੇਦੀ ਅਤੇ ਉਨ੍ਹਾਂ ਦੀ ਲੜਕੀ ਮਹਿਰਾ ਬੇਦੀ ਨੂੰ ਮਿਤੀ 2.5.2019 ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਇਹ ਸਾਡੇ ਕਹਿਣੇ 'ਚ ਹਨ। ਇਸ ਲਈ ਅਸੀਂ ਇਹਨਾਂ ਦੀ ਦਿੱਤੀ ਹੋਈ ਬੇਦਖਲੀ ਵਾਪਸ ਲੈਂਦੇ ਹਾਂ। (ਨਾਰੰਗ)

## Change of Name

We, Bir Chand S/o Late Sh. Ram Lal and Pardeep Kaur W/o Bir Chand both resident of House No. 36, Vill. Khurla Kingra, Distt. Jalandhar, (Punjab), India, have changed our daughter's name from Jyoti to Jyoti Dadra. Concerned note. (7736)

I, Pawanjit Kaur W/o Sh. Ram Dass R/o Village Dallewal PO Jahan Khelan Tehsil & Distt. Hoshiarpur 146001 Punjab have changed the name of my son from Nitish to Nitish Bassi. Bassi as Surname. Concerned note. (HITESH)

I, Pawanjit Kaur W/o Sh. Ram Dass R/o Village Dallewal PO Jahan Khelan Tehsil & Distt. Hoshiarpur 146001 Punjab have changed the name of my son from Ansh to Ansh Bassi. Bassi as Surname. Concerned note. (HITESH)

I,Jagir Singh S/O Shangara Singh R/O VPO Bhoman Tehsil Batala Distt. Gurdaspur, Punjab have changed my name from Jagir Singh to Jagir Singh Shah.Concerned note. (KK)

I, Jaswinder Kaur W/O Jagir Singh Shah R/O VPO Bhoman Tehsil Batala Distt. Gurdaspur, Punjab have changed my name from Jaswinder Kaur to Jaswinder Kaur Shah. Concerned note. (KK)

I, Narinder Kaur W/o Tajinder Singh Ro H.No.380-F, Lane No.2, New Azad Nagar Kot Khalsa Amritsar have changed my name from Narinder Kaur to Narinderjit Kaur. (Narang)

I, Daljit Singh S/o Piara Singh R/o Plot No.7, Gali No.1, Near Gurdwara New Ranjit Pura Chheharta Amritsar have chagned my name from Daljit Singh to Daljit Singh Sandhu. (Narang)

I, Anjum W/o Karan George Sidhu R/o D 17/533, A-Block, Sandhu Colony, Chheharta Amritsar have changed my name Anjum To Anjum Sidhu. Please concerned note. (Arora)

I, Shiwani W/o Sh. Navdeepak Sharma R/o Khalwara Road, Guru Nanak Enclave, Phagwara, Distt. Kapurthala, Punjab, India, have changed my name from Shiwani to Shiwani Sharma. (Dhadda)

I, Vishal S/o Ashok Kumar R/o Village Sochetgarh, PO Naushera Majja Singh, Tehsil & Distt. Gurdaspur, Punjab-143518 have changed my name from Vishal to Vishal Sandal. All concerned please note.

## ਬੇਦਖਲੀ ਨੋਟਿਸ

ਮੈਂ, ਕ੍ਰਿਸ਼ਨ ਲਾਲ ਪੁੱਤਰ ਸ੍ਰੀ ਝੰਡਾ ਰਾਮ ਵਾਸੀ ਪਿੰਡ ਅਖਾੜਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਲਸ਼ਨ ਕੁਮਾਰ (ਸ਼ਾਦੀਸ਼ੁਦਾ) ਅਤੇ ਉਸ ਦੀ ਪਤਨੀ ਸੀਮਾ ਅਤੇ ਇਹਨਾਂ ਦੀ ਲੜਕੀ ਭਾਵਨਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਹਨਾਂ ਨਾਲ ਕੋਈ ਸੰਬੰਧ-ਵਾਸਤਾ ਨਹੀਂ ਰਿਹਾ ਹੈ। ਸੰਬੰਧਤ ਨੋਟ ਕਰਨ। (ਕ੍ਰਿਸ਼ਨਾ)

ਮੈਂ ਸੁਖਵਿੰਦਰ ਕੌਰ ਵਿਧਵਾ ਪਤਨੀ ਬਲਵੰਤ ਸਿੰਘ ਵਾਸੀ ਪਿੰਡ ਸਿਕਾਰ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਦੀ ਰਹਿਣ ਵਾਲੀ ਹਾਂ । ਮੈਂ ਬਿਆਨ ਹਲਫੀਆ ਕਰਦੀ ਹਾਂ ਕਿ ਮੇਰੀ ਪੁੱਤਰੀ ਹਰਜੀਤ ਕੌਰ ਜੋ ਕਿ ਸਰਬਜੀਤ ਸਿੰਘ ਪੁੱਤਰ ਰਸਪਾਲ ਸਿੰਘ ਵਾਸੀ ਬਰਿਆਰ ਨਾਲ ਵਿਆਹੀ ਹੋਈ ਹੈ, ਆਪਣੇ ਪਤੀ ਸਰਬਜੀਤ ਸਿੰਘ ਨਾਲ ਅਣਬਣ ਹੋਣ ਕਰਕੇ ਉਹ ਆਪਣੀ ਮਰਜੀ ਨਾਲ ਸਹੁਰੇ ਘਰ ਤੋ ਚਲੀ ਗਈ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਆਪਣੀ ਪੁੱਤਰੀ ਹਰਜੀਤ ਕੌਰ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬੰਧਤ ਨੋਟ ਕਰਨ। (R)

ਮੈਂ, ਸਵਰਨ ਸਿੰਘ ਪੁੱਤਰ ਕਾਬਲ ਸਿੰਘ, ਵਾਸੀ ਪਿੰਡ ਹਮੀਰਾ, ਜਗਜੀਤ ਨਗਰ, ਜ਼ਿਲ੍ਹਾ ਕਪੂਰਥਲਾ, ਦਾ ਰਹਿਣ ਵਾਲਾ ਹਾਂ। ਇਹ ਕਿ ਮੇਰਾ ਲੜਕਾ ਮਨਿੰਦਰਜੀਤ ਸਿੰਘ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਆਪਣੀ ਮਰਜ਼ੀ ਕਰਦਾ ਹੈ। ਜਿਸ ਕਰਕੇ ਮੈਂ ਉਸਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਮੇਰੇ ਲੜਕੇ ਮਨਿੰਦਰਜੀਤ ਸਿੰਘ, ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (R)

ਮੈਂ ਬਲਵਿੰਦਰ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਅੱਡਾ ਝਬਾਲ ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਮੇਰਾ ਲੜਕਾ ਬਲਜੀਤ ਸਿੰਘ ਜੋ ਕਿ ਸਾਦੀਸੁਦਾ ਹੈ ਅਤੇ ਮੇਰੇ ਤੋ ਅਲੱਗ ਰਹਿੰਦਾ ਹੈ, ਮੇਰੇ ਕਹਿਣੇ ਤੋ ਬਾਹਰ ਹੈ। ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ਇਸ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬਧਤ ਨੋਟ ਕਰਨ (makhan)

ਮੈਂ, ਅਜੀਤ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਪਿੰਡ ਕੋਟ ਹਿਆਤ, ਜ਼ਿਲ੍ਹਾ ਅੰਮ੍ਰਿਤਸਰ ਆਪਣੇ ਲੜਕੇ ਕੁਲਵਿੰਦਰ ਸਿੰਘ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅਤੇ ਅੱਜ ਤੋਂ ਮੇਰਾ ਉਸ ਨਾਲ ਕੋਈ ਤਲਕ-ਵਾਸਤਾ ਜਾਂ ਰਿਸ਼ਤਾ ਨਹੀਂ ਰਿਹਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਉਸ 'ਚ ਅਤੇ ਉਸ ਦੇ ਕਿਸੇ ਵੀ ਚੰਗੇ-ਮਾੜੇ ਕੰਮਾਂ ਨਾਲ ਕੋਈ ਸੰਬੰਧ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਅਜੀਤ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਸ਼ਾਹਕੋਟ (ਮੁਹੱਲਾ ਸਿੰਬਲ), ਤਹਿ: ਸ਼ਾਹਕੋਟ (ਜਲੰਧਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਮਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਬਿੱਟੂ)

ਮੈਂ, ਸਾਮਾ ਰਾਮ ਪੁੱਤਰ ਪਿਤਾ ਰਾਮ ਵਾਸੀ ਵਾਰਡ ਨੰਬਰ 9, ਧਾਨਕ ਬਸਤੀ, ਪਾਤੜਾਂ, ਜ਼ਿਲ੍ਹਾ ਪਟਿਆਲਾ ਆਪਣੀ ਲੜਕੀ ਜੋਤੀ ਰਾਣੀ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਵੀ ਵਿਅਕਤੀ ਮੇਰੀ ਲੜਕੀ ਜੋਤੀ ਰਾਣੀ ਨਾਲ ਕਿਸੇ ਵੀ ਪ੍ਰਕਾਰ ਦਾ ਲੈਣ-ਦੇਣ ਕਰਦਾ ਹੈ, ਉਹ ਇਸ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਕਿਸੇ ਵੀ ਪਰਵਾਰਕ ਮੈਂਬਰਾਂ ਨਾਲ ਇਸ ਦਾ ਕੋਈ ਵੀ ਤਲਕ-ਵਾਸਤਾ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ। (ਸਿੰਗਲਾ)

ਮੈਂ ਕਸ਼ਮੀਰ ਕੌਰ ਪਤਨੀ ਕਸ਼ਮੀਰ ਚੰਦ ਵਾਸੀ ਮਕਾਨ ਨੰ.5482,ਗਊਸ਼ਾਲਾ ਰੋਡ,ਜੰਡਿਆਲਾ ਗੁਰੂ,ਤਹਿਸੀਲ ਅਤੇ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ ਅਤੇ ਉਸਦੀ ਪਤਨੀ ਪੂਜਾ ਕੁਮਾਰੀ ਦੋਵੇਂ ਮੇਰੇ ਕਹਿਣੇ ਤੋ ਬਾਹਰ ਹਨ,ਆਪਣੀ ਮਨ ਮਰਜੀ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ। (KK)

ਮੈਂ, ਗੁਰਮੇਜ਼ ਕੌਰ ਪਤਨੀ ਲੇਟ ਰਾਮ ਲੁਭਾਇਆ ਵਾਸੀ ਮਕਾਨ ਨੰਬਰ 17, ਮੁੱਹਲਾ ਪੀਪਾ ਰੰਗੀ, ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਵਨ ਕੁਮਾਰ ਅਤੇ ਮੇਰੀ ਨੂੰਹ ਪਰਵੀਨ ਕੁਮਾਰੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਅਮਰੀਕ ਸਿੰਘ ਪੁੱਤਰ ਗਿਆਨ ਸਿੰਘ ਵਾਸੀ ਪੱਤੀ ਖੁਰਮਪੁਰ ਮਲਸੀਆਂ, ਤਹਿਸੀਲ ਸ਼ਾਹਕੋਟ (ਜਲੰਧਰ) ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਪ੍ਰੀਤ ਸਿੰਘ ਉਰਫ ਪੀਤਾ ਅਤੇ ਉਸ ਦੀ ਪਤਨੀ ਇਕਬਾਲ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## Change of Name

I, Karmjit Singh S/o Karnail Singh, resident of VPO Bardwal, Tehsil Dhuri (District Sangrur) have changed my name to Karamjit Singh

I, Ashok kumar S/o Jagat Ram R/o H No. F21/156, Sandhu Colony, Majitha Road, Amritsar. have changed my name from Ashok Sharma.


# ਕੀਮਤ ਅਦਾ ਕਰਨ ਤੋਂ ਬਾਅਦ ਹੀ ਕਿਸਾਨਾਂ ਦੀ ਜ਼ਮੀਨ ਐਕਵਾਇਰ ਕੀਤੀ ਜਾ ਰਹੀ : ਐਸ ਡੀ ਐਮ

ਗੁਰਦਾਸਪੁਰ (ਜਨਕ ਮਹਾਜਨ)-ਕੁਝ ਬੇਬੁਨਿਆਦ ਖਬਰਾਂ ਦਾ ਖੰਡਨ ਕਰਦੇ ਹੋਏ ਐਸ.ਡੀ.ਐਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ ਨੇ ਸਪੱਸ਼ਟ ਕੀਤਾ ਹੈ ਕਿ ਸਬ-ਡਵੀਜ਼ਨ ਗੁਰਦਾਸਪੁਰ ਵਿੱਚ ਨੈਸ਼ਨਲ ਹਾਈਵੇ ਲਈ ਐਕਵਾਇਰ ਕੀਤੀ ਜਾ ਰਹੀ ਜ਼ਮੀਨ ਕਿਸਾਨਾਂ ਨੂੰ ਪੂਰੀ ਕੀਮਤ ਅਦਾ ਕਰਨ ਤੋਂ ਬਾਅਦ ਕਿਸਾਨਾਂ ਦੀ ਸਹਿਮਤੀ ਨਾਲ ਹੀ ਐਕਵਾਇਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੁਝ ਵਿਅਕਤੀਆਂ ਵੱਲੋਂ ਇਹ ਅਫ਼ਵਾਹ ਫੈਲਾਈ ਜਾ ਰਹੀ ਹੈ ਕਿ ਸਬ-ਡਵੀਜ਼ਨ ਗੁਰਦਾਸਪੁਰ ਵਿਚ ਕਿਸਾਨਾਂ ਨਾਲ ਤਕਰਾਰ ਹੋਇਆ ਹੈ ਜੋ ਕਿ ਬਿਲਕੁਲ ਨਿਰਆਧਾਰ ਤੇ ਝੂਠੀ ਗੱਲ ਹੈ। ਉਨ੍ਹਾਂ ਕਿਹਾ ਕਿ ਗੁਰਦਾਸਪੁਰ ਤਹਿਸੀਲ ਵਿੱਚ ਕਿਸਾਨਾਂ ਨਾਲ ਕਿਸੇ ਪ੍ਰਕਾਰ ਦੀ ਤਕਰਾਰ ਨਹੀਂ ਹੋਈ ਹੈ ਅਤੇ ਨਾ ਹੀ ਐਸ.ਡੀ.ਐਮ. ਗੁਰਦਾਸਪੁਰ ਵੱਲੋਂ ਅਜਿਹੇ ਕੋਈ ਨਿਰਦੇਸ਼ ਦਿੱਤੇ ਗਏ ਸਨ।

ਉਨ੍ਹਾਂ ਕਿਹਾ ਕਿ ਝੂਠੀਆਂ ਅਤੇ ਬੇਬੁਨਿਆਦ ਖਬਰਾਂ ਉਪਰ ਯਕੀਨ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਕਿਸਾਨ ਨੂੰ ਜ਼ਮੀਨ ਦੇ ਰੇਟ ਨੂੰ ਲੈ ਕੇ ਕੋਈ ਸੰਦੇਹ ਹੈ ਤਾਂ ਉਹ ਮਾਣਯੋਗ ਕਮਿਸ਼ਨਰ ਸਾਹਿਬ ਕੋਲ ਆਰਬੀਟ੍ਰੇਸ਼ਨ ਦਾ ਕੇਸ ਕਰ ਸਕਦਾ ਹੈ।

# ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਮਿਲੇਗੀ 8 ਘੰਟੇ ਨਿਰਵਿਘਨ ਬਿਜਲੀ : ਹਰਭਜਨ ਸਿੰਘ



ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਵੱਲੋਂ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ 8 ਘੰਟੇ ਬਿਜਲੀ ਦੀ ਨਿਰਵਿਘਨ ਸਪਲਾਈ ਦਿੱਤੀ ਜਾਵੇਗੀ ਅਤੇ ਇਸ ਲਈ ਪਾਵਰਕਾਮ ਵੱਲੋਂ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਹ ਪ੍ਰਗਟਾਵਾ ਸੂਬੇ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਬੀਤੇ ਦਿਨੀਂ ਗੁਰਦਾਸਪੁਰ ਸਥਿਤ ਪਾਵਰਕਾਮ ਦੇ ਡਿਪਟੀ ਚੀਫ ਇੰਜੀਨੀਅਰ ਦਫ਼ਤਰ ਵਿਖੇ ਅਧਿਕਾਰੀਆਂ ਨਾਲ ਝੋਨੇ ਦੇ ਸੀਜ਼ਨ ਦੌਰਾਨ ਪਾਵਰਕਾਮ ਵੱਲੋਂ ਕੀਤੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬੀਤੇ ਸਾਲ ਵੀ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ 8 ਘੰਟੇ ਤੋਂ ਵੀ ਵੱਧ ਬਿਜਲੀ ਦੀ ਨਿਰਵਿਘਨ ਸਪਲਾਈ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਸੂਬੇ ਭਰ ਵਿੱਚ ਪਾਵਰਕਾਮ ਦੇ ਦਫ਼ਤਰਾਂ ਵਿੱਚ ਜਾ ਕੇ ਬਿਜਲੀ ਸਪਲਾਈ ਦੇ ਪ੍ਰਬੰਧਾਂ ਦਾ ਰੀਵਿਊ ਕੀਤਾ ਜਾ ਰਿਹਾ ਹੈ ਅਤੇ ਇਸੇ ਲੜੀ ਤਹਿਤ ਗੁਰਦਾਸਪੁਰ ਸਥਿਤ ਪਾਵਰਕਾਮ ਦੇ ਐਸ. ਈ. ਦਫ਼ਤਰ ਦਾ ਦੌਰਾ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ 10 ਜੂਨ ਤੋਂ ਪਹਿਲਾਂ-ਪਹਿਲਾਂ ਸਾਰੀਆਂ ਬਿਜਲੀ ਲਾਈਨਾਂ ਨੂੰ ਚੈੱਕ ਕਰ ਲੈਣ ਅਤੇ ਜੇਕਰ ਕਿਤੇ ਮੁਰੰਮਤ ਜਾਂ ਸੁਧਾਰ ਦੀ ਲੋੜ ਹੈ ਤਾਂ ਉਸ ਨੂੰ ਸਮਾਂ ਰਹਿੰਦਿਆਂ ਪੂਰਾ ਕੀਤਾ ਜਾਵੇ।

# ਅੱਜ ਹੋਵੇਗੀ ਬਾਈਸਾਈਕਲ ਰੈਲੀ ਤੇ ਮੈਰਾਥਨ ਦੌੜ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-7ਵੀਂ ਯੂ: ਐਨ ਗਲੋਬਲ ਸੜਕ ਸੁਰੱਖਿਆ ਸਪਤਾਹ ਜੋ ਕਿ 21 ਮਈ ਤੱਕ ਮਨਾਇਆ ਜਾਣਾ ਹੈ, ਦੇ ਸਬੰਧ ਵਿੱਚ 21 ਮਈ ਨੂੰ ਅੰਮ੍ਰਿਤ ਆਨੰਦ ਪਾਰਕ ਰਣਜੀਤ ਐਵੀਨਿਊ ਤੋਂ ਇਕ ਬਾਈਸਾਈਕਲ ਰੈਲੀ ਅਤੇ ਮੈਰਾਥਨ ਦੌੜ ਆਯੋਜਿਤ ਕੀਤੀ ਜਾਵੇਗੀ।

ਇਸ ਸਬੰਧ ਵਿਚ ਅੱਜ ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਨੇ ਅੰਮ੍ਰਿਤ ਆਨੰਦ ਪਾਰਕ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਬਾਈ ਸਾਈਕਲ ਰੈਲੀ ਅੰਮ੍ਰਿਤ ਆਨੰਦ ਪਾਰਕ ਤੋਂ ਟੀ ਪੁਆਇੰਟ-ਪੁਲਸ ਚੌਕੀ-ਕਿਚਲੂ ਚੌਕ-ਸੈਸ਼ਨ ਚੌਕ-ਨਾਵਲਟੀ ਚੌਕ-ਫੌਰ ਐਸ ਚੌਕ-ਮੱਖਣ ਫਿਸ਼ ਸ਼ਾਪ ਤੋਂ ਖੱਬੇ ਪਾਸੇ ਹੁੰਦੇ ਹੋਏ ਟ੍ਰਿਲੀਅਮ ਮਾਲ-ਰਤਨ ਸਿੰਘ ਚੌਕ ਤੋਂ ਸੱਜੇ ਪਾਸੇ ਹੁੰਦੇ ਹੋਏ ਡਾ. ਬੀ. ਆਰ. ਅੰਬੇਡਕਰ ਚੌਕ ਤੋਂ ਖੱਬੇ ਪਾਸੇ ਹੁੰਦੇ ਹੋਏ ਵਾਪਸ ਆਨੰਦ ਪਾਰਕ ਵਿਖੇ ਪਹੁੰਚੇਗੀ। ਉਨ੍ਹਾਂ ਦੱਸਿਆ ਕਿ ਦੌੜ ਵਿੱਚ ਸਕੂਲੀ ਬੱਚਿਆਂ ਤੋਂ ਇਲਾਵਾ ਬੀਐਸਐਫ, ਪੰਜਾਬ ਪੁਲਸ, ਨਹਿਰੂ ਯੁਵਾ ਕੇਂਦਰ, ਖੇਡ ਵਿਭਾਗ, ਯੂਨੀਵਰਸਿਟੀ ਅਤੇ ਹੋਰ ਵਿਭਾਗਾਂ ਦੇ ਦੌੜਾਕ ਵੀ ਸ਼ਾਮਲ ਹੋਣਗੇ ਅਤੇ ਬੱਚਿਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਰੈਲੀ ਦਾ ਮੁੱਖ ਮਕਸਦ ਅੰਮ੍ਰਿਤਸਰ ਵਾਸੀਆਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨਾ ਹੈ। ਇਸ ਮੌਕੇ ਰਿਜਨਲ ਟਰਾਂਸਪੋਰਟ ਸਕੱਤਰ ਅਰਸ਼ਪ੍ਰੀਤ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ ਸੁਸ਼ੀਲ ਤੁਲੀ, ਉਪ ਜ਼ਿਲ੍ਹਾ ਸਿੱਖਿਆ ਅਫਸਰ ਰੇਖਾ ਮਹਾਜਨ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਨੁਮਾਇੰਦੇ ਵੀ ਹਾਜ਼ਰ ਸਨ।

# ਐਡਵੋਕੇਟ ਲੱਖਾ ਸਿੰਘ ਆਜ਼ਾਦ ਨੂੰ ਸਦਮਾ, ਮਾਤਾ ਦਾ ਦੇਹਾਂਤ



ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)-ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜਨ ਬਾਬਾ ਬਕਾਲਾ ਸਾਹਿਬ ਦੇ ਕਾਨੂੰਨੀ ਸਲਾਹਕਾਰ ਲੱਖਾ ਸਿੰਘ ਆਜ਼ਾਦ ਨੂੰ ਉਦੋਂ ਭਾਰੀ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਮਾਤਾ ਕਰਤਾਰ ਕੌਰ (ਸੁਪਤਨੀ ਸਵਰਗੀ ਮੰਗਲ ਸਿੰਘ) ਦਾ ਅਚਾਨਕ ਦਿਹਾਂਤ ਹੋ ਗਿਆ। ਉਹ 94 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਰਈਆ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਫੀਲਡ ਪੱਤਰਕਾਰ ਐਸੋਸੀਏਸ਼ਨ ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸ਼ੈਲਿੰਦਰਜੀਤ ਸਿੰਘ ਰਾਜਨ, ਸੂਬਾ ਪ੍ਰਧਾਨ ਹਰਜੀਪ੍ਰੀਤ ਸਿੰਘ ਕੰਗ, ਰਣਜੀਤ ਸਿੰਘ ਸੰਧੂ, ਬਲਵਿੰਦਰ ਸਿੰਘ ਅਠੌਲਾ, ਨਿਰਮਲ ਸਿੰਘ ਸੰਘਾ ਤੇ ਸੁਰਿੰਦਰਪਾਲ ਸਿੰਘ ਲੱਡੂ ਨੇ ਐਸੋਸੀਏਸ਼ਨ ਵੱਲੋਂ ਮਾਤਾ ਦੀ ਦੇਹ 'ਤੇ ਦੋਸ਼ਾਲਾ ਭੇਟ ਕੀਤਾ। ਇਸ ਦੌਰਾਨ ਸਾ: ਵਿਧਾਇਕ ਸੰਤੋਖ ਸਿੰਘ ਭਲਾਈਪੁਰ, ਆਪ ਆਗੂ ਸੁਰਜੀਤ ਸਿੰਘ ਕੰਗ, ਸੁਖਦੇਵ ਸਿੰਘ ਪੱਡਾ ਬਲਾਕ ਪ੍ਰਧਾਨ, ਕੇ. ਕੇ. ਸ਼ਰਮਾ ਸਾ: ਬਲਾਕ ਪ੍ਰਧਾਨ, ਐਡਵੋਕੇਟ ਸ਼ੁਕਰਗੁਜ਼ਾਰ ਸਿੰਘ, ਸ਼ਰਨਬੀਰ ਸਿੰਘ ਕੰਗ, ਪ੍ਰਭਦੀਪ ਸਿੰਘ ਕੰਗ, ਸਰਪੰਚ ਜਸਪਾਲ ਸਿੰਘ ਟੋਨਾ, ਠੇਕੇਦਾਰ ਰਾਮ ਲੁਭਾਇਆ, ਪ੍ਰਧਾਨ ਹਰਭਜਨ ਸਿੰਘ ਸਹੋਤਾ, ਤਹਿਸੀਲਦਾਰ ਜਸਵੰਤ ਸਿੰਘ ਫੱਤੂਵਾਲ ਸਮੇਤ ਹੋਰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ, ਪੱਤਰਕਾਰ ਭਾਈਚਾਰਾ, ਵਕੀਲ ਸਾਹਿਬਾਨ ਅਤੇ ਹੋਰਨਾਂ ਨੇ ਪੁੱਜ ਕੇ ਐਡਵੋਕੇਟ ਲੱਖਾ ਸਿੰਘ ਆਜ਼ਾਦ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

21-May-Page-7.qxd 5/20/2023 10:33 PM Page 1



# ਡਾਕੇ ਦੀ ਤਿਆਰੀ ਕਰਦੇ ਮੁਲਜ਼ਮ ਅਸਲੇ ਸਮੇਤ ਕਾਬੂ

**ਐੱਸ ਏ ਐਸ ਨਗਰ, (ਗੁਰਜੀਤ ਬਿੱਲਾ)**-ਜ਼ਿਲ੍ਹੇ ਵਿੱਚ ਮਾੜੇ ਅਨਸਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਡਾਕਾ ਮਾਰਨ ਦੀ ਤਿਆਰੀ ਕਰ ਰਹੇ 05 ਮੁਲਜਮਾਂ ਨੂੰ ਲਾਲੜੂ ਪੁਲਸ ਵੱਲੋਂ ਅਸਲੇ ਸਮੇਤ ਕਾਬੂ ਕੀਤਾ ਗਿਆ ਹੈ। ਇਸ ਬਾਰੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਡਾ. ਦਰਪਣ ਆਹਲੂਵਾਲੀਆ ਆਈ.ਪੀ.ਐਸ., ਸਹਾਇਕ ਕਪਤਾਨ ਪੁਲਸ, ਸਰਕਲ, ਡੇਰਾਬਸੀ ਨੇ ਦਸਿਆ ਕਿ ਥਾ. ਅਜੀਤੇਸ ਕੌਸਲ ਦੀ ਯੋਗ ਅਗਵਾਈ ਹੇਠ ਸ.ਥ. ਸੁਰਿੰਦਰ ਕੁਮਾਰ ਸਮੇਤ ਪੁਲਸ ਪਾਰਟੀ ਗਸ਼ਤ 'ਤੇ ਮੌਜੂਦ ਸਨ ਤੇ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਬਲੋਪੁਰ ਰੋਡ ਰਾਣਾ ਪੈਟਰੋਲ ਪੰਪ ਕੋਲ ਬੇਅਬਾਦ ਕੁਆਟਰਾਂ ਵਿਚ 05 ਵਿਅਕਤੀ ਡਾਕਾ ਮਾਰਨ ਦੀ ਤਿਆਰੀ ਕਰ ਰਹੇ ਹਨ ਜਿਨ੍ਹਾਂ ਨੂੰ ਸਮੇਤ ਅਸਲਾ ਕਾਬੂ ਕੀਤਾ ਜਾ ਸਕਦਾ ਹੈ।

ਤੁਰੰਤ ਕਾਰਵਾਈ ਕਰਦੇ ਮੁਕੱਦਮਾ ਨੂੰ 66 ਮਿਤੀ 14/05/2013 ਅਧ 399, 402 ਵਿਚ ਥਾਣਾ ਲਾਲੜੂ ਦਰਜ ਕਰ ਕੇ ਰੇਡ ਕੀਤੀ ਗਈ ਤੇ ਡਾਕਾ ਮਾਰਨ ਲਈ ਇੱਕਠੇ ਹੋਏ 05 ਵਿਅਕਤੀ ਕਾਬੂ ਕੀਤੇ ਗਏ। ਮੁਲਜਮਾਂ ਨੇ ਆਪਣੇ ਨਾਂਅ ਮਲਕੀਤ ਸਿੰਘ ਵਾਸੀ ਮਕਾਨ ਨੰ: 105 ਬੀ ਤਿਲਕ ਵਿਹਾਰ ਥਾਣਾ ਤਿਲਕ ਵਿਹਾਰ ਨਿਊ ਦਿੱਲੀ, ਅਸੀਸ ਕੁਮਾਰ ਵਾਸੀ ਪਿੰਡ ਇਕਰੀ ਮੁਹੱਲਾ ਪੱਟੀ ਮੈਨਮਾਲਾ, ਬਾਗਪੁੱਤਰ ਨੜੋਤ ਥਾਣਾ ਬਰੋਤ ਜ਼ਿਲ੍ਹਾ ਬਾਗਪਤ ਯੂ ਪੀ, ਭਾਨੂੰ ਜਥੇਰੀਆ ਵਾਸੀ ਮਕਾਨ ਨੰ. ਸੀ-88 ਵਿਕਾਸਪੁਰੀ ਐਕਸਟੈਂਸ਼ਨ ਥਾਣਾ ਵਿਕਾਸਪੁਰੀ ਨਿਊ ਦਿੱਲੀ, ਲਕਸੇ ਰੰਗਾ ਵਾਸੀ ਕੇਸਵਾਪੁਰ, ਵਿਕਾਸਪੁਰੀ ਥਾਣਾ ਵਿਕਾਸਪੁਰੀ ਨਿਊ ਦਿੱਲੀ, ਅੰਕਿਤ ਪੁੱਤਰ ਵਾਸੀ ਪਿੰਡ ਕਮਲਾਖੋਰ ਥਾਣਾ ਫਤਿਹਪੁਰ ਜ਼ਿਲ੍ਹਾ ਫਤਿਹਪੁਰ ਯੂ ਪੀ ਹਾਲ ਵਾਸੀ ਮਕਾਨ ਨੂੰ ਬੀ 71 ਨਿਹਾਲ ਵਿਹਾਰ ਨਿਊ ਦਿੱਲੀ ਦੱਸਿਆ। ਤਲਾਸ਼ੀ ਕਰਨ 'ਤੇ ਮਲਕੀਤ ਸਿੰਘ ਉਕਤ ਪਾਸੋਂ ਦੇਸੀ ਪਿਸਟਲ .32 ਬੋਰ ਸਮੇਤ 13 ਕਾਰਤੂਸ, ਅੰਕਿਤ ਪਾਸੋਂ ਦੇਸੀ ਪਿਸਟਲ .32 ਬੋਰ ਸਮੇਤ 02 ਕਾਰਤੂਸ, ਲਕਸੇ ਰੰਗਾ ਪਾਸੋ ਟੋਜਰ (ਕਰੰਟ ਲਗਾਉਣ ਵਾਲੀ ਮਸ਼ੀਨ), ਅਸੀਸ ਕੁਮਾਰ ਉਕਤ ਪਾਸ ਕਿਰਪਾਨ ਅਤੇ ਭਾਨੂੰ ਜਮੋਰੀਆ ਪਾਸੋਂ ਗੰਡਾਸਾ ਬ੍ਰਾਮਦ ਕੀਤੇ ਗਏ ਜਿਨ੍ਹਾਂ ਨੂੰ ਗ੍ਰਿਫਤਾਰ ਕੀਤਾ ਤੇ ਮੁਕੱਦਮਾ ਵਿਚ ਧਾਰਾ 25/54/59 ਦਾ ਵਾਧਾ ਕੀਤਾ।

## ਚੁਟਾਨੀ ਨੇ ਪਾਵਰਕਾਮ ਦੇ ਐੱਸ ਈ ਵੰਡ ਦਾ ਅਹੁਦਾ ਸੰਭਾਲਿਆ

**ਜਲੰਧਰ (ਸ਼ੈਲੀ ਐਲਬਰਟ)**-ਪਾਵਰਕਾਮ ਦੇ ਸੀਨੀਅਰ ਅਧਿਕਾਰੀ ਗੁਲਸ਼ਨ ਕੇ. ਚੁਟਾਨੀ ਵਲੋਂ ਜਲੰਧਰ ਦੇ ਸੁਪਰਡੰਟ ਇੰਜੀਨੀਅਰ ਵੰਡ ਦਾ ਅਹੁਦਾ ਸੰਭਾਲ ਲਿਆ ਗਿਆ।। ਸ਼ਕਤੀ ਸਦਨ ਵਿਖੇ ਸੁਪਰਡੰਟ ਇੰਜੀਨੀਅਰ (ਵੰਡ) ਦਾ ਅਹੁਦਾ ਸੰਭਾਲਦਿਆਂ ਇੰਜੀ.ਚੁਟਾਨੀ ਨੇ ਦੁਹਰਾਇਆ ਕਿ ਖ਼ਪਤਕਾਰਾਂ ਖਾਸ ਕਰਕੇ ਉਦਯੋਗਾਂ ਨਾਲ ਸਬੰਧਿਤ ਸ਼ਿਕਾਇਤਾਂ ਨੂੰ ਘੱਟ ਤੋਂ ਘੱਟ ਸਮੇਂ ਵਿੱਚ ਸੁਲਝਾਇਆ ਜਾਵੇਗਾ । ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਪਤਕਾਰਾਂ ਲਈ ਨਿਰਵਿਘਨ ਅਤੇ ਮਿਆਰੀ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਲੋੜ ਅਨੁਸਾਰ ਬਿਜਲੀ ਮੁਹੱਈਆ ਕਰਵਾਉਣ ਲਈ ਲੋੜੀਂਦੇ ਉਪਰਾਲੇ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ । ਉਨ੍ਹਾਂ ਕਿਹਾ ਕਿ ਜੇਕਰ ਬਿਜਲੀ ਚੋਰੀ ਦਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਉਸ ਨਾਲ ਕਾਨੂੰਨ ਅਨੁਸਾਰ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਜ਼ਿਕਰਯੋਗ ਹੈ ਕਿ ਇੰਜੀ. ਚੁਟਾਨੀ ਵਲੋਂ 1996 ਵਿੱਚ ਬਿਜਲੀ ਵਿਭਾਗ ਵਿੱਚ ਬਤੌਰ ਸਹਾਇਕ ਇੰਜੀਨੀਅਰ ਵਜੋਂ ਸੇਵਾ ਸ਼ੁਰੂ ਕੀਤੀ ਗਈ ਸੀ ਅਤੇ ਸਾਲ 2002 ਵਿੱਚ ਬਤੌਰ ਸਹਾਇਕ ਕਾਰਜਕਾਰੀ ਇੰਜੀਨੀਅਰ ਅਤੇ ਸਾਲ 2008 ਵਿੱਚ ਬਤੌਰ ਸੀਨੀਅਰ ਕਾਰਜਕਾਰੀ ਇੰਜੀਨੀਅਰ ਪਦਉਨਤ ਹੋਏ ਸਨ। ਉਹ ਸਾਲ 2011 ਵਿੱਚ ਵਧੀਕ ਸੁਪਰਡੰਟ ਇੰਜੀਨੀਅਰ ਪਦਉਨਤ ਹੋਏ ਤੇ ਬਤੌਰ ਵਧੀਕ ਸੁਪਰਡੰਟ ਇੰਜੀਨੀਅਰ ਸੂਚਨਾ ਤਕਨਾਲੋਜੀ ਸੇਵਾਵਾਂ ਨਿਭਾਈਆਂ ਅਤੇ ਹੁਣ ਸੁਪਰਡੰਟ ਇੰਜੀਨੀਅਰ ਵੰਡ ਸਰਕਲ ਜਲੰਧਰ ਨਿਯੁਕਤ ਹੋਏ ਹਨ।

## ਸਿੱਖਿਆ ਮੰਤਰੀ ਬੈਂਸ ਨੇ ਕੀਤਾ ਪਿੰਡਾਂ ਦਾ ਧੰਨਵਾਦੀ ਦੌਰਾ



**ਭਲਾਣ ( ਹਰਭਜਨ ਢਿੱਲੋਂ)** ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਮੰਤਰੀ ਨੇ ਨੰਗਲ ਦੇ ਨਾਲ ਲੱਗਦੇ ਪਿੰਡਾਂ ਦਾ ਧੰਨਵਾਦੀ ਦੌਰਾ ਕੀਤਾ। ਇਸ ਮੌਕੇ ਪਿੰਡ ਮੰਜੋਵਾਲ ਅਤੇ ਛੋਟੇਵਾਲ ਵਿਖੇ ਉਨ੍ਹਾਂ ਕਿਹਾ ਕਿ ਬੜੇ ਮਾਣ ਵਾਲੀ ਗੱਲ ਹੈ ਕਿ ਤੁਸੀਂ ਮੈਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਮੈਂ ਤੁਹਾਡਾ ਪੁੱਤ ਤੇ ਭਰਾ ਹਾਂ। ਜਿਥੇ ਸਾਰਿਆਂ ਨੇ ਮੈਨੂੰ ਵੋਟਾਂ ਪਾਈਆਂ ਉਥੇ ਸਭ ਤੋਂ ਵੱਧ ਮਾਵਾਂ ਤੇ ਭੈਣਾਂ ਦਾ ਯੋਗਦਾਨ ਰਿਹਾ ਹੈ। ਲੋਕਾਂ ਨੇ ਬਿਨਾਂ ਕਿਸੇ ਭੇਦਭਾਵ, ਜਾਤਪਾਤ, ਊਚ ਨੀਚ ਤੋਂ ਉਪਰ ਉੱਠ ਕੇ ਮੈਨੂੰ ਜਤਾਇਆ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨਾਲ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਪੱਧਰ ਵੀ ਉਚਾ ਚੁੱਕਿਆ ਹੈ। ਇਸ ਵਾਰ ਸਕੂਲਾਂ ਵਿੱਚ ਨਰਸਰੀ ਦੇ ਬੱਚੇ ਪਹਿਲਾਂ ਨਾਲੋਂ ਜਿਆਦਾ ਗਿਣਤੀ ਵਿੱਚ ਦਾਖਲਾ ਹੋਏ ਹਨ। ਆਮ ਆਦਮੀ ਦੀ ਸਰਕਾਰ ਵੱਲੋਂ ਮਿਆਰੀ ਸਿੱਖਿਆ ਦੇਣ ਦਾ ਵਾਅਦਾ ਵੀ ਪੂਰਾ ਕੀਤਾ ਜਾ ਰਿਹਾ ਅਤੇ ਲੋਕਾਂ ਨੂੰ ਮੁਫਤ ਬਿਜਲੀ ਦੇਣ ਦਾ ਵਾਅਦਾ ਵੀ ਪੂਰਾ ਕੀਤਾ ਗਿਆ ਹੈ। ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਹਨ। ਜਿਸ ਨਾਲ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਮੁਫਤ ਮਿਲ ਰਹੀਆਂ ਹਨ। ਇਸ ਮੌਕੇ ਪਿੰਡ ਬੇਲਾ ਧਿਆਨੀ ਦੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਦੇਖਦੇ ਹੋਏ ਸਿੱਖਿਆ ਮੰਤਰੀ ਵੱਲੋਂ ਬੋਰ ਕਰਵਾਉਣ ਦਾ ਵਾਅਦਾ ਕੀਤਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਇਸ ਮੌਕੇ ਸਰਪੰਚ ਦੀਪਕ ਕੁਮਾਰ ਹੈਪੀ, ਡਾਕਟਰ ਸੰਜੀਵ ਗੌਤਮ, ਰਕੇਸ਼। ਮਹਿਲਵਾਂ, ਜਸਪਾਲ ਸਿੰਘ ਢਾਹੇ, ਬਿੱਲਾ ਮਹਿਲਵਾਂ, ਸਰਪੰਚ ਹਰਪਾਲ ਕੌਰ, ਰਾਮ ਸਰੂਪ, ਪੰਚ ਪ੍ਰਦੀਪ ਕੁਮਾਰ, ਸਰਪੰਚ ਰਾਮ ਕੁਮਾਰ, ਗੁਰਨਾਮ ਸਿੰਘ ਭੰਗਲ, ਸਾਬਕਾ ਸਰਪੰਚ ਜਸਵੰਤ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਵੱਡੀ ਗਿਣਤੀ ਵਿੱਚ ਹਾਜਰ ਸਨ।

# ਪ੍ਰਦਰਸ਼ਨ ਕਰ ਰਹੀਆਂ ਔਰਤਾਂ ਨੇ ਬ੍ਰਿਜ ਭੂਸ਼ਣ ਦੀ ਗ੍ਰਿਫਤਾਰੀ ਦੀ ਕੀਤੀ ਮੰਗ

**ਜਲੰਧਰ (ਸੈਲੀ ਐਲਬਰਟ)**-ਇਸਤਰੀ ਜਾਗ੍ਰਿਤੀ ਮੰਚ ਵੱਲੋਂ ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਸੂਬਾ ਪ੍ਰੈੱਸ ਸਕੱਤਰ ਜਸਵੀਰ ਕੌਰ ਜੱਸੀ ਅਤੇ ਔਰਤ ਮੁਕਤੀ ਮੋਰਚਾ ਪੰਜਾਬ ਦੇ ਸਰਪ੍ਰਸਤ ਡਾ.ਰਘਵੀਰ ਕੌਰ ਨੇ ਕਿਹਾ ਕਿ ਦੇਸ਼ ਵਿੱਚ ਬੀ ਜੇ ਪੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਔਰਤਾਂ ਖਿਲਾਫ ਹਿੰਸਾ ਨੂੰ ਸੰਸਥਾਗਤ ਤੌਰ 'ਤੇ ਜਿਆਦਾ ਸੰਗਠਿਤ ਤਰੀਕੇ ਨਾਲ ਲਾਗੂ ਕੀਤਾ ਜਾ ਰਿਹਾ ਹੈ। ਬਿਲਕੀਜ ਬਾਨੋ ਦੇ ਦੋਸ਼ੀਆਂ ਦੀ ਸਜਾ ਮੁਆਫੀ,ਹਾਥਰਸ ਦੇ ਦੋਸ਼ੀਆਂ ਦੀ ਸਜਾ ਘਟਾਈ, ਪੀ ਜੀ ਆਈ ਦੀਆਂ ਵਿਦਿਆਰਥਣਾਂ ਦੁਆਰਾ 'ਮਨ ਦੀ ਬਾਤ' ਪ੍ਰੋਗਰਾਮ ਨਾ ਸੁਣਨ ਕਰਕੇ ਇਕ ਹਫਤੇ ਲਈ ਹੋਸਟਲ 'ਚੋਂ ਨਿਕਲਣ ਤੇ ਲਾਈ ਪਾਬੰਦੀ, ਬੀ ਜੇ ਪੀ ਸਰਕਾਰ ਦੇ ਔਰਤਾਂ ਖਿਲਾਫ ਫਾਸ਼ੀ ਰਵੱਈਏ ਉੱਪਰ ਮੋਹਰ ਲਗਾ ਰਿਹਾ ਹੈ। ਬੀ ਜੇ ਪੀ ਦੇ ਖਿਲਾਫ ਜੋ ਵੀ ਖੜ੍ਹਾ ਹੁੰਦਾ ਹੈ ਸਰਕਾਰ ਉਹਨਾਂ ਨੂੰ ਥਕਾ ਕੇ ਪਿਛੇ ਮੋੜਨ , ਲੜਨ ਵਾਲੀਆਂ ਤਾਕਤਾਂ ਖਿਲਾਫ ਝੂਠੇ ਪ੍ਰਚਾਰ ਕਰਕੇ ਲੋਕਾਂ ਵਿੱਚੋਂ ਨਿਖੇੜਨ ਅਤੇ ਜਬਰ ਦੀ ਨੀਤੀ 'ਤੇ ਚੱਲ ਰਹੀ ਹੈ। ਆਗੂਆਂ ਨੇ ਕਿਹਾ ਅੱਜ ਸਰਕਾਰ ਪੁਲਸ ਜਬਰ ਦੁਆਰਾ ਇਸ ਸੰਘਰਸ਼ ਨੂੰ ਖਤਮ ਕਰਨਾ ਚਾਹੁੰਦੀ ਹੈ। ਆਗੂਆਂ ਨੇ ਕਿਹਾ ਕਿ ਜੰਤਰ ਮੰਤਰ ਵਿੱਚ ਸੰਘਰਸ਼ ਕਰ ਰਹੀਆਂ ਲੜਕੀਆਂ ਦਾ ਮਸਲਾ ਸਮੁੱਚੇ ਸਮਾਜ ਅੰਦਰ ਔਰਤਾਂ ਖਿਲਾਫ ਪਸਰੀ ਹੋਈ ਹਿੰਸਾ ਹੈ ਅਤੇ ਇਹ ਮਹਿਜ ਔਰਤਾਂ ਦਾ ਨਹੀਂ ਸਮੁੱਚੇ ਸਮਾਜ ਦਾ ਮਸਲਾ ਹੈ। ਇਸ ਲਈ ਸਮੁੱਚੇ ਸਮਾਜ ਨੂੰ ਪਹਿਲਵਾਨ ਲੜਕੀਆਂ ਦੇ ਹੱਕ ਵਿਚ ਡਟਨ ਦਾ ਸੱਦਾ ਦਿੱਤਾ । ਆਗੂਆਂ ਨੇ ਜਾਂਚ ਕਮੇਟੀ ਦੀ ਰਿਪੋਰਟ ਨੂੰ ਜਨਤਕ ਕਰਨ ਅਤੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਨੂੰ ਉਸ ਦੇ ਅਹੁਦੇ ਤੋਂ ਬਰਖਾਸਤ ਕਰਕੇ ਗ੍ਰਿਫਤਾਰ ਕਰਨ ਅਤੇ ਮਹਿਲਾ ਖਿਡਾਰਨਾਂ ਦੀ ਸੁਰੱਖਿਆ ਸੁਨਿਸਚਿਤ ਕੀਤੀ ਜਾਣ , ਬਤਮੀਜੀ ਕਰਨ ਵਾਲੇ ਪੁਲਸ ਕਰਮੀਆਂ ਨੂੰ ਨੌਕਰੀ ਤੋਂ ਬਰਖਾਸਤ ਕੀਤੇ ਜਾਣ ਅਤੇ ਸਮੁੱਚੇ ਖੇਡ ਤੰਤਰ ਵਿੱਚ ਰਾਜਨੀਤਕ ਪ੍ਰਭਾਵ ਵਾਲੇ ਨੇਤਾਵਾਂ ਤੋਂ ਮੁਕਤ ਕੀਤੇ ਜਾਣ ਦੀ ਮੰਗ ਕੀਤੀ। ਇਸ ਸਮੇਂ ਉਹਨਾਂ ਨੇ ਪੰਜਾਬ ਦੇ ਬੁੱਧੀਜੀਵੀ ਨਵਸਰਨ ਕੌਰ ਜੋ ਕਿ ਲੋਕਾਂ ਦੇ ਹੱਕ ਵਿੱਚ ਲਗਾਤਾਰ ਆਪਣੀ ਆਵਾਜ ਬੁਲੰਦ ਕਰਦੀ ਰਹਿੰਦੀ ਹੈ ਨੂੰ ਈਡੀ ਵੱਲੋਂ ਪੁੱਛਗਿੱਛ ਦੇ ਨਾਂਏ ਹੇਠ ਤੰਗ ਪ੍ਰੇਸ਼ਾਨ ਕਰਨ ਦਾ ਜੋਰਦਾਰ ਨਾਅਰਿਆਂ ਦੇ ਨਾਲ ਵਿਰੋਧ ਕੀਤਾ ਗਿਆ। ਇਸ ਸਮੇਂ ਇਸਤਰੀ ਜਾਗ੍ਰਿਤੀ ਮੰਚ ਦੇ ਜ਼ਿਲ੍ਹਾ ਕਮੇਟੀ ਮੈਂਬਰ ਕੁਲਵੰਤ ਕੌਰ, ਦੇਸ਼ ਭਗਤ ਯਾਦਗਾਰ ਹਾਲ ਦੇ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਰਮਨਦੀਪ ਕੌਰ ਆਦਿ ਸ਼ਾਮਿਲ ਸਨ।

## ਮੇਅਰ ਵੱਲੋਂ ਸ਼ਹਿਰ 'ਚ ਪਹਿਲੇ ਆਰ ਆਰ ਆਰ ਸੈਂਟਰ ਦਾ ਉਦਘਾਟਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਨਗਰ ਨਿਗਮ ਹੁਸ਼ਿਆਰਪੁਰ ਦੇ ਮੇਅਰ ਸੁਰਿੰਦਰ ਕੁਮਾਰ ਨੇ 'ਮੇਰੀ ਲਾਈਫ ਮੇਰਾ ਸਵੱਛ ਸ਼ਹਿਰ' ਮੁਹਿੰਮ ਤਹਿਤ ਸ਼ਹਿਰ ਵਿੱਚ ਪਹਿਲੇ ਆਰ.ਆਰ.ਆਰ ਸੈਂਟਰ ਦਾ ਦਫਤਰ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਉਦਘਾਟਨ ਕੀਤਾ ਅਤੇ ਆਪਣੇ ਵੱਲੋਂ ਆਰ.ਆਰ.ਆਰ ਸੈਂਟਰ ਵਿੱਚ ਕੱਪੜੇ ਅਤੇ ਜੁੱਤੇ ਜਮ੍ਹਾਂ ਕਰਵਾਏ, ਜਿਸ ਲਈ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਗਿੱਲੇ ਕੂੜੇ ਤੋਂ ਬਣੀ ਖਾਦ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅਜਿਹੇ ਸੈਂਟਰ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਹਿਰ ਵਿੱਚ ਖੋਲ੍ਹੇ ਜਾਣਗੇ, ਤਾਂ ਜੋ ਕਿਸੇ ਲੋੜਵੰਦ ਵਿਅਕਤੀ ਨੂੰ ਇਹ ਵਸਤਾਂ ਦੇ ਕੇ ਸਹੀ ਢੰਗ ਨਾਲ ਪ੍ਰਬੰਧਨ ਅਤੇ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਕੋਈ ਵੀ ਲੋੜਵੰਦ ਵਿਅਕਤੀ ਇਨ੍ਹਾਂ ਸੈਂਟਰਾਂ ਤੋਂ ਉਨ੍ਹਾਂ ਦੇ ਲੋੜ ਦੀ ਵਸਤੂ ਬਿਨਾਂ ਪੈਸਿਆਂ ਤੋਂ ਲਿਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਲੋੜਵੰਦਾਂ ਦੀ ਮਦਦ ਦੇ ਨਾਲ-ਨਾਲ ਲੋਕਾਂ ਵਿੱਚ ਕੁਦਰਤ ਪ੍ਰਤੀ ਜਾਗਰੂਕ ਕਰਨ ਦੀ ਭਾਵਨਾ ਪੈਦਾ ਕਰੇਗੀ। ਮੇਅਰ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਸੈਂਟਰਾਂ ਵਿਖੇ ਲੋਕ ਵਰਤੋਂ ਕੀਤੀਆਂ ਹੋਈਆਂ ਚੀਜਾਂ ਜਿਵੇਂ ਕਿ ਕੱਪੜੇ, ਜੁੱਤੇ, ਚੱਪਲ, ਬੈਗ, ਖਿਡੌਣੇ, ਕਿਤਾਬਾਂ ਅਤੇ ਹੋਰ ਸਟੇਸ਼ਨਰੀ, ਇਲੈਕਟ੍ਰੋਨਿਕ ਸਾਮਾਨ, ਭਾਂਡੇ, ਕੰਟੇਨਰ ਆਦਿ ਜਮ੍ਹਾਂ ਕਰਵਾ ਸਕਣਗੇ। ਇਨ੍ਹਾਂ ਸੈਂਟਰਾਂ ਵਿੱਚ ਜਮ੍ਹਾਂ ਕੀਤੇ ਹੋਏ ਸਾਮਾਨ ਦਾ ਰਿਕਾਰਡ ਰੱਖਿਆ ਜਾਵੇਗਾ ਅਤੇ ਸਾਮਾਨ ਜਮ੍ਹਾਂ ਕਰਵਾਉਣ ਆਏ ਲੋਕਾਂ ਨੂੰ ਖਾਦ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਸੈਂਟਰ ਸ਼ਹਿਰ ਦੇ ਵੱਖ-ਵੱਖ ਵਾਰਡਾਂ ਤੋਂ ਇਲਾਵਾ ਸਕੂਲਾਂ/ਕਾਲਜਾਂ ਅਤੇ ਕਮਰਸ਼ੀਅਲ ਅਦਾਰਿਆਂ ਵਿੱਚ ਬਣਾਉਣ ਦੀ ਤਜਵੀਜ ਦਿੱਤੀ ਜਾਵੇਗੀ ਅਤੇ ਵਾਤਾਵਰਣ ਦਿਵਸ ਤੱਕ ਇਸ ਮੁਹਿੰਮ ਅਧੀਨ ਵੱਖ-ਵੱਖ ਗਤੀਵਿਧੀਆਂ ਲੋਕਾਂ ਨੂੰ ਜਾਗਰੂਕ ਕਰਨ ਲਈ ਕੀਤੀਆਂ ਜਾਣਗੀਆਂ। ਇਸ ਮੌਕੇ 'ਤੇ ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ, ਸਕੱਤਰ ਜਸਵਿੰਦਰ ਸਿੰਘ, ਚੀਫ ਸੈਨੇਟਰੀ ਇੰਸਪੈਕਟਰ ਸਰਬਜੀਤ ਸਿੰਘ ਅਤੇ ਸਮੂਹ ਨਗਰ ਨਿਗਮ ਸਟਾਫ ਮੌਜੂਦ ਸੀ।

# ਸਿਹਤ ਵਿਭਾਗ ਨੇ ਮਨਾਇਆ ਡਰਾਈ ਡੇਅ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਡਾ.ਗੋਬਿੰਦ ਟੰਡਨ ਐਸ.ਐਮ.ਓ ਚਮਕੌਰ ਸਾਹਿਬ ਦੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਵੱਲੋਂ ਫਰਾਈਡੇਅ ਡਰਾਈਡੇਅ ਦੇ ਤੌਰ 'ਤੇ ਮਨਾਇਆ ਗਿਆ। ਇਸ ਮੌਕੇ ਤੇ ਸਿਹਤ ਵਿਭਾਗ ਦੀ ਟੀਮ ਵੱਲੋਂ ਘਰਾਂ ਵਿੱਚ ਜਾ ਦੇ ਕੂਲਰਾਂ ਦਾ ਪਾਣੀ ਕੱਢ ਕੇ ਕੂਲਰ ਸੁਕਾਏ ਗਏ। ਇਸ ਮੌਕੇ 'ਤੇ ਲਖਵੀਰ ਸਿੰਘ ਹੈਲਥ ਵਰਕਰ ਨੇ ਕਿਹਾ ਕਿ ਹਰ ਸ਼ੁੱਕਰਵਾਰ ਨੂੰ ਫਰਾਈਡੇਅ ਨੂੰ ਡਰਾਈ ਡੇਅ ਵਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਮਲੇਰੀਆ ਤੇ ਡੇਂਗੂ ਦੀ ਬਿਮਾਰੀ ਦਾ ਮੱਛਰ ਪਾਣੀ ਵਿੱਚ ਫੈਲਦਾ ਹੈ। ਡੇਂਗੂ ਦੇ ਲੱਛਣ ਤੇਜ਼ ਬੁਖ਼ਾਰ, ਸਿਰ ਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ, ਥਕਾਵਟ ਮਹਿਸੂਸ ਹੋਣਾ, ਚਮੜੀ ਤੇ ਦਾਣੇ ਅਤੇ ਹਾਲਤ ਖਰਾਬ ਹੋਣਾ, ਨੱਕ ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਹਨ। ਇਸੇ ਤਰਾਂ ਮਲੇਰੀਆ ਬੁਖਾਰ ਐਨਾਫਲੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਪਾਣੀ ਕਿਸੇ ਵੀ ਥਾਂ ਤੇ ਇੱਕਠਾ ਨਾ ਹੋਣ ਦਿੱਤਾ ਜਾਵੇ। ਇਸ ਮੌਕੇ ਤੇ ਅਮਰੀਕ ਸਿੰਘ ਮਲਟੀਪਰਪਜ਼ ਹੈਲਥ ਵਰਕਰ ਨੇ ਮਲੇਰੀਆ ਦੇ ਲੱਛਣਾਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਮਲੇਰੀਆ ਠੰਡ ਅਤੇ ਕਾਂਬੇ ਨਾਲ ਤੇਜ ਬੁਖਾਰ ਚੜ੍ਹਦਾ ਹੈ। ਮਲੇਰੀਆ ਦੇ ਲੱਛਣਾ ਵਿੱਚ ਉਲਟੀਆਂ ਆਉਣਾ ਅਤੇ ਤੇਜ ਸਿਰ ਦਰਦ ਹੋਣਾ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਤੇ ਕਮਜ਼ੋਰੀ ਮਹਿਸੂਸ ਹੋਣਾ ਅਤੇ ਸ਼ਰੀਰ ਦਾ ਪਸੀਨੋ ਪਸੀਨੀ ਹੋਣਾ ਆਦਿ ਸ਼ਾਮਿਲ ਹੁੰਦਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਅਤੇ ਦਫ਼ਤਰਾਂ ਦੇ ਆਲੇ-ਦੁਆਲੇ ਸਫਾਈ ਰੱਖਣ ਅਤੇ ਗਮਲਿਆਂ, ਵਾਧੂ ਪਏ ਭਾਂਡਿਆਂ, ਖਾਲੀ ਬੋਤਲਾਂ, ਖਰਾਬ ਟਾਇਰਾਂ, ਬੋਤਲਾਂ ਅਤੇ ਪਲਾਸਟਿਕ ਦੇ ਟੁੱਟੇ ਭਜੇ ਸਮਾਨ ਵਿੱਚ ਪਾਣੀ ਨਾ ਖੜ੍ਹਾ ਹੋਣ ਦਿੱਤਾ ਜਾਵੇ। ਇਸ ਮੌਕੇ ਤੇ ਮਲਟੀਪਰਪਜ਼ ਹੈਲਥ ਵਰਕਰਾਂ ਵੱਲੋਂ ਸਲਾਈਡਾਂ ਵੀ ਬਣਾਈਆਂ ਗਈਆਂ। ਇਸ ਮੌਕੇ 'ਤੇ ਮਲਟੀਪਰਪਜ਼ ਹੈਲਥ ਵਰਕਰ ਬੇਅੰਤ ਸਿੰਘ, ਪਰਮਜੀਤ ਸਿੰਘ, ਗੁਰਦੀਪ ਸਿੰਘ ਅਤੇ ਪਤਵੰਤੇ ਸੱਜਣ ਹਾਜਰ ਸਨ।

## ਪੇਂਟਿੰਗ ਮੁਕਾਬਲਾ ਕਰਵਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਵਾਤਾਵਰਣ ਬਚਾਓ ਮੁਹਿੰਮ ਤਹਿਤ ਸਰਕਾਰੀ ਮਿਡਲ ਸਕੂਲ ਟੱਪਾ ਵਿਖੇ ਵਿਦਿਆਰਥੀਆਂ ਦਾ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਬੱਚਿਆਂ ਵਲੋਂ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਗਿਆ ਜਿਸ ਵਿੱਚੋਂ ਪਹਿਲਾ ਸਥਾਨ ਅਕਸ਼ਰਾ ਰਾਣੀ ਜਮਾਤ ਅੱਠਵੀਂ ਦੂਸਰਾ ਸਥਾਨ ਵਿਵੇਕ ਜਮਾਤ ਸੱਤਵੀਂ ਅਤੇ ਤੀਸਰਾ ਸਥਾਨ ਸੋਹਿਲ ਕੁਮਾਰ ਜਮਾਤ ਛੇਵੀਂ ਨੇ ਪ੍ਰਾਪਤ ਕੀਤਾ।

ਇਸ ਮੌਕੇ ਸਕੂਲ ਇੰਚਾਰਜ ਸੰਨੀ ਮਹਿਤਾ ਨੇ ਦੱਸਿਆ ਕਿ ਅਜਿਹੇ ਮੁਕਾਬਲੇ ਜਿੱਥੇ ਬੱਚਿਆਂ ਵਿੱਚ ਕਲਾਤਮਿਕ ਰੁਚੀ ਪੈਦਾ ਕਰਦੇ ਹਨ ਉਥੇ ਬੱਚਿਆਂ ਨੂੰ ਵਾਤਾਵਰਣ ਦੀ ਸੰਭਾਲ ਪ੍ਰਤੀ ਵੀ ਜਾਗਰੂਕ ਕਰਦੇ ਹਨ ।

ਇਸ ਮੌਕੇ ਸਕੂਲ ਅਧਿਆਪਕ ਪ੍ਰਿਤਪਾਲ ਸਿੰਘ ,ਸੀਨੀਅਰ ਅਧਿਆਪਕਾ ਸੰਦੀਪ ਕੌਰ ,ਮੈਡਮ ਅਮਨਦੀਪ ਕੌਰ, ਮੈਡਮ ਰਿੰਕਲ ਗੌਤਮ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

## ਰਾਜਾ ਵੱਲੋਂ ਚੋਹਕਾ ਦੇ ਵਿਕਾਸ ਕਾਰਜਾਂ ਲਈ ਚੈੱਕ ਭੇਟ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸੂਬਾ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਅੰਦਰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪਿੰਡ ਚੋਹਕਾ ਦੇ ਵਿਕਾਸ ਕਾਰਜਾਂ ਲਈ ਚੈੱਕ ਭੇਟ ਕਰਦੇ ਹੋਏ ਕੀਤਾ । ਇਸ ਮੌਕੇ ਉਨ੍ਹਾਂ ਸਰਪੰਚ ਜੋਗਿੰਦਰ ਸਿੰਘ ਚੋਹਕਾ ਨੂੰ ਪਿੰਡ ਦੇ ਵਿਕਾਸ 3.50 ਲੱਖ ਦਾ ਚੈੱਕ ਭੇਟ ਕੀਤਾ। ਵਿਧਾਇਕ ਜਸਬੀਰ ਰਾਜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਿੱਚ ਸੂਬੇ ਦੇ ਹਰੇਕ ਖੇਤਰ ਵਿੱਚ ਵਿਕਾਸ ਹੋ ਰਿਹਾ ਹੈ ਤੇ ਜਿਸ ਆਸ ਅਤੇ ਉਮੀਦ ਨਾਲ ਲੋਕਾਂ ਨੇ ਪੰਜਾਬ ਵਿਚ ਰਵਾਇਤੀ ਪਾਰਟੀਆਂ ਤੋਂ ਕਿਨਾਰਾ ਕਰਕੇ ਆਮ ਆਦਮੀ ਪਾਰਟੀ ਵਿਚ ਆਪਣਾ ਭਰੋਸਾ ਪ੍ਰਗਟ ਕੀਤਾ ਉਸ ਭਰੋਸੇ 'ਤੇ ਪਾਰਟੀ ਹੁਣ ਤੱਕ ਪੂਰੀ ਖਰਾ ਉੱਤਰੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੇਸਵ ਸਿੰਘ ਸੈਣੀ ਬਲਾਕ ਪ੍ਰਧਾਨ, ਸਿਟੀ ਪ੍ਰਧਾਨ ਜਗਜੀਵਨ ਜੱਗੀ, ਪੰਚ ਗੁਰਦੇਵ ਸਿੰਘ, ਪੰਚ ਮਨਪ੍ਰੀਤ ਸਿੰਘ, ਦਵਿੰਦਰ ਸਿੰਘ, ਸੁਖਵਿੰਦਰ ਸਿੰਘ ਚੋਹਕਾ, ਬਲਜੀਤ ਸਿੰਘ ਸੈਣੀ, ਪ੍ਰੇਮ ਪਡਵਾਲ, ਅਵਤਾਰ ਸਿੰਘ ਤਾਰੀ, ਅਤਵਾਰ ਸਿੰਘ ਪਲਾਹ ਚੱਕ ਆਦਿ ਵੀ ਮੌਜੂਦ ਸਨ।

## ਸੁਖਦੇਵ ਸਿੰਘ ਰਸੂਲਪੁਰੀ ਸਟੇਟ ਕੋਆਰਡੀਨੇਟਰ ਨਿਯੁਕਤ

**ਕਾਲਾ ਸੰਘਿਆਂ (ਮਨਜੀਤ ਮਾਨ)**—ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਸੀਨੀਅਰ ਆਗੂ ਸੁਖਦੇਵ ਸਿੰਘ ਰਸੂਲਪੁਰੀ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਐਸ. ਸੀ ਡਿਪਾਰਟਮੈਂਟ ਦਾ ਸਟੇਟ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਰਸੂਲਪੁਰੀ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਦੇ ਵੱਖ-ਵੱਖ ਅਹੁਦਿਆਂ 'ਤੇ ਸੇਵਾ ਨਿਭਾਅ ਚੁੱਕੇ ਹਨ। ਉਨ੍ਹਾਂ ਕਾਂਗਰਸ ਹਾਈ ਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਕਿੱਕ ਬਾਕਸਿੰਗ ਕੱਪ 'ਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਸਨਮਾਨਤ

**ਐੱਸ.ਏ.ਐੱਸ. ਨਗਰ, (ਗੁਰਜੀਤ ਬਿੱਲਾ)**-ਟਰਾਇਸਿਟੀ ਜੂਨੀਅਰ ਕਿੱਕ ਬਾਕਸਿੰਗ ਕੱਪ, ਸੈਕਟਰ-56 ਸਪੋਟਰਸ ਕੰਪਲੈਕਸ ਚੰਡੀਗੜ੍ਹ ਵਿਖੇ ਕਰਵਾਇਆ ਗਿਆ। ਇਸ ਕੱਪ ਵਿੱਚ ਪੰਜਾਬ ਪੁਲਸ ਕਰਮਚਾਰੀਆਂ ਦੇ ਬੱਚਿਆਂ ਵਲੋਂ ਖੇਡ ਦਾ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦੇ ਹੋਏ 20 ਗੋਲਡ, 08 ਸਿਲਵਰ ਅਤੇ 11 ਬ੍ਰੋਨਜ ਦੇ ਤਮਗੇ ਜਿੱਤੇ ਅਤੇ ਓਵਰ-ਆਲ ਟ੍ਰਾਫੀ ਜਿੱਤੀ। ਹਰਚਰਨ ਸਿੰਘ ਭੁੱਲਰ ਆਈ.ਪੀ.ਐਸ. ਡੀ.ਆਈ.ਜੀ ਕਮਾਂਡੋ ਵਲੋਂ ਇਹਨਾਂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰੀਤ ਕੰਵਰ ਸਿੰਘ, ਡੀ ਐਸ ਪੀ, ਤੀਜੀ ਕਮਾਂਡੋ ਬਟਾਲੀਅਨ, ਐੱਸ ਏ ਐਸ ਨਗਰ ਨੇ ਦੱਸਿਆ ਕਿ ਪੰਜਾਬ ਪੁਲਸ ਕਮਾਂਡੋ ਦੇ ਵਧੀਕ ਡਾਇਰੈਕਟਰ ਜਨਰਲ ਪੁਲਸ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਸ ਵਲੋਂ ਇਹਨਾਂ ਖਿਡਾਰੀਆਂ ਨੂੰ ਵਿਸ਼ਵ-ਪੱਧਰ ਦੇ ਅਥਲੀਟ ਬਨਾਉਣ ਲਈ ਉਤਮ ਦਰਜੇ ਦੀਆਂ ਸਹੂਲਤਾਂ ਮੁਹੱਈਆ ਕਰਵਾਈਆ ਜਾ ਰਹੀਆਂ ਹਨ। ਇਸ ਮੌਕੇ ਜਗਵਿੰਦਰ ਸਿੰਘ ਚੀਮਾ, ਪੀ.ਪੀ.ਐਸ. ਕਮਾਂਡੈਂਟ ਤੀਜੀ ਕਮਾਂਡੋ ਬਟਾਲੀਅਨ, ਫੇਸ-11, ਐਸ.ਏ.ਐਸ.ਨਗਰ ਵਲੋਂ ਵੀ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ ਗਿਆ।

## ਜ਼ਿਲ੍ਹੇ ਅੰਦਰ ਧਰਨੇ ਤੇ ਰੈਲੀਆਂ ਕਰਨ 'ਤੇ ਪਾਬੰਦੀ

**ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)**—ਜ਼ਿਲ੍ਹਾ ਮੈਜਿਸਟਰੇਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸ੍ਰੀਮਤੀ ਆਸ਼ਿਕਾ ਜੈਨ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਜ਼ਿਲ੍ਹੇ ਦੀ ਹਦੂਦ ਅੰਦਰ ਧਰਨੇ ਅਤੇ ਰੈਲੀਆਂ ਕਰਨ ਉਤੇ ਪੂਰਨ ਤੌਰ ਉਤੇ ਪਾਬੰਦੀ ਲਾਉਣ ਦੇ ਹੁਕਮ ਜਾਰੀ ਕੀਤੇ ਹਨ । ਇਨ੍ਹਾਂ ਹੁਕਮਾਂ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਪੰਜ ਜਾਂ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠੇ ਹੋਣ, ਰੈਲੀਆਂ, ਧਰਨੇ ਲਾਉਣ ਅਤੇ ਮੁਜਾਹਰੇ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਇਹ ਹੁਕਮ 15 ਜੁਲਾਈ 2023 ਤੱਕ ਲਾਗੂ ਰਹਿਣਗੇ।

## ਸੇਂਟ ਸੋਲਜਰ ਦੇ ਵਿਦਿਆਰਥੀਆਂ ਨੇ ਸੰਸਥਾ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਜਾਣਿਆ



**ਜਲੰਧਰ, (ਇਕਬਾਲ ਸਿੰਘ ਉਭੀ)** -ਵਿਦਿਆਰਥੀਆਂ ਨੂੰ ਆਪਣੀ ਸੰਸਥਾ ਪ੍ਰਤੀ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਉਣ ਦੇ ਮਨੋਰਥ ਨਾਲ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਕਪੂਰਥਲਾ ਰੋਡ ਬਰਾਂਚ ਵਿਖੇ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ। ਪ੍ਰਿੰਸੀਪਲ ਸ੍ਰੀਮਤੀ ਦਿਵਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿਸ਼ਾਲ ਮੰਡ ਨੂੰ ਹੈੱਡ ਬੁਆਏ, ਰਿਧੀਮਾ ਨੂੰ ਹੈੱਡ ਗਰਲ, ਰੌਸ਼ਨ ਨੂੰ ਵਾਈਸ ਹੈੱਡ ਬੁਆਏ, ਵੰਸ਼ਿਕਾ ਨੂੰ ਵਾਈਸ ਹੈੱਡ ਗਰਲ, ਨਾਲ ਹੀ ਮਨਕਿਰਤ ਨੂੰ ਛਤਰਪਤੀ ਸ਼ਿਵਾਜੀ ਹਾਊਸ ਕੈਪਟਨ, ਰਵਨੀਤ ਨੂੰ ਮਹਾਰਾਣਾ ਪ੍ਰਤਾਪ ਹਾਊਸ ਦਾ ਕੈਪਟਨ, ਭੂਮਿਕਾ ਨੂੰ ਗੁਰੂ ਗੋਬਿੰਦ ਸਿੰਘ ਹਾਊਸ ਦਾ ਕੈਪਟਨ, ਸਮਦਿਸ਼ਾ ਨੂੰ ਮਹਾਰਾਜਾ ਰਣਜੀਤ ਸਿੰਘ ਹਾਊਸ ਦਾ ਕੈਪਟਨ ਚੁਣਿਆ ਗਿਆ। ਇਸ ਮੌਕੇ ਵੱਖ-ਵੱਖ ਜਮਾਤਾਂ ਦੇ ਮੋਨੀਟਰਾਂ ਦੀ ਚੋਣ ਵੀ ਕੀਤੀ ਗਈ। ਇਸ ਤੋਂ ਇਲਾਵਾ ਸਾਰੇ ਚੁਣੇ ਗਏ ਵਿਦਿਆਰਥੀਆਂ, ਸਟਾਫ਼ ਮੈਂਬਰਾਂ ਨੇ ਸੰਸਥਾ ਵਿੱਚ ਅਨੁਸ਼ਾਸਨ ਬਣਾਈ ਰੱਖਣ ਲਈ ਯਤਨਸ਼ੀਲ ਰਹਿਣ ਦੀ ਸਹੁੰ ਚੁੱਕੀ। ਪ੍ਰਿੰਸੀਪਲ ਦਿਵਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਬੈਚਾਂ ਅਤੇ ਸ਼ੈਸ਼ੇ ਦੇ ਕੇ ਸਨਮਾਨਿਤ ਕੀਤਾ ਅਤੇ ਸੰਸਥਾ ਪ੍ਰਤੀ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਬਾਰੇ ਦੱਸਿਆ। ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

## ਸੁਮਨ ਗੋਤ ਜਠੇਰਿਆਂ ਦਾ ਮੇਲਾ ਅੱਜ

**ਫਿਲੌਰ, (ਨਿਰਮਲ)**—ਸੁਮਨ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ 21 ਮਈ ਨੂੰ ਪਿੰਡ ਲਸਾੜਾ ਵਿਖੇ ਮਨਾਇਆ ਜਾ ਰਿਹਾ ਹੈ। ਕਮੇਟੀ ਪ੍ਰਧਾਨ ਬਲਵੀਰ ਸਿੰਘ ਤੇਹਿਗ ਨੇ ਦੱਸਿਆ ਕਿ ਨਿਸ਼ਾਨ ਸਾਹਿਬ ਚੜਾਉਣ ਦੀ ਰਸਮ 10 ਵਜੇ ਹੋਵੇਗੀ। ਧਾਰਮਿਕ ਸਮਾਗਮ ਦੌਰਾਨ ਗਾਇਕ ਐਸ ਐਸ ਅਜਾਦ ਗੀਤਾਂ ਨਾਲ ਹਾਜਰੀ ਭਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਸਕੱਤਰ ਕਸ਼ਮੀਰ ਸੁਮਨ, ਖਜਾਨਚੀ ਦੇਸ ਰਾਜ ਸੁਮਨ, ਬਿੰਦਰ ਸੁਮਨ, ਹਰਜੀਤ ਸਿੰਘ ਸੁਮਨ ਤੋਂ ਇਲਾਵਾ ਕਮੇਟੀ ਮੈਂਬਰ ਹਾਜਰ ਸਨ।

## ਮੇਘਾ ਜੋਸ਼ੀ ਨੇ ਮੈਡੀਕਲ 'ਚ ਹਾਸਲ ਕੀਤੇ 95 ਫੀਸਦੀ ਅੰਕ

**ਕਰਤਾਰਪੁਰ -(ਹਰਮੇਸ ਦੱਤ)** ਸੇਂਟ ਸੋਲਜਰਜ ਡਿਵਾਈਨ ਪਬਲਿਕ ਸਕੂਲ ਦੀ ਵਿਦਿਆਰਥਣ ਮੇਘਾ ਜੋਸ਼ੀ 12ਵੀਂ ਜਮਾਤ (ਮੈਡੀਕਲ) ਦੇ ਨਤੀਜਿਆਂ ਵਿੱਚ 95 ਫੀਸਦੀ ਅੰਕ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਨਾਂਅ ਰੌਸ਼ਨ ਕੀਤਾ ਹੈ। ਮੇਘਾ ਦੇ ਦਾਦਾ-ਦਾਦੀ ਅਤੇ ਮਾਪਿਆਂ ਨੇ ਉਸ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਸ ਨੂੰ ਵਧਾਈ ਦਿੱਤੀ। ਮੇਘਾ ਜੋਸ਼ੀ ਨੇ ਕਿਹਾ ਕਿ ਉਹ ਡਾਕਟਰ ਬਣ ਕੇ ਸਮਾਜ ਦੀ ਸੇਵਾ ਕਰਨਾ ਚਾਹੁੰਦੀ ਹੈ।

## ਮੁਲਾਜਮ ਵਰਗ ਦੇ ਮਸਲਿਆਂ 'ਤੇ ਸਰਕਾਰ ਦੀ ਡੰਗ-ਟਪਾਊ ਨੀਤੀ ਦਾ ਮੁਲਾਜਮਾਂ 'ਚ ਭਾਰੀ ਰੋਸ : ਟੂਰਾ

**ਫਗਵਾੜਾ ( ਜਸਵਿੰਦਰ ਢੱਡਾ)** ਐਸ.ਸੀ/ਬੀ.ਸੀ ਸਮਾਜ ਅਤੇ ਮੁਲਾਜ਼ਮ ਵਰਗ ਦੀ ਆਵਾਜ਼ ਬੁਲੰਦ ਕਰਨ ਵਾਲੀ ਜੱਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ/ਬੀ.ਸੀ ਇੰਪਲਾਈਜ਼ ਵੈੱਲਫ਼ੇਅਰ ਫ਼ੈਡਰੇਸ਼ਨ ਇਕਾਈ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਐਡੀਸ਼ਨਲ ਸਟੇਟ ਪ੍ਰਧਾਨ ਸਤਵੰਤ ਸਿੰਘ ਟੂਰਾ, ਮਨਜੀਤ ਗਾਟ, ਲਖਵੀਰ ਚੰਦ,ਵਿਨੋਦ ਕੁਮਾਰ, ਸਤਨਾਮ ਗਿੱਲ, ਬਲਵਿੰਦਰ ਨਿਧੜਕ, ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਨੂੰ ਲਗਭਗ ਇੱਕ ਸਾਲ ਤੋਂ ਵੱਧ ਸਮਾਂ ਸੱਤਾ ਸੰਭਾਲਿਆਂ ਹੋ ਚੁੱਕਾ ਹੈ, ਪ੍ਰੰਤੂ ਮੁਲਾਜਮ ਵਰਗ ਦੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਡੰਗ-ਟਪਾਊ ਨੀਤੀ ਦਾ ਮੁਲਾਜਮਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ । ਪੰਜਾਬ ਦੀਆਂ ਬਹੁਤ ਸਾਰੀਆਂ ਜਥੇਬੰਦੀਆਂ ਵੱਲੋਂ ਮੁਲਾਜਮ ਵਰਗ ਦੀਆਂ ਮੁੱਖ ਭਖਦੀਆਂ ਮੰਗਾਂ ਨੂੰ ਵੱਖ ਵੱਖ ਵਿਭਾਗਾਂ ਦੇ ਕੈਬਨਿਟ ਮੰਤਰੀਆਂ ਅਤੇ ਇਥੋਂ ਤੱਕ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ,ਪਰ ਅਜੇ ਤੱਕ ਕੋਈ ਸਾਰਥਿਕ ਨਤੀਜਾ ਸਾਹਮਣੇ ਨਹੀਂ ਆਇਆ । ਸਰਕਾਰ ਦੇ ਮੁਲਾਜਮਾਂ ਪ੍ਰਤੀ ਹਰ ਐਲਾਨ ਦਾ ਅਸੀਂ ਸਵਾਗਤ ਕਰਦੇ ਹਾਂ ਪਰ ਨਿਰਾਸ਼ਾ ਇਸ ਗੱਲ ਦੀ ਹੈ ਕਿ ਅਜੇ ਤੱਕ ਕਿਸੇ ਵੀ ਐਲਾਨ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ। ਕਿਸੇ ਵੀ ਮੁਲਾਜਮ ਨੂੰ ਰੈਗੂਲਰ ਨਿਯੁਕਤੀ ਪੱਤਰ ਜਾਰੀ ਨਹੀਂ ਕੀਤਾ ਗਿਆ। ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਈ ਵੀ ਐਲਾਨ ਅੱਗੇ ਵੱਧ ਰਹੇ ਹਨ ਪ੍ਰੰਤੂ ਨਤੀਜਾ ਕੁਝ ਨਹੀਂ, ਐਸ.ਸੀ. ਮੁਲਾਜਮ ਵਰਗ ਦੀਆਂ ਮੰਗਾਂ 85ਵੀਂ ਸੰਵਿਧਾਨਕ ਸੋਧ ਨੂੰ ਬਹਾਲ ਕਰਵਾਉਣਾ ਅਤੇ 10 ਅਕਤੂਬਰ 2014 ਦਾ ਗੈਰ ਸੰਵਿਧਾਨਕ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਰੱਦ ਕਰਵਾਉਣਾ ਜਿਨ੍ਹਾਂ ਨੂੰ ਮੁੱਖ ਮੰਤਰੀ ਪੰਜਾਬ ਦੇ 2 ਵਾਰੀ ਧਿਆਨ ਵਿੱਚ ਲਿਆਂਦਾ ਚੁੱਕਾ ਹੈ ਮੁੱਖ ਹਨ। ਤਨਖਾਹ ਕਮਿਸ਼ਨ ਦੇ ਬਕਾਏ ਨੂੰ ਜਾਰੀ ਕਰਨ ਬਾਰੇ ਵੀ ਪੰਜਾਬ ਸਰਕਾਰ ਵੱਲੋਂ ਚੁੱਪ ਧਾਰੀ ਹੋਈ ਹੈ. ਉਨ੍ਹਾਂ ਮੁੱਖ ਮੰਤਰੀ ਪੰਜਾਬ ਅਤੇ ਖਜਾਨਾ ਮੰਤਰੀ ਨੂੰ ਅਪੀਲ ਕਰਦਿਆਂ ਕਿਹਾ ਮੁਲਾਜਮਾਂ ਦੇ ਮਸਲਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇ। ਇਸ ਮੌਕੇ ਗਿਆਨ ਚੰਦ ਵਾਹਦ, ਸੁਰਜੀਤ ਲਾਲ, ਅਸ਼ੋਕ ਮੂਲਨਿਵਾਸੀ, ਅਮਰਿੰਦਰ ਸਿੰਘ,ਪਰਵੀਨ ਭੁੱਟਾ, ਗੁਰਸੇਵਕ ਸਿੰਘ, ਰਾਮਪਾਲ, ਵਿਜੈ ਕੁਮਾਰ, ਗਿਆਨ ਸਿੰਘ,ਰਮਨ ਕੁਮਾਰ, ਜਸਵੀਰ ਕੁਮਾਰ, ਦੀਸ ਕੁਮਾਰ,ਕੁਲਦੀਪ ਰਾਮ, ਰਜਿੰਦਰ ਕੁਮਾਰ ਬਘਾਣਾ, ਕਮਲੇਸ਼ ਕੌਰ, ਮਨਿੰਦਰ ਕੌਰ,ਅਨੁਪਮ ਕੰਵਲ, ਕੁਲਵਿੰਦਰ ਕੌਰ ਆਦਿ ਸ਼ਾਮਲ ਸਨ।

## ਨੌਂ ਵਿਦਿਆਰਥੀਆਂ ਨੇ ਪਹਿਲੇ ਦਰਜੇ 'ਚ ਪ੍ਰੀਖਿਆ ਪਾਸ ਕੀਤੀ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਪਿਛਲੇ ਦਿਨੀਂ ਸੀ.ਬੀ.ਐਸ.ਈ. ਦਿਲੀ ਦੁਆਰਾ ਬਾਰਵੀਂ ਜਮਾਤ ਦੇ ਆਏ ਨਤੀਜਿਆਂ ਵਿੱਚ ਗ੍ਰੀਨਵੇਜ ਸਕੂਲ ਰੁੜਕੀ ਹੀਰਾਂ ਦੇ ਨੌਂ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ। ਜਿਨ੍ਹਾਂ ਵਿੱਚ ਗੁਰਸਿਮਰ ਕੌਰ, ਬਲਰਾਜਬੀਰ ਸਿੰਘ, ਅਰਸ਼ਦੀਪ ਕੌਰ, ਜਸ਼ਨਪ੍ਰੀਤ ਕੌਰ, ਜਸਲੀਨ ਕੌਰ, ਖੁਸ਼ਰੀਤ ਕੌਰ, ਅਮੋਲਕ ਸਿੰਘ, ਗੁਰਕਰਨ ਸਿੰਘ ਅਤੇ ਨਵਦੀਪ ਸਿੰਘ ਸ਼ਾਮਿਲ ਹਨ। ਇਨ੍ਹਾਂ ਬੱਚਿਆਂ ਦੇ ਮਾਪਿਆਂ ਵੱਲੋਂ ਸਭ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਸਮੇਂ ਚੇਅਰਮੈਨ ਗੁਰਮੁੱਖ ਸਿੰਘ ਮੱਲ੍ਹੀ, ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਮੱਲ੍ਹੀ, ਪ੍ਰਿੰਸੀਪਲ ਮੁਕੇਸ਼ ਕੁਮਾਰ ਅਗਰਵਾਲ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਰਹੇ।

## ਚੋਰ ਵਿਆਹ ਵਾਲੇ ਘਰੋਂ ਨਕਦੀ ਤੇ ਗਹਿਣੇ ਲੈ ਕੇ ਫਰਾਰ

**ਫਿਲੌਰ (ਨਿਰਮਲ)** ਪਿੰਡ ਨੰਗਲ ਦੀ ਮਹਿਮੀ ਕਲੋਨੀ ਵਿਖੇ ਬੀਤੀ ਰਾਤ ਚੋਰਾਂ ਨੇ ਵਿਆਹ ਵਾਲੇ ਘਰ ਨੂੰ ਨਿਸ਼ਾਨਾ ਬਣਾਇਆ। ਮੁਲਖਰਾਜ ਨੇ ਦੱਸਿਆ ਕਿ ਉਸ ਦੀ ਬੇਟੀ ਦਾ ਵਿਆਹ ਸੀ। ਵਿਆਹ ਤੋਂ ਬਾਅਦ ਉਹ ਆਪਣੇ ਰਿਸ਼ਤੇਦਾਰਾਂ ਦੇ ਘਰ ਗਿਆ ਤੇ ਰਾਤ ਰਹਿਣ ਤੋ ਬਾਅਦ ਸਵੇਰੇ ਆ ਕੇ ਘਰ ਦੇਖਿਆ ਤਾਂ ਘਰ ਦੇ ਤਾਲੇ ਟੁੱਟੇ ਪਏ ਸਨ। ਲੜਕੀ ਦੇ ਵਿਆਹ ਦੇ ਸਗਨ ਦੇ ਲਗਭਗ 3 ਲੱਖ 80 ਹਜਾਰ ਰੁਪਏ, ਘੜੀਆਂ 3 ਜੋੜੇ ਸੋਨੇ ਦੀਆਂ ਵਾਲੀਆਂ ਅਤੇ ਹੋਰ ਸਾਮਾਨ ਚੋਰੀ ਹੋ ਗਿਆ।। ਸੀਸੀਟੀਵੀ ਕੈਮਰਿਆਂ ਵਿੱਚ ਦੇਖਿਆ ਤਾਂ ਚੋਰਾਂ ਦੀ ਗਿਣਤੀ 3 ਤੋਂ 4 ਸੀ। ਉਹਨਾਂ ਚੋਰੀ ਕਰਨ ਤੋਂ ਪਹਿਲਾਂ ਮੇਰੇ ਘਰ ਦੇ ਨਾਲ ਦੇ ਘਰਾਂ ਦੇ ਦਰਵਾਜ਼ਿਆਂ ਨੂੰ ਰੱਸੀਆਂ ਨਾਲ ਬਾਹਰੋਂ ਬੰਨ੍ਹ ਦਿੱਤਾ ਤਾਂ ਜੋ ਉਹ ਘਰਾਂ 'ਚੋਂ ਨਿਕਲ ਨਾ ਸਕਣ। ਇਸ ਸਬੰਧ ਵਿੱਚ ਥਾਣਾ ਫਿਲੌਰ ਨੂੰ ਸੂਚਿਤ ਕੀਤਾ ਗਿਆ ਹੈ।

## ਪੰਜਾਬ ਸਰਕਾਰ ਨੌਜਵਾਨਾਂ 'ਤੇ ਝੂਠੇ ਕੇਸ ਦਰਜ ਕਰਨਾ ਬੰਦ ਕਰੇ : ਚੰਨੀ

**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੋਬੀ )**-ਸਰਕਾਰੀ ਹਸਪਤਾਲ ਚਮਕੌਰ ਸਾਹਿਬ ਵਿਖੇ ਬੀਤੇ ਦਿਨੀਂ ਡਾਕਟਰ ਨਾ ਹੋਣ ਕਾਰਨ ਇਲਾਕੇ ਦੇ ਲੋਕਾਂ ਵੱਲੋਂ ਰੋਸ ਧਰਨਾ ਲਗਾਇਆ ਗਿਆ ਸੀ, ਜਿਸ ਵਿੱਚ ਉਨ੍ਹਾਂ ਸਮੇਤ ਨੌਜਵਾਨ ਵੀ ਸ਼ਾਮਲ ਹੋਏ ਸਨ ਪਰ ਸਰਕਾਰ ਆਪਣੇ ਵਿਧਾਇਕ ਦੇ ਇਸ਼ਾਰੇ 'ਤੇ ਧਰਨੇ ਵਿੱਚ ਸ਼ਾਮਲ ਨੌਜਵਾਨਾਂ 'ਤੇ ਝੂਠੇ ਕੇਸ ਦਰਜ ਕਰਨਾ ਚਾਹੁੰਦੀ ਹੈ ਪਰ ਕਾਂਗਰਸ ਪਾਰਟੀ ਅਜਿਹਾ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ । ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇੱਥੇ ਆਪਣੇ ਦਫਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਮੌਜੂਦਾ ਹਲਕਾ ਵਿਧਾਇਕ ਆਪਣੀਆਂ ਅਤੇ ਸਰਕਾਰ ਦੀਆਂ ਨਲਾਇਕੀਆਂ ਛਪਾਉਣ ਲਈ ਕੋਝੀਆਂ ਚਾਲਾਂ ਚੱਲ ਰਹੇ ਹਨ ਅਤੇ ਨੌਜਵਾਨਾਂ 'ਤੇ ਝੂਠੇ ਕੇਸ ਦਰਜ ਕਰਵਾਉਣਾ ਚਾਹੁੰਦੇ ਹਨ ਜਿਸ ਦਾ ਉਹ ਸਖਤ ਵਿਰੋਧ ਕਰਨਗੇ। ਉਨ੍ਹਾਂ ਦੱਸਿਆ ਕਿ ਚਮਕੌਰ ਸਾਹਿਬ ਅਤੇ ਮੋਰਿੰਡਾ ਦੇ ਸਰਕਾਰੀ ਹਸਪਤਾਲ ਸਮੇਤ ਡਿਸਪੈਂਸਰੀਆਂ ਵਿੱਚ ਡਾਕਟਰਾਂ ਦੀ ਬਹੁਤ ਘਾਟ ਹੈ, ਜਿਸ ਕਾਰਨ ਆਏ ਦਿਨ ਕੋਈ ਨਾ ਕੋਈ ਮੌਤ ਹੋ ਰਹੀ ਹੈ । ਉਨ੍ਹਾਂ ਕਿਹਾ ਕਿ ਬੀਤੇ ਦਿਨ ਵੀ ਇਕ ਹੀ ਪਿੰਡ ਦੇ ਦੋ ਨੌਜਵਾਨਾਂ ਦੀ ਹਸਪਤਾਲ ਵਿੱਚ ਡਾਕਟਰ ਨਾ ਹੋਣ ਕਾਰਨ ਮੌਤ ਹੋ ਗਈ ਸੀ , ਜਿਸ ਤੇ ਇਲਾਕੇ ਦੇ ਲੋਕਾਂ ਵੱਲੋਂ ਰੋਸ ਧਰਨਾ ਲਗਾ ਕੇ ਡਾਕਟਰਾਂ ਦੀ ਮੰਗ ਕੀਤੀ ਗਈ ਸੀ ਪਰ ਪ੍ਰਸ਼ਾਸਨ ਵੱਲੋਂ ਪਰਵਾਰ ਤੇ ਲਾਠੀਚਾਰਜ ਕਰ ਦਿੱਤਾ ਗਿਆ ਅਤੇ ਮ੍ਰਿਤਕ ਨੌਜਵਾਨ ਦੀ ਲਾਸ਼ ਖੋਹ ਕੇ ਲੈ ਗਏ ਤੇ ਨਾਲ ਨੌਜਵਾਨਾਂ ਦੀ ਕੁੱਟਮਾਰ ਕੀਤੀ ਗਈ ਅਤੇ ਹੁਣ ਸਰਕਾਰ ਧਰਨੇ ਵਿੱਚੋਂ ਸ਼ਾਮਲ ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ, ਨਗਰ ਕੌਂਸਲ ਦੇ ਪ੍ਰਧਾਨ ਅਤੇ ਸਮਿਤੀ ਮੈਂਬਰ ਸਮੇਤ ਹੋਰ ਵਰਕਰਾਂ 'ਤੇ ਝੂਠੇ ਕੇਸ ਦਰਜ ਕਰਨਾ ਚਾਹੁੰਦੀ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸ਼ੇਰਾ, ਸਮਿਤੀ ਮੈਂਬਰ ਰੋਹਿਤ ਸੱਭਰਵਾਲ, ਬਲਾਕ ਪ੍ਰਧਾਨ ਦਵਿੰਦਰ ਸਿੰਘ, ਸਤਵਿੰਦਰ ਸਿੰਘ ਚੈੜੀਆ , ਦਰਸ਼ਨ ਸਿੰਘ, ਰਜਿੰਦਰ ਸਿੰਘ ਅਤੇ ਦਲੀਪ ਸਿੰਘ ਆਦਿ ਹਾਜਰ ਸਨ ।

# ਗਦਰੀ ਬਾਬਾ ਹਰਨਾਮ ਸਿੰਘ ਦੀ ਯਾਦ 'ਚ ਸਮਾਗਮ



**ਕਾਲਾ ਸੰਘਿਆਂ, (ਮਨਜੀਤ ਮਾਨ)**- ਅਜ਼ਾਦੀ ਪ੍ਰਵਾਨੇ ਕਰਤਾਰ ਸਿੰਘ ਸਰਾਭੇ ਦੇ ਸਾਥੀ ਅਤੇ ਸਾਢੇ 22 ਸਾਲ ਤੋਂ ਵੱਧ ਜੇਲ੍ਹ ਕੱਟਣ ਵਾਲੇ ਸੂਰਬੀਰ ਗਦਰੀ ਯੋਧੇ ਗਦਰੀ ਬਾਬਾ ਹਰਨਾਮ ਸਿੰਘ ਦੀ ਸਾਲਾਨਾ ਬਰਸੀ ਮੌਕੇ ਉਹਨਾਂ ਦੇ ਜੱਦੀ ਪਿੰਡ ਆਲਮਗੀਰ ਕਾਲਾ ਸੰਘਿਆਂ ਦੇ ਗੁਰਦੁਆਰਾ ਘੰਟਾ ਘਰ ਸਾਹਿਬ ਵਿਖੇ ਸਮਾਗਮ ਦੌਰਾਨ ਵੱਖ ਵੱਖ ਆਗੂਆਂ ਵੱਲੋਂ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਸਵੇਰੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗਿਆਨੀ ਸਰਮੁੱਖ ਸਿੰਘ ਬਾਜਵਾ ਦੇ ਜੱਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਉਪਰੰਤ ਵੱਖ ਬੁਲਾਰਿਆਂ 'ਚ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਇੰਜ: ਸੀਤਲ ਸਿੰਘ ਸੰਘਾ ਪ੍ਰਧਾਨ ਸੰਤ ਹੀਰਾ ਦਾਸ ਕੰਨਿਆਂ ਮਹਾਂ ਵਿਦਿਆਲਿਆ, ਬਲਵਿੰਦਰ ਸਿੰਘ ਬਾਜਵਾ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਪੰਜਾਬ, ਸਾਬਕਾ ਸਰਪੰਚ ਲੁਭਾਇਆ ਸਿੰਘ, ਡਾ. ਰਾਮ ਮੂਰਤੀ, ਨਿਰਮਲ ਸਿੰਘ ਸ਼ੇਰਪੁਰ ਸੰਧਾ, ਸੀਤਾ ਰਾਮ ਬਾਂਸਲ, ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੇ ਕਿਹਾ ਕਿ ਮਹਾਨ ਸੂਰਵੀਰਾਂ ਵੱਲੋਂ ਕੁਰਬਾਨੀਆਂ ਦੇ ਹਾਸਿਲ ਕੀਤੀ ਅਜਾਦੀ 'ਚ ਉਹਨਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਜਾਗਦੇ ਰਹਿ ਕੇ ਹੰਭਲਾ ਮਾਰੀਏ ਇਹੀ ਉਹਨਾਂ ਨੂੰ ਸੱਚੀ ਸ਼ਰਧਾਜਲੀ ਹੋਵੇਗੀ। ਬੁਲਾਰਿਆਂ ਨੇ ਕਿਤਾਬ ਕਲਚਰ ਸਿਰਜਣ, ਸਰਕਾਰਾਂ ਦੀਆਂ ਸਾਮਰਾਜਵਾਦੀ ਨੀਤੀਆਂ ਨੂੰ ਸਮਝਣ, ਪਾਣੀ ਹਵਾ ਵਾਤਾਵਰਣ ਨੂੰ ਬਚਾਉਣ ਸਬੰਧੀ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ 'ਤੇ ਸੁਰਿੰਦਰ ਸਿੰਘ ਸੰਘਾ, ਮਨਜੀਤ ਸਿੰਘ, ਸਤਵਿੰਦਰ ਸਿੰਘ ਬੱਬੀ ਪ੍ਰਧਾਨ ਗੁਰਦੁਆਰਾ ਘੰਟਾ ਘਰ, ਪਰਮਜੀਤ ਸਿੰਘ ਬੱਸਣ, ਜੋਗਿੰਦਰ ਸਿੰਘ ਮੈਨੇਜਰ, ਇੰਦਰਜੀਤ ਸਿੰਘ ਬੱਸਣ, ਨਰਿੰਦਰ ਸਿੰਘ ਸੰਘਾ, ਹਰਵਿੰਦਰ ਸਿੰਘ ਬਿੱਲੂ, ਹਰਜਿੰਦਰ ਸਿੰਘ, ਕਸਮੀਰ ਸਿੰਘ, ਗੁਰਤਾਜ ਸੰਘਾ, ਬਲਜਿੰਦਰ ਸਿੰਘ ਕਾਲਾ, ਕੁਲਦੀਪ ਕੁਮਾਰ ਦੀਪਾ, ਸਤੀਸ਼ ਕੁਮਾਰ ਘੋਨਾ, ਹਰਦਿਆਲ ਸਿੰਘ ਸੰਘਾ, ਨੌਜਵਾਨ ਸਭਾ ਦੇ ਪ੍ਰਧਾਨ ਗੁਰਪ੍ਰੀਤ ਫੁੱਲ, ਮਾਸਟਰ ਸੁਖਦੇਵ ਸਿੰਘ ਸਿੱਧੂ, ਅਵਤਾਰ ਮਾਣਾ, ਟੋਡਰ ਮੱਲ ਸਿੰਘ, ਬਿਕਰਮਜੀਤ ਸਿੰਘ ਸੰਘਾ, ਪਵਿੱਤਰ ਪਿੱਤਾ, ਉਕਾਰ ਸਿੰਘ ਸੰਘਾ ਗਦਰੀ ਬਾਬਾ ਯਾਦਗਾਰੀ ਲਾਇਬ੍ਰੇਰੀ ਕਾਲਾ ਸੰਘਿਆਂ, ਨਿੰਦੀ ਨਿੱਜਰ, ਹਰਪ੍ਰੀਤ ਸਿੰਘ ਭੰਵਰਾ ਆਦਿ ਵੀ ਹਾਜ਼ਰ ਸਨ ।

## ਸਰ ਮਾਰਸ਼ਲ ਕਾਨਵੈਂਟ ਸਕੂਲ ਨੈਨੋਵਾਲ ਵੈਦ ਵਿਖੇ ਰੋਡ ਸੇਫਟੀ ਹਫਤਾ ਮਨਾਇਆ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ )**- ਸਰ ਮਾਰਸ਼ਲ ਕਾਨਵੈਂਟ ਸਕੂਲ ਨੈਨੋਵਾਲ ਵੈਦ ਵਿਖੇ ਪ੍ਰਿੰਸੀਪਲ ਰਮਨਦੀਪ ਸਿੰਘ ਦੀ ਅਗਵਾਈ ਵਿਚ 6ਵੀਂ ਕਲਾਸ ਤੋਂ ਦਸਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਨ ਅਤੇ ਰੋਡ ਸੇਫਟੀ ਹਫਤਾ ਮਨਾਉਣ ਲਈ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆਸ ਜਿਸ ਵਿਚ ਚੇਅਰਮੈਨ ਰਾਜਿੰਦਰ ਸਿੰਘ ਮਾਰਸ਼ਲ ਅਤੇ ਕੁਲਵੰਤ ਸਿੰਘ ਮਾਰਸਲ ਸ਼ਾਮਿਲ ਹੋਏ। ਰਾਜਿੰਦਰ ਸਿੰਘ ਮਾਰਸ਼ਲ ਨੇ ਕਿਹਾ ਕਿ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਦਾ ਜਿੱਥੇ ਪੁਲਸ ਚਲਾਨ ਕੱਟ ਰਹੀ ਹੈ ਉਥੇ ਉਨ੍ਹਾਂ ਨੂੰ ਨਯਮਾਂ ਸਬੰਧੀ ਜਾਗ੍ਰਿਤ ਵੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰੋਡ ਉੱਪਰ ਟੂਵੀਲਰ ਚਲਾਉਂਦੇ ਸਮੇਂ ਕਾਗਜ ਪੂਰੇ ਰੱਖਣੇ ਚਾਹੀਦੇ ਹਨ ਤੇ ਹੈਲਮਟ ਵੀ ਜਰੂਰ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਫੋਰ ਵਿਲਰ ਚਲਾਉਂਦੇ ਸਮੇਂ ਸੀਟ ਬੈਲਟ ਦੀ ਵਰਤੋਂ ਜਰੂਰ ਕਰੋ ਅਤੇ ਵਹੀਕਲ ਦੀ ਸਪੀਡ ਰੋਡ ਸਪੀਡ ਲਿਮਟ ਦੇ ਮੁਤਾਬਿਕ ਹੀ ਰੱਖਣੀ ਚਾਹੀਦੀ ਹੈ। ਪ੍ਰਿੰਸੀਪਲ ਰਮਨਦੀਪ ਸਿੰਘ ਨੇ ਕਿਹਾ ਕਿ ਜਦੋਂ ਤੱਕ ਤੁਹਾਡਾ ਡਰਾਈਵਿੰਗ ਲਾਇਸੈਂਸ ਨਹੀਂ ਬਣ ਜਾਂਦਾ ਉਦੋਂ ਤੱਕ ਕੋਈ ਵੀ ਵਹੀਕਲ ਚਲਾਉਣਾ ਗੈਰ-ਕਨੂੰਨੀ ਹੈ। ਇਸ ਮੌਕੇ 'ਤੇ ਵਿਦਿਆਰਥੀਆਂ ਦੇ ਰੋਡ ਸੇਫਟੀ ਉੱਪਰ ਲੇਖ ਅਤੇ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਵਾਈਸ ਪ੍ਰਿੰਸੀਪਲ ਕੁਲਵੀਰ ਸਿੰਘ, ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਗੁਰਪ੍ਰੀਤ ਕੌਰ, ਮੋਨਿਕਾ, ਅਮਨਦੀਪ ਕੌਰ, ਮਨਦੀਪ ਸਿੰਘ, ਮਨੀ, ਸਾਮ, ਵਿਪਨ ਕੁਮਾਰ, ਅਮ੍ਰਿਤਪਾਲ ਕੌਰ, ਸੀਸਪਾਲ ਅਤੇ ਹੋਰ ਹਾਜਰ ਸਨ।

## ਸੰਤ ਬਾਬਾ ਕਾਰਸੀ ਗਿਰ ਯਾਦ ਨੂੰ ਸਮਰਪਿਤ ਸਾਲਾਨਾ ਸਮਾਗਮ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ )**- ਪਿੰਡ ਲੋਧੀ ਚੱਕ ਵਿਖੇ ਸਥਿਤ ਬਾਬਾ ਭਾਈ ਚਾਈਆ ਜੀ ਦੇ ਅਸਥਾਨ 'ਤੇ ਸੰਤ ਬਾਬਾ ਕਾਰਸੀ ਗਿਰ ਜੀ ਦੀ ਸਾਲਾਨਾ ਯਾਦ ਨੂੰ ਸਮਰਪਿਤ ਧਾਰਮਿਕ ਸਮਾਗਮ ਸ਼ਰਧਾ, ਸਤਿਕਾਰ ਤੇ ਧੂਮ-ਧਾਮ ਨਾਲ ਕਰਵਾਇਆ ਗਿਆ। ਸਭ ਤੋਂ ਪਹਿਲਾਂ 17 ਮਈ ਤੋਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ। ਉਪਰੰਤ ਖੁੱਲ੍ਹੇ ਪੰਡਾਲ ਵਿਚ ਸਜਾਏ ਗਏ ਧਾਰਮਿਕ ਦੀਵਾਨ ਵਿਚ ਸੰਤ ਬਾਬਾ ਗੁਰਦਿਆਲ ਸਿੰਘ ਟਾਂਡੇ ਵਾਲੇ ਅਤੇ ਹੋਰ-ਰਾਗੀ ਢਾਡੀ ਜਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਰਾਹੀ ਨਿਹਾਲ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਮਨੁੱਖਾ ਜਨਮ ਸੇਵਾ ਤੇ ਸਿਮਰਨ ਵਾਸਤੇ ਪ੍ਰਾਪਤ ਹੋਇਆ ਹੈ ਪ੍ਰੰਤੂ ਅਸੀਂ ਮੋਹ-ਮਾਇਆ ਦੇ ਚੱਕਰ ਵਿਚ ਫਸ ਕੇ ਅਜਾਈਂ ਹੀ ਗਵਾ ਦਿੰਦੇ ਹਾਂ। ਸਾਨੂੰ ਸਵਾਸ ਸਵਾਸ ਵਾਹਿਗੁਰੂ ਦਾ ਸਿਮਰਨ ਕਰਨਾ ਚਾਹੀਦਾ ਹੈ। ਗੁਰੂ ਕੇ ਲੰਗਰ, ਚਾਹ ਪਕੌੜੇ ਅਤੇ ਠੰਡੇ-ਮਿੱਠੇ ਜਲ ਦੀਆਂ ਛਬੀਲ ਅਤੁੱਟ ਵਰਤਾਏ ।

## ਚੌਹਾਨ ਜਠੇਰਿਆਂ ਦਾ ਮੇਲਾ

**ਮਹਿਤਪੁਰ (ਰਾਜਾ)** ਇਥੇ ਚੌਹਾਨ ਜਠੇਰਿਆ ਦਾ ਮੇਲਾ 21 ਮਈ ਨੂੰ ਮਨਾਇਆ ਜਾ ਰਿਹਾ ਹੈ। ਸਵੇਰੇ ਝੰਡੇ ਦੀ ਰਸਮ ਕੀਤੀ ਜਾਵੇਗੀ ਉਪਰੰਤ ਅਰਦਾਸ ਬੇਨਤੀ ਕੀਤੀ ਜਾਵੇਗੀ ਅਤੇ ਸਾਰਾ ਦਿਨ ਗੁਰੂ ਕਾ ਲੰਗਰ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਵਰਤਾਈ ਜਾਵੇਗੀ । ਇਸ ਮੌਕੇ ਸਾਬਕਾ ਸਰਪੰਚ ਮਿੱਤਰ ਮੋਹਣ ਚੌਹਾਨ,ਰਜਿੰਦਰ ਚੌਹਾਨ,ਹੀਰਾ ਲਾਲ ਚੌਹਾਣ,ਸੋਹਣ ਲਾਲ ਚੌਹਾਨ,ਪਰਮਜੀਤ ਚੌਹਾਨ ਆਦਿ ਹਾਜਰ ਸਨ।

## ਬੀਬੀ ਸ਼ਰਨ ਕੌਰ ਖਾਲਸਾ ਕਾਲਜ ਵੱਲੋਂ ਕਰਵਾਇਆ ਗਿਆ ਵਿਸ਼ੇਸ਼ ਲੈਕਚਰ





**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਥਾਪਿਤ ਬੀਬੀ ਸ਼ਰਨ ਕੌਰ ਖਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਅਜੋਕੇ ਦੌਰ ਵਿੱਚ ਪ੍ਰਚੱਲਿਤ ਇੰਡਸਟਰੀ ਅਤੇ ਵਿੱਦਿਅਕ ਸੰਸਥਾਵਾਂ ਦੇ ਸੰਬੰਧਾਂ, ਸਹਿਯੋਗ ਅਤੇ ਜਾਣਕਾਰੀਆਂ ਦੇ ਅਦਾਨ-ਪ੍ਰਦਾਨ ਵਿਸ਼ੇ ਤੇ ਸਾਫਟਵੇਅਰ ਸਲਿਊਸ਼ਨ ਪ੍ਰਾਈਵੇਟ ਲਿਮਟਿਡ ਦੇ ਨੁਮਾਇੰਦੇ ਵਿਨੋਦ ਕੁਮਾਰ ਦਾ ਵਿਸ਼ੇਸ਼ ਲੈਕਚਰ ਕਰਵਾਇਆ ਗਿਆ।

ਇਸ ਮੌਕੇ ਉਨ੍ਹਾਂ ਕਾਲਜ ਦੇ ਬੀ.ਸੀ.ਏ. ਭਾਗ ਪਹਿਲਾ, ਦੂਜਾ, ਤੀਜਾ ਅਤੇ ਪੀ.ਜੀ.ਡੀ.ਸੀ.ਏ. ਦੇ ਵਿਦਿਆਰਥੀਆਂ ਨੂੰ ਮੰਡੀ ਦੀਆਂ ਲੋੜਾਂ ਅਤੇ ਤਰਜੀਹਾਂ ਅਨੁਸਾਰ ਵਿੱਦਿਅਕ ਸੰਸਥਾਵਾਂ ਅਤੇ ਇੰਡਸਟਰੀ ਦੇ ਆਪਸੀ ਸੰਬੰਧਾਂ ਤੇ ਚਾਨਣਾ ਪਾਉਂਦੇ ਹੋਏ ਨਵੀਂ ਤਕਨੀਕ ਅਧਾਰਿਤ ਡਿਗਰੀਆਂ, ਡਿਪਲੋਮਾ ਅਤੇ ਇੰਡਸਟਰੀਆਂ ਦੀਆਂ ਵੱਖੋ-ਵੱਖਰੀਆਂ ਪਦਵੀਆਂ, ਜ਼ਿੰਮੇਵਾਰੀਆਂ, ਤਰੱਕੀਆਂ ਆਦਿ ਬਾਰੇ ਚਾਨਣਾ ਪਾਇਆ। ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜੋਕਾ ਵਿਦਿਆਰਥੀ ਆਪਣੀਆਂ ਸੰਭਾਵਨਾਵਾਂ ਦੇ ਅਧਾਰ ਤੇ ਮਾਰਕੀਟ ਵਿੱਚ ਜਿੱਥੇ ਆਪਣੀ ਸਫ਼ਲ ਥਾਂ ਬਣਾਉਂਦਾ ਹੈ, ਉੱਥੇ ਹੀ ਨਵੀਆਂ ਕੰਪਨੀਆਂ ਦੀ ਉਸਾਰੀ ਵਿੱਚ ਵੀ ਆਪਣਾ ਅਹਿਮ ਯੋਗਦਾਨ ਪਾਉਂਦਾ ਹੈ।

ਇਸ ਮੌਕੇ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਪ੍ਰੋ. ਅੰਮ੍ਰਿਤਾ ਸੇਖੋਂ, ਪ੍ਰੋ. ਰਣਬਿੰਦਰ ਕੌਰ, ਪ੍ਰੋ. ਰਵਿੰਦਰ ਕੌਰ, ਪ੍ਰੋ. ਉੱਤਮਜੀਤ ਕੌਰ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# 'ਜ਼ਿੰਦਗੀ ਦੇ ਬਦਲਦੇ ਰੰਗ' ਕਾਵਿ-ਸੰਗ੍ਰਹਿ ਲੋਕ ਅਰਪਿਤ



**ਐੱਸ.ਏ.ਐੱਸ.ਨਗਰ, (ਗੁਰਜੀਤ ਬਿੱਲਾ)**-ਦਫਤਰ ਜ਼ਿਲ੍ਹਾ ਭਾਸ਼ਾ ਅਫਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਸਹਿਯੋਗ ਨਾਲ ਜ਼ਿਲ੍ਹਾ ਭਾਸ਼ਾ ਅਫਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਕੇਵਲਜੀਤ ਸਿੰਘ 'ਕੰਵਲ' ਦੇ ਕਾਵਿ-ਸੰਗ੍ਰਹਿ 'ਜ਼ਿੰਦਗੀ ਦੇ ਬਦਲਦੇ ਰੰਗ' ਨੂੰ ਲੋਕ ਅਰਪਿਤ ਕੀਤਾ ਗਿਆ ਅਤੇ ਵਿਚਾਰ ਚਰਚਾ ਕਰਵਾਈ ਗਈ। ਸਮਾਗਮ ਦੇ ਆਰੰਭ ਵਿੱਚ ਜ਼ਿਲ੍ਹਾ ਭਾਸ਼ਾ ਅਫਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ 'ਕੰਵਲ' ਨੂੰ ਮੁਬਾਰਕਬਾਦ ਦਿੱਤੀ ਗਈ। ਉਨ੍ਹਾਂ ਆਖਿਆ ਕਿ ਕਵੀ ਨੇ ਆਪਣੇ ਨਿੱਜੀ ਤਜਰਬੇ ਨੂੰ ਵਿਲੱਖਣ ਸ਼ੈਲੀ ਰਾਹੀਂ ਕਵਿਤਾ ਦੇ ਰੂਪ ਵਿੱਚ ਪ੍ਰਗਟਾਅ ਕੇ ਪੰਜਾਬੀ ਮਾਂ-ਬੋਲੀ ਦੀ ਸੇਵਾ ਵਿੱਚ ਸਲੁਹਣਯੋਗ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਸਮੁੱਚੇ ਪ੍ਰਧਾਨਗੀ ਮੰਡਲ ਨਾਲ ਮਿਲ ਕੇ ਇਸ ਕਾਵਿ-ਸੰਗ੍ਰਹਿ ਲੋਕ ਅਰਪਣ ਵੀ ਕੀਤਾ। ਡਾ. ਬੋਹਾ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੁਆਰਾ ਕੀਤੇ ਜਾ ਰਹੇ ਕੰਮਾਂ ਅਤੇ ਜ਼ਿਲ੍ਹਾ ਭਾਸ਼ਾ ਦਫਤਰ ਮੋਹਾਲੀ ਦੀਆਂ ਪ੍ਰਾਪਤੀਆਂ ਤੋਂ ਵੀ ਹਾਜਰੀਨ ਨੂੰ ਜਾਣੂ ਕਰਵਾਇਆ ਗਿਆ। ਡਾ. ਲਾਭ ਸਿੰਘ ਖੀਵਾ ਵੱਲੋਂ ਕੇਵਲਜੀਤ ਸਿੰਘ 'ਕੰਵਲ' ਨੇ ਹਥਲੇ ਕਾਵਿ-ਸੰਗ੍ਰਹਿ ਵਿੱਚ ਨਵੇਂ ਪ੍ਰਯੋਗ ਕੀਤੇ ਹਨ। ਇਨ੍ਹਾਂ ਰਚਨਾਵਾਂ ਦੇ ਸਿਰਲੇਖ ਲੰਮੇ ਹੁੰਦੇ ਹੋਏ ਵੀ ਕਾਫੀ ਪ੍ਰਭਾਵਸ਼ਾਲੀ ਹਨ। ਕਵੀ ਨੇ ਅਜੋਕੀ ਜੀਵਨ ਸੈਲੀ ਦੀ ਪ੍ਰਤੱਖ ਨਿਸ਼ਾਨਦੇਹੀ ਕਰਕੇ ਪਾਠਕ ਨੂੰ ਇਸ ਦਾ ਕੁਪ੍ਰਭਾਵਾਂ ਤੋਂ ਸੁਚੇਤ ਕਰਨ ਦਾ ਯਤਨ ਕੀਤਾ ਹੈ। ਪ੍ਰਿੰ. ਬਹਾਦਰ ਸਿੰਘ ਗੋਸਲ ਵੱਲੋਂ ਆਖਿਆ ਗਿਆ ਕਿ ਇਹ ਰਚਨਾਵਾਂ ਸਮਾਜਿਕ ਮੁਸਕਿਲਾਂ ਨੂੰ ਕਲਮਬੱਧ ਕਰਦੇ ਹੋਏ ਆਦਮੀ ਨੂੰ ਆਦਮੀ ਬਣੇ ਰਹਿਣ ਲਈ ਹਲੂਣਾ ਦਿੰਦੀਆਂ ਹਨ। ਵਿਸ਼ੇਸ਼ ਮਹਿਮਾਨ ਬਲਕਾਰ ਸਿੰਘ ਸਿੱਧੂ ਅਨੁਸਾਰ ਇਹ ਕਵਿਤਾਵਾਂ ਸੁਭਾਵਕ, ਸਰਲ, ਸਾਦਗੀ ਭਰਪੂਰ ਅਤੇ ਜਜਬਾਤਾਂ ਦੇ ਹੜ੍ਹ 'ਚ ਭਿੱਜੀਆਂ ਹੋਈਆਂ ਹਨ ਜਿਨ੍ਹਾਂ ਵਿੱਚ ਸਮਾਜਿਕ, ਆਰਥਿਕ ਅਤੇ ਧਾਰਮਿਕ ਵਰਤਾਰਿਆਂ ਦਾ ਹੂਬਹੂ ਵਰਨਣ ਮਿਲਦਾ ਹੈ। ਲੇਖਕ ਸਤਬੀਰ ਕੌਰ ਵੱਲੋਂ ਪ੍ਰਭਾਵਪੂਰਨ ਪਰਚਾ ਪੜ੍ਹਦੇ ਹੋਏ ਕਿਹਾ ਕਿ 'ਕੰਵਲ' ਬਹੁ ਭਾਸ਼ਾਈ ਕਵੀ ਹੈ ਅਤੇ ਉਸਨੇ ਰਵਾਇਤੀ ਵਿਸ਼ਿਆਂ ਨੂੰ ਨਿਵੇਕਲੇ ਅੰਦਾਜ ਵਿੱਚ ਪੇਸ਼ ਕਰਕੇ ਪਾਠਕਾਂ ਨੂੰ ਕੀਲ ਲਿਆ ਹੈ। ਕਵੀ ਨੇ ਜ਼ਿੰਦਗੀ ਦੇ ਸਰੋਕਾਰਾਂ ਦੀ ਬਾਤ ਅਮਲੀ ਰੂਪ ਵਿੱਚ ਪਾਈ ਹੈ। ਰਜਿੰਦਰ ਧੀਮਾਨ ਅਨੁਸਾਰ ਕੇਵਲਜੀਤ ਸਿੰਘ 'ਕੰਵਲ' ਦੀ ਕਵਿਤਾ ਜ਼ਿੰਦਗੀ ਦੀਆਂ ਘੁੰਮਣਘੇਰੀਆਂ 'ਚੋਂ ਪੈਦਾ ਹੋਈ ਕਵਿਤਾ ਹੈ ਜਿਸ ਵਿੱਚ ਲੋਕ ਪੀੜਾ ਪ੍ਰਤੱਖ ਝਲਕਦੀ ਹੈ। ਡਾ. ਸੁਰਿੰਦਰ ਗਿੱਲ ਅਨੁਸਾਰ ਇਹ ਕਵਿਤਾ ਨਰੋਏ ਪ੍ਰਬੰਧ ਦੀ ਸਿਰਜਣਾ ਲਈ ਯਤਨਸ਼ੀਲ ਹੈ। ਜਗਤਾਰ ਸਿੰਘ ਜੋਗ ਵੱਲੋ 'ਕੰਵਲ' ਦੇ ਕਾਵਿ-ਸੰਗ੍ਰਹਿ ਵਿਚੋਂ ਬਹੁਤ ਹੀ ਖੂਬਸੂਰਤ ਕਵਿਤਾ ਦਾ ਗਾਇਨ ਕੀਤਾ ਗਿਆ। ਇਹਨਾਂ ਤੋਂ ਇਲਾਵਾ ਵਿਚਾਰ ਚਰਚਾ ਵਿੱਚ ਹਰਵਿੰਦਰ ਸਿੰਘ, ਗੁਰਮੇਲ ਸਿੰਘ, ਦਰਸਨ ਸਿੰਘ ਬੇਦੀ, ਕਰਮਜੀਤ ਸਿੰਘ ਬੱਗਾ, ਧਿਆਨ ਸਿੰਘ ਕਾਹਲੋਂ, ਰਾਜਵਿੰਦਰ ਸਿੰਘ ਗੁੱਡੂ, ਦਰਸਨ ਸਿੰਘ, ਜਸਵੀਰ ਸਿੰਘ ਗੋਸਲ, ਬਲਵਿੰਦਰ ਸਿੰਘ, ਹਰਵਿੰਦਰ ਕੌਰ, ਰਜਿੰਦਰ ਕੌਰ, ਸੱਚਪ੍ਰੀਤ ਖੀਵਾ, ਮਨਜੀਤ ਪਾਲ ਸਿੰਘ, ਜਤਿੰਦਰਪਾਲ ਸਿੰਘ ਵੱਲੋਂ ਵੀ ਸ਼ਿਰਕਤ ਕੀਤੀ ਗਈ। ਮੰਚ ਸੰਚਾਲਨ ਖੋਜ ਅਫਸਰ ਦਰਸਨ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ ਮੋਹਾਲੀ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।

## ਸਹਿਯੋਗ ਕਰਨ ਵਾਲਿਆਂ ਨੂੰ ਕੀਤਾ ਸਨਮਾਨਤ

**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ,ਉਂਕਾਰ ਸਿੰਘ )**-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੂਨਕ ਕਲਾਂ ਵਿਖੇ ਹੋਏ ਇਕ ਸਮਾਗਮ ਦੌਰਾਨ ਸਮਾਜ ਸੇਵਾ ਵਿਚ ਆਪਣਾ ਅਹਿਮ ਯੋਗਦਾਨ ਪਾਉਣ ਵਾਲੀ ਸਰਬੱਤ ਦਾ ਭਲਾ ਸੇਵਾ ਸੁਸਾਇਟੀ ਮੂਨਕਾਂ ਵੱਲੋਂ ਸਮਾਜ ਸੇਵੀ ਕਾਰਜਾਂ ਲਈ ਮਾਇਆ ਭੇਟ ਕਰਨ ਵਾਲੇ ਦਾਨੀ ਸੱਜਣਾਂ ਦੇ ਪਰਵਾਰਕ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਸੁਸਾਇਟੀ ਦੇ ਵਲੰਟੀਅਰ ਸੇਵਾਦਾਰ ਜਥੇਦਾਰ ਦਵਿੰਦਰ ਸਿੰਘ ਮੂਨਕਾਂ ਨੇ ਦੱਸਿਆ ਕਿ ਪਿੰਡ ਖੁੱਡਾ ਨਾਲ ਸਬੰਧਤ ਪਰਵਾਸੀ ਭਾਰਤੀ ਸੁਖਦੇਵ ਸਿੰਘ ਪੁੱਤਰ ਗੁਰਮੀਤ ਸਿੰਘ ਵੱਲੋਂ ਸੁਸਾਇਟੀ ਨੂੰ ਕਨੇਡਾ ਤੋਂ 11 ਹਜਾਰ ਰੁਪਏ ਦੀ ਮਾਇਕ ਸਹਾਇਤਾ ਭੇਜਣ ਤੇ ਮਾਤਾ ਇੰਦਰਜੀਤ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਰਜਿੰਦਰ ਸਿੰਘ, ਇੰਦਰਜੀਤ ਸਿੰਘ ,ਐਸ ਡੀ ਓ ਸੁਖਵੰਤ ਸਿੰਘ ,ਬਾਬਾ ਚਰਨਜੀਤ ਸਿੰਘ , ਪਰਦੀਪ ਸਿੰਘ, ਮਨਦੀਪ ਸਿੰਘ ,ਕਰਨੈਲ ਸਿੰਘ ਆਦਿ ਹਾਜਰ ਸਨ।

## ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਦੀ ਪ੍ਰੀਖਿਆ 'ਚ ਖੱਟਿਆ ਨਾਮਣਾ

**ਜਲੰਧਰ (ਇਕਬਾਲ ਸਿੰਘ ਉਭੀ)**-ਸਥਾਨਕ ਪੀ.ਸੀ.ਐਮ. ਐਸ.ਡੀ. ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਦੇ 10+1 ਅਤੇ 10+2 ਕਾਮਰਸ ਦੇ ਵਿਦਿਆਰਥੀਆਂ ਨੇ ਕਾਮਰਸ ਟੇਲੈਂਟ ਸਰਚ ਐਗਜਾਮੀਨੇਸਨ ਫਾਉਂਡੇਸਨ ਵੱਲੋਂ ਕਰਵਾਈ ਗਈ 16ਵੀਂ ਰਾਸ਼ਟਰੀ ਪੱਧਰ ਦੀ ਕਾਮਰਸ ਟੇਲੈਂਟ ਖੋਜ ਪ੍ਰੀਖਿਆ (2022-2023) ਵਿੱਚ ਆਪਣਾ ਲੋਹਾ ਮਨਵਾਇਆ । ਇਸ ਪ੍ਰਤਿਭਾ ਖੋਜ ਪ੍ਰੀਖਿਆ ਵਿੱਚ ਕਨਿਕਾ ਸ਼ਰਮਾ ਨੇ ਪਹਿਲਾ, ਪਲਕ ਨੇ ਦੂਸਰਾ ਅਤੇ ਨਿਹਾਰਿਕਾ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਨਾ ਹੀ ਨਹੀਂ ਕਈ ਹੋਰ ਵਿਦਿਆਰਥੀਆਂ ਨੂੰ ਵੀ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਕਮੇਟੀ ਦੇ ਹੋਰ ਮੈਂਬਰਾਂ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ: (ਡਾ:) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਨੂੰ ਇਸ ਕਾਮਯਾਬੀ 'ਤੇ ਵਧਾਈ ਦਿੱਤੀ। ਪ੍ਰਿੰਸੀਪਲ ਨੇ ਸਕੂਲ ਦੇ ਇੰਚਾਰਜ ਸ੍ਰੀਮਤੀ ਸੁਸ਼ਮਾ ਸਰਮਾ ਵੱਲੋਂ ਸਕੂਲ ਦੇ ਵਿਦਿਆਰਥੀਆਂ ਨੂੰ ਰਾਸ਼ਟਰੀ ਪੱਧਰ ਦੇ ਅਕਾਦਮਿਕ ਸਮਾਗਮਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਕੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ।

# ਮੁੱਖ ਮੰਤਰੀ ਵੱਲੋਂ ਮੀਟਿੰਗ ਕਰਨ ਤੋਂ ਮੁਕਰਨ ਦੇ ਰੋਸ ਵਜੋਂ ਆਊਟਸੋਰਸ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਵੱਲੋਂ ਅਰਥੀ ਫੂਕ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵੱਖ-ਵੱਖ ਵਿਭਾਗਾਂ 'ਚ ਪਿਛਲੇ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਆਊਟਸੋਰਸ ਅਤੇ ਇਨਲਿਸਟਮੈਂਟ ਮੁਲਾਜ਼ਮਾਂ ਦੇ ਰੁਜ਼ਗਾਰ ਨੂੰ ਪੱਕਾ ਕਰਨ ਦੀ ਮੰਗ ਨੂੰ ਅਣਦੇਖਿਆ ਕਰਕੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਨਾਲ ਲਗਾਤਾਰ 13 ਵਾਰ ਮੀਟਿੰਗ ਕਰਨ ਦੇ ਲਿਖਤੀ ਰੂਪ ਵਿਚ ਪੱਤਰ ਜਾਰੀ ਕਰਨ ਦੇ ਬਾਵਜੂਦ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਐਨ ਮੌਕੇ 'ਤੇ ਮੁੱਕਰ ਜਾਣ ਦੇ ਖਿਲਾਫ ਮੋਰਚੇ ਦੀ ਸੂਬਾ ਕਮੇਟੀ ਦੇ ਉਲੀਕੇ ਸੰਘਰਸ਼ ਦੇ ਪ੍ਰੋਗਰਾਮ ਤਹਿਤ ਅੱਜ ਸ੍ਰੀ ਮੁਕਤਸਰ ਸਾਹਿਬ ਤੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੇ ਘਰ ਅੱਗੇ ਮੁੱਖ ਮੰਤਰੀ ਪੰਜਾਬ ਸਰਕਾਰ ਦੀ ਅਰਥੀ ਫੂਕ ਕੇ ਰੋਹ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਅੱਜ ਇਥੇ ਸ੍ਰੀ ਮੁਕਤਸਰ ਸਾਹਿਬ ਵਿਖੇ ਮੋਰਚੇ ਵਿਚ ਸ਼ਾਮਲ ਜਥੇਬੰਦੀਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਰਜਿ 31, ਪਾਵਰਕਾਮ ਟਾਸਕੋ, ਸੀਵਰੇਜ ਬੋਰਡ ਅਤੇ ਪੈਸਕੋ ਦੇ ਆਗੂ ਅਤੇ ਵਰਕਰ ਸ਼ਾਮਲ ਹੋਏ ਅਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਮੋਰਚੇ ਦੇ ਆਗੂਆਂ ਬਲਜੀਤ ਸਿੰਘ ਭੱਟੀ, ਅੰਗਰੇਜ ਸਿੰਘ, ਹਰਪ੍ਰੀਤ ਸਿੰਘ, ਬਿਕਰਮਜੀਤ ਸਿੰਘ ਕਪੂਰ, ਵਰਿੰਦਰ ਸਿੰਘ, ਸੁਰਜੀਤ ਸਿੰਘ ਤੱਖੀ, ਮਨਿੰਦਰ ਸਿੰਘ, ਸਤਵਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਮ ਲੋਕਾਂ ਦੀ ਹਿਤੈਸ਼ੀ ਹੋਣ ਦੇ ਦਾਅਵੇ ਕਰ ਰਹੀ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਦੀ ਪੰਜਾਬ ਸਰਕਾਰ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਸਮੂਹ ਠੇਕਾ ਮੁਲਾਜਮਾਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਆਉਣ ਤੋਂ ਬਾਅਦ ਕਿਸੇ ਨੂੰ ਧਰਨੇ ਮੁਜ਼ਾਹਰੇ ਲਗਾਉਣ ਦੀ ਜ਼ਰੂਰਤ ਨਹੀਂ ਹੋਵੇਗੀ ਅਤੇ ਪਹਿਲ ਦੇ ਅਧਾਰ 'ਤੇ ਠੇਕਾ ਮੁਲਾਜ਼ਮਾਂ ਦੇ ਕੱਚੇ ਰੁਜ਼ਗਾਰ ਨੂੰ ਰੈਗੂਲਰ ਕੀਤਾ ਜਾਵੇਗਾ। ਇਸੇ ਉਦੇਸ਼ ਨਾਲ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਜਦੋਂ ਤੋਂ ਇਹ ਸਰਕਾਰ ਬਣੀ ਹੈ, ਉਸ ਵੇਲੇ ਤੋਂ ਕਈ ਵਾਰ ਵਿਧਾਇਕਾਂ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਕੋਲ ਮੰਗ ਪੱਤਰ ਭੇਜੇ ਗਏ ਅਤੇ ਇਸ ਦੇ ਨਾਲ ਹੀ ਯਾਦ ਪੱਤਰ ਵੀ ਭੇਜੇ ਗਏ ਹਨ, ਜਿਸ ਵਿਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਸਰਕਾਰੀ ਥਰਮਲ ਪਲਾਂਟਾਂ, ਪਾਵਰਕਾਮ ਅਤੇ ਟ੍ਰਾਂਸਕੋ ਸਮੇਤ ਹਾਈਡਲ ਪ੍ਰਾਜੈਕਟਾਂ, ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਸਮੁੱਚੇ ਵੇਰਕਾ ਮਿਲਕ ਅਤੇ ਕੈਟਲ ਫੀਡ ਪਲਾਂਟਾਂ, ਪੀ.ਡਬਲਯੂ.ਡੀ.ਇਲੈੱਕਟਰੀਕਲ ਵਿੰਗ ਅਤੇ ਸਿਹਤ ਵਿਭਾਗ ਆਦਿ ਵਿੱਚ ਆਊਟਸੋਰਸ, ਇਨਲਿਸਟਮੈਂਟ, ਠੇਕੇਦਾਰਾਂ, ਕੰਪਨੀਆਂ ਅਤੇ ਸੁਸਾਇਟੀਆਂ ਆਦਿ ਰਾਹੀਂ ਪਿਛਲੇ 10 ਤੋਂ 15 ਸਾਲਾਂ ਦੇ ਲੰਬੇ ਅਰਸੇ ਤੋਂ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਠੇਕਾ ਮੁਲਾਜ਼ਮਾਂ ਨੂੰ ਸੰਬੰਧਤ ਵਿਭਾਗਾਂ ਵਿਚ ਮਰਜ ਕਰਕੇ ਰੈਗੂਲਰ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਆਪਸੀ ਗੱਲਬਾਤ ਰਾਹੀਂ ਮਸਲੇ ਦਾ ਹੱਲ ਕਰਨ ਲਈ ਮੋਰਚੇ ਵੱਲੋਂ ਮੁੱਖ ਮੰਤਰੀ ਪੰਜਾਬ ਸਰਕਾਰ ਨਾਲ ਮੀਟਿੰਗ ਕਰਨ ਦੀ ਮੰਗ ਕੀਤੀ ਜਾ ਰਹੀ ਹੈ, ਜਿਸ 'ਤੇ ਠੇਕਾ ਮੁਲਾਜ਼ਮਾਂ ਵੱਲੋਂ ਉਲੀਕੇ ਗਏ ਸੰਘਰਸ਼ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨਾਲ ਪਿਛਲੇ ਸਮੇਂ ਤੋਂ ਹੁਣ ਤੱਕ 13 ਵਾਰ ਮੀਟਿੰਗ ਕਰਨ ਲਈ ਸਮਾਂ ਤੈਅ ਕੀਤਾ ਗਿਆ ਪਰ ਹਰੇਕ ਵਾਰ ਮੀਟਿੰਗ ਕਰਨ ਤੋਂ ਮੁੱਖ ਮੰਤਰੀ ਐਨ ਮੌਕੇ 'ਤੇ ਮੁੱਕਰ ਗਏ ਹਨ, ਜਿਸ ਕਾਰਨ ਸਮੂਹ ਠੇਕਾ ਮੁਲਾਜ਼ਮਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਮੋਰਚੇ ਦੇ ਬੈਨਰ ਹੇਠ ਤਿੱਖੇ ਸੰਘਰਸ਼ ਕੀਤੇ ਜਾਣਗੇ ਅਤੇ ਸਰਕਾਰ ਨੂੰ ਸਮੂਹ ਵਿਭਾਗਾਂ ਦੇ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਸੰਬੰਧਤ ਵਿਭਾਗਾਂ ਵਿਚ ਰੈਗੂਲਰ ਕਰਵਾਉਣ ਤੱਕ ਇਹ ਸੰਘਰਸ਼ ਜਾਰੀ ਰੱਖਿਆ ਜਾਵੇਗਾ।

## ਗਿੱਲ ਵੱਲੋਂ ਧਾਰਮਕ ਸੰਸਥਾਵਾਂ ਦੇ ਪ੍ਰਬੰਧਕਾਂ ਨਾਲ ਮੀਟਿੰਗ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਡੀ ਐਸ ਪੀ ਮਹਿਲ ਕਲਾਂ ਗਮਦੂਰ ਸਿੰਘ ਚਹਿਲ ਦੀ ਅਗਵਾਈ ਹੇਠ ਪੁਲਸ ਥਾਣਾ ਮਹਿਲ ਕਲਾਂ ਦੇ ਮੁੱਖ ਅਫਸਰ ਕਮਲਜੀਤ ਸਿੰਘ ਗਿੱਲ ਵੱਲੋਂ ਥਾਣੇ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਵੱਖ-ਵੱਖ ਪਿੰਡਾਂ ਦੇ ਧਾਰਮਕ ਅਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਨਾਲ ਮੀਟਿੰਗ ਕਰਕੇ ਹਾਲਾਤ ਦੇ ਮੱਦੇਨਜ਼ਰ ਚੌਕਸੀ ਵਰਤ ਕੇ ਬੇਅਦਬੀ ਦੀਆਂ ਘਟਨਾਵਾਂ ਵਾਪਰਨ ਤੋਂ ਰੋਕਣ, ਗੁਰਦੁਆਰਾ ਸਾਹਿਬਾਨ, ਮੰਦਰ, ਮਸਜਿਦਾਂ ਦੀ ਸੁਰੱਖਿਆ ਸੰਬੰਧੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾ ਸਮੂਹ ਧਾਰਮਕ ਸੰਸਥਾਵਾਂ ਦੇ ਆਲੇ ਦੁਆਲੇ ਤੁਰੰਤ ਸੀ ਸੀ ਟੀ ਵੀ ਕੈਮਰੇ ਲਗਵਾਉਣ ਦੇ ਨਾਲ ਨਾਲ ਵਿਸ਼ੇਸ਼ ਤੌਰ 'ਤੇ ਪਰਿਰੇਦਾਰ ਰੱਖਣ, ਜੋ ਦਿਨ, ਰਾਤ ਚੌਕਸੀ ਰੱਖਣ ਵਲ ਧਿਆਨ ਦੇਣ। ਇੰਸਪੈਕਟਰ ਗਿੱਲ ਨੇ ਪੁਲਸ ਵੱਲੋਂ 24 ਘੰਟੇ ਸੇਵਾ 'ਚ ਹਾਜ਼ਰ ਰਹਿਣ ਦਾ ਵਿਸ਼ਵਾਸ ਦੁਆਇਆ। ਧਾਰਮਕ ਸੰਸਥਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਪੁਲਸ ਨੂੰ ਹਰ ਸਮੇਂ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਮੁੱਖ ਮੁਨਸ਼ੀ ਪਰਮਵੀਰ ਸਿੰਘ, ਥਾਣੇਦਾਰ ਸਤਪਾਲ ਸਿੰਘ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

# ਥਰਮਲ ਲਹਿਰਾ ਦੇ ਆਊਟਸੋਰਸਡ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਦੀ ਅਰਥੀ ਸਾੜੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਜਾਬ ਸਰਕਾਰ ਵੱਲੋਂ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਨੂੰ 14 ਵਾਰ ਮੀਟਿੰਗਾਂ ਦੇ ਲਿਖਤੀ ਭਰੋਸੇ ਦੇ ਕੇ ਮੀਟਿੰਗਾਂ ਨਾ ਕਰਨ ਅਤੇ ਸਮੂਹ ਵਿਭਾਗਾਂ ਦੇ ਆਊਟਸੋਰਸਡ/ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਦੀਆਂ ਲੰਬੀਆਂ ਸੇਵਾਵਾਂ ਨੂੰ ਅਣਵੇਖਿਆ ਕਰਕੇ ਵਿਭਾਗਾਂ ਵਿੱਚ ਰੈਗੂਲਰ ਨਾ ਕਰਨ ਦੇ ਵਿਰੋਧ ਵਜੋਂ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਦੇ ਬੈਨਰ ਹੇਠ ਪੰਜਾਬ ਭਰ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫੂਕਣ ਦੇ ਉਲੀਕੇ ਸੰਘਰਸ਼ ਪ੍ਰੋਗਰਾਮ ਤਹਿਤ ਥਰਮਲ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੇ ਨੈਸ਼ਨਲ ਹਾਈਵੇ-07 ਨੂੰ ਜਾਮ ਕਰਕੇ ਪੰਜਾਬ ਸਰਕਾਰ ਦੀ ਅਰਥੀ ਸਾੜੀ ਗਈ। ਇਸ ਮੌਕੇ ਮੋਰਚੇ ਦੇ ਸੂਬਾਈ ਆਗੂਆਂ ਜਗਰੂਪ ਸਿੰਘ, ਜਗਸੀਰ ਸਿੰਘ ਭੰਗੂ ਅਤੇ ਬਲਜਿੰਦਰ ਸਿੰਘ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਬਣਾਈ ਸਬ-ਕਮੇਟੀ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਆਊਟਸੋਰਸਡ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨਾਲ ਬੇਈਮਾਨੀ ਵਾਲੇ ਵਤੀਰੇ ਨੂੰ ਜਾਰੀ ਰੱਖ ਰਹੀ ਹੈ ਅਤੇ 'ਆਪ' ਸਰਕਾਰ ਵੀ ਵੱਖ-ਵੱਖ ਸਰਕਾਰੀ ਵਿਭਾਗਾਂ (ਥਰਮਲਾਂ,ਜਲ ਸਪਲਾਈ ਤੇ ਸੈਨੀਟੇਸ਼ਨ, ਪਾਵਰਕਾਮ ਤੇ ਟ੍ਰਾਂਸਕੋ ਸਮੇਤ ਹਾਈਡਲ ਪ੍ਰਾਜੈਕਟਾਂ, ਵਾਟਰ ਸਪਲਾਈ ਤੇ ਸੀਵਰੇਜ ਬੋਰਡ, ਸਮੁੱਚੇ ਵੇਰਕਾ ਮਿਲਕ ਅਤੇ ਕੈਟਲ ਫੀਡ ਪਲਾਂਟਾਂ, ਪੀ.ਡਬਲਯੂ. ਡੀ. ਇਲੈਕਟਰੀਕਲ ਵਿੰਗ ਅਤੇ ਸਿਹਤ ਵਿਭਾਗ ਆਦਿ ਵਿੱਚ ਆਊਟਸੋਰਸਡ, ਇਨਲਿਸਟਮੈਂਟ, ਠੇਕੇਦਾਰਾਂ, ਕੰਪਨੀਆਂ ਅਤੇ ਸੁਸਾਇਟੀਆਂ ਆਦਿ ਰਾਹੀਂ ਪਿਛਲੇ 15-20 ਸਾਲਾਂ ਦੇ ਲੰਬੇ ਅਰਸੇ ਤੋਂ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦਿੰਦੇ ਆ ਰਹੇ ਠੇਕਾ ਮੁਲਾਜ਼ਮਾਂ ਨਾਲ ਬੇਇਨਸਾਫ਼ੀ ਕਰ ਰਹੀ ਹੈ। ਪੰਜਾਬ ਸਰਕਾਰ ਨੇ ਆਪਣੇ ਸਵਾ ਸਾਲ ਦੇ ਕਾਰਜਕਾਲ ਵਿੱਚ ਇਨ੍ਹਾਂ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਅਜੇ ਤੱਕ ਕੋਈ ਵੀ ਨੀਤੀ ਨਹੀਂ ਬਣਾਈ। ਜਿਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਸੁਹਿਰਦ ਨਹੀਂ ਹੈ, ਜਿਸ ਦੇ ਵਿਰੋਧ ਵਜੋਂ ਅੱਜ ਸੰਘਰਸ਼ ਮੋਰਚੇ ਦੇ ਬੈਨਰ ਹੇਠ ਸਮੁੱਚੇ ਪੰਜਾਬ ਵਿੱਚ ਪੁਤਲੇ ਫੂਕੇ ਜਾ ਰਹੇ ਹਨ। ਇਸ ਮੌਕੇ ਲਵਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਗੁਰਸ਼ਰਨ ਸਿੰਘ, ਨਾਇਬ ਸਿੰਘ, ਲਛਮਣ ਸਿੰਘ, ਹਰਦੀਪ ਸਿੰਘ ਤੱਗੜ, ਕ੍ਰਿਸ਼ਨ ਕੁਮਾਰ, ਜਗਜੀਤ ਸਿੰਘ, ਬਲਰਾਮ ਸ਼ਰਮਾ, ਪੱਪੂ ਰਾਮ, ਰਣਧੀਰ ਸਿੰਘ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਅਮ੍ਰਿਤਪਾਲ ਸਿੰਘ, ਦੁੱਲਾ ਸਿੰਘ, ਕੁਲਵਿੰਦਰ ਸਿੰਘ, ਜਸਕਰਨ ਸਿੰਘ ਜੱਸੀ ਆਦਿ ਹਾਜ਼ਰ ਸਨ। ਆਗੂਆਂ ਨੇ ਮੰਗ ਕੀਤੀ ਕਿ ਸਮੂਹ ਸਰਕਾਰੀ ਵਿਭਾਗਾਂ ਦੇ ਆਊਟਸੋਰਸਡ ਅਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਪਹਿਲ ਅਤੇ ਤਜਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਮਰਜ ਕਰਕੇ ਰੈਗੂਲਰ ਕੀਤਾ ਜਾਵੇ, 15ਵੀਂ ਲੇਬਰ ਕਾਨਫਰੰਸ ਦੇ ਫਾਰਮੂਲੇ ਮੁਤਾਬਿਕ ਇੱਕ ਅਣ-ਸਿੱਖਿਅਤ ਠੇਕਾ ਮੁਲਾਜ਼ਮ ਦੀ ਤਨਖ਼ਾਹ ਘੱਟੋ-ਘੱਟ 25 ਹਜ਼ਾਰ ਰੁ: ਨਿਸ਼ਚਿਤ ਕੀਤੀ ਜਾਵੇ, ਡਿਊਟੀ ਦੌਰਾਨ ਜਾਨ ਗਵਾ ਚੁੱਕੇ ਠੇਕਾ ਮੁਲਾਜ਼ਮਾਂ ਦੇ ਵਾਰਸਾਂ ਨੂੰ ਯੋਗ ਮੁਆਵਜ਼ਾ ਤੇ ਸਰਕਾਰੀ ਨੌਕਰੀ ਦਿੱਤੀ ਜਾਵੇ ਅਤੇ ਸਮੂਹ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੂੰ ਰੱਦ ਕੀਤਾ ਜਾਵੇ।

# ਤਰਕਸ਼ੀਲਾਂ ਨੇ ਸ ਸ ਸ ਸਕੂਲ ਥਲੇਸ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ



**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਥਲੇਸ ਵਿਖੇ ਇਕ ਸਿੱਖਿਆਦਾਇਕ , ਭਾਵਪੂਰਤ ਤਰਕਸ਼ੀਲ ਪ੍ਰੋਗਰਾਮ ਦਿੱਤਾ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਤੇ ਸੀਤਾ ਰਾਮ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅੰਧਵਿਸ਼ਵਾਸਾਂ,ਵਹਿਮਾਂ ਭਰਮਾਂ, ਲਾਈਲੱਗਤਾ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਵਿਗਿਆਨਕ ਚੇਤਨਾ ਤੇ ਨੈਤਿਕ ਕਦਰਾਂ ਕੀਮਤਾਂ ਅਪਣਾ ਕੇ ਆਪਣੀ ਸ਼ਖ਼ਸੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਹਿੰਮਤ ਲਗਨ ਲਗਾਤਾਰਤਾ ਦੇ ਨਾਲ ਕੀ, ਕਿਉਂ ਕਿਵੇਂ , ਕਿੱਥੇ, ਕਦੋਂ ਆਦਿ ਗੁਣ ਜਿਹੜੇ ਹਰ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜ਼ਰੂਰੀ ਹੁੰਦੇ ਹਨ, ਅਪਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਵਰਤਾਰੇ ਦੇ ਕਾਰਨ ਜਾਣਨਾ ਹੀ ਤਰਕਸ਼ੀਲਤਾ ਹੈ। ਇਸ ਸਮੇਂ ਆਰ ਕੇ ਗੋਇਲ ਸੰਗਰੂਰ ਨੇ ਸਮਾਜ ਸੇਵਾ ਦਾ ਵਧੀਆ ਕਾਰਜ ਕਰਦਿਆਂ ਬੱਚਿਆਂ ਨੂੰ ਪਾਣੀ ਲਈ ਵਧੀਆ ਕੰਪਨੀ ਦੀਆਂ ਬੋਤਲਾਂ ਤੇ ਕਾਪੀਆਂ ਤਕਸੀਮ ਕੀਤੀਆਂ। ਈਕੋ ਕਲੱਬ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਵੀ ਲਾਏ ਗਏ। ਪ੍ਰਿੰਸੀਪਲ ਪਰਵੀਨ ਕੁਮਾਰ ਮਨਚੰਦਾ ਨੇ ਸਕੂਲ ਵਿੱਚ ਪਹੁੰਚਣ ਲਈ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਆਰ ਕੇ ਗੋਇਲ ਦਾ ਬੱਚਿਆਂ ਨੂੰ ਪਾਣੀ ਲਈ ਵਧੀਆ ਬੋਤਲਾਂ ਤੇ ਪੜ੍ਹਨ ਸਮੱਗਰੀ ਤਕਸੀਮ ਕਰਨ ਲਈ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੱਦਾ ਦਿੰਦਿਆਂ , ਵਿਗਿਆਨਕ ਵਿਚਾਰ ਅਪਣਾਉਣ ਦਾ ਸੁਨੇਹਾ ਲੈ ਕੇ ਵਿਦਿਆਰਥੀਆਂ ਦੇ ਰੂਬਰੂ ਹੋਣ ਲਈ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ ।

# ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਡਾ. ਨਵਸ਼ਰਨ ਨੂੰ ਈ ਡੀ ਵੱਲੋਂ ਪੁੱਛਗਿੱਛ ਕਰਕੇ ਪ੍ਰੇਸ਼ਾਨ ਕਰਨ ਦੀ ਨਿਖੇਧੀ

**ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਕੇਂਦਰੀ ਏਜੰਸੀ ਈ ਡੀ ਵੱਲੋਂ ਬਿਨਾਂ ਕਿਸੇ ਦੋਸ਼ ਦੇ ਜਮਹੂਰੀ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁੰਨ ਅਤੇ ਨਾਮਵਰ ਵਿਦਵਾਨ ਡਾ. ਨਵਸ਼ਰਨ ਨੂੰ ਸੰਮਨ ਭੇਜ ਕੇ ਅੱਠ ਘੰਟੇ ਪੁੱਛ ਪੜਤਾਲ ਕਰਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਇਸ ਨੂੰ ਦੇਸ਼ ਦੀ ਸਮੁੱਚੀ ਲੋਕ ਪੱਖੀ ਜਮਹੂਰੀ ਲਹਿਰ ਉਤੇ ਵੱਡਾ ਹਮਲਾ ਕਰਾਰ ਦਿੰਦਿਆਂ ਸਮੂਹ ਲੋਕ ਪੱਖੀ ਅਤੇ ਜਮਹੂਰੀ ਜਨਤਕ ਜਥੇਬੰਦੀਆਂ ਨੂੰ ਬੁੱਧੀਜੀਵੀਆਂ ਖਿਲਾਫ ਮੋਦੀ ਹਕੂਮਤ ਦੀ ਇਸ ਤਾਨਾਸ਼ਾਹੀ ਕਾਰਵਾਈ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ। ਇਸ ਸੰਬੰਧੀ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਬਲਬੀਰ ਲੌਂਗੋਵਾਲ, ਰਾਮ ਸਵਰਨ ਲੱਖੇਵਾਲੀ, ਸੁਮੀਤ ਸਿੰਘ, ਰਾਜੇਸ਼ ਅਕਲੀਆ ਅਤੇ ਜਸਵਿੰਦਰ ਫਗਵਾੜਾ ਵੱਲੋਂ ਜਾਰੀ ਪ੍ਰੈਸ ਬਿਆਨ ਦੀ ਹਮਾਇਤ ਵਿੱਚ ਤਰਕਸ਼ੀਲ ਸੁਸਾਇਟੀ ਦੇ ਲੁਧਿਆਣਾ ਜ਼ੋਨ ਵੱਲੋਂ ਵੀ ਪੂਰਨ ਹਮਾਇਤ ਕੀਤੀ ਹੈ। ਮੋਦੀ ਹਕੂਮਤ ਦੀ ਗੈਰ ਜਮਹੂਰੀ ਕਾਰਵਾਈ ਦਾ ਸਖਤ ਵਿਰੋਧ ਕਰਦਿਆਂ ਜ਼ੋਨ ਦੇ ਜੱਥੇਬੰਦਕ ਮੁੱਖੀ ਜਸਵੰਤ ਜੀਰਖ, ਮੀਚੀਆਂ ਮੁੱਖੀ ਹਰਚੰਦ ਭਿੰਡਰ, ਕੋਹਾੜਾ ਇਕਾਈ ਦੇ ਮੁਖੀ ਮਾ. ਤਰਲੋਚਨ ਸਿੰਘ ਸਮਰਾਲਾ, ਜਗਰਾਓਂ ਮੁਖੀ ਕਰਤਾਰ ਸਿੰਘ ਵੀਰਾਨ, ਮਲੇਰਕੋਟਲਾ ਮੁਖੀ ਮੋਹਨ ਸਿੰਘ ਬਡਲਾ, ਲੁਧਿਆਣਾ ਮੁਖੀ ਬਲਵਿੰਦਰ ਸਿੰਘ, ਸੁਧਾਰ ਤੋਂ ਸ਼ਮਸ਼ੇਰ ਨੂਰਪੁਰੀ ਨੇ ਕਿਹਾ ਕਿ ਡਾ. ਨਵਸ਼ਰਨ ਪਿਛਲੇ ਤਿੰਨ ਦਹਾਕਿਆਂ ਤੋਂ ਹਕੂਮਤਾਂ ਦੀਆਂ ਸਾਮਰਾਜੀ ਪੱਖੀ ਆਰਥਿਕ ਨੀਤੀਆਂ, ਫਿਰਕੂ ਹਮਲਿਆਂ,ਕਾਲੇ ਕਾਨੂੰਨਾਂ, ਝੂਠੇ ਕੇਸਾਂ ਤੇ ਨਜਾਇਜ਼ ਗ੍ਰਿਫਤਾਰੀਆਂ ਦੇ ਸਤਾਏ ਹੋਏ ਕਿਸਾਨਾਂ, ਮਜ਼ਦੂਰਾਂ, ਔਰਤਾਂ, ਆਦਿਵਾਸੀਆਂ, ਦਲਿਤਾਂ ਅਤੇ ਹੋਰਨਾਂ ਪੀੜਤ ਵਰਗਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਲਈ ਲਗਾਤਾਰ ਜਮਹੂਰੀ ਸੰਘਰਸ਼ ਕਰਦੇ ਆ ਰਹੇ ਹਨ ਅਤੇ ਇਸੇ ਲਈ ਮੋਦੀ ਹਕੂਮਤ ਉਨ੍ਹਾਂ ਨੂੰ ਹੋਰਨਾਂ ਬੁੱਧੀਜੀਵੀਆਂ ਵਾਂਗ ਕਿਸੇ ਝੂਠੇ ਕੇਸ ਵਿੱਚ ਫਸਾ ਕੇ ਉਨ੍ਹਾਂ ਨੂੰ ਜੇਲ੍ਹ ਵਿੱਚ ਸੁੱਟਣਾ ਚਾਹੁੰਦੀ ਹੈ ਜਿਸ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਸਾਰੇ ਆਗੂਆਂ ਨੇ ਕਿਹਾ ਡਾ. ਨਵਸ਼ਰਨ ਨੇ ਆਪਣੇ ਪਿਤਾ ਪ੍ਰਸਿੱਧ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੀ ਇਨਕਲਾਬੀ ਵਿਰਾਸਤ ਉੱਤੇ ਪਹਿਰਾ ਦਿੰਦੇ ਹੋਏ ਹਮੇਸ਼ਾ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਕਿਰਤੀ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਪੂਰੀ ਨਿਡਰਤਾ ਨਾਲ ਆਵਾਜ਼ ਬੁਲੰਦ ਕੀਤੀ ਹੈ ਅਤੇ ਹੁਣ ਪੰਜਾਬ ਸਮੇਤ ਦੇਸ਼ ਭਰ ਦੀਆਂ ਤਮਾਮ ਲੋਕ ਪੱਖੀ ਜਮਹੂਰੀ ਜਨਤਕ ਜਥੇਬੰਦੀਆਂ ਕੇਂਦਰੀ ਏਜੰਸੀਆਂ ਵੱਲੋਂ ਡਾ. ਨਵਸ਼ਰਨ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਉਸ ਦੇ ਨਾਲ ਖੜ੍ਹੀਆਂ ਹਨ। ਤਰਕਸ਼ੀਲ ਆਗੂਆਂ ਨੇ ਡਾ.ਨਵਸ਼ਰਨ ਨੂੰ ਪੀ ਐਮ ਐਲ ਏ ਦੇ ਲੋਕ ਵਿਰੋਧੀ ਕਾਨੂੰਨ ਤਹਿਤ ਭੇਜੇ ਸੰਮਨਾਂ ਦਾ ਡਟਵਾਂ ਵਿਰੋਧ ਕਰਦਿਆਂ ਮੋਦੀ ਸਰਕਾਰ ਉਤੇ ਦੋਸ਼ ਲਾਇਆ ਕਿ ਉਹ ਹਕੂਮਤਾਂ ਦੀਆਂ ਜਲ, ਜੰਗਲ, ਜ਼ਮੀਨ, ਕੁਦਰਤੀ ਖਣਿਜ ਪਦਾਰਥਾਂ ਦੀ ਲੁੱਟ ਦੇ ਖਿਲਾਫ ਅਤੇ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਅਵਾਜ਼ ਬੁਲੰਦ ਕਰਨ ਵਾਲੇ ਬੁੱਧੀਜੀਵੀਆਂ, ਵਕੀਲਾਂ, ਸਮਾਜਕ ਕਾਰਕੁੰਨਾਂ, ਪੱਤਰਕਾਰਾਂ ਅਤੇ ਲੇਖਕਾਂ ਨੂੰ ਯੂ ਏ ਪੀ ਏ ਦੇ ਕਾਲੇ ਕਾਨੂੰਨ ਤਹਿਤ ਝੂਠੇ ਕੇਸਾਂ ਹੇਠ ਜੇਲ੍ਹਾਂ ਵਿਚ ਨਜ਼ਰਬੰਦ ਕਰਕੇ ਉਨ੍ਹਾਂ ਦੀ ਜ਼ਬਾਨਬੰਦੀ ਕਰਨਾ ਚਾਹੁੰਦੀ ਹੈ ਤਾਂ ਕਿ ਹਕੂਮਤੀ ਸਰਪ੍ਰਸਤੀ ਹੇਠ ਕਾਰਪੋਰੇਟ ਘਰਾਣਿਆਂ ਵਲੋਂ ਇਨ੍ਹਾਂ ਕੁਦਰਤੀ ਸਰੋਤਾਂ ਦੀ ਕੀਤੀ ਜਾ ਰਹੀ ਅੰਨ੍ਹੀ ਲੁੱਟ ਬੇਰੋਕ ਟੋਕ ਜਾਰੀ ਰਹਿ ਸਕੇ ਪਰ ਲੋਕ ਹੱਕਾਂ ਲਈ ਲੜਨ ਵਾਲੇ ਚੇਤਨ ਲੋਕ ਅਜਿਹੀ ਕਾਰਪੋਰੇਟ ਲੁੱਟ ਅਤੇ ਫਿਰਕੂ ਨੀਤੀਆਂ ਦਾ ਲਗਾਤਾਰ ਡਟਵਾਂ ਵਿਰੋਧ ਕਰਦੇ ਰਹਿਣਗੇ। ਤਰਕਸ਼ੀਲ ਸੁਸਾਇਟੀ ਨੇ ਡਾ. ਨਵਸ਼ਰਨ ਦੀ ਡਟਵੀਂ ਹਮਾਇਤ ਕਰਦਿਆਂ ਸਮੂਹ ਲੋਕ ਪੱਖੀ ਅਤੇ ਇਨਸਾਫ ਪਸੰਦ ਜਮਹੂਰੀ ਜਥੇਬੰਦੀਆਂ ਨੂੰ ਮੋਦੀ ਹਕੂਮਤ ਵੱਲੋਂ ਕੇਂਦਰੀ ਏਜੰਸੀਆਂ ਰਾਹੀਂ ਬੁੱਧੀਜੀਵੀ ਵਰਗ ਨੂੰ ਝੂਠੇ ਕੇਸਾਂ ਵਿਚ ਫਸਾਉਣ ਲਈ ਵਰਤੇ ਜਾ ਰਹੇ ਗੈਰ ਕਾਨੂੰਨੀ ਹੱਥਕੰਡਿਆਂ ਅਤੇ ਫਾਸ਼ੀਵਾਦੀ ਨੀਤੀਆਂ ਦਾ ਡਟਵਾਂ ਵਿਰੋਧ ਕਰਨ ਦਾ ਸੱਦਾ ਦਿੱਤਾ।

# ਕਾਰ ਚੋਰੀ ਕਰਨ ਵਾਲੇ ਦੋ ਵਿਅਕਤੀ ਗ੍ਰਿਫਤਾਰ



**ਲੌਂਗੋਵਾਲ (ਪ੍ਰਦੀਪ ਸੱਪਲ)**

ਥਾਣਾ ਲੌਂਗੋਵਾਲ ਦੀ ਪੁਲਸ ਨੇ ਸੀਨੀਅਰ ਅਫਸਰਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਰਵਾਈ ਕਰਦਿਆਂ ਇੱਕ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਗਗਨਦੀਪ ਸਿੰਘ ਐਸ.ਯੂ. ਮੁੱਖ ਅਫਸਰ ਥਾਣਾ ਲੌਂਗੋਵਾਲ (ਸੰਗਰੂਰ) ਵਿੱਚ ਮਿਤੀ 18.05.2023 ਨੂੰ ਸ:ਥ ਰਾਮ ਸਿੰਘ ਨੰ: 2230 ਸੰਗ ਥਾਣਾ ਲੌਂਗੋਵਾਲ ਪਾਸ ਅਸ਼ੋਕ ਕੁਮਾਰ ਪੁੱਤਰ ਰਾਮ ਗੋਪਾਲ ਵਾਸੀ ਗਾਹੂ ਪੱਤੀ ਲੌਂਗੋਵਾਲ ਬਿਆਨ ਦਰਜ ਕਰਵਾਇਆ ਕਿ ਮਿਤੀ 16 ਮਈ ਨੂੰ ਕ੍ਰਿਸ਼ਨ ਕੁਮਾਰ ਪੁੱਤਰ ਰਾਮ ਗੋਪਾਲ ਵਾਸੀ ਲੌਂਗੋਵਾਲ ਆਪਣੀ ਚਾਚੀ ਨੂੰ ਦਵਾਈ ਦਵਾਉਣ ਲਈ ਕਾਰ ਨੰਬਰ ਪੀ.ਬੀ.13ਬੀਡੀ-6993 ਸਵਿਫਟ ਲੈ ਕੇ ਗਿਆ ਸੀ। ਉਸ ਨੇ ਦਵਾਈ ਦਵਾਉਣ ਤੋਂ ਬਾਅਦ ਉਕਤ ਗੱਡੀ ਰਾਤ ਕਰੀਬ 08:30 ਵਜੇ ਘਰ ਦੇ ਸਾਹਮਣੇ ਗਲੀ ਵਿੱਚ ਖੜ੍ਹੀ ਕਰ ਦਿੱਤੀ ਸੀ ਅਤੇ ਉਸ ਤੋਂ ਬਾਅਦ ਸਾਰਾ ਪਰਵਾਰ ਰੋਟੀ ਪਾਣੀ ਖਾ ਕੇ ਸੌਂ ਗਏ ਸੀ ਤਾਂ ਜਦੋਂ 17 ਮਈ ਨੂੰ ਸਵੇਰੇ ਕਰੀਬ 06:30 ਵਜੇ ਉਸ ਨੇ ਬਾਹਰ ਗਲੀ ਵਿੱਚ ਦੇਖਿਆ ਤਾਂ ਕਾਰ ਘਰ ਅੱਗੇ ਨਹੀਂ ਸੀ ਜਿਸ ਦੇ ਸੰਬੰਧ ਵਿੱਚ ਬਿਆਨ ਦੇ ਅਧਾਰ 'ਤੇ ਥਾਣਾ ਲੌਂਗੋਵਾਲ ਬਰਖਿਲਾਫ ਮੰਗੂ ਸਿੰਘ ਪੁੱਤਰ ਲੀਲਾ ਸਿੰਘ ਵਾਸੀ ਨੇੜੇ ਸਰਕਾਰੀ ਹਸਪਤਾਲ ਗਾਹੂ ਪੱਤੀ ਲੌਂਗੋਵਾਲ, ਗੁਰਜੀਵਨ ਸਿੰਘ ਉਰਫ ਜੀਵਨ ਪੁੱਤਰ ਜਗਪਾਲ ਸਿੰਘ ਵਾਸੀ ਨੇੜੇ ਗਊਸ਼ਾਲਾ ਲੌਂਗੋਵਾਲ ਅਤੇ ਬੌਬੀ ਸਿੰਘ ਵਾਸੀ ਮੂਲੇਕਾ ਦਰਵਾਜਾ ਲੌਂਗੋਵਾਲ ਦਰਜ ਰਜਿਸਟਰ ਕੀਤਾ ਗਿਆ। ਥਾਣਾ ਲੌਂਗੋਵਾਲ ਦੀ ਪੁਲਸ ਵੱਲੋਂ ਮੰਗੂ ਸਿੰਘ ਪੁੱਤਰ ਲੀਲਾ ਸਿੰਘ ਵਾਸੀ ਨੇੜੇ ਸਰਕਾਰੀ ਹਸਪਤਾਲ ਗਾਹੂ ਪੱਤੀ ਲੌਂਗੋਵਾਲ ਅਤੇ ਗੁਰਜੀਵਨ ਸਿੰਘ ਉਰਫ ਜੀਵਨ ਪੁੱਤਰ ਜਗਪਾਲ ਸਿੰਘ ਵਾਸੀ ਨੇੜੇ ਗਊਸ਼ਾਲਾ ਲੌਂਗੋਵਾਲ ਨੂੰ 18 ਮਈ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਸੀਟੀ-100 ਬਿਨਾਂ ਨੰਬਰੀ ਅਤੇ ਚੋਰੀ ਕੀਤੀ ਕਾਰ ਪੀਬੀ-13ਬੀਡੀ-6993 ਸਵਿਫਟ ਨੂੰ ਬਰਾਮਦ ਕੀਤਾ ਗਿਆ। ਅੱਜ ਉਕਤ ਦੋਸ਼ੀਆਂ ਨੂੰ ਇਲਾਕਾ ਮੈਜਿਸਟ੍ਰੇਟ ਸੰਗਰੂਰ ਦੀ ਅਦਾਲਤ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਗੈਂਗਸਟਰ ਅਰਸ਼ ਡੱਲਾ ਦਾ ਕਰੀਬੀ ਸਾਥੀ ਗ੍ਰਿਫਤਾਰ



**ਮੋਗਾ (ਅਮਰਜੀਤ ਬੱਬਰੀ)**-ਕੌਮੀ ਜਾਂਚ ਏਜੰਸੀ ਐਨ ਆਈ ਏ ਦੀ ਟੀਮ ਨੇ ਫਿਲੀਪੀਨਜ਼ ਤੋਂ ਡਿਪੋਰਟ ਕੀਤੇ ਗਏ ਗੈਂਗਸਟਰ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਇਸ ਗੱਲ ਦੀ ਪੁਸ਼ਟੀ ਕਰਦਿਆਂ ਮੋਗਾ ਦੇ ਐਸ ਐਸ ਪੀ ਜੇ ਇਲਨਚੇਲੀਅਨ ਨੇ ਦੱਸਿਆ ਕਿ ਫਿਲੀਪੀਨਜ਼ ਪੁਲਸ ਨੇ ਗੈਂਗਸਟਰ ਅੰਮ੍ਰਿਤਪਾਲ ਸਿੰਘ ਹੇਅਰ ਨੂੰ ਸ਼ੁੱਕਰਵਾਰ ਨੂੰ ਫਿਲੀਪੀਨਜ਼ ਵਿਚ ਗ੍ਰਿਫਤਾਰ ਕਰਕੇ ਭਾਰਤ ਡਿਪੋਰਟ ਕਰ ਦਿੱਤਾ ਸੀ ਅਤੇ ਐਨ ਆਈ ਏ ਨੇ ਗੈਂਗਸਟਰ ਅੰਮ੍ਰਿਤਪਾਲ ਸਿੰਘ ਹੇਅਰ ਨੂੰ ਇੰਦਰਾ ਗਾਂਧੀ ਅੰਤਰਰਾਸ਼ਟਰੀ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਹੈ। ਅੰਮ੍ਰਿਤਪਾਲ ਸਿੰਘ ਮੋਗਾ ਜਿਲ੍ਹੇ ਦੇ ਨਜ਼ਦੀਕੀ ਪਿੰਡ ਚੰਦ ਨਵਾਂ ਦਾ ਵਸਨੀਕ ਹੈ। ਅੰਮ੍ਰਿਤਪਾਲ ਸਿੰਘ ਹੇਅਰ ਕਈ ਸਾਲਾਂ ਤੋਂ ਫਿਲੀਪੀਨਜ਼ ਵਿੱਚ ਰਹਿ ਰਿਹਾ ਸੀ। ਐਸ ਐਸ ਪੀ ਜੇ ਇਲਚੇਲੀਅਨ ਮੁਤਾਬਕ ਫੜਿਆ ਗਿਆ ਗੈਂਗਸਟਰ ਅੱਤਵਾਦੀ ਅਰਸ਼ ਡੱਲਾ ਦਾ ਖਾਸ ਹੈ। ਫਿਲੀਪੀਨਜ਼ ਵਿਚ ਰਹਿੰਦਿਆਂ ਉਹ ਅਰਸ਼ ਡੱਲਾ ਦੇ ਇਸ਼ਾਰੇ 'ਤੇ ਹੀ ਪੰਜਾਬ ਵਿੱਚ ਫਿਰੌਤੀਆਂ ਮੰਗਦਾ ਸੀ। ਅੰਮ੍ਰਿਤਪਾਲ ਸਿੰਘ ਹੇਅਰ ਵਿਰੁੱਧ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ 5 ਕੇਸ ਦਰਜ ਹਨ। ਇਨ੍ਹਾਂ ਵਿੱਚੋਂ ਦੋ ਮਾਮਲੇ ਮੋਗਾ ਵਿੱਚ ਦਰਜ ਹਨ। ਐਨ ਆਈ ਏ ਦੀ ਟੀਮ ਅੰਮ੍ਰਿਤਪਾਲ ਸਿੰਘ ਹੇਅਰ ਨੂੰ ਹਿਰਾਸਤ ਵਿੱਚ ਲੈ ਕੇ ਕਾਰਵਾਈ ਕਰ ਰਹੀ ਹੈ। ਬਾਅਦ ਵਿਚ ਉਸ ਨੂੰ ਪੁੱਛਗਿੱਛ ਲਈ ਮੋਗਾ ਲਿਆਂਦਾ ਜਾਵੇਗਾ। ਐਸ ਐਸ ਪੀ ਨੇ ਦੱਸਿਆ ਕਿ ਪੁਲਸ ਪਹਿਲਾਂ ਹੀ ਉਸ ਖਿਲਾਫ ਓਪਨ ਡੇਟਿਡ ਵਾਰੰਟ ਜਾਰੀ ਕਰ ਚੁੱਕੀ ਹੈ ਅਤੇ ਰੈੱਡ ਕਾਰਨਰ ਨੋਟਿਸ ਵੀ ਜਾਰੀ ਕਰ ਚੁੱਕੀ ਹੈ। ਹੁਣ ਐਨ ਆਈ ਏ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਹੈ, ਉਸ ਤੋਂ ਬਾਅਦ ਮੋਗਾ ਪੁਲਸ ਉਸ ਨੂੰ ਲੈ ਕੇ ਆਵੇਗੀ। ਪੁਲਸ ਦਾ ਕਹਿਣਾ ਹੈ ਕਿ ਇਹ ਗੈਂਗਸਟਰ ਅੱਤਵਾਦੀ ਅਰਸ਼ ਡੱਲਾ ਦੇ ਸੰਪਰਕ ਵਿਚ ਹੋਣ ਕਰਕੇ ਅਤਿ ਲੋੜੀਂਦਾ ਸੀ ਪਰ ਵਿਦੇਸ਼ ਵਿੱਚ ਲੁਕਿਆ ਹੋਣ ਕਰਕੇ ਪੁਲਸ ਦੇ ਹੱਥੋਂ ਲਗਾਤਾਰ ਬਚ ਰਿਹਾ ਸੀ। ਉਨ੍ਹਾ ਕਿਹਾ ਕਿ ਐਨ ਆਈ ਏ ਤੋਂ ਬਾਅਦ ਮੋਗਾ ਪੁਲਸ ਗੈਂਗਸਟਰ ਨੂੰ ਲੈ ਕੇ ਆਵੇਗੀ ਅਤੇ ਪੁੱਛਗਿੱਛ ਦੌਰਾਨ ਅਹਿਮ ਖੁਲਾਸੇ ਹੋਣ ਦੀ ਉਮੀਦ ਹੈ।

# ਆਊਟਸੋਰਸ ਕਰਮੀਆਂ ਦੀ ਲੁੱਟ-ਖਸੁੱਟ ਵਿਰੁੱਧ 15 ਜੂਨ ਨੂੰ ਮੋਹਾਲੀ 'ਚ ਧਰਨਾ ਦੇਣ ਦਾ ਫੈਸਲਾ



**ਪਟਿਆਲਾ (ਪੱਤਰ ਪ੍ਰੇਰਕ)**

ਪੰਜਾਬ ਮੰਡੀ ਬੋਰਡ ਵਿੱਚ ਪਿਛਲੇ 15 ਸਾਲਾਂ ਤੋਂ ਠੇਕੇਦਾਰਾਂ ਦੁਆਰਾ ਅਫਸਰਸ਼ਾਹੀ ਦੀ ਮਿਲੀਭੁਗਤ ਨਾਲ ਕੰਟਰੈਕਟ/ਆਊਟਸੋਰਸ ਕਰਮਚਾਰੀਆਂ ਦੀ ਲੁੱਟ ਖਸੁੱਟ ਨਿਰੰਤਰ ਅੱਜ ਵੀ ਜਾਰੀ ਹੈ। ਪੰਜਾਬ ਮੰਡੀ ਬੋਰਡ ਵਿਚਲਿਆਂ ਮਾਰਕੀਟ ਕਮੇਟੀ, ਸੈਨੀਟੇਸ਼ਨ, ਬਿਜਲੀ ਵਿੰਗ, ਸਿਵਲ ਉਸਾਰੀ, ਸੀਵਰੇਜ ਸਿਸਟਮ, ਕੰਮ ਕਰਦੇ ਸੀਵਰੇਜਮੈਨ, ਸਫਾਈ ਸੇਵਕਾ, ਪੰਪ ਉਪਰੇਟਰਾਂ, ਚੌਕੀਦਾਰਾਂ, ਮਾਲੀਆਂ, ਪਲੰਬਰਾਂ ਆਦਿ ਵਰਗ ਜੋ ਮੰਡੀਆਂ ਤੇ ਖੇਤਰੀ ਥਾਵਾਂ 'ਤੇ ਕੰਮ ਕਰਦੇ ਆਊਟਸੋਰਸ/ਕੱਚੇ ਕਰਮਚਾਰੀਆਂ ਦਾ ਠੇਕੇਦਾਰਾਂ ਦੁਆਰਾ ਸ਼ੋਸ਼ਣ ਕੀਤਾ ਜਾ ਰਿਹਾ ਹੈ, ਕਿਰਤ ਕਾਨੂੰਨਾਂ ਅਨੁਸਾਰ ਸਹੂਲਤਾਂ, ਉਜਰਤਾਂ ਨਹੀਂ ਦਿੱਤੀਆਂ ਜਾਂਦੀਆਂ, ਅਫਸਰਸ਼ਾਹੀ ਵੱਲੋਂ ਇਨ੍ਹਾ ਕਾਮਿਆਂ ਨੂੰ ਠੇਕੇਦਾਰ ਦੀ ਲੇਬਰ ਕਹਿਕੇ ਨਕਾਰ ਦਿੱਤਾ ਜਾਂਦਾ ਹੈ, ਜਦੋਂ ਕਿ ਕਾਰਜਕਾਰੀ ਇੰਜੀਨੀਅਰ, ਸਕੱਤਰ ਮਾਰਕੀਟ ਕਮੇਟੀ ਆਦਿ ਅਧਿਕਾਰੀ ਸਰਕਾਰੀ ਨਿਯਮ ਅਨੁਸਾਰ ਆਊਟਸੋਰਸ ਕਰਮੀਆਂ ਦੇ "ਪ੍ਰਿੰਸੀਪਲ ਇੰਪਲਾਇਅਰ" ਹਨ। ਇਸ ਸਬੰਧ ਵਿੱਚ 'ਆਪ' ਸਰਕਾਰ ਨੇ ਇੱਕ ਯਾਦ ਪੱਤਰ ਮਿਤੀ 01 ਜਨਵਰੀ 2023 ਨੂੰ ਜਾਰੀ ਕਰਕੇ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਨੂੰ ਸਪਸ਼ਟ ਹਦਾਇਤਾਂ ਜਾਰੀ ਕੀਤੀਆਂ ਹਨ ਪਰੰਤੂ ਅਫਸਰਸ਼ਾਹੀ ਦੀ ਅੱਜ ਵੀ ਠੇਕੇਦਾਰਾਂ/ਠੇਕਾ ਏਜੰਸੀਆਂ ਨਾਲ ਮਿਲੀ ਭੁਗਤ ਕਰਕੇ ਨਿਯਮਾਂ ਨੂੰ ਅੱਖੋਂ ਓਹਲੇ ਕੀਤਾ ਜਾ ਰਿਹਾ ਹੈ ਅਤੇ ਲੱਖਾਂ ਦੀ ਲੁੱਟ ਆਊਟਸੋਰਸ ਰਾਹੀਂ ਕੀਤੀ ਜਾ ਰਹੀ ਹੈ। ਪੰਜਾਬ ਮੰਡੀ ਬੋਰਡ ਵਿਚਲੇ ਖੇਤਰੀ ਕੱਚੇ ਕਰਮੀਆਂ ਨੇ ਪੰਜਾਬ ਦੇ ਵੱਖ ਵੱਖ ਥਾਵਾਂ ਤੋਂ ਇੱਥੇ ਰੋਹ ਭਰਪੂਰ ਮੀਟਿੰਗ ਕਰਕੇ ਉਨ੍ਹਾਂ ਨੂੰ ਘੱਟੋ ਘੱਟ ਉਜਰਤਾਂ ਨਾ ਮਿਲਣ, ਈ.ਪੀ.ਐਫ. ਤੇ ਈ.ਐਸ.ਆਈ. ਸਹੂਲਤਾਂ ਨਾ ਦੇਣ, 8.33 ਬੋਨਸ ਨਾ ਦੇਣ ਤੇ ਸਾਲ 2020, ਸਾਲ 2022 ਅਤੇ ਸਾਲ 2023 ਵਿੱਚ ਘੱਟੋ ਘੱਟ ਉਜਰਤਾਂ ਵਿੱਚ ਸਰਕਾਰ ਦੁਆਰਾ ਕੀਤਾ ਵਾਧਾ ਤੇ ਇਸ ਦਾ ਬਕਾਇਆ ਨਾ ਦੇਣ, ਕੰਮ ਕਰਨ ਵਾਲਾ ਸਮਾਨ ਤੇ ਲੋੜੀਂਦਾ ਵਰਦੀਆਂ ਨਾ ਦੇਣ, ਹਫਤਾਵਾਰੀ ਤੇ ਤਿਉਹਾਰੀ ਛੁੱਟੀਆਂ ਨਾ ਦੇਣ ਵਰਗੇ ਮਾਮਲਿਆਂ ਨੂੰ ਲੈ ਕੇ ਯੂਨੀਅਨ ਵੱਲੋਂ ਸਾਲ 2018 ਤੋਂ ਬੋਰਡ ਮੈਨੇਜਮੈਂਟ ਨਾਲ ਕੀਤੀ ਜਾ ਰਹੀ ਲਿਖਾ ਪੜ੍ਹੀ ਦਾ ਕੋਈ ਨੋਟਿਸ ਨਾ ਲੈਣ ਤੇ ਐਲਾਨ ਕੀਤਾ ਕਿ ਮਿਤੀ 15 ਜੂਨ ਨੂੰ ਪੰਜਾਬ ਮੰਡੀ ਬੋਰਡ ਦਫਤਰ ਮੋਹਾਲੀ ਵਿਖੇ ਧਰਨਾ ਦੇ ਕੇ ਰੈਲੀ ਕੀਤੀ ਜਾਵੇਗੀ ਅਤੇ ਅੱਗੇ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਬਲਕਾਰ ਸਿੰਘ ਸੂਬਾ ਪ੍ਰਧਾਨ ਮੰਡੀ ਬੋਰਡ, ਵਿਜੈ ਕੁਮਾਰ ਰਿੰਕੂ, ਕੁਲਦੀਪ ਸਿੰਘ, ਰਮੇਸ਼ ਕੁਮਾਰ, ਸੁਖਵਿੰਦਰ ਸਿੰਘ, ਰਾਜੂ ਚੀਮਾ, ਹਰਪਾਲ ਸਿੰਘ, ਸੁਰੇਸ਼ ਕੁਮਾਰ, ਯੁਵਰਾਜ ਸਿੰਘ, ਅਜੈ ਕੁਮਾਰ, ਗੁਰਪ੍ਰੀਤ ਸਿੰਘ, ਹੈਪੀ ਸਿੰਘ, ਗੁਰਿੰਦਰ ਗੁਰੀ ਤੇ ਸਤਿਨਰਾਇਣ ਗੋਨੀ ਆਦਿ ਹਾਜ਼ਰ ਸਨ।

## ਡਾ. ਨਵਸ਼ਰਨ ਕੋਲੋਂ ਈ ਡੀ ਵੱਲੋਂ ਕੀਤੀ ਪੁੱਛਗਿੱਛ ਦੀ ਤਰਕਸ਼ੀਲ ਸੁਸਾਇਟੀ ਵੱਲੋਂ ਨਿੰਦਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਜ਼ੁਬਾਨਬੰਦੀ 'ਤੇ ਉੱਤਰੀ ਹੋਈ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਜਮਹੂਰੀ ਹੱਕਾਂ ਦੀ ਉੱਘੀ ਕਾਰਕੁੰਨ, ਲੇਖਿਕਾ ਅਤੇ ਹਰ ਲੋਕ-ਪੱਖੀ ਸੰਘਰਸ਼ ਦੀ ਹਮਦਰਦ ਡਾ. ਨਵਸ਼ਰਨ ਕੋਲੋਂ ਈ.ਡੀ. ਦੁਆਰਾ 10 ਮਈ ਨੂੰ ਆਪਣੇ ਦਫਤਰ 'ਚ ਬੁਲਾ ਕੇ 8 ਘੰਟੇ ਪੁੱਛਗਿੱਛ ਕੀਤੀ ਗਈ। ਡਾ. ਨਵਸ਼ਰਨ ਉੱਘੇ ਨਾਟਕਕਾਰ ਗੁਰਸ਼ਰਨ ਸਿੰਘ ਉਰਫ ਭਾਈ ਮੰਨਾ ਸਿੰਘ ਦੀ ਬੇਟੀ ਹੈ। ਡਾ. ਨਵਸ਼ਰਨ ਸਰਕਾਰਾਂ ਦੀ ਹਰ ਲੋਕ ਵਿਰੋਧੀ ਨੀਤੀ ਦਾ ਵਿਰੋਧ ਤੇ ਜਮਹੂਰੀ ਹੱਕਾਂ ਦੀ ਗੱਲ ਕਰਦੇ ਰਹਿੰਦੇ ਹਨ। ਪੁੱਛਗਿੱਛ ਦੌਰਾਨ ਕਥਿਤ ਤੌਰ 'ਤੇ ਦੇਸ਼ ਧ੍ਰੋਹੀ ਖੋਜ ਪੁਸਤਕਾਂ/ਰਿਪੋਰਟਾਂ ਨੂੰ ਛਪਵਾਉਣ ਦੇ ਖਰਚੇ ਬਾਰੇ ਸਵਾਲ ਕੀਤੇ। ਈ.ਡੀ. ਵਰਗੀਆਂ ਆਪਣੀਆਂ ਹੱਥ ਠੋਕਾ ਏਜੰਸੀਆਂ ਦੀ ਕੇਂਦਰ ਸਰਕਾਰ ਵੱਲੋਂ ਲੋਕ-ਪੱਖੀ ਕਾਰਕੁੰਨਾਂ ਖਿਲਾਫ ਨੰਗੇ ਚਿੱਟੇ ਰੂਪ ਵਿੱਚ ਵਰਤੋਂ, ਲੋਕ ਪੱਖੀ ਆਵਾਜ਼ਾਂ ਨੂੰ ਦਬਾਉਣ ਲਈ ਕੀਤੀ ਜਾ ਰਹੀ ਹੈ। ਤਰਕਸ਼ੀਲ ਸੁਸਾਇਟੀ ਦੇ ਬਠਿੰਡਾ ਜ਼ੋਨ ਦੇ ਆਗੂ ਬਲਰਾਜ ਮੌੜ, ਅਜੈਬ ਜਲਾਲਆਣਾ, ਗਿਆਨ ਬਠਿੰਡਾ, ਰਾਮ ਸਿੰਘ ਨਿਰਮਾਣ ਅਤੇ ਗਗਨ ਰਾਮਪੁਰਾ ਨੇ ਕਿਹਾ ਕਿ ਜਿਸ ਪੀ.ਐਮ.ਐਲ.ਏ. ਕਾਨੂੰਨ ਤਹਿਤ ਡਾ. ਨਵਸ਼ਰਨ ਕੋਲੋਂ ਪੁੱਛਗਿਛ ਕੀਤੀ ਗਈ ਹੈ, ਇਸ ਤਹਿਤ ਉੱਘੀ ਲੋਕ ਪੱਖੀ ਪੱਤਰਕਾਰ ਰਾਣਾ ਆਯੂਬ ਅਤੇ ਬੰਦੀ ਸਮਾਜਕ ਕਾਰਕੁੰਨ ਤੀਸਤਾ ਸੀਤਲਵਾੜ ਆਦਿ ਨੂੰ ਵੀ ਕੇਂਦਰ ਸਰਕਾਰ ਤੰਗ ਪ੍ਰੇਸ਼ਾਨ ਕਰ ਚੁੱਕੀ ਹੈ। ਇਹ ਡਰਾਉਣ, ਧਮਕਾਉਣ ਅਤੇ ਦਹਿਸ਼ਤ ਪਾਉਣ ਦੀ ਨੀਤੀ ਹੈ ਜਿਸ ਨੂੰ ਜਮਹੂਰੀ ਲੋਕ, ਸੰਸਥਾਵਾਂ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕਰਨਗੀਆਂ। ਪਹਿਲਾਂ ਵੀ ਹਕੂਮਤਾਂ ਵੱਲੋਂ ਦਰਜਨਾਂ ਬੁੱਧੀਜੀਵੀਆਂ, ਸਮਾਜਕ ਕਾਰਕੁੰਨਾਂ, ਵਕੀਲਾਂ ਨੂੰ ਦੇਸ਼-ਧ੍ਰੋਹ ਦੇ ਝੂਠੇ ਮੁਕੱਦਮਿਆਂ ਹੇਠ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ ਜਿਨ੍ਹਾਂ ਦੀ ਰਿਹਾਈ ਲਈ ਲਗਾਤਾਰ ਲੋਕ ਸੰਘਰਸ਼ ਦੇ ਮੈਦਾਨ ਵਿੱਚ ਹਨ। ਜ਼ੋਨ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਦੇ ਇਸ਼ਾਰਿਆਂ 'ਤੇ ਬੁੱਧੀਜੀਵੀਆਂ ਦੀ ਕੀਤੀ ਜਾ ਰਹੀ ਜ਼ੁਬਾਨਬੰਦੀ ਖਿਲਾਫ ਸੁਸਾਇਟੀ ਹਰ ਫਰੰਟ 'ਤੇ ਅਵਾਜ਼ ਬੁਲੰਦ ਕਰੇਗੀ।

## ਬਲੌਜ਼ਮਜ਼ ਕਾਨਵੈਂਟ ਸਕੂਲ 'ਚ ਟ੍ਰੈਫਿਕ ਨਿਯਮਾਂ ਦੇ ਅਧਾਰ 'ਤੇ ਪੇਂਟਿੰਗ ਮੁਕਾਬਲੇ



**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਅੱਜ ਐਸ.ਐਸ.ਪੀ. ਨਵਰੀਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੜਕੀ ਦੁਰਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਟ੍ਰੈਫਿਕ ਨਿਯਮਾਂ ਸੰਬੰਧੀ ਇਕ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ। ਜਿਸ ਵਿਚ ਇਲਾਕੇ ਦੇ ਸਪਰਿੰਗ ਡਿਊ ਪਬਲਿਕ ਸਕੂਲ, ਜਗਰਾਉਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੀਲ੍ਹਾਂ, ਸ੍ਰੀ ਗੁਰੂਹਰਗੋਬਿੰਦ ਪਬਲਿਕ ਸਕੂਲ ਸਿੱਧਵਾਂ ਖੁਰਦ ਅਤੇ ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਭਾਗ ਲਿਆ। ਬੱਚਿਆਂ ਵੱਲੋਂ ਬਾ-ਕਮਾਲ ਪੇਂਟਿੰਗ ਬਣਾਈਆਂ ਗਈਆਂ। ਇਹਨਾਂ ਤੋਂ ਇਲਾਵਾ ਪੰਜ ਕੌਨਸੋਲੇਸ਼ਨ ਇਨਾਮ ਵੀ ਦਿੱਤੇ ਗਏ। ਮੁੱਖ ਮਹਿਮਾਨ ਵਜੋਂ ਪਹੁੰਚੇ ਹਰਿੰਦਰਪਾਲ ਸਿੰਘ ਪਰਮਾਰ ਐਸ.ਪੀ.ਆਈ ਅਤੇ ਉਹਨਾਂ ਦੀ ਟੀਮ ਵਿਚ ਗੁਰਬਿੰਦਰ ਸਿੰਘ ਡੀ.ਐਸ.ਪੀ ਟ੍ਰੈਫਿਕ, ਟ੍ਰੈਫਿਕ ਇੰਚਾਰਜ ਕੁਲਵਿੰਦਰ ਸਿੰਘ, ਹਰਿੰਦਰਪਾਲ ਸਿੰਘ ਏ.ਐਸ.ਆਈ, ਨਵਲ ਕਿਸ਼ੋਰ ਕੌੜਾ ਨੇ ਆਪੋ-ਆਪਣੇ ਵਿਚਾਰ ਦਿੱਤੇ। ਐਜੂਕੇਸ਼ਨ ਸੈੱਲ ਤੇ ਮੁੱਖ ਮਹਿਮਾਨ ਨੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨਾ ਵਿਦਿਆਰਥੀ ਜੀਵਨ ਲਈ ਪਹਿਲ ਕਦਮੀ ਦੱਸਿਆ। ਇਸ ਮੌਕੇ ਸਕੂਲ ਪ੍ਰਿੰ. ਡਾ. ਅਮਰਜੀਤ ਕੌਰ ਨਾਜ਼ ਨੇ ਮੁੱਖ ਮਹਿਮਾਨ, ਉਹਨਾਂ ਦੀ ਟੀਮ ਅਤੇ ਐਸ.ਐਸ.ਪੀ ਦਾ ਸਕੂਲ ਆਉਣ 'ਤੇ ਧੰਨਵਾਦ ਕਰਦੇ ਕਿਹਾ ਕਿ ਅੱਜ ਅਸੀਂ ਸੜਕੀ ਦੁਰਘਟਨਾਵਾਂ ਰਾਹੀਂ ਮਨੁੱਖੀ ਜ਼ਿੰਦਗੀਆਂ ਦਾ ਘਾਣ ਹੁੰਦੇ ਦੇਖ ਰਹੇ ਹਾਂ। ਜਿਸ ਵਿਚ ਮਨੁੱਖ ਵੱਲੋਂ ਕੀਤੀ ਜਾ ਰਹੀ ਉਲੰਘਣਾ ਮੁੱਖ ਭੂਮਿਕਾ ਨਿਭਾਉਂਦੀ ਆ ਰਹੀ ਹੈ। ਅੱਜ ਪੰਜਾਬ ਪੁਲਿਸ ਦੀ ਵਿਸ਼ੇਸ਼ ਟੀਮ ਵੱਲੋਂ ਬੱਚਿਆਂ ਵਿਚ ਜਾਗ੍ਰਿਤੀ ਲਿਆਉਣ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਕਦਮ ਹਨ। ਇਸ ਨਾਲ ਬੱਚਿਆਂ ਅੰਦਰ ਟ੍ਰੈਫਿਕ ਨਿਯਮਾਂ ਸੰਬੰਧੀ ਜਾਗ੍ਰਿਤੀ ਆਵੇਗੀ ਤੇ ਉਹ ਆਪਣੇ ਜੀਵਨ ਨੂੰ ਸੁਰੱਖਿਅਤ ਕਰ ਸਕਣਗੇ।

ਇੱਥੋਂ ਸਿੱਖੇ ਨਿਯਮਾਂ ਦੀ ਪਾਲਣਾ ਕਰਨਗੇ ਤਾਂ ਵਿਦੇਸ਼ਾਂ ਦੀ ਧਰਤੀ ਤੇ ਪੜ੍ਹਨ ਜਾਣ ਵਾਲੇ ਵਿਦਿਆਰਥੀ ਇਸ ਤੋਂ ਸਿੱਖਿਆ ਲੈ ਕੇ ਉਹਨਾਂ ਦੇਸ਼ਾਂ ਵਿਚ ਵੀ ਸੁਰੱਖਿਅਤ ਰਹਿ ਸਕਣਗੇ। ਇਸ ਮੌਕੇ ਚੇਅਰਮੈਨ ਹਰਭਜਨ ਸਿੰਘ ਜੌਹਲ, ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਅਜਮੇਰ ਸਿੰਘ ਰੱਤੀਆ ਅਤੇ ਸਤਵੀਰ ਸਿੰਘ ਸੇਖੋਂ ਨੇ ਵੀ ਇਸ ਕਦਮ ਦੀ ਸ਼ਲਾਘਾ ਕੀਤੀ ਅਤੇ ਮਨੁੱਖੀ ਜੀਵਨ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਉਪਰਾਲਾ ਦੱਸਿਆ।

# ਸਰਕਾਰੀ ਬ੍ਰਿਜਿੰਦਰਾ ਕਾਲਜ 'ਚ ਬੀ ਐੱਸ ਸੀ ਖੇਤੀਬਾੜੀ ਦਾ ਕੋਰਸ ਦੁਬਾਰਾ ਸ਼ੁਰੂ ਹੋਣ ਦੀ ਬਣੀ ਸੰਭਾਵਨਾ!

**ਕੋਟਕਪੂਰਾ(ਰਛਪਾਲ ਭੁੱਲਰ)**



ਸਾਲ 1982 ਵਿੱਚ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਵਿੱਚ ਸ਼ੁਰੂ ਹੋਈ ਬੀ.ਐੱਸ.ਸੀ. ਖੇਤੀਬਾੜੀ ਦੀ ਪੜ੍ਹਾਈ ਦਾ ਕੋਰਸ ਕਰਨ ਲਈ 100 ਸੀਟਾਂ ਰਾਖਵੀਆਂ ਰੱਖਣ ਦੀ ਖੁਸ਼ੀ, ਮਾਲਵੇ ਦਾ ਇਕਲੌਤਾ ਕਾਲਜ, ਜਿੱਥੇ ਬਹੁਤ ਥੋੜ੍ਹੀ ਫੀਸ 'ਤੇ ਬੀ.ਐੱਸ.ਸੀ. ਖੇਤੀਬਾੜੀ ਲਈ ਪੜ੍ਹਾਈ ਹੁੰਦੀ ਸੀ ਪਰ ਅਚਾਨਕ ਖੇਤੀਬਾੜੀ ਕੌਂਸਲ ਨੇ ਸਾਲ 2019 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੌਰਾਨ ਕੁਝ ਸ਼ਰਤਾਂ ਲਾ ਦਿੱਤੀਆਂ, ਜਿਨ੍ਹਾਂ ਨੂੰ ਹਟਾਉਣ ਲਈ ਬਹੁਤ ਸੰਘਰਸ਼ ਹੋਇਆ, ਕਾਲਜ ਦੇ ਕੁਝ ਸੁਹਿਰਦ ਪ੍ਰੋਫੈਸਰ ਅਤੇ ਵਿਦਿਆਰਥੀ ਭੁੱਖ ਹੜਤਾਲ 'ਤੇ ਵੀ ਬੈਠਦੇ ਰਹੇ, ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਸਿਆਸੀ ਰੋਟੀਆਂ ਸੇਕਣ ਦੀ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਪਰ ਕੈਪਟਨ ਅਤੇ ਚੰਨੀ ਦੀ ਅਗਵਾਈ ਵਾਲੀਆਂ ਸਰਕਾਰਾਂ ਤੋਂ ਬਾਅਦ ਸੱਤਾਧਾਰੀ ਧਿਰ ਦੌਰਾਨ ਬੀ.ਐੱਸ.ਸੀ. ਖੇਤੀਬਾੜੀ ਦੀ ਪੜ੍ਹਾਈ ਆਖਰ ਬੰਦ ਹੋ ਹੀ ਗਈ। ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਬ੍ਰਿਜਿੰਦਰਾ ਕਾਲਜ ਦੇ ਪ੍ਰੋਫੈਸਰਾਂ ਸਮੇਤ ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਨਾਲ ਵਾਅਦਾ ਕੀਤਾ ਸੀ ਕਿ ਬੀ.ਐੱਸ.ਸੀ. ਖੇਤੀਬਾੜੀ ਦੀ ਪੜ੍ਹਾਈ ਕਿਸੇ ਵੀ ਕੀਮਤ 'ਤੇ ਬੰਦ ਨਹੀਂ ਹੋਣ ਦਿੱਤੀ ਜਾਵੇਗੀ। ਉਕਤ ਵਾਅਦਾ ਪੁਗਾਉਣ ਲਈ ਅਤੇ ਮਾਲਵਾ ਖੇਤਰ ਦੇ ਨੌਜਵਾਨਾਂ ਦੇ ਭਵਿੱਖ ਨੂੰ ਲੈ ਕੇ ਚਿੰਤਤ ਕੁਲਤਾਰ ਸਿੰਘ ਸੰਧਵਾਂ ਨੇ 30 ਮਈ ਦਿਨ ਮੰਗਲਵਾਰ ਨੂੰ ਬਾਅਦ ਦੁਪਹਿਰ 12:30 ਵਜੇ ਪੰਜਾਬ ਵਿਧਾਨ ਸਭਾ ਸਕੱਤਰੇਤ ਚੰਡੀਗੜ੍ਹ ਦੇ ਕਮੇਟੀ ਰੂਮ ਵਿੱਚ ਮੀਟਿੰਗ ਬੁਲਾਈ ਹੈ, ਜਿਸ ਵਿੱਚ ਉਚੇਰੀ ਸਿੱਖਿਆ ਮੰਤਰੀ ਪੰਜਾਬ ਸਮੇਤ ਜ਼ਿਲ੍ਹੇ ਦੇ ਦੋਨੋਂ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਫਰੀਦਕੋਟ, ਅਮੋਲਕ ਸਿੰਘ ਜੈਤੋ ਤੋਂ ਇਲਾਵਾ ਪ੍ਰਮੁੱਖ ਸਕੱਤਰ ਉਚੇਰੀ ਸਿੱਖਿਆ ਵਿਭਾਗ, ਪ੍ਰਮੁੱਖ ਸਕੱਤਰ ਖੇਤੀਬਾੜੀ ਵਿਭਾਗ, ਉਪ ਕੁਲਪਤੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪ੍ਰਿੰਸੀਪਲ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਅਤੇ ਇਸੇ ਕਾਲਜ ਦੇ ਪ੍ਰੋਫੈਸਰ ਨਰਿੰਦਰਜੀਤ ਸਿੰਘ ਬਰਾੜ ਨੂੰ ਵੀ ਉਕਤ ਮੀਟਿੰਗ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ। ਚਾਰ ਸਾਲ ਦੇ ਉਕਤ ਕੋਰਸ ਦੇ ਦਾਖਲੇ ਸਾਲ 2019 ਵਿੱਚ ਹੋਏ ਸਨ, ਜਿਸ ਦਾ ਹੁਣ ਬੈਚ ਖਤਮ ਹੋਣ ਜਾ ਰਿਹਾ ਹੈ, ਸਾਲ 2020, 2021, 2022 ਵਿੱਚ ਖੇਤੀਬਾੜੀ ਕੌਂਸਲ ਦੀਆਂ ਨਵੀਆਂ ਲਾਈਆਂ ਸ਼ਰਤਾਂ ਦੀ ਪੂਰਤੀ ਨਾ ਹੋਣ ਕਰਕੇ ਕਾਲਜ ਪ੍ਰਬੰਧਕ ਨਵੇਂ ਦਾਖਲੇ ਕਰਨ ਤੋਂ ਅਸਮਰੱਥ ਰਹੇ। ਖੇਤੀਬਾੜੀ ਕੌਂਸਲ ਦੀਆਂ ਹਦਾਇਤਾਂ ਮੁਤਾਬਕ ਕਾਲਜ ਵਲੋਂ ਖਾਮੀਆਂ ਦੂਰ ਨਹੀਂ ਕੀਤੀਆਂ ਗਈਆਂ, ਜਿਸ ਕਰਕੇ ਬ੍ਰਿਜਿੰਦਰਾ ਕਾਲਜ ਦੇ ਉਕਤ ਵਿਭਾਗ ਨੂੰ ਬੀ ਐੱਸ ਸੀ ਖੇਤੀਬਾੜੀ ਲਈ ਦਾਖਲੇ ਕਰਨ ਵਾਸਤੇ ਮਨਜ਼ੂਰੀ ਨਹੀਂ ਮਿਲੀ। ਇਹ ਮਾਲਵੇ ਦਾ ਇਕਲੌਤਾ ਸਰਕਾਰੀ ਕਾਲਜ ਹੈ, ਜਿੱਥੇ ਬਹੁਤ ਥੋੜ੍ਹੀ ਫੀਸ 'ਤੇ ਬੀ ਐੱਸ ਸੀ ਖੇਤੀਬਾੜੀ ਲਈ ਪੜ੍ਹਾਈ ਹੁੰਦੀ ਸੀ। ਸਾਲ 2019 'ਚ ਖੇਤੀਬਾੜੀ ਕੌਂਸਲ ਨੇ ਆਪਣੀਆਂ ਸੋਧੀਆਂ ਹੋਈਆਂ ਸ਼ਰਤਾਂ 'ਚ ਬ੍ਰਿਜਿੰਦਰਾ ਕਾਲਜ ਨੂੰ ਲਿਖਿਆ ਸੀ ਕਿ ਬੀ ਐੱਸ ਸੀ ਖੇਤੀਬਾੜੀ ਲਈ ਕਾਲਜ 'ਚ 40 ਏਕੜ ਜ਼ਮੀਨ, ਆਧੁਨਿਕ ਲੈਬਾਰਟਰੀ ਅਤੇ ਲੋੜੀਂਦਾ ਸਟਾਫ਼ ਹੋਣਾ ਲਾਜ਼ਮੀ ਹੈ ਪਰ ਕਾਲਜ ਇਹ ਸ਼ਰਤਾਂ ਪੂਰੀਆਂ ਨਹੀਂ ਸਕਿਆ, ਜਿਸ ਕਰਕੇ 2020 ਤੋਂ ਬਾਅਦ ਇੱਥੇ ਬੀ ਐੱਸ ਸੀ ਖੇਤੀਬਾੜੀ ਕੋਰਸ ਲਈ ਕੋਈ ਦਾਖਲਾ ਨਹੀਂ ਹੋਇਆ, ਜਦਕਿ 2019 'ਚ ਬੀ ਐੱਸ ਸੀ ਦਾ ਜਿਹੜਾ ਬੈਚ ਸ਼ੁਰੂ ਹੋਇਆ ਸੀ, ਉਹ ਬੈਚ ਬੀਤੀ 10 ਮਈ 2023 ਨੂੰ ਇਮਤਿਹਾਨਾਂ ਤੋਂ ਬਾਅਦ ਕਾਲਜ 'ਚੋਂ ਰੁਖਸਤ ਹੋ ਗਿਆ। ਪੀ ਐੱਸ ਯੂ ਮੁਤਾਬਿਕ ਕੁਝ ਸਮਾਂ ਪਹਿਲਾਂ ਬੀ ਐੱਸ ਸੀ ਦੀ ਪੜ੍ਹਾਈ ਬਚਾਉਣ ਲਈ ਵਿਦਿਆਰਥੀਆਂ ਅਤੇ ਸ਼ਹਿਰ ਦੇ ਲੋਕਾਂ ਵੱਲੋਂ ਸੰਘਰਸ਼ ਵਿੱਢਿਆ ਗਿਆ ਸੀ ਪਰ ਕੁਝ ਸ਼ਰਾਰਤੀ ਅਨਸਰਾਂ ਨੇ ਇਸ ਸੰਘਰਸ਼ ਨੂੰ ਸਾਬੋਤਾਜ ਕਰ ਦਿੱਤਾ। ਬ੍ਰਿਜਿੰਦਰਾ ਕਾਲਜ ਦੀ ਪ੍ਰਿੰਸੀਪਲ ਮੈਡਮ ਹਰਤੇਜ ਕੌਰ ਟਿਵਾਣਾ ਅਤੇ ਪ੍ਰੋਫੈਸਰ ਨਰਿੰਦਰਜੀਤ ਸਿੰਘ ਬਰਾੜ ਨੇ ਮਾਣਯੋਗ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਉਕਤ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਮੰਨਿਆ ਕਿ ਕਾਲਜ ਕੋਲ 15 ਏਕੜ ਜ਼ਮੀਨ ਤਾਂ ਹੈ, ਜੇਕਰ ਸਰਕਾਰ 25 ਏਕੜ ਜ਼ਮੀਨ ਹੋਰ ਮੁਹੱਈਆ ਕਰਵਾਉਂਦੀ ਹੈ ਤਾਂ 40 ਏਕੜ ਦੀ ਸ਼ਰਤ ਪੂਰੀ ਹੋਣ ਨਾਲ ਬੀ ਐੱਸ ਸੀ ਐਗਰੀਕਲਚਰ ਦੀ ਪੜ੍ਹਾਈ ਸ਼ੁਰੂ ਹੋ ਜਾਵੇਗੀ।

# ਨਵੀਂ ਨੀਤੀ ਲਾਗੂ ਕਰਨ ਦੀ ਸ਼ੁਰੂਆਤ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਆਲੇ-ਦੁਆਲੇ ਫੁੱਟਪਾਥ-ਕਮ-ਸਾਈਕਲ ਟਰੈਕ ਨਾਲ ਹੋਵੇਗੀ : ਸਾਕਸ਼ੀ ਸਾਹਨੀ



**ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਇੱਕ ਹੋਰ ਵੱਡਾ ਮਾਅਰਕਾ ਮਾਰਦਿਆਂ, ਪਟਿਆਲਾ, ਦੇਸ਼ ਦਾ ਅਜਿਹਾ ਪਹਿਲਾ ਜ਼ਿਲ੍ਹਾ ਬਣ ਗਿਆ ਹੈ, ਜਿਸ ਨੇ 'ਪੈਦਲ ਚੱਲਣ ਵਾਲਿਆਂ ਦੇ ਅਧਿਕਾਰ' (ਰਾਈਟ ਟੂ ਵਾਕ) ਦੀ ਨੀਤੀ ਨੂੰ ਲਾਗੂ ਕੀਤਾ ਹੈ। ਇਹ ਦੂਰਅੰਦੇਸ਼ੀ ਨੀਤੀ ਨਾ ਸਿਰਫ਼ ਪੈਦਲ ਚੱਲਣ ਵਾਲਿਆਂ, ਸਗੋਂ ਸਾਈਕਲ ਸਵਾਰਾਂ ਦੀ ਸੁਰੱਖਿਆ 'ਤੇ ਵੀ ਜ਼ੋਰ ਦਿੰਦੀ ਹੈ ਤੇ ਪਟਿਆਲਾ ਦੇ ਵਿਰਾਸਤੀ ਚਰਿੱਤਰ ਨੂੰ ਸੁਰੱਖਿਅਤ ਰੱਖਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਵੀ ਉਜਾਗਰ ਕਰਦੀ ਹੈ।

ਅੱਜ ਇੱਥੇ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਮੀਟਿੰਗ ਦੌਰਾਨ 'ਪੈਦਲ ਚੱਲਣ ਵਾਲਿਆਂ ਦੇ ਅਧਿਕਾਰ' (ਰਾਈਟ ਟੂ ਵਾਕ) ਨੀਤੀ ਨੂੰ ਜਾਰੀ ਕਰਨ ਸਮੇਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ, ਮੈਨੂੰ ਪਟਿਆਲਾ ਰਾਈਟ ਟੂ ਵਾਕ ਨੀਤੀ ਜਾਰੀ ਕਰਦਿਆਂ ਮਾਣ ਮਹਿਸੂਸ ਹੋ ਰਿਹਾ ਹੈ, ਕਿਉਂਕਿ ਪਟਿਆਲਾ ਇਹ ਨਿਵੇਕਲੀ ਪਹਿਲਕਦਮੀ ਕਰਨ ਵਾਲਾ ਸਾਡੇ ਦੇਸ਼ ਦਾ ਪਹਿਲਾ ਜ਼ਿਲ੍ਹਾ ਬਣ ਗਿਆ ਹੈ। ਇਹ ਨੀਤੀ ਪੈਦਲ ਚੱਲਣ ਵਾਲਿਆਂ ਅਤੇ ਸਾਈਕਲ ਸਵਾਰਾਂ ਦੀ ਭਲਾਈ ਅਤੇ ਸਹੂਲਤ ਨੂੰ ਤਰਜੀਹ ਦੇਣ ਦੇ ਸਾਡੇ ਅਣਥੱਕ ਯਤਨਾਂ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਜਿਸ ਤਰ੍ਹਾਂ ਪੰਜਾਬ ਸਰਕਾਰ ਦੇਸ਼ ਦੀ ਅਜਿਹੀ ਪਹਿਲੀ ਸਰਕਾਰ ਬਣੀ ਸੀ, ਜਿਸ ਨੇ 'ਪੈਦਲ ਚੱਲਣ ਦੇ ਅਧਿਕਾਰ' ਨੂੰ ਲਾਗੂ ਕੀਤਾ ਅਤੇ ਸੰਵਿਧਾਨ ਦੇ ਅਨੁਛੇਦ 21 ਤਹਿਤ ਪੈਦਲ ਤੇ ਸਾਈਕਲ ਸਵਾਰਾਂ ਦੇ ਅਧਿਕਾਰਾਂ ਨੂੰ ਵੀ ਸੁਰੱਖਿਅਤ ਕੀਤਾ। ਸਾਕਸ਼ੀ ਸਾਹਨੀ ਨੇ ਅੱਗੇ ਦੱਸਿਆ ਕਿ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਤੇ ਚੇਤਨ ਸਿੰਘ ਜੌੜਾਮਾਜਰਾ, ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਨੀਨਾ ਮਿੱਤਲ, ਹਰਮੀਤ ਸਿੰਘ ਪਠਾਣਮਾਜਰਾ, ਗੁਰਲਾਲ ਘਨੌਰ, ਗੁਰਦੇਵ ਸਿੰਘ ਦੇਵ ਮਾਨ ਅਤੇ ਕੁਲਵੰਤ ਸਿੰਘ ਦੇ ਵਿਸ਼ੇਸ਼ ਸਹਿਯੋਗ ਸਦਕਾ ਜ਼ਿਲ੍ਹਾ ਪ੍ਰਸ਼ਾਸਨ ਦੀ ਇਹ ਵਚਨਬੱਧਤਾ ਸਿਰਫ਼ ਕਾਗਜ਼ਾਂ ਤੱਕ ਹੀ ਨਹੀਂ; ਬਲਕਿ ਇਸ ਨੂੰ ਜ਼ਮੀਨੀ ਪੱਧਰ 'ਤੇ ਹਕੀਕਤ ਵਿੱਚ ਲਾਗੂ ਕੀਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਇਹ ਭਰੋਸਾ ਦਿੱਤਾ ਕਿ ਪਟਿਆਲਾ ਇੱਕ ਅਜਿਹਾ ਜ਼ਿਲ੍ਹਾ ਬਣੇਗਾ ਜਿੱਥੇ ਪੈਦਲ ਚੱਲਣ ਅਤੇ ਸਾਈਕਲ ਚਲਾਉਣ ਨੂੰ ਬੁਨਿਆਦੀ ਪਹਿਲੂਆਂ ਵਜੋਂ ਅਪਣਾਇਆ ਜਾਵੇਗਾ ਅਤੇ ਇਸ ਦੀ ਸ਼ੁਰੂਆਤ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਆਲੇ-ਦੁਆਲੇ ਫੁੱਟਪਾਥ ਕਮ ਸਾਈਕਲ ਟਰੈਕ ਦੇ ਨਾਲ ਕੀਤੀ ਜਾ ਰਹੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਸ ਨੀਤੀ ਵਿੱਚ ਹੋਰ ਸੁਧਾਰ ਲਿਆਉਣ ਲਈ ਜ਼ਿਲ੍ਹਾ ਵਾਸੀ ਆਪਣੇ ਸੁਝਾਅ ਈਮੇਲ ਡੀਆਰਐਸਸੀਪੀਟੀਐਲ ਐਟ ਜੀਮੇਲ ਡਾਟ ਕਾਮ. 'ਤੇ ਭੇਜ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਆਦੇਸ਼ਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਸਾਰੇ ਭਾਗੀਦਾਰਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਹੈ, ਤਾਂ ਕਿ ਪੈਦਲ ਚੱਲਣ ਵਾਲੇ ਸਾਡੇ ਨਾਗਰਿਕਾਂ, ਸੈਰ ਕਰਨ ਵਾਲਿਆਂ ਸਮੇਤ ਸੜਕਾਂ 'ਤੇ ਰੇਹੜੀ, ਫੜ੍ਹੀ ਲਾ ਕੇ ਸਮਾਨ ਵੇਚਣ ਵਾਲਿਆਂ, ਹਾਕਰਾਂ ਅਤੇ ਸਾਈਕਲ ਸਵਾਰਾਂ ਲਈ ਸਾਡੀਆਂ ਸੜਕਾਂ ਸੁਰੱਖਿਅਤ ਬਣ ਸਕਣ। ਇਹ ਨੀਤੀ ਇਹ ਵੀ ਯਕੀਨੀ ਬਣਾਏਗੀ ਕਿ ਸਾਡੀਆਂ ਸੜਕਾਂ, ਸਾਡੇ ਬੱਚਿਆਂ, ਮਾਤਾਵਾਂ, ਭੈਣਾਂ ਜੋ ਪੈਦਲ ਚੱਲ ਕੇ ਸਕੂਲ, ਬਜ਼ਾਰ ਜਾਂ ਕਿਸੇ ਧਾਰਮਕ ਸਥਾਨ ਵਿਖੇ ਜਾਣਾ ਚਾਹੁੰਦੇ ਹਨ, ਉਨ੍ਹਾਂ ਲਈ ਸੁਰੱਖਿਅਤ ਹੋਣ। ਇਸ ਮੀਟਿੰਗ ਮੌਕੇ ਏ.ਡੀ.ਸੀ. ਗੌਤਮ ਜੈਨ, ਗੁਰਪ੍ਰੀਤ ਸਿੰਘ ਥਿੰਦ, ਸੰਯੁਕਤ ਕਮਿਸ਼ਨਰ ਨਗਰ ਨਿਗਮ ਜੀਵਨਜੋਤ ਕੌਰ, ਆਰ.ਟੀ.ਏ. ਬਬਲਦੀਪ ਸਿੰਘ ਵਾਲੀਆ, ਡੀ.ਐਸ.ਪੀ. ਕਰਮਵੀਰ ਤੂਰ, ਜ਼ਿਲ੍ਹਾ ਸੜਕ ਸੁਰੱਖਿਆ ਅਫ਼ਸਰ ਸ਼ਵਿੰਦਰ ਬਰਾੜ, ਐਨ.ਜੀ.ਓਜ਼ ਵੱਲੋਂ ਪਟਿਆਲਾ ਫਾਊਂਡੇਸ਼ਨ ਦੇ ਰਵੀ ਆਹਲੂਵਾਲੀਆ ਸਮੇਤ ਐਚ.ਪੀ.ਐਸ. ਲਾਂਬਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਸਫਾਈ ਸੇਵਕਾਂ ਵੱਲੋਂ 12ਵੇਂ ਦਿਨ ਵੀ ਗਿੱਦੜਬਾਹਾ ਵਿਖੇ ਰੋਸ ਪ੍ਰਦਰਸ਼ਨ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਨਗਰ ਕੌਂਸਲ ਗਿੱਦੜਬਾਹਾ ਦੇ ਸਫਾਈ ਸੇਵਕ ਯੂਨੀਅਨ ਵੱਲੋਂ ਪ੍ਰਧਾਨ ਰਾਜੇਸ਼ ਕੁਮਾਰ ਬੌਬੀ ਟਾਂਕ ਦੀ ਅਗਵਾਈ ਵਿੱਚ ਤਨਖਾਹਾਂ ਨਾ ਮਿਲਣ ਦੇ ਰੋਸ ਵਿੱਚ ਅੱਜ 12ਵੇਂ ਦਿਨ ਵੀ ਗਿੱਦੜਬਾਹਾ ਨਗਰ ਕੌਂਸਲ ਵਿਖੇ ਰੋਸ ਪ੍ਰਦਰਸ਼ਨ ਕੀਤਾ ਅਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਆਗੂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਸਫਾਈ ਸੇਵਕਾਂ ਦੇ ਪਰਵਾਰਾਂ ਨੂੰ ਰੋਟੀ ਦੇ ਲਾਲੇ ਪੈ ਗਏ ਹਨ। ਬੱਚਿਆਂ ਦੀ ਪੜ੍ਹਾਈ ਦੇ ਖਰਚੇ, ਪਰਵਾਰ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਅਸਮਰੱਥ ਸਫਾਈ ਸੇਵਕ ਆਪਣੀ ਬਿਮਾਰੀ ਦਾ ਇਲਾਜ ਵੀ ਨਹੀਂ ਕਰਵਾ ਸਕਦਾ। ਕੀ ਇਹੀ ਬਦਲਾਅ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਯੂਨੀਅਨ ਦੇ ਪ੍ਰਧਾਨ ਰਾਜੇਸ਼ ਕੁਮਾਰ ਬੌਬੀ ਟਾਂਕ ਨੇ ਦੱਸਿਆ ਕਿ ਅਸੀਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਅੱਜ 12ਵੇਂ ਦਿਨ ਵੀ ਆਪਣਾ ਰੋਸ ਪ੍ਰਦਰਸ਼ਨ ਕੀਤਾ ਹੈ ਤੇ ਜਦ ਤੱਕ ਸਾਡੀਆਂ ਮੰਗਾਂ ਮੰਨੀਆਂ ਨਹੀ ਜਾਂਦੀਆਂ, ਸਾਡੀਆਂ ਤਨਖਾਹਾਂ ਸਾਨੂੰ ਮਿਲ ਨਹੀ ਜਾਂਦੀਆਂ, ਅਸੀਂ ਆਪਣਾ ਸੰਘਰਸ਼ ਜਾਰੀ ਰੱਖਾਂਗੇ। ਉਨ੍ਹਾ ਕਿਹਾ ਪਿਛਲੇ ਕਰੀਬ 3-4 ਮਹੀਨਿਆਂ ਤੋਂ ਸਫਾਈ ਸੇਵਕਾਂ ਨੂੰ ਅਤੇ ਦਫਤਰੀ ਸਟਾਫ ਨੂੰ ਵੀ ਕਈ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ। ਉਨ੍ਹਾ ਮੰਗ ਕੀਤੀ ਕਿ ਉਨ੍ਹਾਂ ਦੀਆਂ 3-4 ਮਹੀਨਿਆਂ ਦੀਆਂ ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ। ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਇਸ ਮੌਕੇ ਵਿਜੇ ਮੇਟ, ਰਜਿੰਦਰ ਕੁਮਾਰ ਮੇਟ, ਪਵਨ, ਇੰਦਰ ਜੀਤ, ਨੀਲਮ ਰਾਣੀ, ਚੁਨੀਆਂ ਜੈਨ, ਦੇਸ ਰਾਜ, ਸੱਤਪਾਲ, ਕ੍ਰਿਸ਼ਨ ਲਾਲ ਟਾਂਕ, ਬਾਲੇ ਰਾਮ ਮੇਟ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਫਾਈ ਸੇਵਕ ਹਾਜ਼ਰ ਸਨ।

# ਆਲ ਇੰਡੀਆ ਵਿੱਤੀ ਸਾਖਰਤਾ ਕੁਇਜ਼ ਮੁਕਾਬਲੇ 'ਚ ਸ ਸ ਸ (ਲੜਕੇ) ਮਾਨਸਾ ਰਿਹਾ ਮੋਹਰੀ

**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਰਿਜ਼ਰਵ ਬੈਂਕ ਵਿੱਤੀ ਸਮਾਵੇਸ਼ਨ ਅਤੇ ਵਿਕਾਸ ਵਿਭਾਗ ਚੰਡੀਗੜ੍ਹ ਵੱਲੋਂ ਤਹਿਸੀਲ ਪੱਧਰੀ ਵਿੱਤੀ ਸਾਖਰਤਾ ਤੇ ਆਲ ਇੰਡੀਆ ਕੁਇਜ਼ 2023 ਕਰਵਾਇਆ ਗਿਆ ਜਿਸ ਵਿੱਚ ਤਹਿਸੀਲ ਮਾਨਸਾ ਦੇ ਲਗਭਗ 16 ਸਕੂਲਾਂ ਨੇ ਭਾਗ ਲਿਆ। ਸਕੂਲ ਆਫ ਐਮੀਨੈਂਸ ਦੇ ਪ੍ਰਿੰਸੀਪਲ ਕਵਲਜੀਤ ਕੌਰ ਦੀ ਸੁਯੋਗ ਅਗਵਾਈ ਵਿੱਚ ਕਰਵਾਏ ਗਏ ਇਸ ਤਹਿਸੀਲ ਪੱਧਰੀ ਮੁਕਾਬਲੇ ਵਿੱਚ ਸਰਕਾਰੀ ਸੈਕੰਡਰੀ ਸਕੂਲ (ਲੜਕੇ) ਮਾਨਸਾ ਦੇ ਹੋਣਹਾਰ ਵਿਦਿਆਰਥੀਆਂ ਕਮਲ ਅਤੇ ਨਵਜੋਤ ਸਿੰਘ ਜਮਾਤ ਦਸਵੀਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਤਹਿਸੀਲ ਵਿੱਚੋਂ ਬਾਜ਼ੀ ਮਾਰਦਿਆਂ ਆਪਣੀ ਸੰਸਥਾ ਦਾ ਮਾਣ ਵਧਾਇਆ। ਭੁਪਿੰਦਰ ਸਿੰਘ, ਗੁਰਸੇਵਕ ਸਿੰਘ ਸ. ਹ. ਸ.ਰੱਲਾ ਅਤੇ ਨਸਵਿੰਦਰ ਸਿੰਘ, ਲਵਦੀਪ ਪਾਲ ਸ. ਸ. ਸ. ਅਤਲਾ ਕਲਾਂ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰ. ਕੰਵਲਜੀਤ ਕੌਰ ਅਤੇ ਬੈਂਕ ਮੈਨੇਜਰ ਅਤੁਲ ਸੌਰਵ ਵੱਲੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਕ੍ਰਮਵਾਰ ਪੰਜ ਹਜ਼ਾਰ, ਚਾਰ ਹਜ਼ਾਰ ਅਤੇ ਤਿੰਨ ਹਜ਼ਾਰ ਰਪਏ ਦੀ ਰਾਸ਼ੀ, ਸਨਮਾਨ ਚਿੰਨ੍ਹ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕਰਦਿਆਂ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਵੀ ਪ੍ਰੇਰਿਆ ਅਤੇ ਭਾਗ ਲੈਣ ਤੇ ਪੁਜੀਸ਼ਨਾਂ ਪ੍ਰਾਪਤ ਕਰਨ ਵਾਲਿਆਂ ਨੂੰ ਵਧਾਈ ਦਿੱਤੀ। ਇਸ ਮੌਕੇ ਉਕਤ ਤੋਂ ਇਲਾਵਾ ਰਾਜ ਰਾਣੀ, ਅੰਜੂ ਬਾਲਾ, ਬੈਂਕ ਸਟਾਫ ਗਗਨਦੀਪ ਕੌਰ, ਅਮਨਦੀਪ ਕੌਰ, ਸ੍ਰੀ ਹਰੀਓਮ ਤੋਂ ਇਲਾਵਾ ਵੱਖ ਵੱਖ ਸਕੂਲਾਂ ਦੇ ਅਧਿਆਪਕ ਵੀ ਹਾਜ਼ਰ ਸਨ। ਬੱਚਿਆਂ ਲਈ ਬੈਂਕ ਵੱਲੋਂ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ।



# ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਦੀ ਅਗਵਾਈ ਹੇਠ ਸਫਾਈ ਅਭਿਆਨ ਜਾਰੀ



ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਦਾ ਧੰਨਵਾਦ ਕਰਦੇ ਸਥਾਨਕ ਲੋਕ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਦੀ ਅਗਵਾਈ ਹੇਠ ਸਫਾਈ ਅਭਿਆਨ ਲਗਾਤਾਰ ਜਾਰੀ ਹੈ। ਦੂਜੇ ਹਫਤੇ ਦੇ ਸ਼ੁੱਕਰਵਾਰ ਵਾਲੇ ਦਿਨ ਟਿੱਬੀ ਸਾਹਿਬ ਰੋਡ, ਜਲਾਲਾਬਾਦ ਰੋਡ ਤੇ ਥਾਂਦੇਵਾਲਾ ਰੋਡ 'ਤੇ ਸਫਾਈ ਅਭਿਆਨ ਚਲਾ ਕੂੜੇ ਦੇ ਲੱਗੇ ਢੇਰਾਂ ਨੂੰ ਚੁੱਕਿਆ ਗਿਆ। ਇਸ ਮੌਕੇ ਨਗਰ ਕੌਂਸਲ ਦੇ ਈ ਓ ਰਜ਼ਨੀਸ਼ ਕੁਮਾਰ, ਟਰੱਕ ਯੂਨੀਅਨ ਦੇ ਪ੍ਰਧਾਨ ਸੁਖਜਿੰਦਰ ਸਿੰਘ ਬੱਬਲੂ ਬਰਾੜ, ਪਰਮਜੀਤ ਸਿੰਘ ਪੰਮਾ ਨੰਬਰਦਾਰ, ਜ਼ਿਲ੍ਹਾ ਜੁਆਇੰਟ ਸੈਕਟਰੀ ਸੰਦੀਪ ਸ਼ਰਮਾ, ਸੁਮਿੱਤ ਗਰਗ, ਕਾਕਾ ਸੇਤੀਆ, ਵਾਈਸ ਚੇਅਰਮੈਨ ਸੁਖਪਾਲ ਸਿੰਘ, ਬਲਾਕ ਪ੍ਰਧਾਨ ਸੁਮਨ ਕੁਮਾਰ ਤੋਤੀ, ਸੁਖਜਿੰਦਰ ਸਿੰਘ ਚਹਿਲ, ਬਖਸ਼ੀਸ਼ ਸਿੰਘ, ਛਿੰਦਾ ਸੰਧੂ, ਜਤਿੰਦਰ ਮਹੰਤ, ਰਮਨ ਸਿੰਘ ਸਮੇਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਸ਼ਹਿਰ ਨੂੰ ਸਾਫ ਸੁਥਰਾ ਬਣਾਉਣਾ ਮੇਰਾ ਮੁੱਖ ਮਕਸਦ ਹੈ। ਇਸ ਲਈ ਉਹ ਦਿਨ ਰਾਤ ਮਿਹਨਤ ਕਰਨਗੇ ਅਤੇ ਆਉਣ ਵਾਲੇ ਦਿਨਾਂ 'ਚ ਸ਼ਹਿਰ ਨੂੰ ਇੱਕ ਨਵੀਂ ਦਿੱਖ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਸਫਾਈ ਅਭਿਆਨ ਵਿੱਚ ਹਰੇਕ ਵਿਅਕਤੀ ਦਾ ਸਹਿਯੋਗ ਬਹੁਤ ਹੀ ਜ਼ਰੂਰੀ ਹੈ। ਵਿਧਾਇਕ 'ਕਾਕਾ ਬਰਾੜ' ਨੇ ਆਖਿਆ ਕਿ ਪਿਛਲੇ ਹਫਤੇ ਦੇ ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਮਲੋਟ, ਰੋਡ, ਕੋਟਕਪੂਰਾ ਰੋਡ, ਮੇਨ ਬਜ਼ਾਰ ਤੇ ਹੋਰ ਇਲਾਕਿਆਂ ਦੀ ਸਫਾਈ ਕੀਤੀ ਗਈ ਸੀ।

ਅੱਜ ਟਿੱਬੀ ਸਾਹਿਬ ਰੋਡ, ਜਲਾਲਾਬਾਦ ਰੋਡ ਤੇ ਥਾਂਦੇਵਾਲਾ ਰੋਡ ਦੀ ਸਫਾਈ ਕੀਤੀ ਗਈ। ਸਵੇਰੇ ਕਰੀਬ 6 ਵਜੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਆਪਣੀ ਟੀਮ ਸਮੇਤ ਟਿੱਬੀ ਸਾਹਿਬ ਰੋਡ 'ਤੇ ਪਹੁੰਚੇ ਅਤੇ ਦੁਪਹਿਰ ਤੱਕ ਨਾਲ ਨਾਲ ਸਫਾਈ ਕਰਮਚਾਰੀਆਂ ਦੇ ਸਫਾਈ ਅਭਿਆਨ ਦੀ ਅਗਵਾਈ ਕੀਤੀ। ਇਸ ਦੌਰਾਨ ਸਥਾਨਕ ਵਾਸੀਆਂ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੋਇਆ ਕਿ ਇੱਕ ਵਿਧਾਇਕ ਖੁਦ ਨਾਲ ਚੱਲ ਕੇ ਸਫਾਈ ਕਰਵਾ ਰਹੇ ਹਨ। ਉਨ੍ਹਾਂ ਖੂਬ ਪ੍ਰਸ਼ੰਸਾ ਕਰਦਿਆਂ ਇਸ ਮੁਹਿੰਮ ਨੂੰ ਸਫਲ ਬਣਾਉਣ ਦਾ ਭਰੋਸਾ ਦੁਆਇਆ।

# ਬਾਬਾ ਫਰੀਦ ਕਾਲਜ ਆਫ ਨਰਸਿੰਗ 'ਚ ਸੜਕ ਸੁਰੱਖਿਆ ਸੈਮੀਨਾਰ

**ਫਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ)**-ਜ਼ਿਲ੍ਹਾ ਪੁਲਸ ਮੁਖੀ ਫਰੀਦਕੋਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਾਬਾ ਫਰੀਦ ਕਾਲਜ ਆਫ ਨਰਸਿੰਗ ਕੋਟਕਪੂਰਾ ਵਿਖੇ ਡੀ ਐਸ ਪੀ ਅੰਮ੍ਰਿਤਪਾਲ ਸਿੰਘ ਦੀ ਯੋਗ ਅਗਵਾਈ ਵਿੱਚ ਟ੍ਰੈਫਿਕ ਵਿਭਾਗ ਵੱਲੋਂ ਸੜਕ ਸੁਰੱਖਿਆ ਸੰਬੰਧੀ ਇੱਕ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ 'ਚ ਟ੍ਰੈਫਿਕ ਐਜੂਕੇਸ਼ਨ ਵਿੰਗ ਦੇ ਇੰਚਾਰਜ ਬਲਕਾਰ ਸਿੰਘ ਨੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਨਿਯਮਾਂ ਤੋਂ ਜਾਣੂ ਕਰਵਾਇਆ। ਉਨ੍ਹਾ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਲਈ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਦਿੰਦਿਆਂ ਸੜਕੀ ਦੁਰਘਟਨਾਵਾਂ ਦੇ ਮਾਰੂ ਪ੍ਰਭਾਵਾਂ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਸਾਨੂੰ ਸਾਰਿਆਂ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਕਿਸੇ ਕਿਸਮ ਦੀ ਸੜਕ ਦੁਰਘਟਨਾ ਨਾ ਵਾਪਰੇ।

ਸਾਨੂੰ ਵਾਹਨ ਚਲਾਉਂਦੇ ਸਮੇਂ ਢੁੱਕਵੀਂ ਰਫਤਾਰ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਅਤੇ ਟ੍ਰੈਫਿਕ-ਲਾਈਟ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਏ.ਐੱਸ.ਆਈ. ਬਲਕਾਰ ਸਿੰਘ ਨੇ ਵਿਦਿਆਰਥੀਆਂ ਅਤੇ ਸਟਾਫ ਨਾਲ ਵਿਚਾਰ ਵਟਾਂਦਰਾ ਕਰਦਿਆਂ ਉਨ੍ਹਾਂ ਦੇ ਟ੍ਰੈਫਿਕ ਨਿਯਮਾਂ ਸਬੰਧੀ ਸਵਾਲਾਂ ਦੇ ਜਵਾਬ ਵੀ ਦਿੱਤੇ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਜੀਤ ਸਿੰਘ ਢਿੱਲੋਂ ਨੇ ਟ੍ਰੈਫਿਕ ਵਿਭਾਗ ਵੱਲੋਂ ਲਾਏ ਗਏ ਉਕਤ ਸੈਮੀਨਾਰ ਲਈ ਡੀ.ਐੱਸ.ਪੀ. ਅੰਮ੍ਰਿਤਪਾਲ ਸਿੰਘ ਦਾ ਧੰਨਵਾਦ ਕੀਤਾ। ਸੈਮੀਨਾਰ ਵਿੱਚ ਡਿਪਟੀ ਡਾਇਰੈਕਟਰ ਡਾ. ਪ੍ਰੀਤਮ ਸਿੰਘ ਛੌਕਰ, ਪ੍ਰਬੰਧਕ ਅਫਸਰ ਹਰਪ੍ਰੀਤ ਸਿੰਘ ਢਿੱਲੋਂ, ਪ੍ਰੋਫੈਸਰ ਯਾਸਿਰ, ਮੈਡਮ ਬਬਲਦੀਪ ਕੌਰ, ਮੈਡਮ ਪੁਨੀਤ ਕੌਰ, ਮੈਡਮ ਮਨਪ੍ਰੀਤ ਸ਼ਰਮਾ, ਮੈਡਮ ਜੋਤੀ ਸਮੇਤ ਟ੍ਰੈਫਿਕ ਐਜੂਕੇਸ਼ਨ ਵਿੰਗ ਦੇ ਇੰਚਾਰਜ ਮਨਦੀਪ ਸਿੰਘ, ਜਗਰੂਪ ਸਿੰਘ ਅਤੇ ਮਲਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

## ਕਾਤਰਾਂ

### ਬਰਜੇਸ਼ਵਰ ਗੋਇਲ ਭਾਜਪਾ ਸੂਬਾ ਕਾਰਜਕਾਰੀ ਮੈਂਬਰ ਨਿਯੁਕਤ

**ਧੂਰੀ (ਰਾਜੇਸ਼ਵਰ ਪਿੰਟੂ)**-ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਭਾਜਪਾ ਪੰਜਾਬ ਦੀ ਸੂਬਾ ਕਾਰਜਕਾਰਨੀ ਦੇ ਕੀਤੇ ਗਏ ਐਲਾਨ ਵਿੱਚ ਭਾਜਪਾ ਆਗੂ ਬਰਜੇਸ਼ਵਰ ਗੋਇਲ ਨੂੰ ਸੂਬਾ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ ਹੈ। ਆਪਣੀ ਨਿਯੁਕਤੀ 'ਤੇ ਭਾਜਪਾ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਗੋਇਲ ਨੇ ਕਿਹਾ ਕਿ ਪਾਰਟੀ ਨੇ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਮਿਹਨਤ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਅਗਾਮੀ ਲੋਕ ਸਭਾ ਚੋਣਾਂ 2024 ਵਿੱਚ ਮੁੜ ਭਾਜਪਾ ਦੀ ਸਰਕਾਰ ਬਣਾਉਣ ਲਈ ਘਰ ਘਰ ਭਾਜਪਾ ਦੀਆਂ ਨੀਤੀਆਂ ਨੂੰ ਲੈ ਕੇ ਜਾਣਗੇ।

### ਸੰਤ ਬਾਬਾ ਲਖਵੀਰ ਸਿੰਘ ਦੌਧਰ ਵਾਲਿਆਂ ਦੀ ਬਰਸੀ 23 ਤੋਂ



**ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)**-ਨੇਤਰਹੀਣ ਗੁਰਮਤਿ ਸੰਗੀਤ ਵਿਦਿਆਲਾ ਨਿਰਮਲਾ ਆਸ਼ਰਮ ਵੱਡਾ ਡੇਰਾ ਦੌਧਰ ਦੇ ਸੱਚਖੰਡ ਵਾਸੀ ਸੰਤ ਬਾਬਾ ਲਖਵੀਰ ਸਿੰਘ ਜੀ ਦੀ ਸਲਾਨਾ ਬਰਸੀ ਸਮਾਗਮ 23 ਤੋਂ 25 ਮਈ ਤੱਕ ਤਿੰਨ ਰੋਜ਼ਾ ਸ਼ਰਧਾ-ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਅੱਜ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਦੀਪਕ ਸਿੰਘ ਜੀ ਨੇ ਦੱਸਿਆ ਕਿ ਵੱਖ ਵੱਖ ਸੇਵਾਦਾਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ ਹਨ। ਉਨ੍ਹਾ ਦੱਸਿਆ ਕਿ 23 ਮਈ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਪ੍ਰਕਾਸ਼ ਕੀਤੇ ਜਾਣਗੇ, ਭੋਗ 25 ਮਈ ਨੂੰ ਸਵੇਰੇ 9 ਵਜੇ ਪਾਏ ਜਾਣਗੇ। ਭੋਗ ਉਪਰੰਤ ਉੱਘੇ ਕਥਾਵਾਚਕ, ਕੀਰਤਨੀਏ ਜੱਥੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਜੋੜਨਗੇ। ਉਨ੍ਹਾ ਦੱਸਿਆ ਕਿ ਬਰਸੀ ਸਮਾਗਮ ਨੂੰ ਲੈ ਕੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ।

### ਸ੍ਰੀ ਰਾਮ ਲੀਲ੍ਹਾ ਉਤਸਵ ਕਮੇਟੀ ਦੇ ਦੀਪਕ ਗਰਗ ਬੌਬੀ ਪ੍ਰਧਾਨ ਬਣੇ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਰਾਮ ਲੀਲ੍ਹਾ ਉਤਸਵ ਕਮੇਟੀ ਵੱਲੋਂ ਨਿਹਾਲ ਸਿੰਘ ਵਾਲਾ ਰੋਡ 'ਤੇ ਇਕ ਰੈਸਟੋਰੈਂਟ ਵਿਚ ਮੀਟਿੰਗ ਰੱਖੀ ਗਈ ਸੀ, ਜਿਸ ਵਿਚ ਮੈਂਬਰਾਂ ਦੀ ਸਹਿਮਤੀ ਨਾਲ ਦੀਪਕ ਗਰਗ ਬੌਬੀ ਨੂੰ ਪ੍ਰਧਾਨ ਚੁਣਿਆ ਗਿਆ। ਚੇਅਰਮੈਨ ਰੋਸ਼ਨ ਲਾਲ ਰੋਸ਼ੀ, ਸੈਕਟਰੀ ਮਨੋਜ ਗੋਇਲ, ਜੁਆਇੰਟ ਸੈਕਟਰੀ ਪਵਨ ਬਾਂਸਲ, ਕੈਸ਼ੀਅਰ ਅਮਨ ਤਨੇਜਾ, ਜੁਆਇੰਟ ਸੈਕਟਰੀ ਪੰਕਜ ਸ਼ਰਮਾ ਨੂੰ ਚੁਣਿਆ ਗਿਆ ਅਤੇ ਬੌਬੀ ਗਰਗ ਦਾ ਪ੍ਰਧਾਨ ਬਣਨ ਨਾਲ ਸ਼ਹਿਰ ਬਾਘਾ ਪੁਰਾਣਾ ਦੇ ਵਿਚ ਇਕ ਖੁਸ਼ੀ ਦਾ ਮਾਹੌਲ ਬਣ ਗਿਆ ਅਤੇ ਵਧਾਈਆਂ ਦੇਣ ਵਾਲਿਆਂ ਦਾ ਵੀ ਤਾਂਤਾ ਲੱਗ ਗਿਆ। ਸ੍ਰੀ ਰਾਮ ਲੀਲ੍ਹਾ ਉਤਸਵ ਕਮੇਟੀ ਮੈਂਬਰ ਵਿਜੇ ਸ਼ਰਮਾ, ਅਸ਼ਵਨੀ ਸ਼ਰਮਾ, ਸੰਦੀਪ ਗੋਇਲ ਠੰਡੂ, ਕ੍ਰਿਸ਼ਨ ਸਿੰਗਲਾ, ਨਰੇਸ ਜੈਦਕਾ, ਰਾਕੇਸ਼ ਤੋਤਾ, ਸੋਮੀ ਗਰਗ, , ਅਨਿਲ, ਬਲਜਿੰਦਰ ਭੱਲਾ, ਵਿਸ਼ੂ ਸ਼ਰਮਾ, ਰਾਹੁਲ ਗਰਗ, ਚਤਰਭੁਜ ਜਿੰਦਲ, ਰਿਸ਼ੂ ਅਰੋੜਾ, ਵਰਿੰਦਰ ਕੱਦੂ, ਦੀਪਾ ਸ਼ਾਹੀ, ਰਤਨ ਜਿੰਦਲ, ਸੁਰੇਸ਼ ਗੋਇਲ, ਦੀਪੂ ਗੋਇਲ, ਸ਼ਿਵਮ ਸਿੰਗਲਾ, ਰਿੰਕੂ ਨਰੂਲਾ, ਦੀਪਕ ਭੱਲਾ ਵੱਲੋਂ ਦੀਪਕ ਗਰਗ ਬੌਬੀ ਨੂੰ ਪ੍ਰਧਾਨ ਬਣਨ 'ਤੇ ਹਾਰ ਪਾ ਕੇ ਸਨਮਾਨਤ ਕੀਤਾ ਗਿਆ ਅਤੇ ਮੂੰਹ ਮਿੱਠਾ ਕਰਵਾਇਆ ਗਿਆ।

### ਪੇਂਡੂ ਮਜ਼ਦੂਰ ਯੂਨੀਅਨ ਦਾ ਵ.ਫਦ ਬੀ ਡੀ ਪੀ ਓ ਬਾਘਾ ਪੁਰਾਣਾ ਨੂੰ ਮਿਲਿਆ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਮੰਗਾ ਸਿੰਘ ਵੈਰੋਕੇ ਨੇ ਕਿਹਾ ਕਿ ਮਜ਼ਦੂਰਾਂ ਨੇ ਹਰੇ ਚਾਰੇ ਲਈ ਪੰਚਾਇਤੀ ਜ਼ਮੀਨ ਵਿਚ ਬਣਦਾ ਤੀਜਾ ਹਿੱਸਾ ਲੈਣ ਲਈ ਘੱਟ ਰੇਟ ਅਤੇ ਮਜ਼ਦੂਰ ਧਰਮਸ਼ਾਲਾ ਵਿਚ ਬੋਲੀ ਦੀ ਲਗਾਤਾਰ ਮੰਗ ਕਰ ਰਹੇ ਹਨ ਤਾਂ ਕਿ ਕਾਨੂੰਨ ਮੁਤਾਬਕ ਮਜ਼ਦੂਰ ਵੀ ਰਿਜ਼ਰਵ ਕੋਟੇ ਦੀ ਪੰਚਾਇਤੀ ਜ਼ਮੀਨ ਦਾ ਲਾਹਾ ਲੈ ਸਕਨ। ਮਜ਼ਦੂਰ ਰਿਜ਼ਰਵ ਕੋਟੇ ਦੀ ਜ਼ਮੀਨ ਦੀ ਬੋਲੀ ਦੇਣ ਨੂੰ ਤਿਆਰ ਹਨ ਅਤੇ ਪੰਚਾਇਤੀ ਜ਼ਮੀਨ ਵਿਚ ਬਣਦੇ ਤੀਜੇ ਹਿੱਸੇ ਦੀ ਜ਼ਮੀਨ ਘੱਟ ਰੇਟ 'ਤੇ ਲੈਣ ਦੇ ਨਾਲ-ਨਾਲ ਲਾਲ ਲਕੀਰ ਵਿਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ ਲਈ ਗ੍ਰਾਮ ਸਭਾ ਦੇ ਇਜਲਾਸ ਦੀ ਮੰਗ ਕੀਤੀ ਅਤੇ ਪਿੰਡ ਵੈਰੋਕੇ ਦਾ ਸਰਕਾਰੀ ਹਾਈ ਸਕੂਲ ਨੂੰ ਬਾਰ੍ਹਵੀਂ ਜਮਾਤ ਤੱਕ ਕਰਨ ਦਾ ਮਤਾ ਪਵਾਉਣ ਦੀ ਮੰਗ ਰੱਖੀ। ਪੰਚਾਇਤੀ ਜ਼ਮੀਨ ਲੈਣ ਦੇ ਨਾਲ-ਨਾਲ ਦੂਸਰੀਆਂ ਮੰਗਾਂ ਨੂੰ ਹੱਲ ਕਰਾਉਣ ਦਾ ਜ਼ਿਕਰ ਕੀਤਾ ਗਿਆ।

# ਉੱਘੇ ਪੱਤਰਕਾਰ ਚੰਦ ਸਿੰਘ ਬੰਗੜ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਤਿਕਾਰਤ ਸ਼ਖਸੀਅਤ ਉੱਘੇ ਪੱਤਰਕਾਰ ਚੰਦ ਸਿੰਘ ਬੰਗੜ ਨਮਿਤ ਅੰਤਿਮ ਅਰਦਾਸ ਉਪਰੰਤ ਵਿਸ਼ਾਲ ਸ਼ਰਧਾਂਜਲੀ ਸਮਾਗਮ ਇਤਿਹਾਸਕ ਗੁਰਦੁਆਰਾ ਟਿੱਬੀ ਸਾਹਿਬ ਪਿੰਡ ਕੱਟੂ (ਬਰਨਾਲਾ) ਵਿਖੇ ਹੋਇਆ। ਇਸ ਮੌਕੇ ਅੰਤ੍ਰਿੰਗ ਮੈਂਬਰ ਐਸ ਜੀ ਪੀ ਸੀ ਭਾਈ ਪਰਮਜੀਤ ਸਿੰਘ ਖਾਲਸਾ, ਭਾਈ ਮਲਕੀਤ ਸਿੰਘ ਚੰਗਾਲ, ਜਗਤਾਰ ਸਿੰਘ ਦਾਨਗੜ੍ਹ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ, ਬਸਪਾ ਆਗੂ ਦਰਸ਼ਨ ਸਿੰਘ ਝਲੂਰ, ਸੀਨੀ: ਪੱਤਰਕਾਰ ਅਵਤਾਰ ਸਿੰਘ ਛਾਜਲੀ, ਐਮ ਡੀ ਸੁਰਿੰਦਰ ਗਰਗ, ਅਨਿਲ ਗਰਗ, ਕੁਲਵੰਤ ਸਿੰਘ ਮੁਹਾਲੀ,ਬਾਬਾ ਆਤਮਾ ਸਿੰਘ ਧੂਰਕੋਟ, ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ,ਬਾਬਾ ਭਰਪੂਰ ਸਿੰਘ, ਚੇਅਰਮੈਨ ਅਵਤਾਰ ਸਿੰਘ ਅਣਖੀ, ਭਾਈ ਗੁਰਜੰਟ ਸਿੰਘ ਕੱਟੂ, ਲੱਕੀ ਆਸਟ੍ਰੇਲੀਆ, ਮੁਖਤਿਆਰ ਸਿੰਘ ਬੰਗੜ, ਜਗਸੀਰ ਸਿੰਘ ਮਹਿਲ ਕਲਾਂ,ਅਵਤਾਰ ਸਿੰਘ ਰਾਏਸਰ, ਬਲਿਹਾਰ ਗੋਬਿੰਦਗੜ੍ਹ, ਗੋਰਾ ਖਾਨ ਸੰਧੂ ਖੁਰਦ, ਜਗਤਾਰ ਸਿੰਘ ਕੱਟੂ, ਬਘੇਲ ਸਿੰਘ ਧਾਲੀਵਾਲ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਤ ਮਹਾਂਪੁਰਖਾਂ, ਵੱਖ-ਵੱਖ ਰਾਜਸੀ, ਧਾਰਮਕ, ਸਮਾਜਕ ਆਗੂਆਂ ਅਤੇ ਪੱਤਰਕਾਰ ਭਾਈਚਾਰੇ ਨੇ ਹਰ ਵਰਗ ਦੇ ਹਰਮਨ ਪਿਆਰੇ, ਮਿੱਠ ਬੋਲੜੇ, ਫੱਕਰ ਸੁਭਾਅ ਦੇ ਮਾਲਕ, ਕਿਰਤੀ ਮਨੁੱਖ ਭਾਈ ਚੰਦ ਸਿੰਘ ਬੰਗੜ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਬੁਲਾਰਿਆਂ ਨੇ ਪੀੜਤ ਬੰਗੜ ਪਰਵਾਰ ਲਈ ਸਮਾਜ ਸੇਵੀ ਸੰਸਥਾਵਾਂ, ਦਾਨੀ ਸੱਜਣਾਂ, ਐਨ ਆਰ ਆਈਜ਼ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਦੇ ਆਗੂਆਂ ਨੇ ਪੀੜਤ ਬੰਗੜ ਪਰਵਾਰ ਨੂੰ 10,000 ਰੁਪਏ ਆਰਥਕ ਮਦਦ ਵਜੋਂ ਭੇਟ ਕਰਦਿਆਂ ਕਲੱਬ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦੁਆਇਆ।

ਅਵਤਾਰ ਸਿੰਘ ਕੌਲੀ, ਜੋਰਾ ਸਿੰਘ ਚੀਮਾ, ਲਖਵਿੰਦਰ ਸਿੰਘ ਚਹਿਲ, ਮੈਨੇਜਰ ਅਵਤਾਰ ਸਿੰਘ ਗੁਰੂਸਰ, ਸੁਖਰਾਜ ਚਹਿਲ, ਬਲਜੀਤ ਸਿੰਘ ਪੰਡੋਰੀ, ਲਖਵਿੰਦਰ ਸ਼ਰਮਾ, ਬੇਅੰਤ ਸਿੰਘ ਧਾਲੀਵਾਲ, ਧਰਮਪਾਲ ਬਰਨਾਲਾ, ਬਲਵੰਤ ਸਿੰਘ ਚੁਹਾਨਕੇ, ਜਗਸੀਰ ਧਾਲੀਵਾਲ, ਭਾਈ ਰਾਜਵਿੰਦਰ ਸਿੰਘ ਖਾਲਸਾ,

# ਸਕੂਲ ਆਫ ਐਮੀਨੈਂਸ ਛਾਜਲੀ ਦਾ ਵਿੱਦਿਅਕ ਟੂਰ ਲਗਾਇਆ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਥੋੜ੍ਹੀ ਦੂਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਕੂਲ ਆਫ ਐਮੀਨੈਂਸ ਛਾਜਲੀ ਦਾ ਵਿੱਦਿਅਕ ਟੂਰ ਪ੍ਰਿੰਸੀਪਲ ਗੁਰਵਿੰਦਰ ਸਿੰਘ ਦੀ ਦੇਖ ਰੇਖ ਹੇਠ ਸੰਤ ਹਰਚੰਦ ਸਿੰਘ ਲੌਂਗੋਵਾਲ ਇਸਟੀਚਿਊਟ ਆਫ ਇੰਜੀਨੀਰਿੰਗ ਐਂਡ ਤਕਨਾਲੋਜੀ ਲੌਂਗੋਵਾਲ ਵਿਖੇ ਲਿਜਾਇਆ ਗਿਆ। ਟੂਰ ਦੀ ਅਗਵਾਈ ਸਕੂਲ ਅਧਿਆਪਕ ਮਾਧਵ ਗੁਪਤਾ, ਪ੍ਰਦੀਪ ਕੁਮਾਰ ਅਤੇ ਕੰਵਲਜੋਤ ਕੌਰ ਕਰ ਰਹੇ ਸਨ। ਇਸ ਟੂਰ ਵਿੱਚ ਨੌਂਵੀਂ ਜਮਾਤ ਦੇ ਸਕੂਲ ਦੇ ਕੁੱਲ 31 ਵਿਦਿਆਰਥੀਆਂ ਨੇ ਭਾਗ ਲਿਆ।

ਵਿਦਿਆਰਥੀਆਂ ਨੂੰ ਪ੍ਰੋਫੈਸਰ ਗੁਲਸ਼ਨ ਜਾਵਾ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਇਸਟੀਚਿਊਟ ਆਫ ਇੰਜੀਨੀਰਿੰਗ ਐਂਡ ਤਕਨਾਲੋਜੀ ਦੇ ਵੱਖ-ਵੱਖ ਵਿਭਾਗਾਂ ਵਿੱਚ ਘੁਮਾਇਆ ਗਿਆ ਅਤੇ ਸੰਸਥਾ ਵਿੱਚ ਚੱਲ ਰਹੇ ਵੱਖ ਵੱਖ ਕੋਰਸਾਂ ਸੰਬੰਧੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਲਈ ਭੋਜਨ ਅਤੇ ਹੋਰ ਖਾਣ-ਪੀਣ ਦਾ ਖਾਸ ਪ੍ਰਬੰਧ ਕੀਤਾ ਗਿਆ।

# ਸਮਰੱਥਾ ਤੋਂ ਵੱਧ ਆਏ ਪਾਣੀ ਦੀ ਤਾਬ ਨਾ ਝੱਲ ਸਕਿਆ ਰਜਵਾਹਾ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਆਖਰ ਟੁੱਟਦਾ-ਟੁੱਟਦਾ ਟੁੱਟ ਗਿਆ ਹੈ, ਜੇਕਰ ਨਾ ਟੁੱਟਦਾ ਤਾਂ ਹੋਰ ਕਰਦਾ ਵੀ ਕੀ। ਇਹ ਗਾਥਾ ਹੈ ਪਿੰਡ ਯੋਧਪੁਰ ਪਾਖਰ ਤੋਂ ਨਿਕਲਦੇ ਅਤੇ ਰਾਮਾਂ ਰਾਮਸਿਰਾ ਪਿੰਡਾਂ ਵਿੱਚ ਜਾ ਕੇ ਸਮਾ ਜਾਣ ਵਾਲੇ ਉਸ ਰਜਵਾਹੇ ਦੀ ਜਿਸ ਵਿਚ ਉਸ ਦੀ ਸਮਰੱਥਾ ਤੋਂ ਕਿਤੇ ਵੱਧ ਪਾਣੀ ਵਗਦਾ ਵੇਖ ਕੇ ਇਸ ਪੱਤਰਕਾਰ ਨੇ ਉਕਤ ਰਜਵਾਹੇ ਦੇ ਕਿਸੇ ਵਕਤ ਵੀ ਟੁੱਟ ਜਾਣ ਦਾ ਖਦਸ਼ਾ ਸੋਸ਼ਲ ਮੀਡੀਆ ਉਪਰ ਵੀਡੀਓ ਪਾ ਕੇ ਜ਼ਾਹਰ ਕੀਤਾ ਸੀ। ਇਸ ਰਜਵਾਹੇ ਵਿੱਚ ਆਏ ਅਣਕਿਆਸੇ ਪਾਣੀ ਦੇ ਵਹਾਅ ਕਾਰਨ ਪਟੜੀਆਂ ਪਾਣੀ ਦੀ ਤਾਬ ਨਾ ਝੱਲ ਸਕੀਆਂ ਤੇ ਆਖਰ ਰਾਮਾਂ ਰੋਡ ਤੋਂ ਅੱਗੇ ਇੱਕ ਵੱਡਾ ਪਾੜ ਪੈ ਗਿਆ। ਇਸ ਮਾਮਲੇ ਵਿਚ ਪੱਖ ਜਾਣਨ ਲਈ ਜਦੋਂ ਐਸ ਡੀ ਓ ਨਹਿਰੀ ਵਿਭਾਗ ਤਲਵੰਡੀ ਸਾਬੋ ਨਾਲ ਉਨ੍ਹਾਂ ਦੇ ਮੋਬਾਈਲ ਫੋਨ ਉਪਰ ਵਾਰ ਵਾਰ ਸੰਪਰਕ ਕਰਨ ਦਾ ਯਤਨ ਕੀਤਾ ਗਿਆ ਤਾਂ ਉਨ੍ਹਾ ਦਾ ਫੋਨ ਅਟੈਂਡ ਨਾ ਹੋਇਆ। ਉਧਰ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਕੁਲਵਿੰਦਰ ਸਿੰਘ ਗਿਆਨਾ ਦੀ ਅਗਵਾਈ ਵਿੱਚ ਕਿਸਾਨਾਂ ਨੇ ਪਾੜ ਪੈਣ ਵਾਲੀ ਥਾਂ ਦਾ ਮੁਆਇਨਾ ਕੀਤਾ। ਕਿਸਾਨ ਯੂਨੀਅਨ ਦੇ ਉਕਤ ਵਫਦ ਵੱਲੋਂ ਜਿਥੇ ਐਸ ਡੀ ਐਮ ਤਲਵੰਡੀ ਸਾਬੋ ਨੂੰ ਮਿਲ ਕੇ ਰਜਵਾਹੇ ਦੇ ਪਾੜ ਪੈਣ ਨਾਲ ਨੁਕਸਾਨੀਆਂ ਫਸਲਾਂ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ ਉਥੇ ਉਨ੍ਹਾ ਦੱਸਿਆ ਕਿ ਰਜਵਾਹਾ ਅੱਜ ਦਾ ਨਹੀਂ ਸਗੋਂ ਕੱਲ੍ਹ ਦਾ ਟੁੱਟਿਆ ਹੈ ਪਰ ਕਿਸੇ ਵੀ ਜ਼ੁੰਮੇਵਾਰ ਅਧਿਕਾਰੀ ਨੇ ਕੋਈ ਕਾਰਵਾਈ ਕਰਨ ਦੀ ਜ਼ਰੂਰਤ ਨਹੀਂ ਸਮਝੀ। ਉਨ੍ਹਾਂ ਕਿਹਾ ਕਿ ਪਾਣੀ ਨੇ ਲਗਭਗ ਚਾਰ ਸੌ ਏਕੜ ਰਕਬੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ।

# ਦਿੱਲੀ ਪਬਲਿਕ ਸਕੂਲ 'ਚ ਮਨਾਇਆ ਸਨਮਾਨ ਸਮਾਰੋਹ



**ਰਾਜਪੁਰਾ (ਰਮੇਸ਼ ਕਟਾਰੀਆ)**-ਡੀ.ਪੀ.ਐੱਸ ਸਕੂਲ ਰਾਜਪੁਰਾ ਵਿਖੇ ਪ੍ਰਤਿਭਾਸ਼ਾਲੀ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਰੋਹ ਦੇ ਮੁੱਖ ਮਹਿਮਾਨ ਆਈ.ਜੀ.ਪੀ ਮੁਖਵਿੰਦਰ ਸਿੰਘ ਛੀਨਾ ਅਤੇ ਸੰਜੀਵ ਕੁਮਾਰ ਐਸ ਡੀ ਐਮ ਰਾਜਪੁਰਾ ਸਨ। ਸਮਾਰੋਹ ਦੀ ਸ਼ੁਰੂਆਤ ਪ੍ਰਾਰਥਨਾ ਗੀਤ ਨਾਲ ਕੀਤੀ ਗਈ। ਉਸ ਤੋਂ ਬਾਅਦ ਸਕੂਲ ਦੀ ਪ੍ਰੋ ਵਾਇਸ ਨਿਰਦੇਸ਼ਕ ਡਾ. ਗੁਨਮੀਤ ਬਿੰਦਰਾ ਨੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ। ਇਸ ਤੋ ਬਾਅਦ ਪੂਰਵ ਹੈੱਡ ਬੁਆਏ ਅਤੇ ਹੈੱਡ ਗਰਲ ਨੇ ਨਵੇਂ ਬਣੇ ਹੈੱਡ ਬੁਆਏ ਅਤੇ ਹੈੱਡ ਗਰਲ ਨੂੰ ਉਹਨਾਂ ਨੂੰ ਜ਼ਿੰਮੇਵਾਰੀ ਕਾਰਜ ਭਾਰ ਸੌਂਪਿਆ। ਇਸ ਤੋਂ ਬਾਅਦ ਚਾਰੋਂ ਸਦਨਾਂ ਫਿਚ ਫਲੈਮਿੰਗੋ, ਓਰੀਅਲ ਅਤੇ ਰੌਬਿਨ ਦੇ ਜੂਨੀਅਰ ਅਤੇ ਸੀਨੀਅਰ ਹਾਊਸ ਕੈਪਟਨ ਨੂੰ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਬੱਚਿਆਂ ਨੇ ਨਿਊਜ਼ ਵਿਸ਼ੇ 'ਤੇ ਇਕ ਲਘੂ ਨਾਟਕ ਪੇਸ਼ ਕੀਤਾ।

ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਨਤੀਜਿਆਂ ਦੇ ਅਧਾਰ 'ਤੇ ਸਕੋਲਰ ਬੈਜ ਦਿੱਤੇ ਗਏ। ਮੁੱਖ ਮਹਿਮਾਨ ਨੇ ਸਕੂਲ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਜੀਵਨ ਵਿਚ ਕੁਝ ਵੀ ਅਸੰਭਵ ਨਹੀਂ ਹੈ। ਸਮਾਰੋਹ ਦੇ ਅੰਤ ਵਿੱਚ ਸਕੂਲ ਦੀ ਮੁੱਖ ਅਧਿਆਪਕਾ ਨੇ ਸਾਰੇ ਮਾਪਿਆਂ ਦਾ ਧੰਨਵਾਦ ਕੀਤਾ ਅਤੇ ਆਪਣੇ ਸਾਰੇ ਸਟਾਫ ਦੀ ਪ੍ਰਸੰਸਾ ਕੀਤੀ।

# ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ 'ਚ ਪੱਪੂ ਗਰਗ ਚੇਅਰਮੈਨ ਚੁਣੇ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-"ਸਕੂਲ ਆਫ ਐਮੀਨੈਂਸ" ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਿਹਾਲ ਸਿੰਘ ਵਾਲਾ ਦੀ ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ ਸਕੂਲ ਮੁਖੀ ਜਗਤਾਰ ਸਿੰਘ ਦੀ ਨਿਗਰਾਨੀ ਹੇਠ ਵਿਦਿਆਰਥੀਆਂ ਦੇ ਮਾਤਾ ਪਿਤਾ, ਨਗਰ ਦੇ ਮੋਹਤਬਰ ਵਿਅਕਤੀਆਂ, ਨਗਰ ਕੌਂਸਲ ਦੇ ਮੈਂਬਰ ਅਤੇ ਸਕੂਲ ਸਟਾਫ ਦੀ ਹਾਜ਼ਰੀ ਵਿੱਚ ਹੋਈ।

ਆਮ ਇਜਲਾਸ ਵਿੱਚੋਂ ਨੌ ਮੈਂਬਰ ਵਿਦਿਆਰਥੀਆਂ ਦੇ ਮਾਤਾ ਪਿਤਾ ਪੱਪੂ ਗਰਗ, ਰਾਜਵਿੰਦਰ ਕੌਰ, ਇੰਦਰਜੀਤ ਕੌਰ, ਸ਼ਸ਼ੀ ਬਾਲਾ, ਅਮਰਜੀਤ ਕੌਰ, ਪੂਜਾ ਦੇਵੀ, ਆਰਤੀ ਰਾਣੀ, ਅਨੀਤਾ, ਮਨੋਜ ਰਾਏ, ਸੁਖਵੀਰ ਸਿੰਘ, ਪਾਲ ਸਿੰਘ ਐਮ ਸੀ ਕਮੇਟੀ ਮੈਂਬਰ, ਹਰਮੇਸ਼ ਕੁਮਾਰ ਸੋਸ਼ਲ ਵਰਕਰ, ਸਘੜ ਸਿੰਘ ਸਿੱਖਿਆ ਸ਼ਾਸਤਰੀ, ਸੀਨੀਅਰ ਅਧਿਆਪਕਾ ਕੁਲਵਿੰਦਰ ਕੌਰ ਗਏ। ਕਮੇਟੀ ਵੱਲੋਂ ਸਰਬਸੰਮਤੀ ਨਾਲ ਪੱਪੂ ਗਰਗ ਚੇਅਰਮੈਨ ਅਤੇ ਰਾਜਵਿੰਦਰ ਕੌਰ ਉਪ ਚੇਅਰਮੈਨ ਚੁਣੇ ਗਏ। ਬਾਕੀ ਹਾਜ਼ਰੀਨ ਨੇ ਸਮੁੱਚੀ ਕਮੇਟੀ ਅਤੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ।

ਚੇਅਰਮੈਨ ਪੱਪੂ ਗਰਗ ਨੇ ਕਿਹਾ ਕਿ ਸਕੂਲ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਨਿਰੰਤਰ ਕਾਰਜ ਕਰਾਂਗੇ।

# ਟ੍ਰੈਫਿਕ ਨਿਯਮਾਂ ਦੀ ਪਾਲਣਾ ਦੇ ਨਾਲ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਹਦਾਇਤ



**ਬਰੇਟਾ (ਰੀਤਵਾਲ)**-ਗਿਆਨ ਸਾਗਰ ਕਾਨਵੈਂਟ ਸਕੂਲ, ਕਾਹਨਗੜ੍ਹ (ਬਰੇਟਾ) ਵਿਖੇ ਐਸ ਐਸ ਪੀ ਮਾਨਸਾ ਡਾ. ਨਾਨਕ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਟ੍ਰੈਫਿਕ ਇੰਚਾਰਜ ਅਫਜਾਲ ਅਹਿਮਦ ਅਤੇ ਐਜੂਕੈਸ਼ਨ ਸੈਮੀਨਾਰ ਇੰਚਾਰਜ ਸੁਰੇਸ਼ ਕੁਮਾਰ ਸਿੰਘ ਦੀ ਅਗਵਾਈ ਹੇਠ ਹਵਲਦਾਰ ਮਲਵਿੰਦਰ ਸਿੰਘ ਦੇ ਵੱਲੋਂ ਬੱਚਿਆਂ ਅਤੇ ਅਧਿਆਪਕਾਂ ਨੂੰ ਸੜਕ ਅਤੇ ਟ੍ਰੈਫਿਕ ਨਿਯਮਾਂ ਦਾ ਸੈਮੀਨਾਰ ਲਗਾ ਕੇ ਜਾਣਕਾਰੀ ਦਿੱਤੀ ਗਈ। ਜਿਸ ਵਿੱਚ ਬੱਚਿਆਂ ਦੇ ਸੜਕ ਸੁਰੱਖਿਆ ਸੰਬੰਧਤ ਪੇਂਟਿੰਗ ਅਤੇ ਲੇਖ ਮੁਕਾਬਲੇ ਵੀ ਕਰਵਾਏ ਗਏ। ਮਲਵਿੰਦਰ ਸਿੰਘ ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਟਰੈਫਿਕ ਨਿਯਮਾਂ ਸੰਬੰਧਤ ਸਮਝਾਇਆ ਤੇ ਦੱਸਿਆ ਕਿਵੇਂ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਮਲਵਿੰਦਰ ਸਿੰਘ ਨੇ ਦੱਸਿਆ ਕਿ ਲੋਕ ਨਿਯਮਾਂ ਦੀ ਘੱਟ ਪਾਲਣਾ ਕਰਦੇ ਹਨ। ਜਿਸ ਕਾਰਨ ਬਹੁਤ ਹਾਦਸੇ ਹੁੰਦੇ ਹਨ। ਇਹਨਾਂ ਹਾਦਸਿਆਂ ਕਾਰਨ ਬਹੁਤ ਪਰਵਾਰਾਂ ਦੇ ਚਿਰਾਗ਼ ਬੁਝ ਗਏ ਹਨ। ਜੇਕਰ ਅਸੀਂ ਇਹਨਾਂ ਹਾਦਸਿਆਂ ਤੋਂ ਬਚਣਾ ਹੈ ਤਾਂ ਸਾਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਸਾਨੂੰ ਸਾਰੇ ਟ੍ਰੈਫਿਕ ਨਿਯਮਾਂ ਦਾ ਪਤਾ ਹੋਣਾ ਚਾਹੀਦਾ ਹੈ। ਜਿਸ ਬਾਬਤ ਸਾਰੇ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਸਮਝਾਇਆ ਗਿਆ ਅਤੇ ਨਿਯਮਾਂ ਬਾਰੇ ਪ੍ਰਸ਼ਨ ਉੱਤਰ ਵੀ ਪੁੱਛੇ। ਟਰੈਫਿਕ ਨਿਯਮਾਂ ਦੀ ਪਾਲਣਾ ਦੇ ਨਾਲ-ਨਾਲ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਹਦਾਇਤ ਦਿੱਤੀ ਗਈ। ਇਸ ਮੌਕੇ ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਅਤੇ ਪ੍ਰਿੰਸੀਪਲ ਭਾਰਤ ਦੀਪ ਗਰਗ ਮੌਜੂਦ ਸਨ। ਸੈਮੀਨਾਰ ਤੇ ਮੁਕਾਬਲਿਆਂ ਦੇ ਅੰਤ ਵਿੱਚ ਪ੍ਰਿੰਸੀਪਲ ਤੇ ਚੇਅਰਮੈਨ ਵੱਲੋਂ ਸਾਰੀ ਟੀਮ ਨੂੰ ਸਨਮਾਨਤ ਕਰਕੇ ਉਹਨਾਂ ਦਾ ਧੰਨਵਾਦ ਕੀਤਾ।

# ਖੇਤੀਬਾੜੀ ਵਿਭਾਗ ਦੀਆਂ ਚੱਲ ਰਹੀਆਂ ਸਕੀਮਾਂ ਦੇ ਪ੍ਰਚਾਰ ਲਈ ਮੋਹਨ ਕੇ ਹਿਠਾੜ ਵਿਖੇ ਬਲਾਕ ਪੱਧਰੀ ਕੈਂਪ



**ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)**-ਪੰਜਾਬ ਸਰਕਾਰ ਦੀਆਂ ਖੇਤੀਬਾੜੀ ਵਿਭਾਗ ਦੀਆਂ ਚੱਲ ਰਹੀਆਂ ਸਕੀਮਾਂ ਦੇ ਪ੍ਰਚਾਰ ਲਈ ਮੁੱਖ ਖੇਤੀਬਾੜੀ ਅਫ਼ਸਰ ਤੇਜਪਾਲ ਦੀ ਰਹਿਨੁਮਾਈ ਤੇ ਬਲਾਕ ਖੇਤੀਬਾੜੀ ਅਫ਼ਸਰ ਜਸਵਿੰਦਰ ਸਿੰਘ ਦੀ ਯੋਗ ਅਗਵਾਈ ਵਿੱਚ ਪਿੰਡ ਮੋਹਨ ਕੇ ਹਿਠਾੜ ਵਿਖੇ ਬਲਾਕ ਪੱਧਰ ਦਾ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ।

ਇਸ ਮੌਕੇ ਤੇਜਪਾਲ ਨੇ ਕੈਂਪ ਵਿੱਚ ਹਾਜ਼ਰ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਪੰਜਾਬ ਸਰਕਾਰ ਦੀਆਂ ਨਵੀਆਂ ਸਕੀਮਾਂ ਜਿਵੇਂ ਕਿ "ਪਾਣੀ ਬਚਾਓ, ਪੈਸੇ ਕਮਾਓ" ਅਤੇ "ਬਾਸਮਤੀ ਲਗਾਓ, ਪਾਣੀ ਬਚਾਓ, ਵੱਧ ਮੁਨਾਫਾ ਕਮਾਓ" ਅਪਣਾ ਕੇ ਧਰਤੀ ਹੇਠਲੇ ਪਾਣੀ ਦੀ ਬੱਚਤ ਕਰਨ ਦੀ ਅਪੀਲ ਕੀਤੀ। ਉਨ੍ਹਾ ਕਿਸਾਨਾਂ ਨੂੰ ਬਾਸਮਤੀ ਦੀ ਫ਼ਸਲ 'ਤੇ ਪਬੰਦੀਸ਼ੁਦਾ ਦਵਾਈਆਂ ਨੂੰ ਨਾ ਵਰਤਣ ਦੀ ਅਪੀਲ ਵੀ ਕੀਤੀ। ਉਨ੍ਹਾ ਕਿਸਾਨਾਂ ਨੂੰ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਅਤੇ ਨਾੜ ਨੂੰ ਖੇਤਾਂ ਵਿੱਚ ਹੀ ਵਾਹ ਕੇ ਵਾਤਾਵਰਣ ਨੂੰ ਬਚਾਉਣ ਵਿੱਚ ਆਪਣੀ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਵਿਜੇ ਕੁਮਾਰ ਭੌਂ ਅਫ਼ਸਰ ਨੇ ਮਿੱਟੀ ਦੀ ਮਹੱਤਤਾ ਦੱਸਦੇ ਹੋਏ ਮਿੱਟੀ ਦਾ ਪਰਖ ਕਰਾਉਣ, ਸੈਂਪਲ ਲੈਣ ਦਾ ਢੰਗ ਅਤੇ ਨਤੀਜੇ ਦੇ ਆਧਾਰ 'ਤੇ ਖਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਅਮਨਦੀਪ ਸਿੰਘ ਸੰਧੂ ਖੇਤੀਬਾੜੀ ਵਿਕਾਸ ਅਫ਼ਸਰ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਲਈ ਸਰਕਾਰ ਦੁਆਰਾ ਦਿੱਤੀ ਜਾਣ ਵਾਲੀ 1500 ਰੁਪਏ ਪ੍ਰਤੀ ਏਕੜ ਵਿੱਤੀ ਸਹਾਇਤਾ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਪੰਜਾਬ ਸਰਕਾਰ ਦੁਆਰਾ ਬਾਸਮਤੀ ਦੀ ਫ਼ਸਲ ਹੇਠ ਰਕਬਾ ਵਧਾਉਣ ਲਈ ਅਮਨਦੀਪ ਸਿੰਘ ਕੰਬੋਜ ਖੇਤੀਬਾੜੀ ਵਿਕਾਸ ਅਫ਼ਸਰ ਨੇ ਸ਼ੁਰੂ ਕੀਤੀ ਸਕੀਮ 'ਬਾਸਮਤੀ ਉਗਾਓ, ਪਾਣੀ ਬਚਾਓ, ਵੱਧ ਮੁਨਾਫਾ ਕਮਾਓ' ਬਾਰੇ ਕਿਸਾਨਾਂ ਨੂੰ ਜਾਣੂ ਕਰਾਇਆ। ਉਨ੍ਹਾਂ ਵੱਧ ਤੋਂ ਵੱਧ ਰਕਬੇ ਵਿੱਚ ਬਾਸਮਤੀ ਲਗਾਉਣ ਦੀ ਅਪੀਲ ਕੀਤੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਮਨਜ਼ੂਰਸ਼ੁਦਾ ਕਿਸਮਾਂ ਜਿਵੇਂ ਪੰਜਾਬ ਬਾਸਮਤੀ 7, 1121 ਅਤੇ 1509 ਆਦਿ ਦੀ ਸਰਕਾਰ ਦੁਆਰਾ ਜਾਰੀ ਸਮੇਂ ਅਨੁਸਾਰ ਪਨੀਰੀ ਬੀਜਣ ਅਤੇ ਖੇਤਾਂ ਵਿੱਚ ਬਿਜਾਈ ਕਰਨ ਦੀ ਜਾਣਕਾਰੀ ਦਿੱਤੀ। ਅਮਿਤ ਕੁੰਜ ਖੇਤੀਬਾੜੀ ਵਿਕਾਸ ਅਫ਼ਸਰ ਜ਼ੀਰਾ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਵਿੱਚ ਵਰਤੀਆਂ ਜਾਣ ਵਾਲੀਆਂ ਮਨਜ਼ੂਰਸ਼ੁਦਾ ਦਵਾਈਆਂ ਦੀ ਸਹੀ ਢੰਗ ਨਾਲ ਵਰਤੋਂ ਦੀ ਤਕਨੀਕ ਦੱਸੀ। ਇਸ ਦੇ ਨਾਲ ਕਿਸਾਨਾਂ ਨੂੰ ਬਾਸਮਤੀ ਦੇ ਰੋਗਾਂ ਦੀ ਸਮੱਸਿਆ, ਬੀਜਾਂ ਨੂੰ ਸੋਧਣ ਦੀ ਤਕਨੀਕ ਦੱਸੀ। ਇਸ ਮੌਕੇ ਸੁਰਿੰਦਰ ਕੁਮਾਰ ਖੇਤੀਬਾੜੀ ਉਪ-ਨਿਰਦੇਸ਼ਕ ਗੁਰੂਹਰਸਹਾਏ ਨੇ ਕਿਸਾਨਾਂ ਨੂੰ ਬੀਜਾਂ ਦੀਆ ਕਿਸਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਵਧੀਆ ਤੇ ਬਿਮਾਰੀ ਰਹਿਤ ਬੀਜਾਂ ਦੀ ਚੋਣ ਕਰਕੇ ਫ਼ਸਲ ਬੀਜਣ ਨੂੰ ਕਿਹਾ। ਇਸ ਮੌਕੇ ਜਰਮਨਜੀਤ ਸਿੰਘ ਖੇਤੀਬਾੜੀ ਉਪ-ਨਿਰਦੇਸ਼ਕ, ਰਾਜਬੀਰ ਸਿੰਘ ਬੀ.ਟੀ.ਐਮ., ਮਨਜੀਤ ਸਿੰਘ ਤੇ ਵਰਿੰਦਰ ਕੁਮਾਰ ਏ.ਟੀ.ਐਮ., ਨਰੇਸ਼ ਕੁਮਾਰ, ਪਵਨ ਕੁਮਾਰ, ਅਸ਼ੋਕ ਕੁਮਾਰ ਜੂਨੀਅਰ ਤਕਨੀਸ਼ੀਅਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਦੇ ਕਿਸਾਨ ਹਾਜ਼ਰ ਸਨ।

# ਕੌਂਸਲਰ ਸੁਰਿੰਦਰਪਾਲ ਸਚਦੇਵਾ ਪਸਵਕ ਦੇ ਚੇਅਰਮੈਨ ਬਣੇ



**ਕੋਟ ਈਸੇ ਖਾਂ (ਅਰੋੜਾ)**-ਹਲਕਾ ਧਰਮਕੋਟ ਤੋਂ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਹਲਕਾ ਵਾਸੀਆਂ ਨੂੰ ਬਿਹਤਰ ਸਿੱਖਿਆ ਅਤੇ ਸਰਕਾਰੀ ਸਹੂਲਤਾਂ ਪ੍ਰਦਾਨ ਕਰਵਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਜੋ ਵੱਧ ਤੋ ਵੱਧ ਲੋੜਵੰਦ ਲੋਕ ਸਰਕਾਰੀ ਸਹੂਲਤਾਂ ਦਾ ਲਾਭ ਲੈ ਸਕਣ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਨਗਰ ਪੰਚਾਇਤ ਪ੍ਰਧਾਨ ਸ਼ਿੰਦਰ ਕੌਰ ਦੇ ਪਤੀ ਪ੍ਰਕਾਸ਼ ਸਿੰਘ ਰਾਜਪੂਤ ਨੇ ਸਥਾਨਕ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਵਿਧਾਇਕ ਲਾਡੀ ਢੋਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਕੂਲ ਦੀ ਨਵੀਂ ਪਸਵਕ ਕਮੇਟੀ ਦੇ ਗਠਨ ਸਮੇਂ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਦਰਸ਼ਨਪਾਲ ਕੌਰ ਤੇ ਹਾਜ਼ਰ ਮੁਹਤਬਰਾਂ ਦੀ ਸਲਾਹ ਨਾਲ ਕੌਂਸਲਰ ਸੁਰਿੰਦਰਪਾਲ ਸਚਦੇਵਾ ਨੂੰ ਪਸਵਕ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ। ਰਾਜਪੂਤ ਨੇ ਕਿਹਾ ਕਿ ਬੇਹੱਦ ਸਾਫ਼ ਸੁਥਰੀ ਛਵੀ ਵਜੋਂ ਲੋਕਾਂ ਵਿੱਚ ਵਿਚਰਨ ਵਾਲੇ ਆਗੂ ਸੁਰਿੰਦਰਪਾਲ ਸਚਦੇਵਾ ਦੀਆਂ ਸੇਵਾਵਾਂ ਦਾ ਸਕੂਲ ਨੂੰ ਵੱਡਾ ਫਾਇਦਾ ਮਿਲੇਗਾ। ਇਸ ਮੌਕੇ ਹਾਜ਼ਰ ਆਗੂਆਂ ਨੇ ਸਕੂਲ ਅੰਦਰ ਵਿਦਿਆਰਥੀਆਂ ਦੀ ਪੜ੍ਹਾਈ ਲਈ ਚਲਾਏ ਜਾ ਰਹੇ ਸੁਚੱਜੇ ਪ੍ਰਬੰਧਾਂ ਲਈ ਮੈਡਮ ਦਰਸ਼ਨਪਾਲ ਕੌਰ ਤੇ ਸਟਾਫ ਦੀ ਸ਼ਲਾਘਾ ਕੀਤੀ। ਇਸ ਮੌਕੇ ਬੀਰਪਰਤਾਪ ਸਿੰਘ ਗਿੱਲ ਸਾਬਕਾ ਡਿਪਟੀ ਡਾਇ: ਡੇਅਰੀ ਵਿਭਾਗ, ਕੌਂਸਲਰ ਸੁੱਚਾ ਸਿੰਘ ਪੁਰਬਾ, ਹੀਰਾ ਲਾਲ ਡਾਬਰ, ਕੌਂਸਲਰ ਪਰਦੀਪ ਕੁਮਾਰ ਪਲਤਾ, ਸਤਵੰਤ ਸਿੰਘ ਸਿੱਧੂ, ਬੈਗੜ ਸਿੰਘ, ਕੌਂਸਲਰ ਗੁਰਪ੍ਰੀਤ ਸਿੰਘ ਸਿੱਧੂ, ਅਸ਼ੋਕ ਗਰੋਵਰ, ਬਿੱਲਾ ਸ਼ਰਮਾ, ਕਮਲਜੀਤ ਖਹਿਰਾ, ਸੈਨਟਰੀ ਇੰਸ: ਦਵਿੰਦਰ ਸਿੰਘ ਆਦਿ ਆਗੂਆਂ ਤੋਂ ਇਲਾਵਾ ਸਕੂਲ ਸਟਾਫ ਹਾਜ਼ਰ ਸੀ।

# ਸਲਾਈਟ ਲੌਂਗੋਵਾਲ ਵਿਖੇ ਕਰਵਾਈ ਏ ਐੱਮ ਆਰ ਪੀ-2023 ਕਾਨਫਰੰਸ



**ਲੌਂਗੋਵਾਲ (ਪ੍ਰਦੀਪ ਸੱਪਲ)**

ਸਲਾਈਟ ਲੌਂਗੋਵਾਲ ਦੇ ਭੌਤਿਕ ਵਿਗਿਆਨ ਵਿਭਾਗ ਦੇ ਪ੍ਰੋਫੈਸਰ ਡਾ. ਐਮ.ਐਮ. ਸਿਨਹਾ ਦੀ ਪ੍ਰਧਾਨਗੀ ਹੇਠ ਹਾਈਬ੍ਰਿਡ ਮੋਡ ਵਿਚ 18-19 ਮਈ ਦੌਰਾਨ ਐਡਵਾਂਸਡ ਮੈਟੀਰੀਅਲਜ਼ ਐਂਡ ਰੇਡੀਏਸ਼ਨ ਵਿਜ਼ਿਕਸ (ਏਐਮਆਰਪੀ-2023) ਵਿਸ਼ੇ ਤੇ ਦੋ ਰੋਜ਼ਾ 6ਵੀਂ ਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ।

ਇਸ ਕਾਨਫਰੰਸ ਵਿਚ ਵਿਗਿਆਨੀਆਂ, ਖੋਜਕਰਤਾਵਾਂ ਅਤੇ ਟੈਕਨੋਕਰੇਟਸ ਨੂੰ ਇੱਕ ਪਲੇਟਫਾਰਮ 'ਤੇ ਦੋ ਬਹੁਤ ਹੀ ਸੰਬੰਧਤ ਅਤੇ ਸਤਹੀ ਵਿਸ਼ਿਆਂ ਐਡਵਾਂਸਡ ਸਮੱਗਰੀ ਅਤੇ ਰੇਡੀਏਸ਼ਨ ਭੌਤਿਕ ਵਿਗਿਆਨ ਦੇ ਵਿਚਾਰਾਂ 'ਤੇ ਵਿਚਾਰ ਅਤੇ ਗਿਆਨ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਇਹ ਕਾਨਫਰੰਸ 2009, 2011, 2013, 2015 ਅਤੇ 2020 ਵਿਚ ਹੋਈਆਂ ਪਿਛਲੀਆਂ ਕਾਨਫਰੰਸਾਂ ਦੌਰਾਨ ਦੇਸ਼ ਭਰ ਤੋਂ ਖੋਜ ਭਾਈਚਾਰੇ ਦੇ ਉਤਸ਼ਾਹੀ ਹੁੰਗਾਰੇ ਨੂੰ ਧਿਆਨ ਵਿਚ ਰੱਖਦਿਆਂ 2009 ਤੋਂ ਨਿਯਮਤ ਤੌਰ ਤੇ (ਦੋ ਸਾਲਾਂ ਵਿਚ ਇੱਕ ਵਾਰ) ਆਯੋਜਿਤ ਕੀਤੀ ਜਾ ਰਹੀ ਹੈ। ਕਾਨਫਰੰਸ ਦਾ ਉਦਘਾਟਨ 18 ਮਈ ਨੂੰ ਪ੍ਰੋ. ਅਰਵਿੰਦ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਮੁੱਖ ਮਹਿਮਾਨ ਵਜੋਂ ਕੀਤਾ ਗਿਆ ਅਤੇ ਪ੍ਰੋ. ਸ਼ੈਲੇਂਦਰ ਜੈਨ, ਡਾਇਰੈਕਟਰ, ਸਲਾਈਟ ਅਤੇ ਕਾਨਫਰੰਸ ਦੇ ਪੈਟਰਨ ਇਨ ਚੀਫ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਪ੍ਰੋ. ਜੇ.ਐਸ. ਢਿੱਲੋਂ, ਡੀਨ (ਅਕਾਦਮਿਕ) ਅਤੇ ਸਰਪ੍ਰਸਤ, ਪ੍ਰੋ. ਏ.ਐਸ. ਧਾਲੀਵਾਲ, ਡੀਨ (ਆਰ ਐਂਡ ਸੀ) ਅਤੇ ਕੋ-ਚੇਅਰਮੈਨ ਅਤੇ ਡਾ. ਐਸ.ਐਸ. ਵਰਮਾ, ਐਚ.ਓ.ਡੀ. (ਭੌਤਿਕ ਵਿਗਿਆਨ) ਅਤੇ ਕੋ-ਚੇਅਰਮੈਨ ਨੇ ਪਤਵੰਤਿਆਂ ਨਾਲ ਮੰਚ ਸਾਂਝਾ ਕੀਤਾ। ਸਮਾਗਮ ਦੇ ਸ਼ੁਰੂ ਵਿੱਚ ਨੈਸ਼ਨਲ ਕਾਨਫਰੰਸ ਦੇ ਚੇਅਰਮੈਨ ਪ੍ਰੋ. ਐਮ.ਐਮ. ਸਿਨਹਾ ਨੇ ਪਤਵੰਤਿਆਂ ਅਤੇ ਭਾਗੀਦਾਰਾਂ ਨੂੰ ਜੀ ਆਇਆਂ ਆਖਦਿਆਂ ਦੱਸਿਆ ਕਿ ਇਸ ਕਾਨਫਰੰਸ ਵਿੱਚ ਦੇਸ਼ ਭਰ ਤੋਂ ਲਗਭਗ 180 ਖੋਜਾਰਥੀਆਂ ਨੇ ਆਪਣੇ ਹੱਥ-ਲਿਖਤਾਂ ਜਮ੍ਹਾਂ ਕਰਵਾਈਆਂ ਹਨ ਅਤੇ ਭਾਗ ਲੈਣ ਵਿਚ ਦਿਲਚਸਪੀ ਦਿਖਾਈ ਹੈ। ਕਾਨਫਰੰਸ ਦੇ ਇਹਨਾਂ ਦੋ ਦਿਨਾਂ ਵਿੱਚ ਕਾਨਫਰੰਸ ਥੀਮ ਦੇ ਵੱਖ-ਵੱਖ ਪਹਿਲੂਆਂ ਤੋਂ ਇੱਕ ਮੁੱਖ ਨੋਟ ਸੰਬੋਧਨ, ਚਾਰ ਪੂਰੀ ਵਾਰਤਾਵਾਂ, ਛੇ ਸੱਦੇ ਗਏ ਭਾਸ਼ਣ ਅਤੇ 170 ਯੋਗਦਾਨ ਪੱਤਰ ਆਨਲਾਈਨ ਅਤੇ ਆਫਲਾਈਨ ਮੋਡ ਰਾਹੀ ਪੇਸ਼ ਕੀਤੇ ਜਾਣਗੇ। ਪੇਸ਼ ਕੀਤੇ ਪੇਪਰ ਜਨਰਲ ਆਫ ਫਿਜ਼ਿਕਸ: ਕਾਨਫਰੰਸ ਸੀਰੀਜ਼ ਵਿੱਚ ਜਮ੍ਹਾਂ ਕਰਵਾਏ ਜਾਣਗੇ। ਪੀਅਰ ਸਮੀਖਿਆ ਪ੍ਰਕਿਰਿਆ ਦੀ ਪਾਲਣਾ ਕਰਨ ਤੋਂ ਬਾਅਦ ਪ੍ਰਕਾਸ਼ਨ ਲਈ ਇੱਕ ਆਈ.ਓ.ਪੀ. ਪ੍ਰਕਾਸ਼ਨ ਕੀਤਾ ਜਾਵੇਗਾ। ਉਹਨਾਂ ਆਸ ਪ੍ਰਗਟਾਈ ਕਿ ਇਸ ਕਾਨਫਰੰਸ ਤੋਂ ਕੁਝ ਠੋਸ ਸੁਝਾਅ ਸਾਹਮਣੇ ਆਉਣਗੇ। ਮੁੱਖ ਮਹਿਮਾਨ ਨੇ ਕੁਆਂਟਮ ਮਕੈਨਿਕਸ ਦੇ ਇਤਿਹਾਸਕ ਵਿਕਾਸ ਅਤੇ ਖੁਸ਼ਹਾਲੀ ਵੱਲ ਮਨੁੱਖੀ ਸਭਿਅਤਾ ਦੀ ਗਤੀ ਨੂੰ ਤੇਜ਼ ਕਰਨ ਵਿੱਚ ਇਸਦੀ ਵਰਤੋਂ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਰਾਸ਼ਟਰ ਦੀ ਤਰੱਕੀ ਲਈ ਵਿਕਾਸ ਦੇ ਨਾਲ-ਨਾਲ ਸੁਰੱਖਿਆ ਅਤੇ ਸੁਰੱਖਿਆ ਲਈ ਕੁਆਂਟਮ ਗਣਨਾ, ਕੁਆਂਟਮ ਸੰਚਾਰ ਅਤੇ ਕੁਆਂਟਮ ਸੈਂਸਰਾਂ ਦੀ ਲੋੜ ਤੇ ਵੀ ਜ਼ੋਰ ਦਿੱਤਾ। ਸਲਾਈਟ ਦੇ ਡਾਇਰੈਕਟਰ ਨੇ ਡੈਲੀਗੇਟਾਂ ਨੂੰ ਸਰਗਰਮੀ ਨਾਲ ਹਿੱਸਾ ਲੈਣ ਅਤੇ ਵਿਚਾਰ-ਵਟਾਂਦਰੇ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਵਿਚ ਐਡਵਾਂਸਡ ਸਮੱਗਰੀ ਅਤੇ ਰੇਡੀਏਸ਼ਨ ਭੌਤਿਕ ਵਿਗਿਆਨ (ਏਐਮਆਰਪੀ-2023) ਉਪਰ 6ਵੀਂ ਨੈਸ਼ਨਲ ਕਾਨਫਰੰਸ ਦੀ ਐਬਸਟਰੈਕਟ ਬੁੱਕ ਜਾਰੀ ਕੀਤੀ ਗਈ। ਪ੍ਰੋ. ਏ.ਕੇ. ਤਿਆਗੀ ਵਾਈਸ ਚਾਂਸਲਰ, ਮਹਾਤਮਾ ਗਾਂਧੀ ਕਾਸ਼ੀ ਵਿਦਿਆਪੀਠ ਵਾਰਾਣਸੀ ਨੇ ਮੁੱਖ ਭਾਸ਼ਣ ਦਿੱਤਾ। ਕਾਨਫਰੰਸ ਦੇ ਪ੍ਰਬੰਧਕੀ ਸਕੱਤਰ ਡਾ. ਪ੍ਰਭਦੀਪ ਕੌਰ ਨੇ ਕਾਨਫਰੰਸ ਵਿਚ ਹਿੱਸਾ ਲੈਣ ਆਏ ਅਤੇ ਸ਼ਾਮਿਲ ਵਿਅਕਤੀਆਂ ਦਾ ਧੰਨਵਾਦ ਕੀਤਾ।

# ਡਾ. ਜ਼ੋਰਾ ਸਿੰਘ ਦੀ 'ਪ੍ਰੋਮੀਨੈਂਟ ਪੰਜਾਬੀ ਐਵਾਰਡ' ਨਾਲ ਸਨਮਾਨਤ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਨਿਊਜ਼ 18 (ਪੰਜਾਬ ਅਤੇ ਹਰਿਆਣਾ) ਚੈਨਲ ਵੱਲੋਂ ਡਾ. ਜ਼ੋਰਾ ਸਿੰਘ, ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ ਨੂੰ ਸਿੱਖਿਆ, ਨਵੀਨਤਾ ਅਤੇ ਖੋਜ ਦੇ ਖੇਤਰ ਵਿੱਚ "ਦੀ ਪ੍ਰੋਮੀਨੈਂਟ ਪੰਜਾਬੀ ਐਵਾਰਡ" ਦੇ ਨਾਲ ਸਨਮਾਨਤ ਕੀਤਾ ਗਿਆ। ਇਹ ਐਵਾਰਡ ਸਮਾਗਮ, ਦਿ ਹਯਾਤ ਰੈਜ਼ੀਡੈਂਸੀ, ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਗਿਆ ਸੀ। ਸਮਾਗਮ ਦਾ ਵਿਸ਼ਾ "ਪ੍ਰੋਮੀਨੈਂਟ ਪੰਜਾਬੀ ਐਵਾਰਡ" ਸੀ। ਸਮਾਗਮ ਦੌਰਾਨ ਮਿਸ਼ਾ ਬਾਜਵਾ ਨੇ ਐਵਾਰਡ ਪ੍ਰਦਾਨ ਕਰਦੇ ਹੋਏ ਡਾ. ਜ਼ੋਰਾ ਸਿੰਘ ਦੀ ਜਾਣ-ਪਛਾਣ ਕਰਵਾਈ ਅਤੇ ਆਖਿਆ ਕਿ ਡਾ. ਜ਼ੋਰਾ ਸਿੰਘ ਇਕ ਅਜਿਹੀ ਸ਼ਖਸੀਅਤ ਹਨ ਜੋ ਕਿ ਆਪਣੀ ਅਣਥੱਕ ਮਿਹਨਤ ਸਦਕਾ ਉਚੇਰੀ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਸ਼ਾਨਦਾਰ ਕੰਮ ਕਰ ਰਹੇ ਹਨ। ਡਾ. ਜ਼ੋਰਾ ਸਿੰਘ ਨੇ ਡੀ.ਬੀ.ਯੂ ਨੂੰ ਇੱਕ ਬ੍ਰਾਂਡ ਬਣਾਉਣ ਲਈ ਬਹੁਤ ਸ਼ਿੱਦਤ ਨਾਲ ਕੰਮ ਕੀਤਾ ਹੈ। ਉਨ੍ਹਾ ਇਹ ਵੀ ਦੱਸਿਆ ਕਿ ਡਾ. ਜ਼ੋਰਾ ਸਿੰਘ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਯੂਨੀਵਰਸਿਟੀ ਸਥਾਨਕ ਆਰਥਕਤਾ ਅਤੇ ਸਮਾਜਕ ਉੱਨਤੀ ਲਈ ਲੰਮੇ ਸਮੇਂ ਤੋਂ ਕੰਮ ਕਰ ਰਹੀ ਹੈ। ਉਨ੍ਹਾ ਇਹ ਵੀ ਕਿਹਾ ਕਿ ਡਾ. ਜ਼ੋਰਾ ਸਿੰਘ ਨਾ ਸਿਰਫ਼ ਯੂਨੀਵਰਸਿਟੀ ਦੀ ਤਰੱਕੀ ਲਈ ਕੰਮ ਕਰ ਰਹੇ ਹਨ, ਸਗੋਂ ਸਮਾਜ ਦੀ ਭਲਾਈ ਲਈ ਵੀ ਆਪਣਾ ਯੋਗਦਾਨ ਪਾ ਰਹੇ ਹਨ, ਜਿਸ ਕਾਰਨ ਉਹ ਨੌਜਵਾਨਾਂ ਲਈ ਇਕ ਆਦਰਸ਼ ਬਣੇ ਹਨ। ਕਰਨ ਅਭਿਸ਼ੇਕ ਸਿੰਘ, ਸੀ.ਈ.ਓ., ਨਿਊਜ਼ 18 ਨੈੱਟਵਰਕ ਨੇ ਡਾ. ਜ਼ੋਰਾ ਸਿੰਘ, ਮਾਣਯੋਗ ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ ਨੂੰ ਸਿੱਖਿਆ, ਨਵੀਨਤਾ ਅਤੇ ਖੋਜ ਦੇ ਖੇਤਰ ਵਿੱਚ "ਦੀ ਪ੍ਰੋਮੀਨੈਂਟ ਪੰਜਾਬੀ" ਵਜੋਂ ਐਵਾਰਡ ਪ੍ਰਦਾਨ ਕਰਕੇ ਸਨਮਾਨਤ ਕੀਤਾ। ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਨਾਲ-ਨਾਲ ਇਕ ਪਲੇਟਫਾਰਮ ਵੀ ਪ੍ਰਦਾਨ ਕਰ ਰਹੀ ਹੈ ਜਿਸ ਨਾਲ ਵਿਦਿਆਰਥੀ ਆਪਣੇ ਹੁਨਰ ਨੂੰ ਪੇਸ਼ ਕਰ ਸਕਦਾ ਹੈ। ਉਨ੍ਹਾ ਇਹ ਵੀ ਦੱਸਿਆ ਕਿ ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਲਈ ਡੀ.ਬੀ.ਯੂ ਵਲੋਂ "ਡੀ.ਬੈਸਟ" ਵਜ਼ੀਫ਼ਾ ਸਕੀਮ ਅਤੇ ਹੋਰ ਗ੍ਰਾਂਟਾਂ ਰਾਹੀਂ ਸਿੱਖਿਆ ਨੂੰ ਘਰ ਘਰ ਵਿੱਚ ਪਹੁੰਚਯੋਗ ਬਣਾ ਰਹੀ ਹੈ ਤਾਂ ਜੋ ਕੋਈ ਵੀ ਵਿਦਿਆਰਥੀ ਵਿੱਦਿਆ ਤੋਂ ਵਾਂਝਾ ਨਾ ਰਹਿ ਸਕੇ। ਡਾ. ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਵੱਖ ਵੱਖ ਖੇਤਰ ਜਿਵੇਂ ਕਿ ਆਯੁਰਵੇਦ, ਨਰਸਿੰਗ, ਫਾਰਮਾ, ਡੈਂਟਲ ਪੈਰਾਮੈਡੀਕਲ, ਮੈਨੇਜਮੈਂਟ, ਇੰਜੀਨੀਅਰਿੰਗ ਆਦਿ ਵਿੱਚ 200 ਤੋਂ ਵੱਧ ਕੋਰਸ ਆਫਰ ਕੀਤੇ ਜਾ ਰਹੇ ਹਨ। ਡਾ. ਜ਼ੋਰਾ ਸਿੰਘ ਨੇ ਜ਼ੋਰ ਦਿੰਦਿਆਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਭਵਿੱਖ ਵਿੱਚ ਵੀ ਮਿਆਰੀ ਸਿੱਖਿਆ ਅਤੇ ਸਮਾਜਿਕ ਉੱਨਤੀ ਲਈ ਵਚਨਬੱਧ ਰਹੇਗੀ। ਇਸ ਐਵਾਰਡ ਸਮਾਗਮ ਦੌਰਾਨ ਡਾ. ਸੰਦੀਪ ਸਿੰਘ, ਪ੍ਰੈਜ਼ੀਡੈਂਟ, ਡੀ.ਬੀ.ਯੂ, ਵੀ ਮੌਜੂਦ ਸਨ। ਡਾ. ਸੰਦੀਪ ਸਿੰਘ ਨੇ ਡਾ. ਜ਼ੋਰਾ ਸਿੰਘ, ਮਾਣਯੋਗ ਚਾਂਸਲਰ ਨੂੰ ਵਧਾਈ ਦਿੱਤੀ ਅਤੇ ਨਿਊਜ਼ 18 ਨੈੱਟਵਰਕ ਦੇ ਉੱਦਮ ਦੀ ਸ਼ਲਾਘਾ ਵੀ ਕੀਤੀ।

## ਮਿਸ਼ਨ ਲਾਈਫ ਪ੍ਰੋਗਰਾਮ ਅਧੀਨ ਸਲੋਗਨ ਤੇ ਪੇਂਟਿੰਗ ਮੁਕਾਬਲੇ ਕਰਾਏ



ਧੂਰੀ (ਸੁਖਦੇਵ ਧੂਰੀ)-ਭਾਰਤ ਸਰਕਾਰ ਦੇ ਮਿਸ਼ਨ ਲਾਈਫ ਪ੍ਰੋਗਰਾਮ ਅਧੀਨ ਸਰਕਾਰੀ ਹਾਈ ਸਕੂਲ ਬਮਾਲ ਵਿਖੇ ਮਿਸ਼ਨ ਗ੍ਰੀਨ ਈਕੋ ਕਲੱਬ ਦੇ ਤਹਿਤ ਵਾਤਾਵਰਨ ਸਬੰਧੀ ਸਲੋਗਨ ਤੇ ਪੇਂਟਿੰਗ ਮੁਕਾਬਲਾ ਕਰਾਇਆ ਗਿਆ। ਕਲੱਬ ਇੰਚਾਰਜ ਸੁਖਪਾਲ ਸਿੰਘ ਸਾਇੰਸ ਮਾਸਟਰ ਨੇ ਦੱਸਿਆ ਕਿ ਸਕੂਲ ਇੰਚਾਰਜ ਕਰਮਜੀਤ ਸਿੰਘ ਜੀ ਦੀ ਅਗਵਾਈ ਹੇਠ ਵਾਤਾਵਰਨ ਸਬੰਧੀ ਮੁਕਾਬਲੇ ਅੰਤਰ ਹਾਊਸ ਕਰਾਏ ਗਏ। ਮੈਡਮ ਮੋਨਿਕਾ ਦੁਆਰਾ ਇਨ੍ਹਾਂ ਮੁਕਾਬਲਿਆਂ ਦਾ ਸੰਚਾਲਨ ਕੀਤਾ ਗਿਆ। ਸਲੋਗਨ ਮੁਕਾਬਲੇ 'ਚ ਪਹਿਲਾ ਸਥਾਨ ਮਹਿਕਪ੍ਰੀਤ ਸਿੰਘ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਤੇ ਪੇਂਟਿੰਗ ਮੁਕਾਬਲੇ 'ਚ ਪਹਿਲਾ ਸਥਾਨ ਸੁਮਨਪ੍ਰੀਤ ਕੌਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ ਨੇ ਹਾਸਲ ਕੀਤਾ। ਸੁਖਪਾਲ ਸਿੰਘ ਦੁਆਰਾ ਵਿਦਿਆਰਥੀਆਂ ਨੂੰ ਵਾਤਾਵਰਨ ਸਬੰਧੀ ਅਤੇ ਮਿਸ਼ਨ ਲਾਈਫ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵਿੰਦਰ ਕੌਰ, ਕ੍ਰਿਸ਼ਮਾ ਗੋਇਲ, ਪਰਵਿੰਦਰ ਕੌਰ, ਨਰਿੰਦਰਪਾਲ ਕੌਰ, ਲਖਵੀਰ ਸਿੰਘ ਤੇ ਗੁਰਤੇਜ ਸਿੰਘ ਹਾਜ਼ਰ ਸਨ।

## ਡੀ ਟੀ ਐੱਫ ਦਾ ਵਫਦ ਡੀ ਐੱਸ ਈ ਐਲੀਮੈਂਟਰੀ ਨੂੰ ਮਿਲਿਆ



ਮੋਗਾ (ਅਮਰਜੀਤ ਬੱਬਰੀ)-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਸੂਬਾ ਕਮੇਟੀ ਦਾ ਵਫਦ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਦੇ ਦਿਸ਼ਾ-ਨਿਰਦੇਸ਼ ਅਧੀਨ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਸੂਬਾ ਕਮੇਟੀ ਮੈਂਬਰ ਰੇਸ਼ਮ ਖੇਮੂਆਣਾ ਤੇ ਜ਼ਿਲ੍ਹਾ ਬਠਿੰਡਾ ਆਗੂ ਗੁਰਪ੍ਰੀਤ ਖੇਮੂਆਣਾ ਦੀ ਅਗਵਾਈ ਹੇਠ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ) ਸੰਗੀਤਾ ਸ਼ਰਮਾ ਨੂੰ ਮਿਲਿਆ। ਮੀਟਿੰਗ ਵਿੱਚ ਉਨ੍ਹਾਂ ਦੇ ਦਫਤਰ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ ਚਰਚਾ ਹੋਈ ਤੇ ਉਨ੍ਹਾਂ ਨੇ ਅਧਿਆਪਕਾਂ ਦੇ ਕੰਮਾਂ-ਕਾਰਾਂ ਤੇ ਮੁੱਦਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਕਈਆਂ ਦਾ ਮੌਕੇ 'ਤੇ ਹੱਲ ਕੀਤਾ ਤੇ ਕੁਝ ਨੂੰ ਬਹੁਤ ਛੇਤੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਦੀ ਗੈਰ-ਮੌਜੂਦਗੀ ਵਿੱਚ ਜਥੇਬੰਦੀ ਕੋਲ ਆਏ ਮਸਲੇ ਲਿਖਤੀ ਰੂਪ ਵਿੱਚ ਉਨ੍ਹਾਂ ਦੇ ਪੀ. ਏ. ਸ੍ਰੀ ਭੂਸ਼ਨ ਨੂੰ ਸੌਂਪੇ ਗਏ ਤੇ ਵਿਚਾਰੇ ਗਏ। ਪਹਿਲਾਂ ਡੀ.ਐੱਸ.ਈ. ਸੈਕੰਡਰੀ ਨਾਲ ਮੀਟਿੰਗ ਵਿੱਚ ਬਣੀ ਸਹਿਮਤੀ ਦੇ ਮੱਦੇਨਜ਼ਰ ਲੈਕਚਰਾਰ ਜਸਪ੍ਰੀਤ ਕੌਰ ਸਸਸਸ, ਦੇਸ ਰਾਜ ਬਠਿੰਡਾ ਤੇ ਸੰਗੀਤਾ ਸਿੰਘ ਕਲਰਕ ਸਸਸਸ ਮਲਸੀਆਂ ਦੇ ਕੇਸ ਤੁਰੰਤ ਹੱਲ ਕਰਨ ਬਾਰੇ ਗੱਲ ਕੀਤੀ। ਵਫਦ ਵੱਲੋਂ ਲਗਾਤਾਰ ਪੈਰਵਾਈ ਕਰਕੇ ਅਧਿਆਪਕਾਂ ਦੇ ਮੰਗਾਂ-ਮਸਲੇ ਹੱਲ ਕਰਨ ਦਾ ਅਹਿਦ ਦੁਹਰਾਇਆ ਗਿਆ।

## ਮੀਤ ਹੇਅਰ ਵੱਲੋਂ ਕਰਮਗੜ੍ਹ ਤੇ ਨੰਗਲ 'ਚ ਨਹਿਰੀ ਖਾਲਾਂ/ਪਾਈਪਲਾਈਨ ਦੇ 63 ਲੱਖ ਦੇ ਪ੍ਰਜੈਕਟਾਂ ਦਾ ਉਦਘਾਟਨ



ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਪਿੰਡ ਕਰਮਗੜ੍ਹ ਵਿਖੇ ਕਰੀਬ 30.61 ਲੱਖ ਦੀ ਲਾਗਤ ਵਾਲੇ ਨਹਿਰੀ ਖਾਲਿਆਂ ਨੂੰ ਪੱਕੇ ਕਰਨ/ਪਾਈਪਲਾਈਨ ਪਾਉਣ ਦੇ ਪ੍ਰਾਜੈਕਟ ਦਾ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਪਿੰਡਾਂ ਵਿੱਚ ਨਹਿਰੀ ਪਾਣੀ ਦੀ ਸਹੂਲਤ ਲਈ ਕਰੀਬ 80 ਕਰੋੜ ਦੇ ਕੰਮ ਕਰਾਏ ਜਾ ਰਹੇ ਹਨ। ਇਸੇ ਤਹਿਤ ਪੰਜਾਬ ਜਲ ਸਰੋਤ ਪ੍ਰਬੰਧਨ ਤੇ ਵਿਕਾਸ ਨਿਗਮ ਲਿਮਟਿਡ, ਪੰਜਾਬ ਜਲ ਸਰੋਤ ਵਿਭਾਗ ਰਾਹੀਂ ਪਿੰਡ ਕਰਮਗੜ੍ਹ ਵਿੱਚ 1600 ਮੀਟਰ ਲੰਬਾਈ ਵਾਲੇ 20.89 ਲੱਖ ਤੇ 940 ਮੀਟਰ ਲੰਬਾਈ ਵਾਲੇ 9.72 ਲੱਖ ਦੀ ਲੰਬਾਈ ਵਾਲੇ ਨਹਿਰੀ ਖਾਲਾਂ ਨੂੰ ਪੱਕੇ ਕਰਨ/ਪਾਈਪਲਾਈਨ ਪਾਉਣ ਦੇ ਪ੍ਰਾਜੈਕਟ ਦਾ ਉਦਘਾਟਨ ਉਨ੍ਹਾਂ ਕੀਤਾ। ਇਸੇ ਤਰ੍ਹਾਂ ਕੈਬਨਿਟ ਮੰਤਰੀ ਨੇ ਪਿੰਡ ਨੰਗਲ ਵਿੱਚ 32 ਲੱਖ ਤੋਂ ਵੱਧ ਲਾਗਤ ਵਾਲੇ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ, ਜਿਸ ਵਿੱਚ 1776 ਮੀਟਰ ਲੰਬਾਈ ਵਾਲੇ 22.88 ਲੱਖ ਅਤੇ 1050 ਮੀਟਰ ਲੰਬਾਈ ਵਾਲੇ 9.88 ਲੱਖ ਦੇ ਨਹਿਰੀ ਖਾਲਾਂ ਆਦਿ ਦੇ ਪ੍ਰਾਜੈਕਟ ਸ਼ਾਮਲ ਹਨ। ਇਸ ਮੌਕੇ ਉਨ੍ਹਾਂ ਪਿੰਡ ਨੰਗਲ ਵਿੱਚ ਕਰੀਬ 40 ਲੱਖ ਦੀ ਲਾਗਤ ਵਾਲੇ ਪੰਚਾਇਤ ਘਰ/ਕਮਿਊਨਿਟੀ ਹਾਲ ਦੀ ਉਸਾਰੀ ਦਾ ਨੀਂਹ ਪੱਥਰ ਵੀ ਰੱਖਿਆ, ਜਿਸ ਨਾਲ ਪੰਚਾਇਤੀ ਮੀਟਿੰਗਾਂ ਤੇ ਹੋਰ ਸਾਂਝੇ ਸਮਾਗਮਾਂ ਲਈ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਪਿੰਡ ਵਿੱਚ 35 ਲੱਖ ਦੀ ਲਾਗਤ ਨਾਲ ਖੇਡ ਸਟੇਡੀਅਮ ਵਾਲਾ ਕੰਮ, 25 ਲੱਖ ਦੀ ਲਾਗਤ ਨਾਲ ਲਾਇਬ੍ਰੇਰੀ ਦਾ ਕੰਮ ਚੱਲ ਰਿਹਾ ਹੈ। ਇਸ ਤੋਂ ਇਲਾਵਾ 50 ਲੱਖ ਰੁਪਏ ਪਿੰਡ ਦੇ ਛੱਪੜ ਨੂੰ ਨਵਿਆਉਣ ਲਈ ਦਿੱਤੇ ਜਾ ਰਹੇ ਹਨ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਪਣੀ ਸਰਕਾਰ ਦੇ ਪਹਿਲੇ ਸਾਲ 'ਚ ਹੀ ਕਰੋੜਾਂ ਦੇ ਕੰਮ ਕਰਾਏ ਜਾ ਰਹੇ ਹਨ, ਜਿਹੜੇ ਪਿਛਲੀਆਂ ਸਰਕਾਰਾਂ ਵੱਲੋਂ ਅਖੀਰਲੇ ਸਾਲ 'ਚ ਹੀ ਕਰਾਏ ਜਾਂਦੇ ਸਨ। ਉਨ੍ਹਾਂ ਕਿਹਾ ਕਿ ਆਉਂਦੇ ਸਮੇਂ ਹੋਰ ਵੀ ਪ੍ਰਾਜੈਕਟ ਪਿੰਡਾਂ ਦੀ ਬਿਹਤਰੀ ਲਈ ਲਿਆਂਦੇ ਜਾਣਗੇ।

## ਸਪਰਿੰਗ ਡਿਊ ਸਕੂਲ 'ਚ ਮੈਂਗੋ ਤੇ ਯੈਲੋ ਡੇਅ ਮਨਾਇਆ



ਜਗਰਾਉਂ (ਅਮਿਤ ਖੰਨਾ)-ਇਲਾਕੇ ਦੀ ਨਾਮਵਰ ਸੰਸਥਾ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿਖੇ ਪ੍ਰਾਇਮਰੀ ਵਿੰਗ ਵਿੱਚ "ਮੈਂਗੋ ਡੇਅ ਕਮ ਯੈਲੋ ਡੇਅ" ਮਨਾਇਆ ਗਿਆ। ਇਸ ਐਕਟੀਵਿਟੀ ਦੌਰਾਨ ਪ੍ਰਾਇਮਰੀ ਵਿੰਗ ਦੇ ਅਧਿਆਪਕਾਂ ਵੰਦਨਾ, ਸਤਵੀਰ ਕੌਰ, ਪ੍ਰਭਦੀਪ ਕੌਰ, ਅਤੇ ਇੰਦਰਪਾਲ ਕੌਰ ਵੱਲੋਂ ਆਪਣੇ ਬਲਾਕ ਨੂੰ ਬੜੇ ਸੁੰਦਰ ਢੰਗ ਨਾਲ ਪੀਲੇ ਗੁਬਾਰੇ, ਪੀਲੇ ਫੁੱਲ ਅਤੇ ਅੰਬ ਦੇ ਅਕਾਰ ਦੇ ਚਿੱਤਰਾਂ ਨਾਲ ਸਜਾਇਆ ਗਿਆ। ਇਸ ਮੌਕੇ ਨੰਨ੍ਹੇ ਮੁੰਨੇ ਬੱਚੇ ਪੀਲੇ ਰੰਗ ਦੀਆਂ ਪੁਸ਼ਾਕਾਂ ਪਹਿਨ ਕੇ ਆਏ ਬੱਚਿਆਂ ਨੇ ਇਸ ਮੌਕੇ ਫ਼ਲਾਂ ਦੇ ਰਾਜਾ ਅੰਬ ਤੇ ਅਧਾਰਤ ਬੜੀ ਸੁੰਦਰ ਕਵਿਤਾਵਾਂ ਪੇਸ਼ ਕੀਤੀਆਂ। ਅਧਿਆਪਕ ਸਾਹਿਬਾਨ ਵੱਲੋਂ ਇਸ ਮੌਕੇ ਇੱਕ ਕੁਇਜ਼ ਕਾਨਟੈਸਟ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਤੋਂ ਪੀਲੇ ਰੰਗ ਦੇ ਕੁਝ ਹੋਰ ਪਦਾਰਥਾਂ ਜਿਵੇਂ ਫਲ, ਸਬਜ਼ੀਆਂ ਅਤੇ ਫੁੱਲਾਂ ਆਦਿ ਬਾਰੇ ਸਵਾਲ ਪੁੱਛੇ ਗਏ। ਇਸ ਮੌਕੇ ਵਾਇਸ ਪ੍ਰਿੰਸੀਪਲ ਬੇਅੰਤ ਬਾਵਾ ਸਹਿਤ ਸਮੁੱਚੀ ਮੈਨੇਜਮੈਂਟ ਕਮੇਟੀ ਵੱਲੋਂ ਸ਼ਿਰਕਤ ਕੀਤੀ ਗਈ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਅਧਿਆਪਕਾਂ ਦੀ ਇਸ ਕਾਰਗੁਜ਼ਾਰੀ 'ਤੇ ਮੁਬਾਰਕਬਾਦ ਦਿੱਤੀ। ਇਸ ਸਮਾਗਮ ਵਿੱਚ ਪ੍ਰਧਾਨ ਮਨਜੋਤ ਕੁਮਾਰ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਛਾਬੜਾ ਅਤੇ ਮੈਨੇਜਰ ਮਨਦੀਪ ਚੌਹਾਨ ਹਾਜ਼ਰ ਸਨ।

## ਰੋਜ਼ਾਨਾ ਦੀ ਸੈਰ ਸਿਹਤ ਲਈ ਲਾਹੇਵੰਦ : ਡਾ. ਸੀਮਾ ਅੱਤਰੀ



ਮੋਗਾ (ਅਮਰਜੀਤ ਬੱਬਰੀ)-ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਮੋਗਾ ਡਾ. ਰਾਜੇਸ਼ ਅੱਤਰੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸਹਾਇਕ ਸਿਵਲ ਸਰਜਨ ਡਾ. ਡੀ ਪੀ ਸਿੰਘ ਤੇ ਜ਼ਿਲ੍ਹਾ ਪਰਵਾਰ ਨਿਯੋਜਨ ਅਫਸਰ ਡਾ. ਰਿਪੁਦਮਨ ਦੀ ਅਗਵਾਈ ਵਿਚ ਜ਼ਿਲ੍ਹਾ ਮੋਗਾ ਦੇ ਸਮੂਹ ਹੈਲਥ ਵੈਲਨੈਸ ਸੈਂਟਰ 'ਤੇ ਲੋਕਾਂ ਦਾ ਬਲੱਡ-ਪ੍ਰੈਸ਼ਰ ਚੈੱਕ ਕਰਕੇ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ ਗਿਆ। ਇਸ ਮੌਕੇ ਲੋਕਾਂ ਨੂੰ ਬਲੱਡ ਪਰੈਸ਼ਰ ਦੇ ਖਤਰਿਆਂ ਬਾਰੇ ਜਾਣਕਾਰੀ ਦਿੱਤੀ ਗਈ। ਲੋਕਾਂ ਨੂੰ ਜਾਗਰੂਕ ਕਰਦੇ ਦੱਸਿਆ ਗਿਆ ਕਿ ਤਲੀਆਂ ਚੀਜ਼ਾਂ ਖਾਣ ਨਾਲ, ਨਮਕ ਦੀ ਵਧੇਰੇ ਵਰਤੋਂ ਨਾਲ ਜਾਂ ਫਿਰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ, ਮੋਟਾਪੇ ਨਾਲ ਜਾਂ ਮਾਨਸਿਕ ਤਣਾਓ ਨਾਲ ਖੂਨ ਦੀ ਚਾਲ ਤੇਜ਼ ਹੋ ਜਾਂਦੀ ਹੈ ਜਿਸ ਨਾਲ ਹਾਰਟ ਅਟੈਕ ਆਉਣ ਦਾ ਖਤਰੇ ਵਧ ਜਾਂਦੇ ਹਨ। ਖੋਸਾ ਰਣਧੀਰ ਸਰਕਾਰੀ ਹਸਪਤਾਲ ਵਿਚ ਵੀ ਕੈਂਪ ਲਗਾਇਆ ਗਿਆ ਅਤੇ ਡਾ. ਸੀਮਾ ਅੱਤਰੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਵੇਰ ਦੀ ਸੈਰ ਸਿਹਤ ਲਈ ਲਾਹੇਵੰਦ ਹੈ ਅਤੇ ਹਰੇਕ ਹੈਲਥ ਵੈਲਨੈਸ ਕਲੀਨਿਕ ਉਤੇ ਬਲੱਡ ਪ੍ਰੈਸ਼ਰ ਮੁਫਤ ਚੈੱਕ ਕੀਤਾ ਜਾਂਦਾ ਹੈ ਅਤੇ ਇਸਦੀ ਦਵਾਈ ਵੀ ਹਰੇਕ ਹੈਲਥ ਵੈਲਨੈਸ ਕਲੀਨਿਕ ਉਤੇ ਉਪਲਬਧ ਹੈ । 30 ਸਾਲ ਤੋਂ ਉੱਪਰ ਦੇ ਲੋਕਾਂ ਨੂੰ ਆਪਣਾ ਸਾਲਾਨਾ ਚੈਕਅੱਪ ਕਰਵਾਉਣਾ ਚਾਹੀਦਾ ਹੈ ਅਤੇ ਜੇਕਰ ਬਲੱਡ ਪ੍ਰੈਸ਼ਰ ਦੀ ਕੋਈ ਤਕਲੀਫ ਹੋਵੇ ਤਾਂ ਡਾਕਟਰ ਦੀ ਸਲਾਹ ਮੁਤਾਬਕ ਆਪਣਾ ਇਲਾਜ ਮੁਕੰਮਲ ਕਰਾਉਣਾ ਚਾਹੀਦਾ ਹੈ।

## ਡਰੀਮ ਬਿਲਡਰਜ਼ ਸੰਸਥਾ ਦੀ ਵਿਦਿਆਰਥਣ ਨੇ ਓਵਰਆਲ 7.5 ਬੈਂਡ ਪ੍ਰਾਪਤ ਕੀਤੇ



ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਦੀ ਕੋਟਕਪੂਰਾ ਸੜਕ ਤੇ ਬੱਸ ਸਟੈਂਡ ਦੇ ਸਾਹਮਣੇ ਵਾਲੀ ਗਲੀ ਵਿਚ ਮਾਲਵੇ ਦੀ ਪ੍ਰਸਿੱਧ ਸੰਸਥਾ ਡਰੀਮ ਬਿਲਡਰਜ਼ ਆਇਲਟਸ ਐਂਡ ਇਮੀਗ੍ਰੇਸ਼ਨ ਵਿਖੇ ਵਿਦਿਆਰਥੀ ਆਇਲਟਸ ਦੀ ਕੋਚਿੰਗ ਲੈ ਕੇ ਵਧੀਆ ਬੈਂਡ ਪ੍ਰਾਪਤ ਕਰ ਰਹੇ ਹਨ, ਜਿਸ ਦੇ ਤਹਿਤ ਕਮਲਜੀਤ ਕੌਰ ਪੁੱਤਰੀ ਅੰਗਰੇਜ ਸਿੰਘ ਵਾਸੀ ਰੋਡੇ, ਜ਼ਿਲ੍ਹਾ ਮੋਗਾ ਨੇ ਲਿਸਨਿੰਗ 'ਚੋਂ 8.5, ਰੀਡਿੰਗ 'ਚੋਂ 8, ਸਪੀਕਿੰਗ 'ਚੋਂ 6.5, ਰਾਈਟਿੰਗ 'ਚੋਂ 7 ਅਤੇ ਓਵਰਆਲ 7.5 ਬੈਂਡ ਪ੍ਰਾਪਤ ਕਰ ਕੇ ਆਪਣਾ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਐੱਮ.ਡੀ ਨਵਜੋਤ ਸਿੰਘ ਬਰਾੜ ਨੇ ਦੱਸਿਆ ਕਿ ਸੰਸਥਾ ਵਿਚ ਹਮੇਸ਼ਾ ਹੀ ਵਿਦਿਆਰਥੀਆਂ ਨੂੰ ਚੰਗੇ ਬੈਂਡ ਦਿਵਾਉਣ ਲਈ ਵਚਨਬੱਧ ਹੈ। ਐੱਮ.ਡੀ ਨਵਜੋਤ ਸਿੰਘ ਬਰਾੜ ਨੇ ਦੱਸਿਆ ਕਿ ਸੰਸਥਾ ਵੱਲੋਂ ਇਮੀਗ੍ਰੇਸ਼ਨ ਦੀਆਂ ਸੇਵਾਵਾਂ ਬਹੁਤ ਹੀ ਸਾਫ-ਸੁਥਰੇ ਢੰਗ ਨਾਲ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਕੈਨੇਡਾ, ਆਸਟ੍ਰੇਲੀਆ, ਯੂ.ਕੇ, ਨਿਊਜ਼ੀਲੈਂਡ ਅਤੇ ਹੋਰਨਾਂ ਦੇਸ਼ਾਂ ਦੇ ਵੱਖ-ਵੱਖ ਪ੍ਰਕਾਰ ਦੇ ਵੀਜ਼ੇ ਲਗਾਏ ਜਾਂਦੇ ਹਨ। ਇਸ ਮੌਕੇ ਐੱਮ.ਡੀ ਨਵਜੋਤ ਸਿੰਘ ਬਰਾੜ ਨੇ ਵਿਦਿਆਰਥਣ ਨੂੰ ਪ੍ਰਮਾਣ ਪੱਤਰ ਸੌਂਪਦਿਆਂ ਵਧਾਈ ਦਿੱਤੀ ਅਤੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ।

# ਸਫ਼ਲਤਾ-ਪੂਰਵਕ ਨੇਪਰੇ ਚੜ੍ਹੀ ਚਾਰ ਰੋਜ਼ਾ ਫੋਟੋ ਵਰਕਸ਼ਾਪ

### ਸਰਟੀਫਿਕੇਟ ਤੇ ਕਿਤਾਬਾਂ ਨਾਲ ਸਿਖਿਆਰਥੀਆਂ ਦਾ ਕੀਤਾ ਸਨਮਾਨ



ਜਲੰਧਰ : ਮੁੰਬਈ, ਸ਼ਿਮਲਾ ਅਤੇ ਚੰਡੀਗੜ੍ਹ ਤੋਂ ਆਏ ਫੋਟੋ ਜਰਨਲਿਜ਼ਮ ਅਤੇ ਦਸਤਾਵੇਜ਼ੀ ਫ਼ਿਲਮਾਂ ਦੇ ਮਾਹਰ ਨਿਰਦੇਸ਼ਕਾਂ ਦੁਆਰਾ ਪੰਜਾਬ ਦੇ ਕੋਨੇ-ਕੋਨੇ ਤੋਂ ਬੁਲਾਏ ਸਿਖਿਆਰਥੀਆਂ ਦੀ ਲਗਾਈ ਚਾਰ ਰੋਜ਼ਾ ਫੋਟੋਗ੍ਰਾਫਿਕ ਵਰਕਸ਼ਾਪ ਫੋਟੋਗਰਾਫ਼ੀ ਖੇਤਰ ਰਾਹੀਂ ਲੋਕ ਸਰੋਕਾਰਾਂ ਅਤੇ ਖ਼ੂਬਸੂਰਤ ਸਮਾਜ ਦੀ ਕਹਾਣੀ ਪੇਸ਼ ਕਰਨ ਦਾ ਅਹਿਦ ਕਰਨ ਨਾਲ ਸੰਪਨ ਹੋਈ। ਸਮੂਹ ਸਿਖਿਆਰਥੀਆਂ ਨੇ ਮਿਲੇ ਵਿਸ਼ੇ ਮੁਤਾਬਕ ਨੇਪਰੇ ਚਾੜ੍ਹੇ ਪ੍ਰੋਜੈਕਟਾਂ ਨੂੰ ਪਰਦੇ 'ਤੇ ਪੇਸ਼ ਕਰਦਿਆਂ ਸਫਾਈ ਕਾਮਿਆਂ, ਪ੍ਰਵਾਸੀ ਮਜ਼ਦੂਰਾਂ, ਔਰਤਾਂ ਦੀ ਸਮਾਜਿਕ ਦਸ਼ਾ, ਉਜਾੜੇ, ਬੇਰੁਜ਼ਗਾਰੀ, ਸਿੱਖਿਆ, ਸਿਹਤ ਦੀ ਪੂਰਨ ਤੌਰ 'ਤੇ ਗਰਕੀ ਹਾਲਤ ਉਪਰ ਆਪਣੇ ਦੁਆਰਾ ਖਿੱਚੀਆਂ ਤਸਵੀਰਾਂ ਅਤੇ ਬਣਾਈ ਮੂਵੀ ਰਾਹੀਂ ਰੌਸ਼ਨੀ ਪਾਈ।

ਵਰਕਸ਼ਾਪ ਦੇ ਅੰਤਲੇ ਦਿਨ ਆਪਣੇ ਪ੍ਰਭਾਵ ਸਾਂਝੇ ਕਰਦਿਆਂ ਸਿਖਿਆਰਥੀਆਂ ਨੇ ਦੱਸਿਆ ਕਿ ਉਹਨਾਂ ਨੇ ਜੋ ਸੋਚਣ-ਸਮਝਣ ਦੀ ਦ੍ਰਿਸ਼ਟੀ ਪੱਖੋਂ ਵਰ੍ਹਿਆਂ ਲੰਮੇ ਜੀਵਨ ਸਫ਼ਰ 'ਚ ਵੀ ਨਹੀਂ ਸਿੱਖਿਆ, ਉਹ ਚਾਰ ਰੋਜ਼ਾ ਵਰਕਸ਼ਾਪ 'ਚੋਂ ਹਾਸਲ ਕੀਤਾ। ਉਹਨਾਂ ਦੱਸਿਆ ਕਿ ਅਸੀਂ ਗ੍ਰਹਿਣ ਕੀਤਾ ਹੈ ਕਿ ਕੈਮਰੇ 'ਚ ਕਿੰਨੀ ਤਾਕਤ ਛੁਪੀ ਹੁੰਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੁਧਾਰਕ ਓਲਵੇ, ਰਣਦੀਪ ਮੱਦੋਕੇ, ਨਿਰਮਾਣ ਚੌਧਰੀ, ਸੁਰਿੰਦਰ ਕੁਮਾਰੀ ਕੋਛੜ ਅਤੇ ਡਾ. ਸੈਲੇਸ਼ ਨੇ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਮਰਾ ਅਤੇ ਬੌਧਿਕ ਚੇਤਨਾ ਦੀ ਅੱਖ ਮਿਲ ਕੇ ਸਮਾਜਿਕ ਵਿਗਾੜਾਂ ਨੂੰ ਦੂਰ ਕਰਨ ਦੀ ਊਰਜਾ ਦਿੰਦੀ ਨਵੇਂ ਸਮਾਜ ਦੀ ਤਸਵੀਰ ਅਤੇ ਫ਼ਿਲਮ ਲੋਕਾਂ ਅੱਗੇ ਪੇਸ਼ ਕੀਤੀ ਜਾ ਸਕਦੀ ਹੈ।

ਸਿਖਿਆਰਥੀਆਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਨੇ ਵਰਕਸ਼ਾਪ 'ਚ ਸ਼ਮੂਲੀਅਤ ਕਰਨ 'ਤੇ ਮਾਣ-ਪੱਤਰ, ਸਰਟੀਫਿਕੇਟ ਅਤੇ ਕਿਤਾਬਾਂ ਦੇ ਸੈੱਟ ਨਾਲ ਸਨਮਾਨਿਤ ਕੀਤਾ। ਵਰਕਸ਼ਾਪ ਦੇ ਅਧਿਆਪਕਾਂ ਦਾ ਵੀ ਕਮੇਟੀ ਨੇ ਸਨਮਾਨ ਅਤੇ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਡਾ. ਸੈਲੇਸ਼, ਹਰਮੇਸ਼ ਮਾਲੜੀ ਅਤੇ ਪ੍ਰੋ. ਗੋਪਾਲ ਸਿੰਘ ਬੁੱਟਰ ਵੀ ਹਾਜ਼ਰ ਸਨ।

# ਜ਼ੀਰਾ ਦੇ ਨਿੱਜੀ ਚੈਨਲ ਦੇ ਪੱਤਰਕਾਰ 'ਤੇ ਚਲਾਈ ਗੋਲੀ, ਗੱਡੀ ਦੀ ਕੀਤੀ ਭੰਨਤੋੜ



ਗੋਲੀ ਚੱਲਣ ਨਾਲ ਕਾਰ ਦਾ ਟੁੱਟਾ ਸ਼ੀਸ਼ਾ ਅਤੇ ਗੱਡੀ ਬੇਕਾਬੂ ਹੋ ਕੇ ਖੇਤਾਂ 'ਚ ਚਲੀ ਗਈ ਕਾਰ ਦੀ ਤਸਵੀਰ।

ਜ਼ੀਰਾ (ਨਰਿੰਦਰ ਅਨੇਜਾ)-ਸ਼ਹਿਰ ਵਿੱਚ ਗੋਲੀ ਚੱਲਣ ਦੀਆਂ ਘਟਨਾਵਾਂ ਆਮ ਹੋ ਚੁੱਕੀਆਂ ਹਨ। ਇੰਜ ਜਾਪਦਾ ਹੈ ਕਿ ਲੋਕਾਂ ਦੇ ਮਨਾਂ ਅੰਦਰੋਂ ਪੁਲਸ ਦਾ ਖੌਫ਼ ਖਤਮ ਹੋ ਚੁੱਕਿਆ ਹੈ। ਤਾਜ਼ਾ ਮਾਮਲਾ ਹਲਕਾ ਜ਼ੀਰਾ ਵਿੱਚ ਇੱਕ ਨਿੱਜੀ ਚੈਨਲ ਦੇ ਪੱਤਰਕਾਰ 'ਤੇ ਗੋਲੀ ਚੱਲਣ ਦਾ ਸਾਹਮਣੇ ਆਇਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪਿੰਡ ਬੇਰੀ ਵਾਲੇ ਦਾ ਰਹਿਣ ਵਾਲਾ ਹੈ। ਉਸ ਦੀ ਜ਼ਮੀਨ ਨਾਲ ਦਰਸ਼ਨ ਸਿੰਘ, ਸੁਖਚੈਨ ਸਿੰਘ ਅਤੇ ਰਣਜੀਤ ਸਿੰਘ ਦੀ ਜ਼ਮੀਨ ਲਗਦੀ ਹੈ ਅਤੇ ਵੱਟ ਨਾਲ ਵੱਟ ਸਾਂਝੀ ਹੈ। ਜਿਸ ਨੂੰ ਲੈ ਕੇ ਉਹ ਲਗਾਤਾਰ ਉਸ ਨੂੰ ਅਤੇ ਉਸ ਦੇ ਪਿਤਾ ਨੂੰ ਤੰਗ ਪ੍ਰੇਸ਼ਾਨ ਕਰ ਰਹੇ ਹਨ। ਇਸੇ ਦੇ ਚਲਦਿਆਂ ਕੱਲ੍ਹ ਵੀ ਉਸ ਦੇ ਬੰਦਿਆਂ 'ਤੇ ਹਮਲਾ ਕੀਤਾ ਗਿਆ ਸੀ। ਹਮਲੇ ਦੌਰਾਨ ਸੱਟਾਂ ਵੱਜ ਗਈਆਂ ਸਨ , ਜਿਨ੍ਹਾਂ ਨੂੰ ਉਨ੍ਹਾਂ ਨੇ ਜ਼ੀਰਾ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਸੀ। ਜਦ ਉਹ ਹਸਪਤਾਲ ਵਿੱਚ ਦਾਖਲ ਬੰਦਿਆਂ ਲਈ ਰੋਟੀ ਲੈਣ ਲਈ ਘਰ ਆ ਰਿਹਾ ਸੀ ਤਾਂ ਰਾਸਤੇ ਵਿੱਚ ਮੋਟਰਸਾਈਕਲ 'ਤੇ ਸਵਾਰ ਰਣਜੀਤ ਸਿੰਘ ਅਤੇ ਇੱਕ ਹੋਰ ਨੌਜਵਾਨ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਉਸ ਦੀ ਗੱਡੀ ਦੀ ਭੰਨਤੋੜ ਕੀਤੀ ਗਈ, ਜਿਸ ਦੌਰਾਨ ਉਸ ਨੇ ਬੜੀ ਮੁਸ਼ਕਲ ਨਾਲ ਭੱਜ ਕੇ ਆਪਣੀ ਜਾਨ ਬਚਾਈ ਹੈ। ਉਸ ਨੇ ਮੰਗ ਕੀਤੀ ਹੈ ਕਿ ਪੁਲਸ ਪ੍ਰਸ਼ਾਸਨ ਇਨ੍ਹਾਂ ਲੋਕਾਂ ਨੂੰ ਜਲਦ ਗ੍ਰਿਫਤਾਰ ਕਰੇ ਅਤੇ ਸਖਤ ਤੋਂ ਸਖਤ ਕਾਰਵਾਈ ਕਰੇ ਕਿਉਂਕਿ ਇਨ੍ਹਾਂ ਲੋਕਾਂ ਕੋਲੋਂ ਉਸ ਨੂੰ ਜਾਨ ਦਾ ਖਤਰਾ ਹੈ। ਦੂਸਰੇ ਪਾਸੇ ਜਦੋਂ ਇਸ ਪੂਰੇ ਮਾਮਲੇ ਨੂੰ ਲੈ ਕੇ ਪੁਲਸ ਨਾਲ ਗੱਲਬਾਤ ਕੀਤੀ ਗਈ ਤਾਂ ਜਾਣਕਾਰੀ ਦਿੰਦਿਆਂ ਸਬ ਇੰਸਪੈਕਟਰ ਬਲਰਾਜ ਸਿੰਘ ਨੇ ਦੱਸਿਆ ਕਿ ਪੱਤਰਕਾਰ ਗੁਰਪ੍ਰੀਤ ਸਿੰਘ ਦੇ ਬਿਆਨਾਂ 'ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜੋ ਤੱਥ ਸਾਹਮਣੇ ਆਉਣਗੇ ਉਨ੍ਹਾਂ ਦੇ ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ। ਜਦੋਂ ਦੂਜੀ ਧਿਰ ਦਾ ਪੱਖ ਜਾਣਨਾ ਚਾਹਿਆ ਤਾਂ ਉਨ੍ਹਾਂ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।

## ਐੱਮ ਐੱਸ ਸੀ ਫਿਜ਼ਿਕਸ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ



ਮਾਹਿਲਪੁਰ (ਫੂਲਾ ਰਾਮ)-ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਐੱਮ ਐੱਸ ਸੀ ਕੋਰਸ ਦੇ ਸਮੈਸਟਰ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਦੇ ਪ੍ਰਿੰ. ਡਾ. ਜਸਪਾਲ ਸਿੰਘ ਅਤੇ ਵਿਭਾਗ ਦੇ ਮੁਖੀ ਪ੍ਰੋ ਆਰਤੀ ਸ਼ਰਮਾ ਨੇ ਦੱਸਿਆ ਕਿ ਐੱਮ ਐੱਸ ਸੀ ਦੇ ਸਮੈਸਟਰ ਤੀਜਾ ਦੇ ਨਤੀਜੇ ਵਿੱਚ ਵਿਦਿਆਰਥਣ ਰਿਦਮ ਨੇ 72.8 ਫੀਸਦੀ ਅੰਕ ਹਾਸਲ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਕਲਾਸ ਦੇ ਵਿਦਿਆਰਥੀ ਨਿਖਿਲ ਨੇ 72 ਫੀਸਦੀ ਅੰਕਾਂ ਨਾਲ ਦੂਜਾ ਅਤੇ ਨਵਜੋਤ ਕੌਰ ਨੇ 69.2 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਕਿਹਾ ਕਿ ਕੋਰਸ ਦੇ ਬਾਕੀ ਵਿਦਿਆਰਥੀ ਵੀ ਚੰਗੇ ਅੰਕ ਹਾਸਲ ਕਰਕੇ ਪਾਸ ਹੋਏ ਹਨ।

ਇਸ ਮੌਕੇ ਕਾਲਜ ਦੇ ਪ੍ਰਿੰ. ਡਾ. ਜਸਪਾਲ ਸਿੰਘ ਸਮੇਤ ਸੰਬੰਧਤ ਵਿਭਾਗ ਦੇ ਅਧਿਆਪਕਾਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ 'ਤੇ ਸ਼ੁੱਭਕਾਮਨਾਵਾਂ ਦਿੱਤੀਆਂ।

## ਸਰਕਾਰ ਸਿੱਧੀ ਬਿਜਾਈ ਕਰਨ 'ਤੇ ਕਿਸਾਨਾਂ ਨੂੰ ਮਾਲੀ ਮਦਦ ਦੇਵੇਗੀ : ਖੇਤੀ ਮਾਹਰ



ਬਠਿੰਡਾ (ਬਖਤੌਰ ਢਿੱਲੋਂ)-ਕਿਸਾਨਾਂ ਨੂੰ ਨਰਮੇ ਦੇ ਬੀਜ 'ਤੇ ਸਬਸਿਡੀ ਦੇਣ ਤੋਂ ਇਲਾਵਾ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪੰਦਰਾਂ ਸੌ ਰੁਪਏ ਪ੍ਰਤੀ ਏਕੜ ਮਾਲੀ ਮਦਦ ਵੀ ਦਿੱਤੀ ਜਾਵੇਗੀ। ਇਹ ਜਾਣਕਾਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਡਾ. ਦਿਲਬਾਗ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਅਤੇ ਡਾ. ਬਲਜਿੰਦਰ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਬਠਿੰਡਾ ਦੀ ਅਗਵਾਈ ਵਿੱਚ ਪਿੰਡ ਨੇਹੀਆਂਵਾਲਾ ਵਿਖੇ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਨੂੰ ਸੰਬੋਧਨ ਕਰਦਿਆਂ ਖੇਤੀ ਮਾਹਰਾਂ ਨੇ ਦਿੱਤੀ। ਕੈਂਪ ਨੂੰ ਸੰਬੋਧਨ ਕਰਦਿਆਂ ਡਾ. ਮੁਖਤਿਆਰ ਸਿੰਘ ਨੇ ਕਿਸਾਨਾਂ ਨੂੰ ਬੇਲੋੜੇ ਖੇਤੀ ਖ਼ਰਚੇ ਘਟਾਉਣ ਅਤੇ ਕੀੜੇਮਾਰ ਦਵਾਈਆਂ ਦੀ ਬੇਲੋੜੀ ਵਰਤੋਂ ਕਰਨ ਤੋਂ ਸੁਚੇਤ ਕੀਤਾ। ਡਾ. ਸਰਬਜੀਤ ਸਿੰਘ ਨੇ ਨਰਮੇ ਦੀ ਫ਼ਸਲ ਹੇਠ ਰਕਬਾ ਵਧਾਉਣ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਦਿਆਂ ਪ੍ਰਮਾਣਿਤ ਕਿਸਮਾਂ ਬੀਜਣ ਅਤੇ ਬਿਜਾਈ ਦੇ ਸਹੀ ਢੰਗਾਂ ਤੇ ਖਾਦ ਖੁਰਾਕ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਡਾ. ਹਰਦੀਪ ਸਿੰਘ ਨੇ ਬਿਜਾਈ ਦੇ ਢੁਕਵੇਂ ਸਮੇਂ, ਬਿਜਾਈ ਦੇ ਢੰਗਾਂ ਅਤੇ ਸਿੰਚਾਈ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸਾਨਾਂ ਨੂੰ ਪ੍ਰਮਾਣਿਤ ਬੀਜਾਂ ਤੇ 33 ਫੀਸਦੀ ਸਬਸਿਡੀ ਦੇਣ ਤੋਂ ਇਲਾਵਾ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪੰਦਰਾਂ ਸੌ ਰੁਪਏ ਪ੍ਰਤੀ ਏਕੜ ਸਰਕਾਰ ਵੱਲੋਂ ਮਾਲੀ ਮਦਦ ਦਿੱਤੀ ਜਾਵੇਗੀ। ਡਾ. ਜਸਵਿੰਦਰ ਕੁਮਾਰ ਨੇ ਨਰਮੇ ਦੀ ਫ਼ਸਲ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਮੂੰਗੀ ਦੀ ਬਿਜਾਈ ਕਰਨ ਤੋਂ ਗੁਰੇਜ਼ ਕਰਨ ਅਤੇ ਖੇਤਾਂ ਦੇ ਆਲੇ ਦੁਆਲੇ ਤੋਂ ਨਦੀਨਾਂ ਨੂੰ ਨਸ਼ਟ ਕਰਨ ਦਾ ਸੁਝਾਅ ਦਿੱਤਾ। ਡਾ. ਅਮਨਦੀਪ ਕੌਰ ਨੇ ਕਿਸਾਨਾਂ ਨੂੰ ਮਿੱਟੀ ਪਾਣੀ ਦੀ ਪਰਖ ਦੇ ਆਧਾਰ ਤੇ ਖਾਦਾਂ ਦੀ ਸੁਚੱਜੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਕੈਂਪ ਵਿੱਚ ਤਾਰਾ ਸਿੰਘ, ਸਵਰਨਜੀਤ ਸਿੰਘ, ਗੁਰਮੀਤ ਸਿੰਘ ਖੇਤੀਬਾੜੀ ਉਪ ਨਿਰੀਖਕ ਅਤੇ ਪਿੰਡਾਂ ਦੇ ਅਗਾਂਹਵਧੂ ਕਿਸਾਨਾਂ ਨੇ ਭਾਗ ਲਿਆ।

## ਚੋਪੜਾ ਪਰਵਾਰ ਨੇ ਗਾਜ਼ੀਪੁਰ ਗਊਸ਼ਾਲਾ ਵਿਖੇ ਕੀਤੀ ਹਰੇ ਚਾਰੇ ਦੀ ਸੇਵਾ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਇਲਾਕੇ ਦੇ ਨਾਮੀ ਐਡਵੋਕੇਟ ਰਿਸ਼ੀ ਚੋਪੜਾ ਅਤੇ ਉਨ੍ਹਾ ਦੀ ਧਰਮਪਤਨੀ ਮਾਨਸੀ ਚੋਪੜਾ ਦੇ ਵਿਆਹ ਦੀ ਵਰ੍ਹੇਗੰਢ ਮੌਕੇ ਉਨ੍ਹਾ ਦੇ ਪਿਤਾ ਨਲਿਨੀ ਚੋਪੜਾ ਬਿੱਟੂ, ਮਾਤਾ ਸੁਮਨ ਚੋਪੜਾ ਅਤੇ ਸਮੂਹ ਚੋਪੜਾ ਪਰਵਾਰ ਵੱਲੋਂ ਇਸ ਪਰਵਾਰਕ ਖੁਸ਼ੀ ਮੌਕੇ ਗਾਜ਼ੀਪੁਰ ਸਰਕਾਰੀ ਗਊਸ਼ਾਲਾ ਵਿਖੇ ਗਊਆਂ ਲਈ ਹਰੇ ਚਾਰੇ ਦੀ ਟਰਾਲੀ ਦੀ ਸੇਵਾ ਕੀਤੀ ਗਈ। ਇਸ ਤੋਂ ਪਹਿਲਾਂ ਵੀ ਚੋਪੜਾ ਪਰਵਾਰ ਵਲੋਂ ਇਸ ਗਊਸ਼ਾਲਾ ਨੂੰ ਸਮੇਂ ਸਮੇਂ ਤੇ ਸੇਵਾਵਾਂ ਦਿੱਤੀਆਂ ਜਾਂਦੀਆਂ ਆ ਰਹੀਆਂ ਹਨ। ਇਸ ਮੌਕੇ ਨਲਿਨੀ ਚੋਪੜਾ ਨੇ ਕਿਹਾ ਕਿ ਗਊ ਸੇਵਾ ਸਭ ਤੋਂ ਉੱਤਮ ਸੇਵਾ ਹੈ ਅਤੇ ਹਰ ਵਿਅਕਤੀ ਨੂੰ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢਦੇ ਹੋਏ ਕੁਝ ਹਿੱਸਾ ਗਊ ਸੇਵਾ ਲਈ ਆਪਣੇ ਹੱਥੀਂ ਖਰਚ ਕਰਨਾ ਚਾਹੀਦਾ ਹੈ। ਇਸ ਮੌਕੇ ਗਊ ਸੇਵਕ ਟਿੰਕਾ ਗਾਜੇਵਾਸ, ਲਖਵਿੰਦਰ ਸਿੰਘ ਜਵੰਦਾ, ਸੁਭਾਸ਼ ਪਾਠਕ, ਹਰਜਿੰਦਰ ਸਿੰਘ ਜਵੰਦਾ ਅਤੇ ਸਮਾਣਾ ਬ੍ਰੈਕਿੰਗ ਟੀਮ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਪਰਵਾਰਕ ਖੁਸ਼ੀਆਂ ਜਿਵੇਂ ਕਿ ਜਨਮ ਦਿਨ, ਵਰ੍ਹੇਗੰਢ ਆਦਿ ਮੌਕੇ ਗਾਜ਼ੀਪੁਰ ਗਊਸ਼ਾਲਾ ਵਿਖੇ ਹਰੇ ਚਾਰੇ, ਦਾਣੇ, ਗੁੜ ਆਦਿ ਦੀ ਸੇਵਾ ਜ਼ਰੂਰ ਅੱਗੇ ਆਉਣ। ਇਸ ਮੌਕੇ ਆਸ਼ੀਸ਼ ਚੋਪੜਾ, ਧਰੁਵਿਕਾ ਚੋਪੜਾ ਅਤੇ ਰਮਨ ਮਹਿੰਦਰਾ ਵੀ ਮੌਜੂਦ ਰਹੇ।

## 26 ਮਈ ਦੀ ਮੋਗਾ ਰੈਲੀ ਦੇ ਸੰਬੰਧ 'ਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਮੀਟਿੰਗ



ਬਾਘਾ ਪੁਰਾਣਾ (ਮਨੀ ਸਿੰਗਲਾ)-ਕਿਰਤੀ ਕਿਸਾਨ ਯੂਨੀਅਨ ਬਲਾਕ ਬਾਘਾ ਪੁਰਾਣਾ ਵੱਲੋਂ ਅੱਜ ਪਿੰਡ ਰੋਡੇ ਵਿਖੇ ਬਲਾਕ ਪ੍ਰਧਾਨ ਅਜਮੇਰ ਸਿੰਘ ਛੋਟਾ ਘਰ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ, ਜਿਸ ਵਿਚ ਸੂਬਾਈ ਆਗੂ ਅਤੇ ਜ਼ਿਲਾ ਜਨਰਲ ਸਕੱਤਰ ਚਮਕੌਰ ਸਿੰਘ ਰੋਡੇ ਖੁਰਦ ਅਤੇ ਔਰਤ ਵਿੰਗ ਦੇ ਜ਼ਿਲਾ ਕਨਵੀਨਰ ਛਿੰਦਰਪਾਲ ਕੌਰ ਰੋਡੇ ਖੁਰਦ ਨੇ ਸ਼ਿਰਕਤ ਕੀਤੀ। ਮੀਟਿੰਗ ਦੇ ਸੰਬੰਧ ਵਿਚ ਬਲਾਕ ਪ੍ਰੈੱਸ ਸਕੱਤਰ ਜਸਮੇਲ ਸਿੰਘ ਰਾਜਿਆਣਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਕਿਸਾਨੀ ਦਿਨੋ-ਦਿਨ ਕਮਜ਼ੋਰ ਹੁੰਦੀ ਜਾ ਰਹੀ ਹੈ, ਸੋ ਕਿਸਾਨੀ ਨੂੰ ਉੱਪਰ ਚੁੱਕਣ ਲਈ ਅਤੇ ਕਿਸਾਨੀ ਮਸਲਿਆਂ ਤਹਿਤ ਕਿਰਤੀ ਕਿਸਾਨ ਯੂਨੀਅਨ ਵੱਲੋਂ 26 ਮਈ ਨੂੰ ਮੋਗਾ ਦੀ ਅਨਾਜ ਮੰਡੀ ਵਿਚ ਮਹਾਂ ਰੈਲੀ ਕੀਤੀ ਜਾ ਰਹੀ ਹੈ। ਇਸ ਦੌਰਾਨ ਜ਼ਿਲਾ ਸਕੱਤਰ ਚਮਕੌਰ ਸਿੰਘ ਰੋਡੇ ਖੁਰਦ, ਔਰਤ ਵਿੰਗ ਦੇ ਛਿੰਦਰਪਾਲ ਕੌਰ ਰੋਡੇ ਖੁਰਦ ਅਤੇ ਜਸਮੇਲ ਸਿੰਘ ਰਾਜਿਆਣਾ ਨੇ ਮੀਟਿੰਗ ਵਿਚ ਆਏ ਹੋਏ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੋ 26 ਮਈ ਦੀ ਰੈਲੀ ਹੈ, ਉਹ ਕਿਸਾਨੀ ਮੰਗਾਂ ਜਿਵੇਂ ਪਾਣੀ ਦੀ ਪੰਜਾਬ ਲਈ ਵੱਡੀ ਸਮੱਸਿਆ ਹੈ, ਸੋ ਇਸ ਕਰ ਕੇ ਕਿਸਾਨ ਦੇ ਹਰੇਕ ਖੇਤ ਤੱਕ ਪਾਣੀ ਪਹੁੰਚਾਉਣ, ਮੋਘਿਆ ਉੱਪਰ ਰਿਚਾਰਜ ਪੁਆਇੰਟ ਸਥਾਪਤ ਕਰਵਾਉਣ, ਰਿਪੇਰੀਅਨ ਕਾਨੂੰਨ ਮੁਤਾਬਕ ਪੰਜਾਬ ਨੂੰ ਪਾਣੀ ਦੀ ਕੀਮਤ, ਦਰਿਆਈ ਪਾਣੀਆਂ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ, ਹਰੇ ਇਨਕਲਾਬ ਵਾਲੇ ਮਾਡਲ ਨੂੰ ਤਿਆਗ ਕੇ ਹੰਢਣਸਾਰ, ਮਜ਼ਬੂਤ, ਟਿਕਾਊ ਅਤੇ ਕਿਸਾਨ ਪੱਖੀ ਮਾਡਲ ਅਪਣਾਉਣ ਅਤੇ ਲਾਗੂ ਕਰਵਾਉਣ ਲਈ, ਕਿਸਾਨੀ ਕਰਜ਼ੇ ਉੱਪਰ ਲਕੀਰ ਮਾਰਨ ਲਈ, ਕੇਂਦਰ ਸਰਕਾਰ ਵੱਲੋਂ ਸੂਬਿਆਂ ਦੇ ਅਧਿਕਾਰਾਂ 'ਤੇ ਡਾਕੇ ਮਾਰਨੇ ਬੰਦ ਕਰਵਾਉਣ ਲਈ ਅਤੇ ਹੋਰ ਵੀ ਕਿਸਾਨੀ ਮਸਲਿਆਂ ਤਹਿਤ ਇਹ 26 ਦੀ ਮੋਗਾ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿਚ ਪੰਜਾਬ ਦੇ 17 ਜ਼ਿਲਿਆਂ ਤੋਂ ਤਕਰੀਬਨ 13 ਤੋਂ 15 ਹਜ਼ਾਰ ਤੱਕ ਕਾਰਕੁੰਨਾਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ। ਮੀਟਿੰਗ ਕਰਨ ਉਪਰੰਤ ਬਾਘਾ ਪੁਰਾਣਾ ਦੇ ਬਲਾਕ ਆਗੂਆਂ ਦੀ ਰੈਲੀ ਨੂੰ ਸਫਲ ਬਣਾਉਣ ਲਈ, ਪਿੰਡਾਂ ਵਿਚ ਡੋਰ ਟੂ ਡੋਰ ਜਾ ਕੇ, ਗੱਡੀਆਂ ਉੱਪਰ ਸਪੀਕਰ ਬੰਨ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ।

ਇਸ ਦੌਰਾਨ ਬਲਾਕ ਪ੍ਰਧਾਨ ਅਜਮੇਰ ਸਿੰਘ, ਬਲਵਿੰਦਰ ਸਿੰਘ, ਚਰਨਜੀਤ ਸਿੰਘ ਛੋਟਾਘਰ, ਜਗਵਿੰਦਰ ਕੌਰ ਰਾਜਿਆਣਾ ਖਜ਼ਾਨਚੀ, ਹਰਜਿੰਦਰ ਸਿੰਘ ਵੈਰੋਕੇ, ਗੁਰਸੇਵਕ ਸਿੰਘ, ਵੱਸਣ ਸਿੰਘ, ਜਸਕਰਨ ਸਿੰਘ, ਸੁਖਦੇਵ ਸਿੰਘ, ਰੇਸ਼ਮ ਸਿੰਘ, ਸੁਖਜੀਤ ਸਿੰਘ ਭਲੂਰ, ਕੁਲਦੀਪ ਰੋਡੇ, ਅਮਰੀਕ ਸਿੰਘ, ਅੰਗਰੇਜ ਸਿੰਘ ਕੋਟਲਾ, ਅਮਰਜੀਤ ਕੌਰ, ਕੁਲਵੰਤ ਕੌਰ ਰੋਡੇ ਆਦਿ ਆਗੂ ਹਾਜ਼ਰ ਸਨ।

## ਰਾਸ਼ਟਰੀ ਪੱਧਰ 'ਤੇ ਗਤਕੇ ਨੂੰ ਮਾਨਤਾ ਮਿਲਣਾ ਸਿੱਖ ਕੌਮ ਲਈ ਮਾਣ ਵਾਲੀ ਗੱਲ : ਤੂਰ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਭਾਰਤ ਸਰਕਾਰ ਦੇ ਖੇਡ ਮੰਤਰਾਲੇ ਤੇ ਇੰਡੀਅਨ ਓਲੰਪਿਕ ਐਸੋਸੀਏਸ਼ਨ ਵੱਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਦੇਣਾ ਸਮੁੱਚੀ ਸਿੱਖ ਕੌਮ ਤੇ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਕਰਦਿਆਂ ਦੱਸਿਆ ਕਿ ਗੋਆ ਵਿੱਚ ਅਕਤੂਬਰ ਮਹੀਨੇ ਹੋਣ ਜਾ ਰਹੀਆਂ 37ਵੀਆਂ ਨੈਸ਼ਨਲ ਗੇਮਜ਼ ਵਿੱਚ ਗੱਤਕੇ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਜਿੱਥੇ ਖੇਡ ਨੂੰ ਰਾਸ਼ਟਰੀ ਪੱਧਰ 'ਤੇ ਪਹਿਚਾਣ ਮਿਲੇਗੀ, ਉੱਥੇ ਅੰਤਰਰਾਸ਼ਟਰੀ ਪੱਧਰ 'ਤੇ ਗੱਤਕੇ ਦੇ ਪ੍ਰਚਾਰ ਤੇ ਪ੍ਰਸਾਰ ਲਈ ਹੋਰ ਬਲ ਮਿਲੇਗਾ। ਫ਼ਰਵਰੀ 2023 ਵਿੱਚ ਮੱਧ ਪ੍ਰਦੇਸ਼ ਦੇ ਮੰਡਲਾ ਸ਼ਹਿਰ ਵਿੱਚ ਹੋਏ 'ਖੇਲੋ ਇੰਡੀਆ' ਟੂਰਨਾਮੈਂਟ ਵਿੱਚ ਬਤੌਰ ਕੰਪੀਟੀਸ਼ਨ ਮੈਨੇਜਰ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਬਲਜਿੰਦਰ ਸਿੰਘ ਤੂਰ ਨੇ ਕਿਹਾ ਕਿ ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਸਾਲ 2008 ਤੋਂ ਗੱਤਕੇ ਨੂੰ ਹੋਰ ਖੇਡਾਂ ਦੀ ਤਰ੍ਹਾਂ ਮਾਨਤਾ ਦਿਵਾਉਣ ਲਈ ਕੰਮ ਕਰ ਰਹੀ ਹੈ। ਇਸ ਫੈਡਰੇਸ਼ਨ ਦੀਆਂ ਨਿਰੰਤਰ ਕੋਸ਼ਿਸ਼ਾਂ ਦੇ ਸਦਕਾ ਅੱਜ ਭਾਰਤ ਦੇ ਲਗਭਗ 25 ਰਾਜਾਂ ਵਿੱਚ ਗੱਤਕਾ ਖੇਡ ਖੇਡੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਸਟੇਟ ਸਪੋਰਟਸ ਕੌਂਸਲ ਤੇ ਪੰਜਾਬ ਓਲੰਪਿਕ ਐਸੋਸੀਏਸ਼ਨ ਵੱਲੋਂ ਪੰਜਾਬ ਗੱਤਕਾ ਐਸੋਸੀਏਸ਼ਨ ਨੂੰ ਮਾਨਤਾ ਦਿੰਦੇ ਹੋਏ ਗੱਤਕਾ ਖੇਡ ਨੂੰ ਗ੍ਰੇਡੇਸ਼ਨ ਪਾਲਸੀ ਵਿੱਚ ਵੀ ਸ਼ਾਮਲ ਕਰ ਲਿਆ ਗਿਆ ਹੈ। ਉਨ੍ਹਾਂ ਨੇ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ, ਜੀ.ਟੀ.ਸੀ.ਸੀ. ਦੇ ਚੇਅਰਮੈਨ ਅਮਿਤਾਭ ਸ਼ਰਮਾ, ਭੁਪਿੰਦਰ ਸਿੰਘ ਬਾਜਵਾ ਮੈਂਬਰ ਇੰਡੀਅਨ ਓਲੰਪਿਕ ਐਸੋਸੀਏਸ਼ਨ ਦਾ ਵੀ ਖਾਸ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਦੀ ਬਦੌਲਤ ਇਸ ਖੇਡ ਨੂੰ ਰਾਸ਼ਟਰੀ ਖੇਡਾਂ ਵਿੱਚ ਸ਼ਾਮਲ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਗੱਤਕਾ ਖੇਡ ਨੂੰ ਇਸ ਮੁਕਾਮ ਤੱਕ ਪਹੁੰਚਾਉਣ ਲਈ 8 ਰਾਸ਼ਟਰੀ ਪੱਧਰ ਦੇ ਗੱਤਕਾ ਕੱਪ ਕਰਵਾਉਣ ਵਾਲੇ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਡਾਇਰੈਕਟਰ ਐੱਸ. ਪੀ. ਸਿੰਘ ਓਬਰਾਏ, ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਦੇ ਪ੍ਰਧਾਨ ਹਰਚਰਨ ਸਿੰਘ ਭੁੱਲਰ, ਵਾਇਸ ਪ੍ਰਧਾਨ ਡਾ. ਰਜਿੰਦਰ ਸਿੰਘ ਸੋਹਲ, ਗੱਤਕਾ ਮਾਸਟਰ ਮਨਜੀਤ ਸਿੰਘ ਦਾ ਅਹਿਮ ਯੋਗਦਾਨ ਰਿਹਾ।

## ...ਸਫ਼ਾ 5 ਦੇ ਬਾਕੀ

### ਦਿੱਲੀ ਸਰਕਾਰ ਤੇ ਕੇਂਦਰ..

ਰੋਕਣ ਲਈ ਹੈ। ਸੰਜੇ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ 'ਤੇ ਦੋਸ਼ ਲਾਉਂਦੇ ਹੋਏ ਕਿਹਾ ਕਿ ਉਹ ਚਾਹੁੰਦੇ ਹਨ ਕਿ ਗਰੀਬ ਅਤੇ ਆਮ ਆਦਮੀ ਪ੍ਰੇਸ਼ਾਨ ਅਤੇ ਗਰੀਬ ਹੋਰ ਪ੍ਰੇਸ਼ਾਨ ਹੀ ਬਣੇ। ਇਹ ਆਰਡੀਨੈਂਸ ਜਦ ਸੁਪਰੀਮ ਕੋਰਟ ਜਾਵੇਗਾ ਤਾਂ ਕੇਂਦਰ ਨੂੰ ਉਥੇ ਫਿਰ ਮੂੰਹ ਦੀ ਖਾਣੀ ਪਵੇਗੀ। ਅਸੀਂ ਸੰਸਦ ਤੋਂ ਸੜਕ 'ਤੇ ਇਸ ਦਾ ਵਿਰੋਧ ਕਰਾਂਗੇ। ਜ਼ਿਕਰਯੋਗ ਹੈ ਕਿ ਕੇਂਦਰ ਨੇ ਰਾਸ਼ਟਰੀ ਰਾਜਧਾਨੀ ਸਿਵਲ ਸੇਵਾਵਾਂ ਅਥਾਰਟੀ ਬਣਾਉਣ ਲਈ ਆਰਡੀਨੈਂਸ ਲਿਆਂਦਾ ਹੈ। ਇਸ ਆਰਡੀਨੈਂਸ ਰਾਹੀਂ ਕੇਂਦਰ ਨੇ ਲੈਫਟੀਨੈਂਟ ਗਵਰਨਰ ਨੂੰ ਤਬਾਦਲੇ ਅਤੇ ਤਾਇਨਾਤੀ ਦੀਆਂ ਸ਼ਕਤੀਆਂ ਦਿੱਤੀਆਂ ਹਨ। ਇਸ ਆਰਡੀਨੈਂਸ ਦੇ ਅਨੁਸਾਰ ਰਾਜਧਾਨੀ 'ਚ ਅਧਿਕਾਰੀਆਂ ਦੇ ਤਬਾਦਲੇ ਅਤੇ ਨਿਯੁਕਤੀ ਹੁਣ ਨੈਸ਼ਨਲ ਕੈਪੀਟਲ ਸਿਵਲ ਸਰਵਿਸਿਜ਼ ਅਥਾਰਟੀ (ਐੱਨ ਸੀ ਸੀ ਐੱਸ ਏ) ਜ਼ਰੀਏ ਕੀਤੀ ਜਾਵੇਗੀ। ਆਰਡੀਨੈਂਸ 'ਚ ਕਿਹਾ ਗਿਆ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਐੱਨ ਸੀ ਸੀ ਐੱਸ ਏ ਦੇ ਚੇਅਰਮੈਨ ਹੋਣਗੇ ਅਤੇ ਮੁੱਖ ਸਕੱਤਰ ਅਤੇ ਗ੍ਰਹਿ ਸਕੱਤਰ ਇਸ ਦੇ ਮੈਂਬਰ ਹੋਣਗੇ।

### ਕੇਂਦਰ ਦਾ ਆਰਡੀਨੈਂਸ ਕੋਰਟ..

ਆਰਡੀਨੈਂਸ ਪੂਰੀ ਤਰ੍ਹਾਂ ਗੈਰਕਾਨੂੰਨੀ ਅਤੇ ਜਨਤੰਤਰ ਖਿਲਾਫ਼ ਹੈ। ਕੇਜਰੀਵਾਲ ਨੇ ਕਿਹਾ—ਅਸੀਂ ਤਾਂ ਬਹੁਤ ਛੋਟੇ ਲੋਕ ਹਾਂ। ਕੇਂਦਰ ਸਰਕਾਰ ਸੁਪਰੀਮ ਕੋਰਟ ਨੂੰ ਚੈਲੰਜ ਕਰ ਰਹੀ ਹੈ ਕਿ ਤੁਸੀਂ ਜੋ ਮਰਜ਼ੀ ਆਦੇਸ਼ ਦੇ ਦਿਓ, ਅਸੀਂ ਉਸ ਨੂੰ ਬਦਲ ਦਿਆਂਗੇ। ਆਮ ਆਦਮੀ ਪਾਰਟੀ ਨੂੰ ਪੂਰਨ ਬਹੁਮਤ ਮਿਲਿਆ, ਪਰ ਮੋਦੀ ਸਰਕਾਰ ਹਮੇਸ਼ਾ ਸਾਡੀ ਸਰਕਾਰ ਨੂੰ ਰੋਕਣ ਦਾ ਕੰਮ ਕਰਦੀ ਹੈ। ਕੇਜਰੀਵਾਲ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਵਾਰ-ਵਾਰ ਕਿਹਾ ਕਿ ਸਾਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਚਾਹੀਦੀ ਹੈ, ਪਰ ਇਨ੍ਹਾਂ ਵਾਰ-ਵਾਰ ਆਮ ਆਦਮੀ ਪਾਰਟੀ ਨੂੰ ਕੰਮ ਕਰਨ ਤੋਂ ਰੋਕਿਆ।

### ਅੰਤ੍ਰਿੰਗ ਕਮੇਟੀ ਦੀ ਇਕੱਤਰਤਾ...

ਵਿਰੋਧੀ ਬਿਰਤਾਂਤ ਸਿਰਜਣ ਵਾਲਿਆਂ ਨੂੰ ਹੁਣ ਬਖਸ਼ਿਆ ਨਹੀਂ ਜਾਵੇਗਾ। ਅੰਤ੍ਰਿੰਗ ਕਮੇਟੀ ਨੇ ਇਸ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਲਿਆ ਹੈ। ਧਾਮੀ ਨੇ ਕਿ ਸਿੱਖਾਂ ਖਿਲਾਫ ਕਈ ਸੋਸ਼ਲ ਮੀਡੀਆ ਮੰਚ ਲਗਾਤਾਰ ਝੂਠਾ ਤੇ ਨਫ਼ਰਤੀ ਪ੍ਰਚਾਰ ਕਰ ਰਹੇ ਹਨ, ਜਿਨ੍ਹਾਂ 'ਤੇ ਸਰਕਾਰਾਂ ਸ਼ਿਕੰਜਾ ਨਹੀਂ ਕੱਸ ਰਹੀਆਂ। ਅਜਿਹੇ ਕਈ ਖਾਤਿਆਂ ਦੀ ਪਛਾਣ ਕਰਕੇ ਸ਼੍ਰੋਮਣੀ ਕਮੇਟੀ ਵੱਲੋਂ ਪੁਲਸ ਪ੍ਰਸ਼ਾਸਨ ਪਾਸ ਸ਼ਿਕਾਇਤਾਂ ਵੀ ਭੇਜੀਆਂ ਜਾ ਚੁੱਕੀਆਂ ਹਨ। ਉਹਨਾ ਕਿਹਾ ਕਿ ਹੁਣ ਇਸ ਮਾਮਲੇ ਨੂੰ ਸਬੂਤਾਂ ਸਮੇਤ ਭਾਰਤ ਸਰਕਾਰ ਪਾਸ ਪੇਸ਼ ਕੀਤਾ ਜਾਵੇਗਾ ਅਤੇ ਜੇਕਰ ਫਿਰ ਵੀ ਕਾਰਵਾਈ ਨਾ ਹੋਈ ਤਾਂ ਮਾਮਲਾ ਅਦਾਲਤ ਵਿੱਚ ਲੈ ਕੇ ਜਾਵਾਂਗੇ। ਉਹਨਾ ਪੰਜਾਬ ਅੰਦਰ ਲਗਾਤਾਰ ਵਾਪਰ ਰਹੀਆਂ ਬੇਅਦਬੀ ਅਤੇ ਗੁਰਦੁਆਰਾ ਸਾਹਿਬਾਨ ਦੀ ਮਰਯਾਦਾ ਭੰਗ ਕਰਨ ਵਾਲੀਆਂ ਘਟਨਾਵਾਂ 'ਤੇ ਸਰਕਾਰ ਦੇ ਅਵੇਸਲੇਪਣ ਦੀ ਵੀ ਤਿੱਖੀ ਆਲੋਚਨਾ ਕੀਤੀ। ਉਨ੍ਹਾ ਕਿਹਾ ਕਿ ਇਹ ਫਿਕਰਮੰਦੀ ਦੀ ਗੱਲ ਹੈ ਕਿ ਪੰਜਾਬ ਅੰਦਰ ਧਾਰਮਕ ਜਜ਼ਬਾਤਾਂ ਨਾਲ ਖੇਡਣ ਵਾਲਿਆਂ ਦੇ ਹੌਸਲੇ ਲਗਾਤਾਰ ਵਧ ਰਹੇ ਹਨ। ਪੰਜਾਬ ਸਰਕਾਰ ਇਸ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਸ 'ਤੇ ਗਹਿਰੀ ਚਿੰਤਾ ਪ੍ਰਗਟਾਈ ਅਤੇ ਇਸ ਮਾਮਲੇ ਨੂੰ ਕੇਂਦਰ ਦੇ ਗ੍ਰਹਿ ਮੰਤਰਾਲੇ ਪਾਸ ਰੱਖਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਧਾਰਮਕ ਭਾਵਨਾਵਾਂ ਨੂੰ ਸੱਟ ਮਾਰਨ ਵਾਲਿਆਂ ਖਿਲਾਫ ਸਖ਼ਤ ਕਾਨੂੰਨ ਬਣਨੇ ਚਾਹੀਦੇ ਹਨ ਅਤੇ ਸਮੇਂ ਸਿਰ ਮਿਸਾਲੀ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਉਨ੍ਹਾ ਗੁਰਦੁਆਰਾ ਕਮੇਟੀਆਂ ਅਤੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਹਰ ਸਮੇਂ ਗੁਰੂ ਘਰ ਅੰਦਰ ਪਹਿਰੇਦਾਰੀ ਯਕੀਨੀ ਬਣਾਈ ਜਾਵੇ। ਉਹਨਾ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਗੁਰੂ ਡਾਂਗਮਾਰ ਸਿੱਕਮ ਅਤੇ ਗੁਰਦੁਆਰਾ ਤਪੋ ਅਸਥਾਨ ਗੁਰੂ ਨਾਨਕ ਦੇਵ ਜੀ ਮੇਚੁਕਾ (ਅਰੁਣਾਚਲ ਪ੍ਰਦੇਸ਼) ਦੇ ਮਾਮਲਿਆਂ ਸੰਬੰਧੀ ਕਮੇਟੀਆਂ ਗਠਤ ਕੀਤੀਆਂ ਜਾ ਚੁੱਕੀਆਂ ਹਨ, ਜੋ ਜਲਦ ਹੀ ਸੰਬੰਧਤ ਸਰਕਾਰਾਂ ਨਾਲ ਗੱਲਬਾਤ ਲਈ ਜਾਣਗੀਆਂ। ਬੰਦੀ ਸਿੰਘਾਂ ਦੀ ਰਿਹਾਈ ਬਾਰੇ ਗੱਲ ਕਰਦਿਆਂ ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ 26 ਲੱਖ ਦੇ ਕਰੀਬ ਪ੍ਰੋਫਾਰਮੇ ਭਰੇ ਹਨ, ਜੋ ਜਲਦ ਰਾਜਪਾਲ ਪੰਜਾਬ ਰਾਹੀਂ ਰਾਸ਼ਟਰਪਤੀ ਨੂੰ ਭੇਜੇ ਜਾਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਬੀਤੇ ਸਮੇਂ ਦਰਬਾਰ ਸਾਹਿਬ ਨੇੜੇ ਹੋਏ ਧਮਾਕਿਆਂ ਦੇ ਮੱਦੇਨਜ਼ਰ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਗਏ ਹਨ ਅਤੇ ਹੋਰ ਲੋੜੀਂਦੇ ਪ੍ਰਬੰਧ ਕਰਨ ਬਾਰੇ ਵੀ ਕਾਰਵਾਈ ਜਾਰੀ ਹੈ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜਾਬ ਦੇ ਸਾਬਕਾ ਮੁੱਖ ਪਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ 'ਤੇ ਸ਼ੋਕ ਮਤਾ ਪਾਸ ਕਰਕੇ ਸ਼ਰਧਾਂਜਲੀ ਦਿੱਤੀ ਗਈ।

ਇਕੱਤਰਤਾ 'ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ, ਜਰਨੈਲ ਸਿੰਘ ਕਰਤਾਰਪੁਰ, ਸੁਰਜੀਤ ਸਿੰਘ ਤੁਗਲਵਾਲ, ਬਾਵਾ ਸਿੰਘ ਗੁਮਾਨਪੁਰਾ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਗੁਰਨਾਮ ਸਿੰਘ ਜੱਸਲ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਭੁਪਿੰਦਰ ਸਿੰਘ ਅਸੰਧ ਤੇ ਮਲਕੀਤ ਸਿੰਘ ਚੰਗਾਲ, ਸਕੱਤਰ ਪ੍ਰਤਾਪ ਸਿੰਘ, ਓ ਐੱਸ ਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਕੁਲਵਿੰਦਰ ਸਿੰਘ ਰਮਦਾਸ, ਗੁਰਿੰਦਰ ਸਿੰਘ ਮਥਰੇਵਾਲ, ਸਿਮਰਜੀਤ ਸਿੰਘ, ਮੀਤ ਸਕੱਤਰ ਗੁਰਚਰਨ ਸਿੰਘ ਕੁਹਾਲਾ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਇੰਚਾਰਜ ਗੁਰਨਾਮ ਸਿੰਘ, ਬਲਵਿੰਦਰ ਸਿੰਘ ਖੈਰਾਬਾਦ, ਤਰਸੇਮ ਸਿੰਘ ਗਿੱਲ, ਗੁਰਪ੍ਰਤਾਪ ਸਿੰਘ ਮਸਾਣੀਆਂ, ਐਕਸੀਅਨ ਜਤਿੰਦਰਪਾਲ ਸਿੰਘ ਤੇ ਸੁਖਜਿੰਦਰ ਸਿੰਘ ਆਦਿ ਹਾਜ਼ਰ ਸਨ।

### 'ਆਪ' ਵੱਲੋਂ ਭਾਜਪਾ ਦੇ...

ਕੇਜਰੀਵਾਲ ਸਰਕਾਰ ਤੋਂ ਸ਼ਕਤੀਆਂ ਖੋਹਣਾ ਹੈ।

2000 ਰੁਪਏ ਦੇ ਨੋਟ ਬੰਦ ਕਰਨ 'ਤੇ ਟਿੱਪਣੀ ਕਰਦਿਆਂ ਕੰਗ ਨੇ ਕਿਹਾ ਕਿ ਭਾਜਪਾ ਇੱਕ ਅਸਫਲ ਸਰਕਾਰ ਹੈ। 2016 'ਚ ਉਨ੍ਹਾਂ ਕਿਹਾ ਸੀ ਕਿ 2000 ਰੁਪਏ ਦੇ ਨੋਟ ਦੀ ਸ਼ੁਰੂਆਤ ਅਤੇ 500 ਅਤੇ 1000 ਰੁਪਏ ਦੇ ਨੋਟਾਂ ਨੂੰ ਬੰਦ ਕਰਨ ਨਾਲ ਕਾਲਾ ਧਨ ਵਾਪਸ ਆਵੇਗਾ, ਪਰ ਹੁਣ ਉਹ ਕਹਿ ਰਹੇ ਹਨ ਕਿ 2000 ਦੇ ਨੋਟਾਂ ਦੀ ਨੋਟਬੰਦੀ ਨਾਲ ਕਾਲੇ ਧਨ ਦਾ ਖਾਤਮਾ ਹੋ ਜਾਵੇਗਾ। ਇਹ ਸਾਰਾ ਕੁਝ ਦਰਸਾਉਂਦਾ ਹੈ ਕਿ ਭਾਜਪਾ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਹੈ।

ਕੰਗ ਨੇ ਕਿਹਾ ਕਿ ਭਾਜਪਾ 2024 ਦੀਆਂ ਆਮ ਚੋਣਾਂ ਵਿੱਚ ਬੁਰੀ ਤਰ੍ਹਾਂ ਹਾਰੇਗੀ, ਕਿਉਂਕਿ ਉਹ ਲੋਕਾਂ ਦੀ ਆਵਾਜ਼ ਨੂੰ ਦਬਾਉਣ ਵਿੱਚ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ ਅਤੇ ਲੋਕ ਅਰਵਿੰਦ ਕੇਜਰੀਵਾਲ ਅਤੇ 'ਆਪ' ਦੇ ਨਾਲ ਹਨ।

## ਵਿਧਾਇਕ ਵੱਲੋਂ 'ਆਪ ਦੀ ਸਰਕਾਰ, ਵਪਾਰੀ ਦੇ ਦੁਆਰ' ਮੁਹਿੰਮ ਦਾ ਪੋਸਟਰ ਰਿਲੀਜ਼



ਨਾਭਾ (ਵਰਿੰਦਰ ਵਰਮਾ)-ਆਮ ਆਦਮੀ ਪਾਰਟੀ ਵਪਾਰ ਮੰਡਲ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਜੈ ਜਿੰਦਲ ਵੱਲੋਂ ਸਰਪ੍ਰਸਤ ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਭਾ ਤੇ ਵਪਾਰ ਮੰਡਲ ਵਿੰਗ ਦੇ ਪੰਜਾਬ ਪ੍ਰਧਾਨ ਵਿਨੀਤ ਵਰਮਾ ਦੀ ਯੋਗ ਰਹਿਨੁਮਾਈ ਹੇਠ ਵਪਾਰੀਆਂ ਦੇ ਨਾਲ ਡੋਰ ਟੂ ਡੋਰ ਕਰਕੇ ਸੰਪਰਕ ਕੀਤਾ ਜਾ ਰਿਹਾ ਹੈ ਤਾਂ ਜੋ ਦੁਕਾਨਦਾਰਾਂ ਤੋਂ ਦਰਪੇਸ਼ ਸਮੱਸਿਆਵਾਂ, ਸ਼ਿਕਾਇਤਾਂ ਤੇ ਉਨ੍ਹਾਂ ਦੇ ਸੁਝਾਅ ਲਏ ਜਾ ਸਕਣ। ਜ਼ਿਲ੍ਹਾ ਪ੍ਰਧਾਨ ਅਜੈ ਜਿੰਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਜਿਹੀ ਪਹਿਲੀ ਸਰਕਾਰ ਹੈ, ਜਿਸ ਨੇ ਇਹ ਮੁਹਿੰਮ ਪੰਜਾਬ ਵਿੱਚ ਕੀਤੀ ਹੈ। ਉਨ੍ਹਾਂ ਕਿਹਾ ਕਿ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਯੋਗ ਅਗਵਾਈ ਹੇਠ ਇਸ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ ਤੇ ਬਜ਼ਾਰ ਵਿੱਚ ਇਕੱਲੇ ਇਕੱਲੇ ਦੁਕਾਨਦਾਰ ਤੱਕ ਪਹੁੰਚ ਕਰਕੇ ਉਨ੍ਹਾਂ ਦੇ ਸੁਝਾਅ ਤੇ ਸ਼ਿਕਾਇਤਾਂ ਇਕੱਤਰ ਕੀਤੀਆਂ ਜਾਣਗੀਆਂ। ਜ਼ਿਲ੍ਹਾ ਪ੍ਰਧਾਨ ਅਜੈ ਜਿੰਦਲ ਨੇ ਕਿਹਾ ਕਿ ਇਸ ਤੋਂ ਪਹਿਲਾਂ ਦੀਆਂ ਸਰਕਾਰਾਂ ਨੇ ਵਪਾਰੀਆਂ ਨਾਲ ਵੋਟ ਦੀ ਰਾਜਨੀਤੀ ਕੀਤੀ ਹੈ। ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਆਪ ਦੀ ਸਰਕਾਰ, ਵਪਾਰੀ ਦੇ ਦੁਆਰ ਮੁਹਿੰਮ ਦੀ ਸ਼ੁਰੂਆਤ ਲਈ ਵਪਾਰ ਮੰਡਲ ਵਿੰਗ ਦਾ ਪੋਸਟਰ ਰਿਲੀਜ਼ ਕੀਤਾ। ਉਨ੍ਹਾਂ ਪਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਸਮੱਸਿਆ ਹੈ ਤਾਂ ਉਹ ਬੇਝਿਜਕ ਉਨ੍ਹਾਂ ਦੇ ਫੋਨ ਨੰਬਰ ਜਾਂ ਉਨ੍ਹਾਂ ਦੇ ਦਫਤਰ ਵਿਖੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਪਹਿਲੀ ਸਰਕਾਰ ਹੈ ਜੋ ਆਮ ਲੋਕਾਂ ਤਕ ਸਿੱਧੇ ਸੰਪਰਕ ਕਰ ਰਹੀ ਹੈ।

ਇਸ ਮੌਕੇ ਨਰੇਸ਼ ਕੁਮਾਰ ਗਰਗ, ਅਵਤਾਰ ਸਿੰਘ ਧਾਲੀਵਾਲ, ਸਲੀਮ ਮੁਹੰਮਦ, ਅਸ਼ੋਕ ਗੋਇਲ, ਦਰਸ਼ਨ ਅਰੋੜਾ, ਅਸ਼ੋਕ ਅਰੋੜਾ, ਅਮਰ ਗਰਗ, ਸੰਜੀਵ ਕੁਮਾਰ ਸ਼ਿਲਪਾ, ਕਰਨ ਅਰੋੜਾ, ਆਸ਼ੂ ਗਰਗ, ਵਿਕੀ ਅਰੋੜਾ, ਸੁਰਿੰਦਰ ਗੁਪਤਾ, ਪਵਨ ਬਾਂਸਲ, ਵਿਨੈ ਗੁਪਤਾ, ਰਮੇਸ਼ ਬਾਂਸਲ ਤੇ ਹੋਰ ਵਪਾਰੀ ਆਗੂ ਮੌਜੂਦ ਸਨ।

## ਕੌਮਾਂਤਰੀ ਬਾਸਕਟਬਾਲ ਖਿਡਾਰਨ ਕਿਰਨ ਅਜੀਤਪਾਲ ਦਾ ਦੇਹਾਂਤ



ਚੰਡੀਗੜ੍ਹ (ਗੁਰਜੀਤ ਬਿੱਲਾ)-ਹਾਕੀ ਵਿਸ਼ਵ ਕੱਪ-1975 ਦੇ ਜੇਤੂ ਭਾਰਤੀ ਟੀਮ ਦੇ ਕਪਤਾਨ ਰਹੇ ਪਦਮਸ੍ਰੀ ਉਲੰਪੀਅਨ ਅਜੀਤਪਾਲ ਸਿੰਘ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾ ਦੀ ਪਤਨੀ ਅਤੇ ਕੌਮਾਂਤਰੀ ਬਾਸਕਟਬਾਲ ਖਿਡਾਰਨ ਕਿਰਨ ਅਜੀਤਪਾਲ ਦਾ ਦੇਹਾਂਤ ਹੋ ਗਿਆ। ਕਿਰਨ ਅਜੀਤਪਾਲ, ਜੋ 69 ਵਰ੍ਹਿਆਂ ਦੇ ਸਨ, ਸ਼ਨੀਵਾਰ ਨਵੀਂ ਦਿੱਲੀ ਵਿਖੇ ਅਕਾਲ ਚਲਾਣਾ ਕਰ ਗਏ। ਉਹ ਕੁਝ ਸਮੇਂ ਤੋਂ ਬਿਮਾਰ ਸਨ। ਉਹ ਆਪਣੇ ਪਿੱਛੇ ਪਤੀ ਤੇ ਦੋ ਪੁੱਤਰ ਛੱਡ ਗਏ। ਕਿਰਨ ਅਜੀਤਪਾਲ ਦਾ ਅੰਤਮ ਸੰਸਕਾਰ ਭਲਕੇ ਨਵੀਂ ਦਿੱਲੀ ਵਿਖੇ ਕੀਤਾ ਜਾਵੇਗਾ। ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਹਾਕੀ ਉਲੰਪੀਅਨ ਅਜੀਤਪਾਲ ਸਿੰਘ ਨਾਲ ਦੁੱਖ ਸਾਂਝਾ ਕਰਦਿਆਂ ਕਿਰਨ ਦੇ ਤੁਰ ਜਾਣ ਨੂੰ ਖੇਡ ਜਗਤ ਲਈ ਵੱਡਾ ਘਾਟਾ ਦੱਸਿਆ। ਉਨ੍ਹਾਂ ਕਿਹਾ ਕਿ ਅਜੀਤਪਾਲ ਸਿੰਘ ਤੇ ਉਨ੍ਹਾ ਦੀ ਪਤਨੀ ਕਿਰਨ ਅਜੀਤਪਾਲ ਦੋਵਾਂ ਨੇ ਕੌਮਾਂਤਰੀ ਪੱਧਰ 'ਤੇ ਖੇਡਾਂ ਦੇ ਖੇਤਰ 'ਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਸੂਬੇ ਅਤੇ ਦੇਸ਼ ਦਾ ਨਾਂਅ ਰੌਸ਼ਨ ਕੀਤਾ। ਅਜੀਤਪਾਲ ਸਿੰਘ ਨੇ ਜਿੱਥੇ ਹਾਕੀ 'ਚ ਵਿਸ਼ਵ ਕੱਪ ਤੇ ਉਲੰਪਿਕ 'ਚ ਭਾਰਤ ਦੀ ਕਪਤਾਨੀ ਕੀਤੀ, ਉੱਥੇ ਉਨ੍ਹਾ ਦੀ ਪਤਨੀ ਕਿਰਨ ਅਜੀਤਪਾਲ ਨੇ ਬਾਸਕਟਬਾਲ 'ਚ ਭਾਰਤ ਦੀ ਪ੍ਰਤੀਨਿਧਤਾ ਕੀਤੀ। ਖੇਡ ਜਗਤ 'ਚ ਉਹ ਗਿਣੀਆਂ-ਚੁਣਵੀਆਂ ਜੋੜੀਆਂ 'ਚੋਂ ਇਕ ਸਨ, ਜੋ ਭਾਰਤ ਵੱਲੋਂ ਖੇਡੇ। ਕਿਰਨ ਅਜੀਤਪਾਲ, ਜੋ ਬਾਸਕਟਬਾਲ 'ਚ ਕਿਰਨ ਗਰੇਵਾਲ ਵਜੋਂ ਜਾਣੇ ਜਾਂਦੇ ਸਨ, ਦਾ ਜੱਦੀ ਪਿੰਡ ਲਲਤੋਂ ਕਲਾਂ (ਲੁਧਿਆਣਾ) ਸੀ।

ਉਨ੍ਹਾ ਦਾ ਜਨਮ ਨਵੀਂ ਦਿੱਲੀ ਵਿਖੇ ਹੋਇਆ ਅਤੇ ਇੱਥੋਂ ਹੀ ਪੜ੍ਹਾਈ ਹਾਸਲ ਕੀਤੀ ਅਤੇ ਫੇਰ ਬਾਸਕਟਬਾਲ ਖੇਡੇ। ਅਜੀਤਪਾਲ ਸਿੰਘ ਹਾਕੀ ਦੇ ਮੱਕੇ ਵਜੋਂ ਜਾਣੇ ਜਾਂਦੇ ਪਿੰਡ ਸੰਸਾਰਪੁਰ (ਜਲੰਧਰ) ਦੇ ਰਹਿਣ ਵਾਲੇ ਹਨ। ਉਹ ਪਰਵਾਰ ਸਮੇਤ ਲੰਮੇ ਸਮੇਂ ਤੋਂ ਨਵੀਂ ਦਿੱਲੀ ਵਿਖੇ ਹੀ ਰਹਿ ਰਹੇ ਹਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

21-May-PAGE-11-Majha-23.qxd 5/20/2023 10:32 PM Page 1



# ਕਾਮਰੇਡ ਦੀਪਕ ਧਵਨ ਤੇ ਉਸਦੇ ਸਾਥੀਆਂ ਦੀ ਬਰਸੀ 28 ਨੂੰ : ਦਰਾਜਕੇ



ਪੱਟੀ, (ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)-ਕਾਮਰੇਡ ਦੀਪਕ ਧਵਨ ਦੇ ਉਸਦੇ ਸਾਥੀਆਂ ਦੀ ਬਰਸੀ ਮਨਾਉਣ ਲਈ ਦਿਹਾਤੀ ਮਜ਼ਦੂਰ ਸਭਾ ਵੱਲੋਂ ਮਨਰੇਗਾ ਵਰਕਰਾਂ ਦੀਆਂ ਭਰਵੀਆਂ ਮੀਟਿੰਗਾਂ ਰਸੂਲਪੁਰ, ਚੀਮਾ, ਛੀਨਾ, ਭੁੱਚਰ ਆਦਿ ਪਿੰਡਾਂ 'ਚ ਜਰਨੈਲ ਸਿੰਘ ਰਸੂਲਪੁਰ ਅਤੇ ਸੀਮਾ ਚੀਮਾ ਦੀ ਪ੍ਰਧਾਨਗੀ 'ਚ ਕਰਵਾਈਆਂ ਗਈਆਂ। ਇਨ੍ਹਾਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਮਜ਼ਦੂਰਾਂ ਦੇ ਵੱਡੇ ਆਗੂ ਕਾਮਰੇਡ ਦੀਪਕ ਧਵਨ ਅਤੇ ਉਨ੍ਹਾਂ ਦੇ ਯੁੱਧ ਸਾਥੀਆਂ ਦੀ ਸਲਾਨਾ ਬਰਸੀ 28 ਮਈ ਨੂੰ ਤਰਨ ਤਾਰਨ ਗਾਂਧੀ ਪਾਰਕ 'ਚ ਮਨਾਈ ਜਾ ਰਹੀ ਹੈ। ਬਰਸੀ ਮੌਕੇ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਅਤੇ ਕੇਂਦਰ ਦੀ ਮੋਦੀ ਸਰਕਾਰ ਦੀ ਤਿੱਖੀ ਅਲੋਚਨਾ ਕਰਦਿਆਂ ਕਿਹਾ ਕਿ ਮਨਰੇਗਾ ਯੋਜਨਾ ਦੇ ਫੰਡਾਂ ਵਿੱਚ ਕੱਟ ਲਾ ਦਿੱਤਾ ਹੈ ਅਤੇ ਜੋ ਮਨਰੇਗਾ ਤਹਿਤ ਪਿੰਡਾਂ ਵਿੱਚ ਕੰਮ ਕਰਵਾਇਆ ਜਾਦਾ ਸੀ ਉਸ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਰਾਜਕੇ ਨੇ ਕਿਹਾ ਕਿ ਪੰਜਾਬ ਸਰਕਾਰ ਮਨਰੇਗਾ ਤਹਿਤ ਮਜ਼ਦੂਰਾਂ ਨੂੰ ਕੰਮ ਦੇਵੇ ਅਤੇ ਮਜ਼ਦੂਰਾਂ ਦਾ ਬਣਦਾ ਮਿਹਨਤਾਨਾ ਸਮੇਂ ਸਿਰ ਦਿੱਤਾ ਜਾਵੇ। ਲੋੜਵੰਦ ਲੋਕਾਂ ਨੂੰ 5-5 ਮਰਲੇ ਦੇ ਪਲਾਟ ਦਿੱਤੇ ਜਾਣ ਅਤੇ ਘਰ ਬਣਾਉਣ ਲਈ ਪੰਜ-ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਜਾਵੇ। ਗਰੀਬ ਵਰਗ ਦੇ ਬੱਚਿਆਂ ਨੂੰ ਬੀਏ ਤੱਕ ਦੀ ਵਿੱਦਿਆ ਫ੍ਰੀ ਦਿੱਤੀ ਜਾਵੇ ਅਤੇ ਸਿਹਤ ਸੇਵਾਵਾਂ ਮੁਫਤ ਦਿੱਤੀਆਂ ਜਾਣ, ਪੰਚਾਇਤੀ ਜ਼ਮੀਨ 'ਚੋਂ ਬਣਦਾ ਤੀਸਰਾ ਹਿੱਸਾ ਮਜ਼ਦੂਰਾਂ ਨੂੰ ਦੇਣ ਲਈ ਸਖਤ ਕਦਮ ਚੁੱਕੇ ਜਾਣ। ਉਨ੍ਹਾਂ ਕਿਹਾ ਕਿ ਗਰੀਬ ਲੋਕਾਂ 5-5 ਮਰਲੇ ਦੇ ਪਲਾਟਾਂ ਦੀ ਪ੍ਰਾਪਤੀ ਲਈ ਆਉਣ ਵਾਲੇ ਸਮੇਂ 'ਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਪਿੰਡ-ਪਿੰਡ ਦਿਹਾਤੀ ਮਜ਼ਦੂਰ ਸਭਾ ਦੀਆਂ ਇਕਾਈਆਂ ਗਠਤ ਕਰਕੇ ਹੁਣ ਤੋਂ ਹੀ ਸੰਘਰਸ਼ ਦਾ ਬਿਗਲ ਵਜਾਉਣਾ ਚਾਹੀਦਾ ਹੈ।

# ਸ਼ਹੀਦ ਸਾਰਜ ਸਿੰਘ ਦੀ ਬਹਿਕ ਨੂੰ ਜਾਂਦੀ ਸੜਕ ਪੱਕੀ ਕੀਤੀ ਜਾਵੇ: ਮਾੜੀਮੇਘਾ

ਭਿੱਖੀਵਿੰਡ (ਨਜ਼ਸ)-ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਹੈ ਕਿ ਬੜੀ ਹੈਰਾਨੀ ਹੋਈ ਜਦੋਂ ਪਾਰਟੀ ਦੀ ਸਾਲਾਨਾ ਉਗਰਾਹੀ ਕਰਦਿਆਂ ਅਜੀਤ ਸਿੰਘ ਟਿਕਟੀਏ ਦੀ ਬਹਿਕ 'ਤੇ ਗਏ ਤਾਂ ਉਸ ਤੋਂ ਜਾਣਕਾਰੀ ਮਿਲੀ ਕਿ ਉਸ ਦਾ ਪੁੱਤਰ ਸਾਰਜ ਸਿੰਘ 2003 ਵਿੱਚ ਜੰਮੂ-ਕਸ਼ਮੀਰ ਬਾਰਾਮੂਲਾ ਇਲਾਕੇ ਵਿੱਚ ਪਾਕਿਸਤਾਨੀ ਅੱਤਵਾਦੀਆਂ ਨਾਲ ਲੋਹਾ ਲੈਂਦਾ ਸ਼ਹੀਦ ਹੋ ਗਿਆ ਸੀ ਤੇ ਸਰਕਾਰ ਨੇ ਬਹਿਕ ਨੂੰ ਜਾਂਦੀ ਸੜਕ ਪੱਕੀ ਕਰਨ ਦਾ ਐਲਾਨ ਕੀਤਾ ਸੀ ਪਰ ਅਮਲ ਨਹੀਂ ਹੋਇਆ।

ਅਜੀਤ ਸਿੰਘ ਨੇ ਦੱਸਿਆ ਕਿ ਸਰਕਾਰ ਨੇ ਪਰਿਵਾਰ ਨੂੰ ਮਾਣ-ਸਨਮਾਨ ਬਖਸ਼ਣ ਵਾਸਤੇ ਘਰ ਤੱਕ ਸੜਕ ਪੱਕੀ ਕਰਨ ਐਲਾਨ ਤਾਂ ਜ਼ਰੂਰ ਕਰ ਦਿੱਤਾ ਤੇ ਬਾਕੀ ਸਭ ਕਾਰਵਾਈ ਵੀ ਹੋ ਚੁੱਕੀ ਹੈ ਪਰ ਜ਼ਮੀਨੀ ਹਕੀਕਤ ਤੁਹਾਡੇ ਸਾਹਮਣੇ ਹੈ। ਮਾੜੀਮੇਘਾ ਨੇ ਡਿਪਟੀ ਕਮਿਸ਼ਨਰ ਨੂੰ ਅਪੀਲ ਕੀਤੀ ਹੈ ਕਿ ਸ਼ਹੀਦ ਸਾਰਜ ਸਿੰਘ ਦੀ ਬਹਿਕ ਨੂੰ ਜਾਂਦੀ ਸੜਕ ਨੂੰ ਬਣਾ ਕੇ ਸ਼ਹੀਦ ਦੇ ਪਰਿਵਾਰ ਨੂੰ ਮਾਣ-ਸਨਮਾਨ ਬਖਸ਼ਿਆ ਜਾਵੇ। ਇਸ ਮੌਕੇ ਸੀਪੀਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ ਤੇ ਰਛਪਾਲ ਸਿੰਘ ਬਾਠ ਵੀ ਹਾਜ਼ਰ ਸਨ।

# ਇਸਤਰੀ ਸਭਾ ਨੇ ਮਹਿਲਾ ਪਹਿਲਵਾਨਾਂ ਨੂੰ ਇਨਸਾਫ ਦਿਵਾਉਣ ਲਈ ਪ੍ਰਧਾਨ ਮੰਤਰੀ ਦੇ ਨਾਂਅ ਦਿੱਤਾ ਮੰਗ ਪੱਤਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਇਸਤਰੀ ਸਭਾ ਨੇ ਨੈਸ਼ਨਲ ਫੈਡਰੇਸ਼ਨ ਆਫ ਇੰਡੀਆ ਦੇ ਸੱਦੇ 'ਤੇ ਡੀ. ਸੀ. ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ਪੱਤਰ ਦੇ ਕੇ ਮੰਗ ਕੀਤੀ ਕਿ ਮਹਿਲਾ ਪਹਿਲਵਾਨਾਂ ਨਾਲ ਛੇੜਖਾਨੀ ਕਰਨ ਵਾਲੇ ਰੈਸਲਰ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਬ੍ਰਿਜ਼ ਭੂਸ਼ਨ ਸ਼ਰਨ ਸਿੰਘ ਨੂੰ ਬਿਨਾਂ ਕਿਸੇ ਦੇਰੀ ਦੇ ਅਹੁਦੇ ਤੋਂ ਬਰਖਾਸਤ ਕਰਕੇ ਗ੍ਰਿਫਤਾਰ ਕੀਤਾ ਜਾਵੇ।

ਪੰਜਾਬ ਇਸਤਰੀ ਸਭਾ ਅੰਮ੍ਰਿਤਸਰ ਦੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਡੀ. ਸੀ. ਦਫਤਰ ਪਹੁੰਚ ਕੇ ਮੰਗ ਪੱਤਰ ਸੌਂਪਿਆ। ਜਥੇ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਪ੍ਰਵੀਨ, ਜਨਰਲ ਸਕੱਤਰ ਸ਼ਰਨਜੀਤ ਕੌਰ ਕਰ ਰਹੀਆਂ ਸਨ। ਸਟੇਟ ਜਨਰਲ ਸਕੱਤਰ ਰਜਿੰਦਰਪਾਲ ਕੌਰ, ਨਰਿੰਦਰ ਪਾਲ ਸੂਬਾ ਸਰਪ੍ਰਸਤ, ਸੂਬਾ ਮੀਤ ਪ੍ਰਧਾਨ ਰੁਪਿੰਦਰ ਮਾੜੀਮੇਘਾ ਨੇ ਵੀ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਮਹਿਲਾ ਪਹਿਲਵਾਨ ਜਿਹੜੀਆਂ ਕਿ ਕਈ ਮਹੀਨਿਆ ਤੋਂ ਇਨਸਾਫ ਦੀ ਮੰਗ ਕਰਦੀਆਂ ਪ੍ਰਧਾਨ ਮੰਤਰੀ ਦੇ ਘਰ ਅਤੇ ਦਫਤਰ ਦੇ ਸਾਹਮਣੇ ਧਰਨੇ 'ਤੇ ਬੈਠੀਆਂ ਹਨ, ਦੀ ਕੋਈ ਸਾਰ ਲੈਣ ਨਹੀਂ ਆਇਆ। ਇਹ ਧਰਨਾ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ਼ ਭੂਸ਼ਣ ਸ਼ਰਨ ਸਿੰਘ ਦੇ ਖਿਲਾਫ ਹੈ ਜੋ ਕਿ ਬਲਾਤਕਾਰੀ ਹੈ ਅਤੇ ਨਾਬਾਲਗ ਬੱਚੀਆਂ ਦੀ ਇੱਜ਼ਤ ਨਾਲ ਖਿਲਵਾੜ ਕਰਨਾ ਉਸ ਦਾ ਪੇਸ਼ਾ ਹੈ। ਉਸ ਦੇ ਖਿਲਾਫ ਤਿੰਨ ਦਰਜਨ ਤੋਂ ਵਧੇਰੇ ਮੁਕੱਦਮੇ ਚੱਲਦੇ ਹਨ ਅਤੇ ਢੀਠਤਾਈ ਦੀਆਂ ਹੱਦਾਂ ਬੰਨੇ ਪਾਰ ਕਰ ਚੁੱਕਾ ਹੈ। ਦੇਸ਼ ਦੀ ਸਰਵ ਉੱਚ ਅਦਾਲਤ ਦੇ ਆਦੇਸ਼ਾਂ 'ਤੇ ਪੋਕਸੋ ਐਕਟ ਤੇ ਛੇੜਖਾਨੀ ਕਰਨ ਦੇ ਦੋ ਵੱਖ-ਵੱਖ ਮੁਕੱਦਮੇ ਦਰਜ ਹੋ ਚੁੱਕੇ ਹਨ ਪਰ ਫਿਰ ਵੀ ਇਸ ਦਰਿੰਦੇ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ ਹੈ। ਧਰਨਾਕਾਰੀ ਪਹਿਲਵਾਨ ਮੰਗ ਕਰ ਰਹੇ ਹਨ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਗ੍ਰਿਫਤਾਰ ਕਰਕੇ ਸਾਰੇ ਰਾਜਸੀ ਅਹੁਦਿਆਂ ਤੋਂ ਹਟਾਇਆ ਜਾਵੇ, ਪ੍ਰੰਤੂ ਸਰਕਾਰ 'ਤੇ ਇਸ ਦਾ ਕੋਈ ਅਸਰ ਨਾ ਹੋਣਾ ਸਾਬਤ ਕਰਦਾ ਹੈ ਕਿ ਭਾਜਪਾ ਸਰਕਾਰ ਇਸ ਦਰਿੰਦੇ ਦੀ ਸਿੱਧੇ ਤੌਰ 'ਤੇ ਮਦਦ ਕਰ ਰਹੀ ਹੈ। ਪ੍ਰਧਾਨ ਮੰਤਰੀ ਨੂੰ ਹੁਣ ਕੋਈ ਅਧਿਕਾਰ ਨਹੀ ਰਹਿ ਜਾਂਦਾ ਕਿ ਉਹ ਬੇਟੀ ਪੜ੍ਹਾਉ ਤੇ ਬੇਟੀ ਬਚਾਉ ਦਾ ਨਾਅਰਾ ਲਗਾਉਣ ਦੀ ਬਾਤ ਪਾਉਣ।

ਗੌਰਮਿੰਟ ਸਕੂਲ ਟੀਚਰ ਯੂਨੀਅਨ ਦੇ ਸੂਬਾਈ ਆਗੂ ਬਲਕਾਰ ਸਿੰਘ ਵਲਟੋਹਾ, ਉੱਘੇ ਲੇਖਕ, ਵਿਦਵਾਨ ਤੇ ਮਿੰਨੀ ਕਹਾਣੀ ਲੇਖਕ ਸਭਾ ਦੇ ਸੂਬਾਈ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ, ਊਸ਼ਾ ਦੀਪਤੀ, ਕਿਸਾਨ ਆਗੂ ਅਤੇ ਪਾਵਰ ਐਂਡ ਟਰਾਂਸਪੋਰਟ ਪੈਨਸ਼ਨ ਯੂਨੀਅਨ ਦੇ ਆਗੂ, ਨਾਰੀ ਚੇਤਨਾ ਮੰਚ ਦੇ ਪ੍ਰਧਾਨ ਜਸਪਾਲ ਭਾਟੀਆ ਅਤੇ ਸਿਮਰਜੀਤ ਨੇ ਵੀ ਇਸ ਸਮੇਂ ਇਕੱਠ ਨੂੰ ਸੰਬੋਧਨ ਕਰਦਿਆਂ ਬ੍ਰਿਜ਼ ਭੂਸ਼ਨ ਸ਼ਰਨ ਸਿੰਘ ਦੀ ਤੁਰੰਤ ਗ੍ਰਿਫਤਾਰੀ ਦੀ ਮੰਗ ਕੀਤੀ। ਸਮੂਹ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੰਤਰ-ਮੰਤਰ ਦਿੱਲੀ ਵਿਖੇ ਧਰਨੇ 'ਤੇ ਬੈਠੀਆਂ ਪਹਿਲਵਾਨ ਬੱਚੀਆਂ ਨੂੰ ਇਨਸਾਫ ਦੇਣ ਲਈ ਜੇਕਰ ਬ੍ਰਿਜ ਭੂਸ਼ਣ ਸ਼ਰਨ ਨੂੰ ਤੁਰੰਤ ਗ੍ਰਿਫਤਾਰ ਅਤੇ ਸਾਰੇ ਸਿਆਸੀ ਅਹੁਦਿਆਂ ਤੋਂ ਵੱਖ ਨਾ ਕੀਤਾ ਗਿਆ ਤਾਂ ਫਿਰ ਜਥੇਬੰਦੀਆਂ ਸੰਘਰਸ਼ ਨੂੰ ਹੋਰ ਤੇਜ਼ ਕਰ ਦੇਣਗੀਆਂ ਤੇ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਲਈ ਮੋਦੀ ਸਰਕਾਰ ਜ਼ਿੰਮੇਵਾਰ ਹੋਵੇਗੀ। ਬੁਲਾਰਿਆਂ ਨੇ ਮਹਾਨ ਨਾਟਕਕਾਰ ਗੁਰਸ਼ਰਨ ਸਿੰਘ ਦੀ ਬੇਟੀ ਡਾ: ਨਵਸ਼ਰਨ ਨੂੰ ਬੇਵਜ੍ਹਾ ਤੰਗ-ਪ੍ਰੇਸ਼ਾਨ ਕਰਨ ਦੀ ਵੀ ਨਿਖੇਧੀ ਕੀਤੀ। ਵੱਡੀ ਗਿਣਤੀ ਵਿੱਚ ਜਥੇਬੰਦੀਆਂ ਦੇ ਵਰਕਰ ਤੇ ਸਮਰਥਕ ਇਸ ਮੁਹਿੰਮ ਵਿੱਚ ਸ਼ਾਮਲ ਹੋਏ।

# ਚੇਅਰਮੈਨ ਰਮਨ ਬਹਿਲ ਨੇ ਨਵ-ਨਿਯੁਕਤ ਅਧਿਆਪਕਾਂ ਨੂੰ ਦਿੱਤੀ ਮੁਬਾਰਕਬਾਦ



ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਸਿੱਖਿਆ ਵਿਭਾਗ ਵਿੱਚ ਨਿਯੁਕਤ ਹੋਏ ਨਵੇਂ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਹੈ ਕਿ ਉਹ ਬੱਚਿਆਂ ਦੇ ਭਵਿੱਖ ਨੂੰ ਸੰਵਾਰਨ ਦਾ ਪਵਿੱਤਰ ਕਾਰਜ ਪੂਰੀ ਇਮਾਨਦਾਰੀ ਤੇ ਨਿਸ਼ਠਾ ਨਾਲ ਕਰਨ। ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਗੁਰਦਾਸਪੁਰ ਵਿਖੇ ਟਰੇਨਿੰਗ ਲੈ ਰਹੇ 37 ਨਵ-ਨਿਯੁਕਤ ਅਧਿਆਪਕਾਂ ਦੇ ਰੂ-ਬ-ਰੂ ਹੋ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਉਹ ਸਾਰੇ ਅਧਿਆਪਕ ਬੜੇ ਭਾਗਸ਼ਾਲੀ ਹਨ ਜਿਨ੍ਹਾਂ ਨੂੰ ਅਧਿਆਪਨ ਦੇ ਖੇਤਰ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਨਿਰਮਾਣ ਵਿੱਚ ਅਧਿਆਪਕ ਵਰਗ ਦਾ ਯੋਗਦਾਨ ਸਭ ਤੋਂ ਅਹਿਮ ਹੈ ਅਤੇ ਇਹੀ ਕਾਰਨ ਹੈ ਕਿ ਅਧਿਆਪਕਾਂ ਨੂੰ ਰਾਸ਼ਟਰ ਦੇ ਨਿਰਮਾਤਾ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹਰ ਮਾਂ-ਬਾਪ ਦਾ ਸੁਪਨਾ ਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹ-ਲਿਖ ਕੇ ਜ਼ਿੰਦਗੀ ਵਿੱਚ ਉੱਚੇ ਮੁਕਾਮ ਉੱਪਰ ਪਹੁੰਚੇ ਅਤੇ ਮਾਪੇ ਇਹ ਆਸ ਅਧਿਆਪਕ ਵਰਗ ਕੋਲੋਂ ਵੀ ਰੱਖਦੇ ਹਨ ਉਹ ਉਨ੍ਹਾਂ ਦੇ ਬੱਚੇ ਦੇ ਭਵਿੱਖ ਨੂੰ ਤਰਾਸ਼ਣਗੇ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੂੰ ਇਹ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਹ ਆਪਣੇ ਗਿਆਨ ਨੂੰ ਵਿਦਿਆਰਥੀਆਂ ਵਿੱਚ ਵੰਡ ਕੇ ਉਨ੍ਹਾਂ ਦਾ ਭਵਿੱਖ ਰੁਸ਼ਨਾਉਣ ਦੇ ਨਾਲ ਚੰਗੇ ਇਨਸਾਨ ਬਣਾਉਣ।

# ਪੰਜਾਬ ਟੀਚਰ ਆਫ਼ ਦਾ ਈਅਰ ਐਵਾਰਡ-2022' ਸਬੰਧੀ ਅਰਜ਼ੀਆਂ ਜਮ੍ਹਾ ਕਰਵਾਉਣ ਦੀ ਮਿਆਦ 'ਚ ਵਾਧਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਗਲੋਬਲ ਰੀਚ ਫਾਊਂਡੇਸ਼ਨ ਯੂਐਸਏ ਵੱਲੋਂ ਅਧਿਆਪਕਾਂ ਦੀ ਹੌਂਸਲਾ ਅਫ਼ਜ਼ਾਈ ਸਬੰਧੀ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ 'ਪੰਜਾਬ ਟੀਚਰ ਆਫ਼ ਦਾ ਈਅਰ ਐਵਾਰਡ-2022' ਸਬੰਧੀ ਅਰਜ਼ੀਆਂ ਜਮ੍ਹਾ ਕਰਵਾਉਣ ਦੀ ਤਾਰੀਖ 'ਚ ਵਾਧਾ ਕੀਤਾ ਗਿਆ ਹੈ। ਇਹ ਫ਼ੈਸਲਾ ਪ੍ਰੀਖਿਆਵਾਂ 'ਚ ਰੁੱਝੇ ਰਹਿਣ ਕਾਰਨ ਅਧਿਆਪਕਾਂ ਵੱਲੋਂ ਫ਼ਾਰਮ ਨਾ ਜਮ੍ਹਾ ਕਰਵਾਏ ਜਾ ਸਕਣ ਕਰ ਕੇ ਉਨ੍ਹਾਂ ਨੂੰ ਸਹੂਲਤ ਪ੍ਰਦਾਨ ਕਰਦਿਆਂ ਹੁਣ ਐਵਾਰਡ ਦੇ ਪ੍ਰੋਗਰਾਮ ਲਈ ਅਰਜ਼ੀਆਂ ਲੈਣ ਦੀ ਮਿਤੀ 15 ਜੂਨ 2023 ਨਿਰਧਾਰਿਤ ਕੀਤੀ ਗਈ ਹੈ ਜਦਕਿ ਦਸਤਾਵੇਜ਼ ਜਮ੍ਹਾ ਕਰਵਾਉਣ ਦੀ ਮਿਤੀ 1 ਜੁਲਾਈ ਹੀ ਰਹੇਗੀ।

ਇਸ ਸਾਲ ਦੇ ਉਲੀਕੇ ਜਾਣ ਵਾਲੇ ਪ੍ਰੋਗਰਾਮ ਦੀਆਂ ਤਿਆਰੀਆਂ ਬਾਰੇ ਅੱਜ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ, ਜੀਟੀ ਰੋਡ ਵਿਖੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਦੀ ਅਗਵਾਈ 'ਚ ਸਬੰਧਿਤ ਕਮੇਟੀ ਦੀ ਇਕ ਅਹਿਮ ਮੀਟਿੰਗ ਮੌਕੇ ਫ਼ਾਊਂਡੇਸ਼ਨ ਦੇ ਕੋਆਰਡੀਨੇਟਰ ਡਾ. ਸਰਬਜੀਤ ਸਿੰਘ ਹੁਸ਼ਿਆਰ ਨਗਰ ਨੇ ਉਕਤ ਜਾਣਕਾਰੀ ਸਾਂਝੀ ਕੀਤੀ। ਇਸ ਸਬੰਧੀ ਪ੍ਰਿੰ: ਡਾ. ਹਰਪ੍ਰੀਤ ਕੌਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਸ ਸਾਲ ਉਕਤ ਐਵਾਰਡ ਦੇ ਪ੍ਰੋਗਰਾਮ ਲਈ ਅਰਜ਼ੀਆਂ ਲੈਣ ਦੀ ਪਹਿਲਾਂ ਮਿਤੀ 15 ਅਪ੍ਰੈਲ 2023 ਸੀ। ਉਨ੍ਹਾਂ ਕਿਹਾ ਕਿ ਇਮਤਿਹਾਨਾਂ 'ਚ ਅਧਿਆਪਕਾਂ ਦੇ ਰੁਝੇ ਰਹਿਣ ਕਾਰਨ ਉਨ੍ਹਾਂ ਦੁਆਰਾ ਫ਼ਾਰਮ ਨਹੀਂ ਜਮ੍ਹਾ ਕਰਵਾਏ ਸਨ, ਜਿਸ ਕਰਕੇ ਉਨ੍ਹਾਂ ਨੂੰ ਸਹੂਲਤ ਮੁਹੱਈਆ ਕਰਵਾਉਂਦੇ ਹੋਏ ਹੁਣ ਅਰਜ਼ੀਆਂ ਲੈਣ ਦੀ ਮਿਤੀ 'ਚ ਵਾਧਾ ਕਰਦੇ ਹੋਏ 15 ਜੂਨ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ। ਜਦਕਿ ਦਸਤਾਵੇਜ਼ ਜਮ੍ਹਾ ਕਰਵਾਉਣ ਦੀ ਮਿਤੀ 1 ਜੁਲਾਈ ਹੀ ਰਹੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਾਡੀ ਮੇਲ ਆਈਡੀ: kcegtroadawards0gmial.com 'ਤੇ ਅਪਲਾਈ ਕਰ ਸਕਦੇ ਹਨ।

ਇਸ ਮੌਕੇ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਇਸ ਸਾਲ 'ਟੀਚਰ ਡੇਅ' 'ਤੇ ਇਨਾਮ ਵੰਡ ਪ੍ਰੋਗਰਾਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਅਤੇ ਗਲੋਬਲ ਫ਼ਾਊਂਡੇਸ਼ਨ ਦੇ ਫ਼ਾਊਂਡਰ ਡਾ. ਬਖ਼ਸ਼ੀਸ਼ ਸਿੰਘ ਦਾ ਸੁਪਨਾ ਹੈ ਕਿ ਅਧਿਆਪਕ ਦੇ ਕੀਤੇ ਕੰਮ ਦਾ ਮੁਲਾਂਕਣ ਕਰ ਕੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਤਾਂ ਕਿ ਉਹ ਆਪਣੇ ਕਾਰਜ ਹੋਰ ਵਧੀਆ ਢੰਗ ਨਾਲ ਕਰ ਸਕਣ, ਇਸੇ ਨੂੰ ਪੂਰਾ ਕਰਨਾ ਹੀ ਸਾਡਾ ਮੁੱਖ ਮਕਸਦ ਹੈ। ਉਨ੍ਹਾਂ ਕਿਹਾ ਕਿ ਐਵਾਰਡ ਜੇਤੂ ਨੂੰ 1 ਲੱਖ ਰੁਪਏ, ਐਪੀਰੀਸ਼ੇਅਡ 25 ਹਜ਼ਾਰ ਤੇ 15 ਹਜ਼ਾਰ ਦਿੱਤੇ ਜਾਣਗੇ। ਇਸ ਮੀਟਿੰਗ ਦੌਰਾਨ ਕਮੇਟੀ ਮੈਂਬਰ ਡਾ. ਨਿਰਮਲਜੀਤ ਕੌਰ, ਡਾ. ਗੁਰਜੀਤ ਕੌਰ, ਡਾ. ਅਵਨੀਤ ਕੌਰ, ਪ੍ਰੋ: ਹਰਸਿਮਰਨਜੀਤ ਕੌਰ, ਪ੍ਰੋ: ਸੁਖਮਨਦੀਪ ਕੌਰ ਸ਼ਾਮਿਲ ਹੋਏ।

# ਪਾਰੁਲ ਯੂਨੀਵਰਸਿਟੀ ਨੇ ਦੋ ਸਾਲਾ ਆਨਲਾਈਨ ਐੱਮ ਬੀ ਏ ਪ੍ਰੋਗਰਾਮ ਲਈ ਮੰਗੀਆਂ ਅਰਜ਼ੀਆਂ

ਅੰਮ੍ਰਿਤਸਰ : ਵਡੋਦਰਾ-ਅਧਾਰਤ ਪ੍ਰੀਮੀਅਰ ਇੰਸਟੀਟਿਊਟ ਪਾਰੁਲ ਯੂਨੀਵਰਸਿਟੀ ਨੇ ਉਦਯੋਗ ਦੀਆਂ ਗਤੀਸ਼ੀਲ ਮੰਗਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੇ ਯੂਜੀਸੀ ਤੋਂ ਮਨਜ਼ੂਰਸ਼ੁਦਾ ਅਤੇ ਏਆਈਸੀਟੀਈ ਦੁਆਰਾ ਪ੍ਰਵਾਨਿਤ ਅਤਿ-ਆਧੁਨਿਕ 2-ਸਾਲਾ ਕੋਰਸਾਂ ਲਈ ਆਨਲਾਈਨ ਅਰਜ਼ੀਆਂ ਦਾ ਸੁਆਗਤ ਕੀਤਾ ਹੈ। ਇਹ ਸੰਸਥਾ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਡੋਮੇਨ ਵਿੱਚ ਸੰਕਟਕਾਲੀਨ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਲਈ ਉਦਯੋਗ ਦੇ ਕੁਝ ਸਭ ਤੋਂ ਜ਼ਿਆਦਾ ਉੱਭਰ ਰਹੇ ਖੇਤਰਾਂ ਨਾਲ ਸਬੰਧਤ 20 ਸਾਲ ਦੀਆਂ ਮੁਹਾਰਤਾਂ ਦੀ ਪੇਸ਼ਕਸ਼ ਕਰ ਰਹੀ ਹੈ। ਦਾਖਲੇ ਦੇ ਸੀਜ਼ਨ ਦੇ ਸੰਦਰਭ ਵਿੱਚ ਪ੍ਰੋਗਰਾਮ ਦੇ ਪਿਛਲੇ ਦ੍ਰਿਸ਼ਟੀਕੋਣ ਬਾਰੇ ਦੱਸਦੇ ਹੋਏ ਡਾ. ਕੁੰਜਲ ਸਿਨਹਾ ਸੈਂਟਰ ਫਾਰ ਕੰਟੀਨਿਊਇੰਗ ਐਜੂਕੇਸ਼ਨ ਐਂਡ ਆਨਲਾਈਨ ਲਰਨਿੰਗ, ਪਾਰੁਲ ਯੂਨੀਵਰਸਿਟੀ ਨੇ ਕਿਹਾ ਕਿ ਪਾਰੁਲ ਯੂਨੀਵਰਸਿਟੀ ਨੇ ਸ਼ੁਰੂ ਤੋਂ ਹੀ ਸਿੱਖਿਆ ਦੇ ਖੇਤਰ ਵਿੱਚ ਇੱਕ ਮੋਹਰੀ ਬਣਨ ਦੀ ਕੋਸ਼ਿਸ਼ ਕੀਤੀ ਹੈ। ਇਸ ਯੂਨੀਵਰਸਿਟੀ ਦਾ ਅਟੁੱਟ ਫੋਕਸ ਉਦਯੋਗ-ਅਕਾਦਮਿਕ ਤਾਲਮੇਲ ਬਣਾਉਣ 'ਤੇ ਹੈ, ਜੋ ਉਮੀਦਵਾਰਾਂ ਨੂੰ ਉਨ੍ਹਾਂ ਭੂਮਿਕਾਵਾਂ ਬਾਰੇ ਅੰਦਰੂਨੀ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ ਜੋ ਉਹ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ।

# ਸੰਤ ਬਾਬਾ ਖੜਕ ਸਿੰਘ ਤੇ ਬਾਬਾ ਦਰਸ਼ਨ ਸਿੰਘ ਦੀ ਸਾਲਾਨਾ ਬਰਸੀ 31 ਨੂੰ



ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)-ਸੇਵਾ ਦੇ ਪੁੰਜ, ਨਿਰਮਲ ਆਚਾਰ ਬ੍ਰਹਮ ਗਿਆਨੀ ਸੰਤ ਬਾਬਾ ਖੜਕ ਸਿੰਘ, ਬਾਬਾ ਦਰਸ਼ਨ ਸਿੰਘ ਦੀ ਸਾਲਾਨਾ ਬਰਸੀ ਗੁਰਦੁਆਰਾ ਸੰਤ ਨਿਵਾਸ ਬੀੜ ਸਾਹਿਬ ਵਿਖੇ 31 ਮਈ 17 ਜੇਠ ਦਿਨ ਬੁੱਧਵਾਰ ਨੂੰ ਬਾਬਾ ਸੰਤੋਖ ਸਿੰਘ ਬੀੜ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਗੁਰਦਵਾਰਾ ਸੰਤ ਨਿਵਾਸ ਬੀੜ ਸਾਹਿਬ ਠੱਠਾ (ਝਬਾਲ) ਵਿਖੇ ਬੜੀ ਸ਼ਰਧਾ ਭਾਵਨਾ ਸਹਿਤ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੇਵਾਦਾਰ ਬਾਬਾ ਭੋਲਾ ਸਿੰਘ ਨੇ ਦੱਸਿਆ ਕਿ ਸਾਲਾਨਾ ਬਰਸੀ ਨੂੰ ਮਨਾਉਣ ਲਈ ਤਿਆਰੀਆਂ ਸਬੰਧੀ ਇਲਾਕੇ ਦੇ ਪਤਵੰਤਿਆਂ ਨਾਲ ਜ਼ਰੂਰੀ ਮੀਟਿੰਗ 21 ਮਈ ਨੂੰ ਹੋਵੇਗੀ।

# ਸੂਬੇ ਭਰ 'ਚ ਰੇਲ ਰੋਕੋ ਪ੍ਰਦਰਸ਼ਨ ਸਫਲ ਰਿਹਾ :ਸਭਰਾ



ਪੱਟੀ (ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)-ਜ਼ਿਲ੍ਹਾ ਗੁਰਦਾਸਪੁਰ ਵਿਖੇ ਪੰਜ ਥਾਵਾਂ 'ਤੇ ਪੁਲਸ ਦੀ ਮਦਦ ਨਾਲ ਜ਼ਮੀਨਾਂ ਤੇ ਜਬਰੀ ਕਬਜ਼ੇ ਦਾ ਵਿਰੋਧ ਕਰ ਰਹੇ ਕਿਸਾਨਾਂ 'ਤੇ ਹੋਏ ਤਸ਼ੱਦਦ ਖਿਲਾਫ ਪੰਜਾਬ ਭਰ 'ਚ ਰੇਲ ਰੋਕੋ ਪ੍ਰਦਰਸ਼ਨ ਬੇਹੱਦ ਸਫਲ ਰਿਹਾ। ਇਸ ਵਿਚ ਭਰਾਤਰੀ ਜਥੇਬੰਦੀਆਂ ਵੱਲੋਂ ਵੀ ਭਰਵਾਂ ਸਹਿਯੋਗ ਮਿਲਿਆ। ਸਰਕਾਰ ਦੇ ਜਬਰ ਦਾ ਕਿਲ੍ਹਾ ਰੇਤ ਦੀ ਕੰਧ ਵਾਂਗ ਢਹਿ-ਢੇਰੀ ਹੋ ਗਿਆ। ਉਕਤ ਵਿਚਾਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਪੱਗਾਂ ਨੂੰ ਹੱਥ ਪਾਉਣ ਤੇ ਔਰਤਾਂ ਨੂੰ ਥੱਪੜ ਮਾਰਨ ਦੇ ਮਾਮਲੇ ਵਿਚ ਪੁਲਸ ਦੇ ਅਧਿਕਾਰੀ ਇਸ ਗਲਤੀ ਦਾ ਅਹਿਸਾਸ ਕਰਕੇ ਗਏ ਤੇ ਉਨ੍ਹਾਂ ਤਸ਼ੱਦਦ ਕਰਨ ਲਈ ਜ਼ਿੰਮੇਵਾਰ ਕਰਮਚਾਰੀਆਂ ਖਿਲਾਫ ਵਿਭਾਗੀ ਕਾਰਵਾਈ ਦਾ ਭਰੋਸਾ ਦਿੱਤਾ। ਇਸ ਤੋਂ ਇਲਾਵਾ ਸਿਵਲ ਪ੍ਰਸ਼ਾਸਨ ਨੇ ਵਿਸ਼ਵਾਸ ਦਿਵਾਇਆ ਕਿ ਪੈਸਿਆਂ ਦੀ ਅਦਾਇਗੀ ਤੋਂ ਪਹਿਲਾਂ ਕਿਸੇ ਵੀ ਕਿਸਾਨ ਦੀ ਜ਼ਮੀਨ ਐਕਵਾਇਰ ਨਹੀਂ ਹੋਵੇਗੀ। ਇਨ੍ਹਾਂ ਫੈਸਲਿਆਂ ਦਾ ਜਥੇਬੰਦੀ ਨੇ ਸਵਾਗਤ ਕੀਤਾ ਅਤੇ ਸੂਬਾ ਪੱਧਰੀ ਪ੍ਰਦਰਸ਼ਨ ਦੀ ਸਫਲਤਾ ਲਈ ਜ਼ਿੰਮੇਵਾਰੀ ਨਿਭਾਉਣ ਵਾਲੇ ਕਾਰਕੁੰਨਾਂ ਅਤੇ ਭਰਾਤਰੀ ਜਥੇਬੰਦੀਆਂ ਦਾ ਆਗੂਆਂ ਦਾ ਧੰਨਵਾਦ ਕੀਤਾ।

# ਨਸ਼ਿਆਂ ਦੇ ਖਿਲਾਫ ਸਕੂਲੀ ਬੱਚਿਆਂ ਨੇ ਰੈਲੀ ਕੱਢੀ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਪਿੰਡ ਸੁਹਾਵਾ ਦੇ ਬੱਚਿਆਂ ਨੇ ਨਸ਼ਿਆਂ ਖਿਲਾਫ ਰੈਲੀ ਕੱਢੀ ਜਿਸ ਨੇ ਲੋਕਾਂ ਦੇ ਦਿਲਾਂ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਇਸ ਸੰਬੰਧੀ ਕੋਈ ਵਿਸ਼ੇਸ਼ ਉਪਰਾਲਾ ਕੀਤਾ ਜਾਵੇ।

ਵਿਦਿਆਰਥੀਆਂ ਅਤੇ ਸਟਾਫ ਨੇ ਰੈਲੀ ਦੌਰਾਨ ਇਲਾਕਾ ਨਿਵਾਸੀਆਂ ਨੂੰ ਦੱਸਿਆ ਕਿ ਪੰਜਾਬ ਦੇ ਨੌਜਵਾਨੀ ਨੂੰ ਬਚਾਉਣ ਵਾਸਤੇ ਨਸ਼ਿਆਂ ਨੂੰ ਛੱਡਣਾ ਜ਼ਰੂਰੀ ਹੈ। ਨਸ਼ਿਆਂ ਦੇ ਕਾਰਨ ਪਰਿਵਾਰਾਂ ਦੇ ਪਰਿਵਾਰ ਬਰਬਾਦ ਹੋ ਗਏ ਹਨ। ਬੱਚਿਆਂ ਦੀ ਇਸ ਰੈਲੀ ਨੂੰ ਇਲਾਕਾ ਨਿਵਾਸੀਆਂ ਵੱਲੋਂ ਚੰਗਾ ਹੁੰਗਾਰਾ ਮਿਲਿਆ। ਆਸ ਕੀਤੀ ਜਾਂਦੀ ਹੈ ਕਿ ਇਸ ਪ੍ਰਕਾਰ ਦੀਆਂ ਰੈਲੀਆਂ ਨਾਲ ਨੌਜਵਾਨਾਂ ਨੂੰ ਸਮਝਾ ਕੇ ਨਸ਼ਿਆਂ ਤੋਂ ਰੋਕਿਆ ਜਾ ਸਕਦਾ ਹੈ। ਯਾਦ ਰਹੇ ਕਿ ਸੰਤ ਬਾਬਾ ਸੁੱਖਾ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਿਹਾ ਇਹ ਸਕੂਲ ਦਿਨੋਂ-ਦਿਨ ਹਰ ਖੇਤਰ ਵਿੱਚ ਤਰੱਕੀ 'ਤੇ ਹੈ।

# ਗੁ. ਸ੍ਰੀ ਹੱਟ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਵਾਪਰੀ ਘਟਨਾ ਦੀ ਐਡਵੋਕੇਟ ਧਾਮੀ ਨੇ ਕੀਤੀ ਨਿੰਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਸ੍ਰੀ ਹੱਟ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਇਕ ਵਿਅਕਤੀ ਵੱਲੋਂ ਗੁਰਦੁਆਰਾ ਸਾਹਿਬ ਦੇ ਮੁੱਖ ਦਰਬਾਰ ਅੰਦਰ ਰਾਗੀ ਸਿੰਘਾਂ ਅਤੇ ਸੇਵਾਦਾਰਾਂ ਨੂੰ ਲਲਕਾਰਨ ਅਤੇ ਹਮਲਾ ਕਰਨ ਦੀ ਕਰੜੀ ਨਿੰਦਾ ਕਰਦਿਆਂ ਦੋਸ਼ੀ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਅਸਥਾਨਾਂ 'ਤੇ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਵੱਡੀ ਚਿੰਤਾ ਦਾ ਵਿਸ਼ਾ ਹੈ, ਜਿਸ ਵੱਲ ਪੰਜਾਬ ਦੀ ਸਰਕਾਰ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸਾਹਿਬ 'ਚ ਬੀਤੇ ਕੱਲ੍ਹ ਵਾਪਰੀ ਇਸ ਘਟਨਾ ਵਿਚ ਇਕ ਵਿਅਕਤੀ ਵੱਲੋਂ ਸੇਵਾਦਾਰਾਂ ਅਤੇ ਰਾਗੀ ਸਿੰਘਾਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਵਿਅਕਤੀ ਗੁਰਦੁਆਰਾ ਸਾਹਿਬ ਦੇ ਅੰਦਰ ਆਇਆ ਅਤੇ ਮੱਥਾ ਟੇਕਣ ਮਗਰੋਂ ਰਾਗੀ ਸਿੰਘਾਂ ਨੂੰ ਲਲਕਾਰਨ ਲੱਗਾ। ਇਸੇ ਦੌਰਾਨ ਸੇਵਾਦਾਰਾਂ ਵੱਲੋਂ ਰੋਕਣ 'ਤੇ ਉਸ ਨੇ ਛੋਟੀ ਕਿਰਪਾਨ ਨਾਲ ਸੇਵਾਦਾਰਾਂ ਅਤੇ ਰਾਗ ਸਿੰਘਾਂ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਇਹ ਵਿਅਕਤੀ ਕਿਸ ਮਨਸ਼ਾ ਨਾਲ ਆਇਆ ਸੀ, ਪੁਲਸ ਪ੍ਰਸ਼ਾਸਨ ਗੰਭੀਰਤਾ ਨਾਲ ਜਾਂਚ ਕਰੇ। ਉਨ੍ਹਾਂ ਪੰਜਾਬ ਸਰਕਾਰ ਨੂੰ ਅਜਿਹੀਆਂ ਘਟਨਾਵਾਂ ਪ੍ਰਤੀ ਠੋਸ ਕਦਮ ਉਠਾਉਣ ਲਈ ਆਖਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸੂਬੇ ਅੰਦਰ ਵਾਰ-ਵਾਰ ਗੁਰਦੁਆਰਾ ਸਾਹਿਬਾਨ ਅੰਦਰ ਮੰਦਭਾਗੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਇਸ ਪਿੱਛੇ ਅਸਲ ਤਾਕਤਾਂ ਤੱਕ ਸਰਕਾਰੀ ਤੰਤਰ ਨਹੀਂ ਪਹੁੰਚ ਰਿਹਾ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਹੱਟ ਸਾਹਿਬ ਸੁਲਤਾਨਪੁਰ ਲੋਧੀ ਦੀ ਘਟਨਾ ਦੇ ਦੋਸ਼ੀ ਨੂੰ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਫੜ੍ਹ ਕੇ ਪੁਲਸ ਹਵਾਲੇ ਕਰ ਦਿੱਤਾ ਹੈ। ਉਸ ਵਿਰੁੱਧ ਪੁਲਸ ਨੇ ਧਾਰਾ 295-ਏ ਅਤੇ 323 ਤਹਿਤ ਪਰਚਾ ਕਰ ਲਿਆ ਹੈ।

# ਪਿੰਡ ਬਾਸਰਕੇ ਵਿਖੇ ਲਗਾਇਆ ਵਿਸ਼ੇਸ਼ ਮੈਡੀਕਲ ਕੈਂਪ



ਤਰਨਤਾਰਨ (ਪ੍ਰਿਤਪਾਲ ਸਿੰਘ)-ਜ਼ਿਲਾ ਤਰਨਤਾਰਨ ਦੇ ਡਿਪਟੀ ਕਮਿਸ਼ਨਰ ਡਾ. ਰਿਸ਼ੀਪਾਲ ਸਿੰਘ ਅਤੇ ਸਿਵਲ ਸਰਜਨ ਤਰਨਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਜ਼ਿਲਾ ਟੀਕਾਕਰਨ ਅਫਸਰ, ਤਰਨਤਾਰਨ ਡਾ. ਵਰਿੰਦਰਪਾਲ ਕੌਰ ਦੀ ਰਹਿਨੁਮਾਈ ਹੇਠ ਸੀਨੀਅਰ ਮੈਡੀਕਲ ਅਫਸਰ, ਸੁਰਸਿੰਘ, ਡਾ. ਕੁਲਤਾਰ ਸਿੰਘ ਦੀ ਯੋਗ ਅਗਵਾਈ ਹੇਠ ਸ਼ੁੱਕਰਵਾਰ ਨੂੰ ਸਰਹੱਦੀ ਖੇਤਰ ਦੇ ਨਾਗਰਿਕਾਂ ਦੀ ਚੰਗੀ ਸਿਹਤ ਦੇ ਮੱਦੇਨਜ਼ਰ ਸਰਹੱਦੀ ਪਿੰਡ ਬਾਸਰਕੇ ਵਿਖੇ ਵਿਸ਼ੇਸ਼ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦੌਰਾਨ 140 ਵਿਅਕਤੀਆਂ ਵੱਲੋਂ ਆਪਣੀ ਸਿਹਤ ਦੀ ਜਾਂਚ ਕਰਵਾਈ ਗਈ ਅਤੇ ਸਿਹਤ ਕਰਮੀਆਂ ਵੱਲੋਂ 82 ਮੁਫਤ ਟੈਸਟ ਕਰਵਾਏ ਗਏ ਜਿਨਾਂ ਵਿੱਚੋਂ 11 ਐਚ. ਆਈ. ਵੀ. ਟੈਸਟ ਵੀ ਮੌਕੇ 'ਤੇ ਕੀਤੇ ਗਏ ਜਿਨ੍ਹਾਂ ਦੀ ਰਿਪੋਰਟ ਨੈਗੇਟਿਵ ਪਾਈ ਗਈ।

ਇਸ ਮੌਕੇ ਮੋਬਾਇਲ ਮੈਡੀਕਲ ਯੂਨਿਟ ਦੇ ਡਾ. ਸਮਰਿਧੀ, ਬਲਾਕ ਐਜੂਕੇਟਰ ਨਵੀਨ ਕਾਲੀਆ, ਫਾਰਮੇਸੀ ਅਫਸਰ ਰਾਮ ਕੁਮਾਰ, ਰਵਿੰਦਰ ਕੌਰ, ਐੱਸ. ਆਈ. ਲਖਵਿੰਦਰ ਸਿੰਘ, ਗਗਨਦੀਪ ਸਿੰਘ, ਰਣਬੀਰ ਸਿੰਘ, ਐੱਮ. ਐੱਲ. ਟੀ. ਰਾਜਪ੍ਰੀਤ ਸਿੰਘ, ਸੁਖਦੇਵ ਸਿੰਘ, ਗੁਰਲਾਲ ਸਿੰਘ, ਹਰਪ੍ਰੀਤ ਸਿੰਘ, ਨਰਿੰਦਰ ਕੌਰ, ਸਤਵੀਰ ਕੌਰ, ਸੀ. ਐਚ. ਓ. ਮਨਬੀਰ ਕੌਰ, ਸੁਖਜਿੰਦਰ ਕੌਰ, ਅਤੇ ਹਰਚੰਦ ਸਿੰਘ ਆਦਿ ਮੌਜੂਦ ਰਹੇ।

# ਸੰਤ ਫਰਾਂਸਿਸ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸੌ ਫੀਸਦੀ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਆਈਸੀਐੱਸਈ ਬੋਰਡ ਦਿੱਲੀ ਨੇ ਦਸਵੀਂ ਦੇ ਨਤੀਜੇ ਐਲਾਨੇ ਹਨ ਜਿਸ ਵਿੱਚ ਸੰਤ ਫਰਾਂਸਿਸ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਡੇਰਾ ਬਾਬਾ ਨਾਨਕ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 100 ਪ੍ਰਤੀਸ਼ਤ ਰਿਹਾ ਹੈ। ਪਿਛਲੇ 8 ਸਾਲ ਤੋਂ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਹੈ। ਸਕੂਲ ਦੇ ਪ੍ਰਿੰਸੀਪਲ ਸਿਸਟਰ ਸੰਗੀਤਾ ਨੇ ਦੱਸਿਆ ਕਿ ਬੀਤੇ ਸੈਸ਼ਨ ਵਿੱਚ 102 ਬੱਚੇ ਪ੍ਰੀਖਿਆ ਲਈ ਬੈਠੇ ਸਨ, ਜਿਨ੍ਹਾਂ ਵਿਚੋਂ ਮਨਬੀਰ ਸਿੰਘ ਅਤੇ ਈਸ਼ਾ ਨੇ 93.4% ਲੈ ਕੇ ਪਹਿਲਾ ਸਥਾਨ ਅਤੇ ਦਕਸ਼ ਕੁਮਾਰ ਨੇ 93.2% ਲੈ ਕੇ ਦੂਸਰਾ ਸਥਾਨ, ਨਿਮਰਤਜੀਤ ਕੌਰ ਨੇ 93% ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ ਹੈ। ਇਸੇ ਤਰ੍ਹਾਂ 18 ਬੱਚਿਆਂ ਨੇ 85% ਤੋਂ ਲੈ ਕੇ 92% ਨੰਬਰ ਹਾਸਿਲ ਕਰਕੇ ਸਕੂਲ ਅਤੇ ਆਪਣੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਡਾਇਰੈਕਟਰ ਫਾਦਰ ਰਿਮੋਲਡ ਮਾਰੀਓ ਅਤੇ ਪ੍ਰਿੰਸੀਪਲ ਸਿਸਟਰ ਸੰਗੀਤਾ ਨੇ ਬੱਚਿਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸਾਰੇ ਅਧਿਆਪਕਾਂ ਦੀ ਹੌਸਲਾ ਅਫਜ਼ਾਈ ਕੀਤੀ।

# ਝਿਰਮਲ ਸਿੰਘ ਸਾਧਪੁਰ ਨੂੰ ਸਦਮਾ, ਪਿਤਾ ਦਾ ਦਿਹਾਂਤ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮਜੀਠਾ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਸਰਦਾਰ ਝਿਰਮਲ ਸਿੰਘ ਸਾਧਪੁਰ ਨੂੰ ਉਸ ਵਕਤ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਸ. ਦਾਰਾ ਸਿੰਘ ਬਾਠ ਜੋ ਸਮਾਜ ਵਿਚ ਚੰਗਾ ਰੁਤਬਾ ਰੱਖਦੇ ਸਨ, ਦਾ ਬੀਤੀ ਰਾਤ ਅਚਾਨਕ ਦਿਹਾਂਤ ਹੋ ਗਿਆ ਜਿਸ ਨਾਲ ਸਮੁੱਚੇ ਪਿੰਡ ਵਿਚ ਭਾਰੀ ਸੋਗ ਦੀ ਲਹਿਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਂਬਰ ਪੰਚਾਇਤ ਭਾਈ ਦਲੇਰ ਸਿੰਘ ਨੇ ਦੱਸਿਆ ਕਿ ਸ. ਭਾਠ ਦਾ ਪਿੰਡ ਸਾਧਪੁਰ ਦੇ ਸ਼ਮਸ਼ਾਨ ਘਾਟ ਵਿਖੇ ਸੰਸਕਾਰ ਕਰ ਦਿੱਤਾ ਗਿਆ। ਇਸ ਦੁੱਖ ਦੀ ਘੜੀ ਵਿਚ ਸਿਆਸੀ ਅਤੇ ਗੈਰ-ਸਿਆਸੀ, ਧਾਰਮਿਕ ਤੇ ਹੋਰ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਝੋਨੇ ਦੀ ਸਿੱਧੀ ਬਿਜਾਈ ਸੰਬੰਧੀ ਇੱਕ ਰੋਜ਼ਾ ਟ੍ਰੇਨਿੰਗ ਕੈਂਪ ਲੱਗਾ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ ਵੱਲੋਂ ਫ਼ਸਲ ਵਿਗਿਆਨ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਨਾ ਦੇ ਸਹਿਯੋਗ ਨਾਲ ਝੋਨੇ ਦੀ ਸਿੱਧੀ ਬਿਜਾਈ ਤੇ ਇੱਕ ਰੋਜ਼ਾ ਟਰੇਨਿੰਗ ਕੈਂਪ ਕਰਵਾਇਆ ਗਿਆ। ਇਸ ਮੌਕੇ ਡਾ. ਪਰਵਿੰਦਰ ਸਿੰਘ, ਇੰਚਰਾਜ, ਫਾਰਮ ਸਲਾਹਕਾਰ ਸੇਵਾ ਕੇਂਦਰ ਤਰਨਤਾਰਨ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ ਅਤੇ ਯੂਨੀਵਰਸਿਟੀ ਦੀਆਂ ਤਕਨੀਕਾਂ ਅਪਣਾਉਣ ਲਈ ਸਲਾਹ ਦਿੱਤੀ।

ਇਸ ਕੈਂਪ ਦੌਰਾਨ ਕਿਸਾਨਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਪਿਛਲੇ ਸਾਲਾਂ ਦੌਰਾਨ ਕੀਤੇ ਤਜਰਬੇ ਸਾਰਿਆਂ ਨਾਲ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵੀ ਸਾਇੰਸਦਾਨਾਂ ਨੂੰ ਪੁੱਛਿਆ। ਇਸ ਮੌਕੇ ਡਾ. ਜਸਵੀਰ ਸਿੰਘ ਗਿੱਲ, ਫ਼ਸਲ ਵਿਗਿਆਨੀ ਪੀ. ਏ. ਯੂ, ਲੁਧਿਆਣਾ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਸੰਬੰਧੀ ਬਰੀਕੀ ਵਿੱਚ ਬਿਜਾਈ ਤੋਂ ਲੈ ਕੇ ਵਾਢੀ ਤੱਕ ਹਰ ਪੱਖ ਉੱਤੇ ਜਾਣਕਾਰੀ ਸਾਂਝੇ ਕੀਤੀ। ਉਨ੍ਹਾਂ ਨੇ ਲੱਕੀ ਸੀਡ ਡਰਿੱਲ ਬਾਰੇ ਵੀ ਵਿਸਥਾਰ ਵਿੱਚ ਦੱਸਿਆ ਅਤੇ ਬਿਜਾਈ ਦਾ ਸਹੀ ਸਮਾਂ, ਕਿਸਮ ਦੀ ਚੋਣ, ਬੀਜ ਦੀ ਡੂੰਘਾਈ, ਪਾਣੀ ਪ੍ਰਬੰਧ ਬਾਰੇ ਵੀ ਕਿਸਾਨਾਂ ਦੇ ਕਾਫੀ ਸ਼ੰਕੇ ਦੂਰ ਕੀਤੇ।

ਡਾ. ਪਰਮਿੰਦਰ ਸਿੰਘ ਸੰਧੂ, ਫ਼ਸਲ ਵਿਗਿਆਨੀ ਨੇ ਕਿਸਾਨਾਂ ਨੂੰ ਸਿੱਧੀ ਬਿਜਾਈ ਵਿੱਚ ਨਦੀਨ ਪ੍ਰਬੰਧ ਬਾਰੇ ਚਾਨਣਾ ਪਾਇਆ। ਡਾ. ਪਰਮਿੰਦਰ ਕੌਰ, ਪੌਦਾ ਰੋਗ ਵਿਗਿਆਨੀ ਨੇ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਵਿੱਚ ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਦੱਸਿਆ। ਇਸ ਮੌਕੇ ਸ. ਭੁਪਿੰਦਰ ਸਿੰਘ ਏ. ਓ. ਅਤੇ ਸੰਦੀਪ ਸਿੰਘ ਏ. ਡੀ. ਓ. ਵੀ ਹਾਜ਼ਰ ਸਨ। ਡਾ. ਸਵਰੀਤ ਖਹਿਰਾ, ਫਲਾਂ ਦੇ ਮਾਹਿਰ ਨੇ ਆਏ ਹੋਏ ਸਾਰੇ ਕਿਸਾਨ, ਸਾਇੰਸਦਾਨ, ਕਿਸਾਨ ਭਲਾਈ ਵਿਭਾਗ ਤੋ ਆਏ ਸਾਥੀਆਂ ਦਾ ਧੰਨਵਾਦ ਕੀਤਾ।ਇਸ ਮੌਕੇ ਕਿਸਾਨਾਂ ਵੱਲੋ ਉਨਾਂ ਦੇ ਸ਼ੰਕੇ ਜੋ ਸਿੱਧੀ ਬਿਜਾਈ ਲਈ ਸਨ ਨੂੰ ਦੂਰ ਕਰਨ ਉੱਤੇ ਕਿਸਾਨਾਂ ਵੱਲੋ ਫਾਰਮ ਸਲਾਹਕਾਰ ਸੇਵਾ ਕੇਂਦਰ ਅਤੇ ਫ਼ਸਲ ਵਿਗਿਆਨ ਵਿਭਾਗ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜਸਵਿੰਦਰ ਸਿੰਘ ਗਿੱਲ, ਚਾਨਣ ਸਿੰਘ ਸਰਾਂ, ਧਰਮਵੀਰ ਸਿੰਘ ਸੋਹਲ, ਬਿਕਰਮਜੀਤ ਸਿੰਘ ਸਰਹਾਲੀ ਖੁਰਦ, ਤਰਸੇਮ ਸਿੰਘ ਬੰਗਲਾ ਰਾਏ, ਸ਼ੇਰ ਸਿੰਘ ਕੋਟ ਬੁੱਢਾ, ਜਗੀਰ ਸਿੰਘ ਸਭਰਾਂ, ਕ੍ਰਿਸ਼ਨ ਕੁਮਾਰ, ਲਖਵੀਰ ਸਿੰਘ ਕੋਟ ਮੁਹੰਮਦ ਆਦਿ ਕਿਸਾਨ ਹਾਜ਼ਰ ਸਨ।

# ਦੋ ਹਜ਼ਾਰ ਰੁਪਏ ਦੀ ਨੋਟਬੰਦੀ ਲੋਕਾਂ ਦੀ ਆਰਥਿਕ ਹਾਲਤ ਵਿਗਾੜ ਦੇਵੇਗੀ: ਡਾ. ਲੌਹੁਕਾ



ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)-ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਪ੍ਰਸਿੱਧ ਸਮਾਜ ਸੇਵਕ ਡਾ. ਸੁਖਦੇਵ ਸਿੰਘ ਲੌਹੁਕਾ ਸਾਬਕਾ ਕੌਂਸਲਰ ਅਤੇ ਜ਼ਿਲ੍ਹਾ ਖਪਤਕਾਰ ਫੋਰਮ ਦੇ ਜ਼ਿਲਾ ਪ੍ਰਧਾਨ ਨੇ ਗੱਲਬਾਤ ਕਰਦੇ ਹੋਏ ਆਖਿਆ ਕਿ ਸੈਂਟਰ ਗੌਰਮਿੰਟ ਅਤੇ ਰਿਜ਼ਰਵ ਬੈਂਕ ਵੱਲੋਂ ਕੀਤੀ 2000 ਰੁਪਏ ਦੀ ਨੋਟਬੰਦੀ ਆਮ ਲੋਕਾਂ ਦਾ ਆਰਥਿਕ ਬਜਟ ਹਿਲਾ ਕੇ ਰੱਖ ਦੇਵੇਗੀ। 2016 ਵਿਚ ਕੀਤੀ ਹੋਈ ਨੋਟਬੰਦੀ ਨੂੰ ਲਗਭਗ 6 ਸਾਲ ਤੋਂ ਉੱਪਰ ਹੋ ਗਏ ਹਨ ਪ੍ਰੰਤੂ ਉਸ ਵੇਲੇ ਦੀ ਕੀਤੀ ਹੋਈ ਨੋਟਬੰਦੀ ਕੀਰਨ ਅਜੇ ਤੱਕ ਲੋਕਾਂ ਦੇ ਪੈਰ ਨਹੀਂ ਲੱਗ ਰਹੇ। ਪਹਿਲਾਂ ਨੋਟਬੰਦੀ ਫਿਰ ਜੀਐੱਸਟੀ, ਕਰੋਨਾ ਵਰਗੀ ਭਿਆਨਕ ਬਿਮਾਰੀ ਨੇ ਹਿੰਦੋਸਤਾਨ ਦੇ ਲੋਕਾਂ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਸੀ। ਲੋਕ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋ ਗਏ ਸਨ। ਇੱਥੋਂ ਤਕ ਕਿ ਵੱਡੀ ਗਿਣਤੀ ਵਿੱਚ ਲੋਕ ਰੋਜ਼ੀ ਰੋਟੀ ਤੋਂ ਵਾਂਝੇ ਹੋ ਗਏ ਸਨ ਅਤੇ ਹੁਣ ਫਿਰ ਦੁਬਾਰਾ 2000 ਰੁਪਏ ਦੀ ਨੋਟਬੰਦੀ ਕਰਕੇ ਲੋਕਾਂ ਨੂੰ ਮੰਦਹਾਲੀ ਦੀ ਹਾਲਤ ਵਿੱਚ ਮੋਦੀ ਸਰਕਾਰ ਸੁੱਟ ਰਹੀ ਹੈ ਜਿਹੜੀ ਕਿ 2024 ਦੀਆਂ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਮੋਦੀ ਸਰਕਾਰ ਨੂੰ ਬਹੁਤ ਬੁਰੀ ਤਰ੍ਹਾਂ ਹਿਲਾ ਕੇ ਰੱਖ ਦੇਵੇਗੀ। ਹਿਮਾਚਲ ਪ੍ਰਦੇਸ਼ ਅਤੇ ਕਰਨਾਟਕ ਵਰਗੇ ਬੀਜੇਪੀਦੇ ਗੜ੍ਹਾਂ ਵਿੱਚੋਂ ਕਾਂਗਰਸ ਨੇ ਮੋਦੀ ਸਰਕਾਰ ਦਾ ਬਹੁਤ ਬੁਰੀ ਤਰ੍ਹਾਂ ਭੋਗ ਪਾ ਦਿੱਤਾ ਹੈ ਅਤੇ ਹੁਣ ਨਵੀਂ ਕੀਤੀ ਹੋਈ ਨੋਟਬੰਦੀ ਮੋਦੀ ਦੀਆਂ ਹਰ ਥਾਂ ਜੜ੍ਹਾਂ ਹਿਲਾ ਕੇ ਰੱਖ ਦੇਵੇਗੀ।

# ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਨੇ ਲੋੜਵੰਦ ਪਰਿਵਾਰ ਦੀ ਕੀਤੀ ਮਦਦ



ਪੱਟੀ, (ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)-ਪੱਟੀ ਇਲਾਕੇ ਦੀ ਮਾਨਵਤਾ ਦੀ ਸੇਵਾ ਨੂੰ ਸਮਰਪਿਤ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਵੱਲੋਂ ਪਿਛਲੇ ਅਠਾਰਾਂ ਸਾਲ ਤੋਂ ਵਡਮੁੱਲੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ! ਟਰੱਸਟ ਦੇ ਸੁਪਰਸਤ ਡਾ. ਰਜਿੰਦਰ ਸਿੰਘ ਅਤੇ ਮੁੱਖ ਪ੍ਰਬੰਧਕ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਖਵਿੰਦਰ ਸਿੰਘ ਵਾਸੀ ਪਿੰਡ ਬੁਰਜ ਰਾਏ ਕਾ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦਾ ਸੀ! ਕੁਝ ਦਿਨ ਪਹਿਲਾਂ ਜਿਸ ਘਰ ਵਿੱਚ ਮਜ਼ਦੂਰੀ ਕਰ ਰਿਹਾ ਸੀ ਉਥੇ ਪੁਰਾਣੀ ਕੰਧ ਡਿੱਗ ਪਈ। ਇਹ ਥੱਲੇ ਖੜਾ ਸੀ! ਕੰਧ ਇਸ ਦੇ ਉੱਪਰ ਡਿੱਗਣ ਕਰਕੇ ਚਿਹਰੇ 'ਤੇ ਸੱਟਾਂ ਲੱਗੀਆਂ, ਪਸਲੀਆਂ 'ਤੇ ਦੱਬ ਆਈ ਅਤੇ ਖੱਬੀ ਲੱਤ 2 ਜਗ੍ਹਾ ਤੋਂ ਟੁੱਟ ਗਈ! ਜਿਸ ਘਰ ਮਜ਼ਦੂਰੀ ਕਰ ਰਿਹਾ ਸੀ ਉਸ ਪਰਿਵਾਰ ਵੱਲੋਂ ਵੀ ਵੀਹ ਹਜ਼ਾਰ ਰੁਪਏ ਮਦਦ ਕੀਤੀ ਗਈ ਹੈ। ਪਰਿਵਾਰ ਲੋੜਵੰਦ ਸੀ ਤੇ ਕਮਾਉਣ ਵਾਲਾ ਇਹ ਆਪ ਹੀ ਸੀ! ਪਰਿਵਾਰ ਵੱਲੋਂ ਟਰੱਸਟ ਪਾਸ ਮਦਦ ਵਾਸਤੇ ਬੇਨਤੀ ਕੀਤੀ ਗਈ ਸੀ। ਬਾਬਾ ਦੀਪ ਸਿੰਘ ਜੀ ਚੈਰੀਟੇਬਲ ਟਰੱਸਟ ਰਜਿ: ਪੱਟੀ ਵੱਲੋਂ ਜਾਂਚ-ਪੜਤਾਲ ਕਰਨ ਉਪਰੰਤ ਸੰਗਤ ਦੇ ਸਹਿਯੋਗ ਨਾਲ 15000 ਰੁਪਏ ਦੀ ਮਦਦ ਦਿੱਤੀ ਗਈ! ਇਸ ਮੌਕੇ ਡਾ. ਰਜਿੰਦਰ ਸਿੰਘ, ਅਮਨਦੀਪ ਸਿੰਘ, ਬਲਬੀਰ ਸਿੰਘ, ਹਰਚਰਨ ਸਿੰਘ, ਅੰਮ੍ਰਿਤਪਾਲ ਸਿੰਘ, ਜਗਜੀਤ ਸਿੰਘ ਅਤੇ ਸੁਖਪਾਲ ਸਿੰਘ ਡਿਪਟੀ ਹਾਜ਼ਰ ਸਨ।

# ਸਾਹਿਤਕ ਮੈਗਜ਼ੀਨ 'ਹੁਣ' ਦਾ 46ਵਾਂ ਅੰਕ ਲੋਕ ਅਰਪਿਤ



ਬਾਬਾ ਬਕਾਲਾ (ਨਿਰਮਲ ਸਿੰਘ ਸੰਘਾ)-ਪੰਜਾਬੀ ਜ਼ੁਬਾਨ ਦੇ ਨਾਮਵਰ ਸ਼ਾਇਰ ਸੁਸ਼ੀਲ ਦੁਸਾਂਝ ਅਤੇ ਕਮਲ ਦੁਸਾਂਝ ਦੀ ਸੰਪਾਦਕੀ ਜੋੜੀ ਦੇ ਨਿਰੰਤਰ ਉਪਰਾਲੇ ਸਦਕਾ ਚਰਚਿੱਤ ਸਾਹਿਤਕ ਮੈਗਜ਼ੀਨ 'ਹੁਣ' ਦਾ 46ਵਾਂ ਅੰਕ ਭਾਈ ਵੀਰ ਸਿੰਘ ਸਾਹਿਤ ਸਦਨ, ਅੰਮ੍ਰਿਤਸਰ ਵਿਖੇ ਲੋਕ ਅਰਪਿਤ ਕੀਤਾ ਗਿਆ। ਇਸ ਮੌਕੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ, ਸਾ: ਸੀ: ਮੀਤ ਪ੍ਰਧਾਨ ਮੱਖਣ ਕੁਹਾੜ, ਸ਼ਾਇਰ ਮਲਵਿੰਦਰ, ਤਰਲੋਚਨ ਸਿੰਘ ਤਰਨ ਤਾਰਨ, ਡਾ: ਮੋਹਣ ਬੇਗੋਵਾਲ ਮੁਕਾਲਮਾ ਸਾਹਿਤਕ ਮੰਚ ਅਤੇ ਮਾ: ਮਨਜੀਤ ਸਿੰਘ ਵੱਸੀ ਨੇ ਇਸ ਮੈਗਜ਼ੀਨ ਨੂੰ ਲੋਕ ਅਰਪਿਤ ਕਰਨ ਦੀ ਰਸਮ ਸਾਂਝੇ ਤੌਰ 'ਤੇ ਨਿਭਾਈ। ਬੁਲਾਰਿਆਂ ਨੇ ਮੈਗਜ਼ੀਨ ਵਿੱਚ ਸੁਸ਼ੀਲ ਦੁਸਾਂਝ ਦੀ ਬੇਬਾਕ ਸੰਪਾਦਕੀ "ਹਾਂ! ਲੜਾਈਆਂ ਇੰਝ ਹੀ ਲੜੀਆਂ/ਜਿੱਤੀਆਂ ਜਾਂਦੀਆਂ ਹਨ।' ਦੀ ਭਰਵੀਂ ਸ਼ਲਾਘਾ ਕੀਤੀ ਜਿਸ ਵਿੱਚ ਉਹ ਲਿਖਦੇ ਹਨ ਕਿ 'ਜੰਤਰ-ਮੰਤਰ 'ਤੇ ਬੈਠੀ ਪਹਿਲਵਾਨ ਸਾਕਸ਼ੀ ਮਲਿਕ ਨੇ ਦੱਸਿਆ, "ਇਕ ਔਰਤ ਨੇ ਆਪਣੀ ਤੀਹ ਦਿਨਾਂ ਦੀ ਧੀ ਮੇਰੀ ਗੋਦ ਵਿੱਚ ਬਿਠਾ ਕੇ ਕਿਹਾ ਕਿ ਇਨਸਾਫ ਮਿਲਣ ਤੱਕ ਧਰਨਾ ਨਹੀਂ ਚੁੱਕਣਾ, ਕਿਉਂਕਿ ਇਹ ਲੜਾਈ ਹੁਣ ਮੇਰੀ ਇਸ 30 ਦਿਨਾਂ ਦੀ ਧੀ ਦੀ ਵੀ ਹੈ।" ਸਾਕਸ਼ੀ ਮਲਿਕ ਨੇ ਕਿਹਾ, "ਬਿਲਕੁਲ, ਜੇ ਕਿਸਾਨ 13 ਮਹੀਨੇ ਦਿੱਲੀ ਦੀਆਂ ਸਰਹੱਦਾਂ 'ਤੇ ਲੜ ਸਕਦੇ ਹਨ ਤਾਂ ਅਸੀਂ ਵੀ ਉਨ੍ਹਾਂ ਦੀਆਂ ਹੀ ਧੀਆਂ ਹਾਂ। 13 ਮਹੀਨੇ ਤੋਂ ਜ਼ਿਆਦਾ ਸਮਾਂ ਵੀ ਜੰਤਰ-ਮੰਤਰ 'ਤੇ ਬੈਠਣਾ ਪਿਆ ਤਾਂ ਇੱਥੇ ਹੀ ਬੈਠਾਂਗੇ।" ਇਸ ਦੌਰਾਨ ਪ੍ਰਿੰ: ਰਘਬੀਰ ਸਿੰਘ ਸੋਹਲ, ਮੱਖਣ ਸਿੰਘ ਭੈਣੀਵਾਲਾ, ਸੰਤੋਖ ਸਿੰਘ ਗੁਰਾਇਆ, ਡਾ: ਪਰਮਜੀਤ ਸਿੰਘ ਬਾਠ, ਜਸਪਾਲ ਸਿੰਘ ਧੂਲਕਾ, ਸਤਨਾਮ ਸਿੰਘ ਸੱਤਾ ਜਸਪਾਲ, ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਨਵਜੋਤ ਕੌਰ ਨਵੂ ਭੁੱਲਰ, ਜਤਿੰਦਰਪਾਲ ਕੌਰ ਭੱਟੀਕੇ, ਗੁਰਮੀਤ ਕੌਰ ਬੱਲ, ਜਯੋਤੀ ਭਗਤ ਬਟਾਲਾ, ਸਕੱਤਰ ਸਿੰਘ ਪੁਰੇਵਾਲ, ਦਿਲਰਾਜ ਦਰਦੀ ਅਤੇ ਹੋਰ ਸ਼ਾਇਰਾਂ ਨੇ 'ਹੁਣ' ਦੀ ਆਮਦ ਨੂੰ ਜੀ ਆਇਆਂ ਕਿਹਾ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਲਿਟਲ ਸਪਰਾਊਟ ਜਮਾਤਾਂ ਦੇ ਮੁਕਾਬਲੇ ਕਰਵਾਏ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਲਿਟਲ ਸਪਰਾਊਟ ਜਮਾਤਾਂ ਦੇ ਕਲਾਸ ਵਾਇਜ਼ ਮੁਕਾਬਲੇ ਕਰਵਾਏ ਗਏ। ਸਕੂਲ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸਕੂਲ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਅਧੀਨ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਨਰਸਰੀ ਜਮਾਤ ਦੇ ਵਿਦਿਆਰਥੀਆਂ ਦੁਆਰਾ ਡਰਾਇੰਗ ਮੇਕਿੰਗ ਅਤੇ ਐਲ. ਕੇ. ਜੀ, ਯੂ. ਕੇ. ਜੀ. ਜਮਾਤਾਂ ਦੇ ਵਿਦਿਆਰਥੀਆਂ ਦੁਆਰਾ ਕਲੇਅ ਮੋਲਡਿੰਗ ਕਰਕੇ ਨੰਨ੍ਹੇ-ਮੁੰਨੇ ਹੱਥਾਂ ਨਾਲ ਆਪਣੀ ਕਲਾ ਦਿਖਾਉਂਦੇ ਹੋਏ ਅਲੱਗ ਅਲੱਗ ਪ੍ਰਕਾਰ ਦੇ ਅਕਾਰਾਂ ਦੀ ਸਿਰਜਣਾ ਕੀਤੀ ਗਈ। ਨਰਸਰੀ ਜਮਾਤ ਦੇ ਵਿਦਿਆਰਥੀਆਂ ਦੁਆਰਾ ਡਰਾਇੰਗ ਮੇਕਿੰਗ ਮੁਕਾਬਲੇ 'ਚੋਂ ਪਹਿਲਾ ਸਥਾਨ, ਪ੍ਰਭਜੋਤ ਸਿੰਘ ਅਤੇ ਮਨਰਾਜ ਕੌਰ ਨੇ ਦੂਸਰਾ ਸਥਾਨ, ਸੀਰਤਪ੍ਰੀਤ ਕੌਰ ਤੇ ਕਾਰਤਿਕ ਭਗਤ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਐਲ. ਕੇ. ਜੀ. ਤੇ ਯੂ. ਕੇ. ਜੀ. ਜਮਾਤਾਂ ਦੇ ਕਲੇਅ ਮੋਲਡਿੰਗ ਮੁਕਾਬਲੇ 'ਚੋਂ ਪਹਿਲਾ ਸਥਾਨ ਮਨਕੀਰਤ ਅਤੇ ਦਕਸ਼ਪ੍ਰੀਤ ਸਿੰਘ ਨੇ, ਦੂਸਰਾ ਸਥਾਨ ਜਪਨੂਰ ਅਤੇ ਪਰਨੀਤ ਕੌਰ ਨੇ ਅਤੇ ਤੀਸਰਾ ਸਥਾਨ ਜਸਲੀਨ ਕੌਰ ਅਤੇ ਮਨਤਦੀਪ ਕੌਰ ਨੇ ਪ੍ਰਾਪਤ ਕੀਤਾ। ਇਸ ਉਪਰੰਤ ਸਕੂਲ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਪਹਿਲੇ, ਦੂਜੇ ਅਤੇ ਤੀਜੇ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅਜਿਹੀਆਂ ਪ੍ਰਤੀਯੋਗਤਾਵਾਂ ਤੇ ਗਤੀਵਿਧੀਆਂ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਅੰਦਰ ਲੁਕੀਆਂ ਹੋਈਆਂ ਪ੍ਰਤਿਭਾਵਾਂ ਨੂੰ ਨਿਖਾਰਨਾ ਹੈ।

# ਸਿੱਖਿਆ ਦੇ ਖੇਤਰ 'ਚ ਅਹਿਮ ਰੋਲ ਅਦਾ ਕਰਨਗੇ ਸਕੂਲ ਆਫ ਐਮੀਨੈਂਸ : ਬਹਿਲ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਵਿਖੇ ਸ਼ੁਰੂ ਹੋਏ 'ਸਕੂਲ ਆਫ ਐਮੀਨੈਂਸ' (ਕੋ-ਐਜੂਕੇਸ਼ਨ) ਵਿਖੇ ਦਾਖਲ ਹੋਏ ਵਿਦਿਆਰਥੀਆਂ ਦੇ ਵਿੱਦਿਅਕ ਟੂਰ ਨੂੰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਹ ਵਿੱਦਿਅਕ ਟੂਰ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਵਿਖੇ ਗਿਆ ਸੀ। ਵਿੱਦਿਅਕ ਟੂਰ ਨੂੰ ਰਵਾਨਾ ਕਰਨ ਮੌਕੇ ਚੇਅਰਮੈਨ ਬਹਿਲ ਨੇ ਕਿਹਾ ਕਿ ਸਕੂਲ ਆਫ ਐਮੀਨੈਂਸ ਵਿੱਚ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵੱਲ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਵਿੱਦਿਅਕ ਟੂਰ ਕਰਵਾ ਕੇ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਟੂਰ ਦੌਰਾਨ ਵਿਦਿਆਰਥੀ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ 'ਚੋਂ ਬਹੁਤ ਕੁਝ ਨਵਾਂ ਸਿੱਖਣਗੇ ਜੋ ਉਨ੍ਹਾਂ ਨੂੰ ਅੱਗੇ ਵਧਣ ਦੀ ਪ੍ਰੇਰਨਾ ਦੇਵੇਗਾ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੇ ਇਹ ਉਪਰਾਲੇ ਸਿੱਖਿਆ ਸੁਧਾਰਾਂ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਕਦਮ ਹਨ।

# ਇਕੋ ਰਾਤ ਪਿੰਡ 'ਚ ਅੱਧੀ ਦਰਜਨ ਤੋਂ ਵੀ ਵੱਧ ਕਿਸਾਨਾਂ ਦੀਆਂ ਮੋਟਰਾਂ ਦੀਆਂ ਤਾਰਾਂ ਤੇ ਸਟਾਟਰ ਚੋਰੀ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ )**- ਬੀਤੀ ਰਾਤ ਪਿੰਡ ਸਰਾਏ ਖਾਮ 'ਚ ਅੱਧੀ ਦਰਜਨ ਤੋਂ ਵੀ ਵੱਧ ਕਿਸਾਨਾਂ ਦੇ ਖੇਤਾਂ ਵਿਚੋ ਮੋਟਰਾਂ ਦੀਆਂ ਤਾਰਾਂ ਚੋਰੀ ਹੋ ਗਈਆਂ। ਮਿਲੀ ਜਾਣਕਾਰੀ ਅਨੁਸਾਰ ਪਿੰਡ ਸਰਾਏ ਖਾਮ (ਕੱਚੀ ਸਰਾਂ) ਨੇੜੇ ਮਲਸੀਆਂ ਤੋਂ ਸਰਪੰਚ ਬਲਵਿੰਦਰ ਕੌਰ ਦੇ ਸਪੁੱਤਰ ਜਸਵੀਰ ਸਿੰਘ ਅਤੇ ਗੁਰਨਾਮ ਸਿੰਘ ਹੈਂਡ ਗ੍ਰੰਥੀ ਗੁਰਦੁਆਰਾ ਸਿੰਘ ਸਭਾ ਨੇ ਦੱਸਿਆ ਕਿ ਪਿੰਡ ਦੀ ਪੰਚਾਇਤੀ ਜਮੀਨ ਵਿਚ ਲੱਗੀ ਮੋਟਰ ਤੋਂ ਜਦੋਂ ਗੇੜਾ ਮਾਰਨ ਗਏ ਤਾਂ ਮੋਟਰ ਤੋਂ ਤਾਰਾਂ ਚੋਰੀ ਹੋ ਚੁੱਕੀਆਂ ਸਨ। ਜਦੋਂ ਉਹ ਪਿੰਡ ਦੇ ਸ਼ਮਸ਼ਾਨ ਘਾਟ ਵਿਖੇ ਲੱਗੀ ਮੋਟਰ 'ਤੇ ਗਏ ਤਾਂ ਕਮਰੇ ਦਾ ਜ਼ਿੰਦਾ ਟੁੱਟਿਆ ਹੋਇਆ ਸੀ, ਸਟਾਟਰ ਅਤੇ ਮੋਟਰ ਨੂੰ ਜਾਣ ਵਾਲੀ ਕੇਬਲ ਅਤੇ 100 ਫੁੱਟ ਪਾਣੀ ਵਾਲਾ ਪਾਈਪ ਸਮੇਤ ਸਾਰ ਸਮਾਨ ਗਾਇਬ ਸੀ। ਇਸ ਤੋਂ ਇਲਾਵਾ ਪਿੰਡ ਵਿੱਚ ਤਕਰੀਬਨ ਪੰਜ ਤੋਂ ਵੱਧ ਹੋਰ ਮੋਟਰਾਂ ਤੋਂ ਸਮਾਨ ਚੋਰੀ ਕੀਤਾ ਗਿਆ।

ਸਰਪੰਚ ਦੇ ਸਪੁੱਤਰ ਜਸਵੀਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਅਸੀਂ ਪੁਲਸ ਨੂੰ ਫੋਨ ਰਾਹੀਂ ਜਾਣਕਾਰੀ ਦੇ ਦਿੱਤੀ ਹੈ। ਕਿਸਾਨ ਆਗੂਆਂ ਨੇ ਪ੍ਰਸ਼ਾਸ਼ਨ ਤੋਂ ਜੋਰਦਾਰ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰਕੇ ਕਿਸਾਨਾਂ ਨੂੰ ਇਨਸਾਫ ਦਿਵਾਇਆ ਜਾਵੇ। ਇਸ ਸਮੇਂ ਮਲਕੀਤ ਸਿੰਘ ਸੋਢੀ, ਸੁੱਖਾ, ਪਰਮਿੰਦਰ ਸਿੰਘ, ਦਲਵੀਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

# ਦੋਆਬਾ ਦੀ ਸੂਬਾ ਸਕੱਤਰ ਇੰਚਾਰਜ ਥਿਆੜਾ ਨੇ ਛਾਉਣੀ ਦੇ ਵਰਕਰਾਂ ਨਾਲ ਖੁਸ਼ੀ ਮਨਾਈ



**ਜਲੰਧਰ (ਸ਼ੈਲੀ ਅਲਬਰਟ)**— ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿਚ ਇਤਿਹਾਸਕ ਜਿੱਤ ਤੋਂ ਬਾਅਦ ਸੰਸਦ ਮੈਂਬਰ ਸਸ਼ੀਲ ਕੁਮਾਰ ਰਿੰਕੂ ਅਤੇ ਉਨ੍ਹਾਂ ਦੀ ਪਤਨੀ ਸੁਨੀਤਾ ਰਿੰਕੂ ਸਮੇਤ ਰਾਜਵਿੰਦਰ ਕੌਰ ਥਿਆੜਾ ਨੇ ਕੈਂਟ ਦੇ ਵਰਕਰਾਂ ਦਾ ਧੰਨਵਾਦ ਕੀਤਾ। ਰਾਜਵਿੰਦਰ ਕੌਰ ਨੇ ਕਿਹਾ ਕਿ ਕੈਂਟ ਦੇ ਸਮੂਹ ਵੋਟਰਾਂ ਨੇ ਇਸ ਇਤਿਹਾਸਕ ਜਿੱਤ ਦਰਜ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਵਰਕਰਾਂ ਦੀ ਮਿਹਨਤ ਰੰਗ ਲਿਆਈ ਹੈ ,ਜਿਸ ਕਾਰਨ ਇਹ ਚੋਣ ਇੰਨੇ ਵੱਡੇ ਫਰਕ ਨਾਲ ਜਿੱਤੀ ਗਈ। ਥਿਆੜਾ ਨੇ ਕੈਂਟ ਵਰਕਰਾਂ ਨਾਲ ਮਿਲ ਕੇ ਖੂਬ ਭੰਗੜਾ ਪਾ ਕੇ ਖੁਸ਼ੀ ਮਨਾਈ। ਉਨ੍ਹਾਂ ਨੇ ਕਿਹਾ ਕਿ ਸਾਡਾ ਮਕਸਦ ਭ੍ਰਿਸ਼ਟ ਲੋਕਾਂ ਨੂੰ ਭਜਾ ਕੇ ਪੰਜਾਬ ਨੂੰ ਬਚਾਉਣਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਨੂੰ ਮੁੜ ਉੱਜਵਲ ਪੰਜਾਬ ਬਣਾਉਣ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ।ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਪਾਰਟੀ ਅਤੇ ਵੋਟਰਾਂ ਵੱਲੋਂ ਮੇਰੇ 'ਤੇ ਦਿੱਤੇ ਗਏ ਭਰੋਸੇ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ।

# ਥਾਣਾ ਮੁਖੀ ਸੁਖਦੇਵ ਸਿੰਘ ਨੇ ਚਾਰਜ ਸੰਭਾਲਿਆ



**ਨੂਰਮਹਿਲ, (ਬਾਲ ਕ੍ਰਿਸ਼ਨ ਬਾਲੀ )**ਨੂਰਮਹਿਲ ਦੇ ਨਵੇਂ ਆਏ ਥਾਣਾ ਮੁਖੀ ਸਬ ਇੰਸਪੈਕਟਰ ਸੁਖਦੇਵ ਸਿੰਘ ਨੇ ਚਾਰਜ ਸੰਭਾਲ ਲਿਆ ਹੈ । ਉਹਨਾਂ ਕਿਹਾ ਕਿ ਇਲਾਕੇ ਵਿਚ ਸ਼ਾਂਤੀਪੂਰਵਕ ਮਾਹੌਲ ਕਾਇਮ ਕੀਤਾ ਜਾਵੇਗਾ । ਉਹਨਾਂ ਲੁੱਟਾਂ ਖੋਹਾਂ ਅਤੇ ਨਸ਼ਾ ਵੇਚਣ ਵਾਲਿਆਂ ਨੂੰ ਚਿਤਾਵਨੀ ਦਿੱਤੀ ਕਿ ਉਹ ਇਹਨਾਂ ਕੰਮਾਂ ਤੋਂ ਬਾਜ ਆ ਜਾਣ ਨਹੀਂ ਤਾਂ ਉਹਨਾਂ ਨਾਲ ਸਖਤੀ ਨਾਲ ਪੇਸ਼ ਆਇਆ ਜਾਵੇਗਾ ।ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਗਲਤ ਅਨਸਰਾਂ ਨੂੰ ਕਾਬੂ ਕਰਨ ਲਈ ਪੁਲਸ ਦਾ ਸਾਥ ਦੇਣ।

# ਨਿਰਮਲ ਕੁਟੀਆ ਕਿਲਾ ਬਰੂਨ ਵਿਖੇ ਧਾਰਮਿਕ ਸਮਾਗਮ ਅੱਜ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**—ਨਿਰਮਲ ਕੁਟੀਆ ਕਿਲਾ ਬਰੂਨ ਵਿਖੇ ਜੇਠੇ ਐਤਵਾਰ ਨੂੰ ਮੁੱਖ ਰੱਖਦਿਆਂ ਧਾਰਮਿਕ ਸਮਾਗਮ 21 ਮਈ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਬਾਬਾ ਮਹਾਂਵੀਰ ਸਿੰਘ ਤਾਜੇਵਾਲ ਨੇ ਦੱਸਿਆ ਕਿ ਪਾਠ ਦੇ ਭੋਗ ਤੋਂ ਬਾਦ ਕੀਰਤਨ ਹੋਵੇਗਾ। ਜਿਸ ਵਿੱਚ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਿਆ ਜਾਵੇਗਾ। ਸਵੇਰੇ 10 ਤੋਂ 1 ਵਜੇ ਤੱਕ ਹੋ ਰਹੇ ਇਸ ਸਮਾਗਮ ਦੌਰਾਨ ਲੰਗਰ ਦੀ ਸੇਵਾ ਸਰਦਾਰ ਹਰਮੇਲ ਸਿੰਘ ਦੇ ਪਰਵਾਰ ਵੱਲੋਂ ਹੋਵੇਗੀ।

# ਐੱਨ ਸੀ ਸੀ ਕੈਡਿਟਾਂ ਨੇ ਵਾਤਾਵਰਨ ਨੂੰ ਬਚਾਉਣ ਲਈ ਮੁਹਿੰਮ ਦੀ ਕੀਤੀ ਸ਼ੁਰੂਆਤ



**ਅੱਡਾ ਸਰਾਂ , (ਕਾਜਲ)**-ਬੀ. ਐੱਨ. ਸੀਨੀਅਰ ਸੈਕੰਡਰੀ ਸਕੂਲ ਕੰਧਾਲਾ ਜੱਟਾਂ ਵਿਖੇ ਐੱਨ. ਸੀ.ਸੀ ਕੈਡਿਟਾਂ ਨੇ ਵਾਤਾਵਰਨ ਨੂੰ ਬਚਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਐੱਨ. ਸੀ.ਸੀ.12 ਪੰਜਾਬ ਬਟਾਲੀਅਨ ਦੇ ਕਮਾਂਡਿੰਗ ਅਫਸਰ ਕਰਨਲ ਹਰਤੇਜ ਸ਼ੇਰਗਿੱਲ, ਅਫਸਰ ਕਰਨਲ ਜੇ.ਐੱਸ. ਮਾਨ ਅਤੇ ਸਕੂਲ ਦੇ ਪ੍ਰਿੰਸੀਪਲ ਜੈ ਕਿਸ਼ਨ ਮਹਿਤਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਚਲਾਈ ਮੁਹਿੰਮ ਤਹਿਤ ਬੱਚਿਆਂ ਦੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਬੱਚਿਆਂ ਨੇ ਪਾਣੀ ਬਚਾਉਣ, ਰੁੱਖ ਲਗਾਉਣ, ਧਰਤੀ ਨੂੰ ਪ੍ਰਦੂਸ਼ਣ ਤੋਂ ਬਚਾਉਣ, ਪਲਾਸਟਿਕ ਦੀ ਵਰਤੋਂ 'ਤੇ ਪਾਬੰਦੀ ਅਤੇ ਵਾਤਾਵਰਨ ਦੀ ਸੁੱਧਤਾ ਆਦਿ ਵਿਸ਼ਿਆਂ 'ਤੇ ਪੋਸਟਰਾਂ 'ਤੇ ਕਲਾ ਰਾਹੀਂ ਆਪਣੀਆਂ ਭਾਵਨਾਵਾਂ ਨੂੰ ਦਰਸਾਇਆ। ਇਸ ਦੌਰਾਨ ਬੱਚਿਆਂ ਨੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵਾਤਾਵਰਨ ਦੀ ਸੰਭਾਲ ਲਈ ਪ੍ਰੇਰਿਤ ਕਰਨ ਦਾ ਪ੍ਰਣ ਲਿਆ। ਇਸ ਦੌਰਾਨ ਸਕੂਲ ਪ੍ਰਬੰਧਕ ਇੰਜਨੀਅਰ ਅਨਿਲ ਮਹਿਤਾ ਨੇ ਜੇਤੂਆਂ ਨੂੰ ਸਨਮਾਨਿਤ ਕੀਤਾ ਅਤੇ ਭਵਿੱਖ ਵਿਚ ਵਾਤਾਵਰਨ ਦੀ ਸੰਭਾਲ ਲਈ ਗੰਭੀਰ ਕਦਮ ਚੁੱਕਣ ਲਈ ਵੀ ਪ੍ਰੇਰਿਤ ਕੀਤਾ। ਮਹਿਤਾ ਨੇ ਗਲੋਬਲ ਵਾਰਮਿੰਗ ਦੇ ਗੰਭੀਰ ਖਤਰਿਆਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਰੱਖਣ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਵਾਤਾਵਰਨ ਦੀ ਸੰਭਾਲ ਲਈ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਐੱਨ. ਸੀ.ਸੀ. ਅਧਿਕਾਰੀ ਹਰਭਜਨ ਸਿੰਘ, ਐੱਨ. ਸੀ.ਸੀ ਕੇਅਰ ਟੇਕਰ ਜਤਿੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਮੇਲ ਸਿੰਘ, ਅਮਿਤ ਕੁਮਾਰ, ਮਨਦੀਪ ਕੌਰ, ਪਵਨਦੀਪ ਕੌਰ, ਜਸਵੀਰ ਕੌਰ, ਗੁਰਬਖਸ਼ ਕੌਰ ਅਤੇ ਹੋਰ ਸਟਾਫ ਮੈਂਬਰ ਵੀ ਹਾਜਰ ਸਨ।

# ਵਿਕਟੋਰੀਆ ਸਕੂਲ 'ਚ ਸਟੂਡੈਂਟ ਕੌਂਸਲ ਦਾ ਗਠਨ



**ਅੱਡਾ ਸਰਾਂ, (ਕਾਜਲ)**- ਵਿਕਟੋਰੀਆ ਇੰਟਰਨੈਸ਼ਨਲ ਸਕੂਲ ਵਿਖੇ ਸਟੂਡੈਂਟ ਕੌਂਸਲ ਦਾ ਗਠਨ ਕਰਕੇ ਉਸਦਾ ਸਨਮਾਨ ਸਮਾਗਮ ਕਰਵਾਇਆ ਗਿਆ। ਡਾਇਰੈਕਟਰਾਂ ਪ੍ਰੋ. ਜੀ.ਐੱਸ. ਮੁਲਤਾਨੀ ਅਤੇ ਨੀਰੂ ਮੁਲਤਾਨੀ ਦੀ ਅਗਵਾਈ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿਕਟੋਰੀਅਨ ਗੀਤ ਨਾਲ ਹੋਈ। ਇਸ ਵਿਕਟੋਰੀਅਨ ਗੀਤ ਨੂੰ ਸਕੂਲ ਦੀ ਪ੍ਰਿੰਸੀਪਲ ਪੂਜਾ ਪਟਿਆਲ ਨੇ ਲਿਖਿਆ ਅਤੇ ਸੰਗੀਤ ਅਧਿਆਪਕ ਨਵਨੀਤ ਨੇ ਸੰਗੀਤਬੱਧ ਕੀਤਾ। ਜਿਸ ਨੂੰ ਬੱਚਿਆਂ ਨੇ ਵੀ ਬਹੁਤ ਸੋਹਣਾ ਗਾਇਆ। ਤੀਜੀ ਅਤੇ ਚੌਥੀ ਜਮਾਤ ਦੀਆਂ ਵਿਦਿਆਰਥਣਾਂ ਨੇ ਸਵਾਗਤੀ ਗੀਤ 'ਤੇ ਡਾਂਸ ਕੀਤਾ। ਚੁਣੀ ਗਈ ਸਟੂਡੈਂਟ ਕੌਂਸਲ ਵਿਚ ਸਕੂਲ ਦੇ ਹੈੱਡ ਬੁਆਏ ਅਨਮੋਲਪ੍ਰੀਤ ਸਿੰਘ, ਹੈੱਡ ਗਰਲ ਸੁਖਮਨਪ੍ਰੀਤ ਕੌਰ, ਵਾਈਸ ਹੈੱਡ ਲੜਕੇ ਗੁਰਸ਼ਾਨ ਸਿੰਘ ਸਹੋਤਾ, ਵਾਈਸ ਹੈੱਡ ਗਰਲ ਸੀਰਤ ਧਾਲੀਵਾਲ ਅਤੇ ਹੋਰਨਾਂ ਅਹੁਦੇਦਾਰਾਂ ਨੂੰ ਡਾਇਰੈਕਟਰ ਨੀਰੂ ਮੁਲਤਾਨੀ ਅਤੇ ਪ੍ਰਿੰਸੀਪਲ ਪੂਜਾ ਪਟਿਆਲ ਵੱਲੋਂ ਬੈਜ ਦੇ ਸਨਮਾਨਿਤ ਕੀਤਾ । ਇਸ ਤੋਂ ਬਾਅਦ ਸਹੁੰ ਚੁੱਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਚੁਣੇ ਗਏ ਵਿਦਿਆਰਥੀਆਂ ਨੇ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣ ਦੀ ਸਹੁੰ ਚੁੱਕੀ। ਡਾਇਰੈਕਟਰ ਨੀਰੂ ਮੁਲਤਾਨੀ ਨੇ ਚੁਣੀ ਗਈ ਵਿਦਿਆਰਥੀ ਪ੍ਰੀਸ਼ਦ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੱਚਿਆਂ ਵਿਚ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਲਈ ਇਹ ਸਮਾਗਮ ਕਰਵਾਇਆ ਗਿਆ ਹੈ। ਇਸ ਮੌਕੇ ਸਕੂਲ ਦੇ ਕੋਆਰਡੀਨੇਟਰ ਅਤੇ ਸਟਾਫ ਮੈਂਬਰ ਹਾਜਰ ਸਨ।

# ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਮੌਜੂਦਾ ਸਰਪੰਚ ਆਪ 'ਚ ਸ਼ਾਮਲ

**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**—ਬੀਤ ਇਲਾਕੇ 'ਚ ਪਿੰਡ ਪੰਡੋਰੀ ਵਿੱਖੇ ਹਲਕਾ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਚਿਰਾਂ ਤੋਂ ਲਟਕਦੀ ਆ ਰਹੀ ਪੀਣ ਵਾਲੇ ਪਾਣੀ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ 19 ਲੱਖ ਦੀ ਲਾਗਤ ਨਾਲ ਪੈਣ ਵਾਲੀ ਪਾਈਪ ਲਾਈਨ ਦਾ ਉਦਘਾਟਨ ਕੀਤਾ।

ਉਦਘਾਟਨੀ ਸਮਾਰੋਹ ਤੋਂ ਬਾਅਦ ਇਕ ਸਾਦੇ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਇਲਾਕੇ ਦੀ ਸਿਆਸਤ ਦੇ ਬਾਬਾ ਬੋਹੜ ਕਹਾਉਣ ਵਾਲੇ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਚੂਹੜਾ ਰਾਮ ਮੀਲੂ ਤੇ ਪੰਡੋਰੀ ਪਿੰਡ ਦੇ ਮੌਜੂਦਾ ਸਰਪੰਚ ਰਾਮ ਸ਼ਾਹ ਮੀਲੂ ਆਪਣੇ ਦਰਜਨਾਂ ਸਾਥੀਆਂ ਨਾਲ ਆਮ ਆਦਮੀ ਪਾਰਟੀ 'ਚ ਸ਼ਾਮਿਲ ਹੋ ਗਏ। ਨਵੇਂ ਸ਼ਾਮਿਲ ਹੋਏ ਸਾਥੀਆਂ ਦਾ ਪਾਰਟੀ 'ਚ ਸਵਾਗਤ ਕਰਦਿਆਂ ਰੋੜੀ ਨੇ ਕਿਹਾ ਕਿ ਜਿਨਾਂ ਆਸਾਂ ਉਮੀਦਾਂ ਪਾਰਟੀ ਜੁਆਇਨ ਕੀਤੀ ਹੈ ਓਹਨਾਂ ਤੇ ਖਰਾ ਉਤਰਾਂਗੇ ਤੇ ਪਾਰਟੀ 'ਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਓ ਐਸ ਡੀ ਚਰਨਜੀਤ ਸਿੰਘ ਚੰਨੀ, ਦੇਸ ਰਾਜ ਮੀਲੂ, ਨਰਿੰਦਰ ਕੁਮਾਰ ਮੱਲੀ, ਸੰਜੇ ਕੁਮਾਰ ਪੀਪਲੀਵਾਲ, ਹੁਸਨ ਲਾਲ ਲੰਬੜਦਾਰ, ਗੁਰਚੈਨ ਚੇਨੀ ਟੀਬੀਆਂ, ਸਾਬਕਾ ਸਰਪੰਚ ਸਰਵਣ ਕੁਮਾਰ, ਕਸਾਣਾ , ਵੀਰ ਸਿੰਘ ਹਰਵਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਲੋਕ ਹਾਜਰ ਸਨ।



# ਸਫਾਈ ਸੇਵਕਾਂ ਦੀ ਨਿਰੰਤਰ ਹੜਤਾਲ ਕਾਰਨ ਡੇਰਾ ਬਾਬਾ ਨਾਨਕ ਅੰਦਰ ਲੱਗੇ ਥਾਂ-ਥਾਂ ਗੰਦਗੀ ਦੇ ਢੇਰ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਨਗਰ ਕੌਂਸਲ ਦੇ ਸਫਾਈ ਸੇਵਕ 5 ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਪਿਛਲੇ 18 ਦਿਨਾਂ ਤੋਂ ਲਗਾਤਾਰ ਹੜਤਾਲ 'ਤੇ ਬੈਠੇ ਹੋਏ ਹਨ ਜਿਸ ਕਾਰਨ ਕਸਬੇ ਅੰਦਰ ਵੱਡੇ-ਵੱਡੇ ਗੰਦਗੀ ਦੇ ਢੇਰ ਲੱਗ ਗਏ ਹਨ ਜਿਨ੍ਹਾਂ ਦੀ ਬਦੌਲਤ ਕਾਰਨ ਜਿਥੇ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਥੇ ਹੀ ਸਥਾਨਕ ਸ਼ਹਿਰ ਵਾਸੀਆਂ ਦਾ ਵੀ ਜਿਊਣਾ ਮੁਸ਼ਕਲ ਹੋਇਆ ਪਿਆ ਹੈ ਕਿਉਂਕਿ ਇਸ ਗੰਦਗੀ ਦੀ ਬਦਬੋ ਕਾਰਨ ਕਸਬੇ ਅੰਦਰ ਭਿਆਨਕ ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਹੋਇਆ ਹੈ ਜਿਸ ਕਾਰਨ ਇਸ ਸਰਹੱਦੀ ਕਸਬੇ ਦੇ ਲੋਕਾਂ ਅੰਦਰ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਸ ਸਬੰਧੀ ਨਵਾ ਜ਼ਮਾਨਾ ਨਾਲ ਗੱਲਬਾਤ ਕਰਦਿਆ ਹੋਇਆਂ ਸਿਟੀ ਵੈੱਲਫੇਅਰ ਡੇਰਾ ਬਾਬਾ ਨਾਨਕ ਦੇ ਪ੍ਰਧਾਨ ਰਜੇਸ਼ ਹਾਂਡਾਂ ਨੇ ਦੱਸਿਆ ਕਿ ਇਸ ਨਗਰ ਕੌਂਸਲ ਦੇ ਸਫਾਈ ਸੇਵਕਾਂ ਨੂੰ ਪਿਛਲੇ 5 ਮਹੀਨਿਆਂ ਤੋਂ ਤਨਖਾਹ ਨਹੀਂ ਮਿਲ ਰਹੀ ਜਿਸ ਕਾਰਨ ਇਹ ਪਿਛਲੇ 18 ਦਿਨਾਂ ਤੋਂ ਕੰਮ ਛੱਡ ਕੇ ਲਗਾਤਾਰ ਹੜਤਾਲ 'ਤੇ ਬੈਠੇ ਹੋਏ ਹਨ ਤੇ ਤਨਖਾਹਾਂ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ 18 ਦਿਨ ਬੀਤ ਜਾਣ ਬਾਅਦ ਵੀ ਅਜੇ ਤੱਕ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਇਨ੍ਹਾਂ ਦੀ ਸਾਰ ਲੈਣ ਨਹੀਂ ਆਇਆ। ਉਨ੍ਹਾਂ ਦੱਸਿਆ ਕਿ ਅਸੀਂ ਇਸ ਸਬੰਧੀ ਸਥਾਨਕ ਸਰਕਾਰਾਂ ਮੰਤਰੀ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਚਿੱਠੀਆਂ ਲਿਖ ਕੇ ਮੰਗ ਕੀਤੀ ਹੈ ਕਿ ਇਸ ਇਤਿਹਾਸਕ ਕਸਬੇ 'ਚ ਕਰਤਾਰਪੁਰ ਕੋਰੀਡੋਰ ਰਾਹੀਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਵੀ ਦੇਸ਼ਾਂ-ਵਿਦੇਸ਼ਾਂ ਤੋਂ ਰੋਜ਼ਾਨਾ ਹਜ਼ਾਰਾਂ ਸੰਗਤਾਂ ਸ਼ਿਰਕਤ ਕਰਦੀਆਂ ਹਨ ਤੇ ਉਨ੍ਹਾਂ ਸੰਗਤਾਂ ਨੂੰ ਵੀ ਇਸ ਗੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਗਰੀਬ ਸਫਾਈ ਸੇਵਕਾਂ ਨੂੰ ਜਲਦ ਤੋਂ ਜਲਦ ਤਨਖਾਹਾਂ ਦਿੱਤੀਆਂ ਜਾਣ ਤਾਂ ਜੋ ਉਹ ਮੁੜ ਆਪਣੀ ਡਿਊਟੀ 'ਤੇ ਹਾਜ਼ਰ ਹੋ ਕੇ ਕਸਬੇ ਦੀ ਸਫਾਈ ਕਰ ਸਕਣ।

# ਜੀ ਡੀ ਗੋਇਨਕਾ ਸਕੂਲ 'ਚ ਇੰਟਰ ਹਾਊਸ ਫੁੱਟਬਾਲ ਮੈਚ



**ਕਪੂਰਥਲਾ, ( ਹਨੀ )** ਜੀ.ਡੀ.ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਇੰਟਰ ਹਾਊਸ ਫੁੱਟਬਾਲ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ । ਜਿਸ ਵਿਚ ਵੱਖ ਵੱਖ ਹਾਊਸਾਂ ਦੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਉਦਘਾਟਨੀ ਮੈਚ ਸਵਾਮੀ ਵਿਵੇਕਾਨੰਦ ਅਤੇ ਰਾਧਾ ਕ੍ਰਿਸ਼ਨਨ ਹਾਊਸ ਦਰਮਿਆਨ ਹੋਇਆ, ਜਿਸ ਵਿੱਚ ਡਾ. ਰਾਧਾਕ੍ਰਿਸ਼ਨਨ ਹਾਊਸ ਜੇਤੂ ਰਿਹਾ। ਦੂਸਰਾ ਮੁਕਾਬਲਾ ਮਦਰ ਟੈਰੇਸਾ ਹਾਊਸ ਅਤੇ ਡਾ: ਰਾਬਿੰਦਰਨਾਥ ਟੈਗੋਰ ਹਾਊਸ ਵਿਚਕਾਰ ਹੋਇਆ, ਜਿਸ ਵਿਚ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਮੈਚ ਖੇਡਿਆ ਅਤੇ ਡਾ: ਰਾਬਿੰਦਰਨਾਥ ਟੈਗੋਰ ਹਾਊਸ ਜੇਤੂ ਰਿਹਾ । ਫਾਈਨਲ ਮੁਕਾਬਲੇ ਵਿੱਚ ਡਾ. ਰਾਬਿੰਦਰਨਾਥ ਟੈਗੋਰ ਹਾਊਸ ਪ੍ਰਤੀਯੋਗਤਾ ਦਾ ਜੇਤੂ ਰਿਹਾ ਅਤੇ ਡਾ. ਰਾਧਾਕ੍ਰਿਸ਼ਨਨ ਹਾਊਸ ਉਪ ਜੇਤੂ ਰਿਹਾ । ਜਦਕਿ ਮਦਰ ਟੈਰੇਸਾ ਹਾਊਸ ਤੀਜੇ ਅਤੇ ਸਵਾਮੀ ਵਿਵੇਕਾਨੰਦ ਹਾਊਸ ਚੌਥੇ ਸਥਾਨ 'ਤੇ ਰਿਹਾ । ਲੜਕੀਆਂ ਦੇ ਮੁਕਾਬਲੇ ਵਿੱਚ ਮਦਰ ਟੈਰੇਸਾ ਅਤੇ ਸਵਾਮੀ ਵਿਵੇਕਾਨੰਦ ਹਾਊਸ ਦੀਆਂ ਵਿਦਿਆਰਥਣਾਂ ਆਪਣੇ ਮੈਚ ਜਿੱਤਣ ਵਿਚ ਕਾਮਯਾਬ ਰਹੀਆਂ । ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਪਰਮਿੰਦਰ ਕੌਰ ਸਕੱਤਰ ਅਤੇ ਪ੍ਰਿੰਸੀਪਲ ਕੰਵਲਜੀਤ ਕੌਰ ਨੇ ਜੇਤੂ ਟੀਮਾਂ ਦੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ।

# ਵੱਖ-ਵੱਖ ਯੂਨੀਅਨਾਂ ਵੱਲੋਂ 23 ਨੂੰ ਸੰਗਰੂਰ 'ਚ ਹੱਲਾ ਬੋਲ ਮੁਹਿੰਮ ਦਾ ਐਲਾਨ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਬੀਤੇ ਕਰੀਬ ਡੇਢ ਸਾਲ ਤੋਂ ਪੰਜਾਬ ਦੇ ਵੱਖ ਵੱਖ ਸਕੂਲਾਂ ਵਿੱਚ ਮਜਦੂਰ ਸਕੇਲ ਤੋਂ ਵੀ ਘੱਟ ਰੇਟਾਂ 'ਤੇ ਸੇਵਾ ਨਿਭਾ ਰਹੇ 8736 ਕੱਚੇ ਅਧਿਆਪਕਾਂ ਨੂੰ ਪੰਜਾਬ ਸਰਕਾਰ ਵੱਲੋ ਪੱਕੇ ਕਰਨ ਦੇ ਦਾਅਵੇ ਤੇ ਨਿੱਤ ਨਵੇਂ ਐਲਾਨ ਸਿਰਫ ਸਬਜਬਾਗ ਹੀ ਸਿੱਧ ਹੋਏ ਹਨ। ਸਿੱਖਿਆ ਪ੍ਰੋਵਾਈਡਰ ਯੂਨੀਅਨ ਦੇ ਸੂਬਾ ਪ੍ਰਧਾਨ ਮਨਪ੍ਰੀਤ ਸਿੰਘ ਮੋਗਾ, ਆਈ ਈ ਵੀ ਯੂਨੀਅਨ ਦੇ ਸੂਬਾ ਪ੍ਰਧਾਨ ਜਸਵੰਤ ਸਿੰਘ ਪੰਨੂ ਨੇ ਕਿਹਾ ਕਿ ਸਾਨੂੰ ਬਦਲਾਵ ਵਾਲਾ ਸਬਜ ਬਾਗ ਦਿਖਾ ਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਤੇ ਵੱਖ-ਵੱਖ ਹਲਕਿਆਂ ਦੇ ਵਿਧਾਇਕਾਂ ਨੇ ਰੱਜ ਕੇ ਗੁਮਰਾਹ ਕੀਤਾ। ਸਾਡੇ ਮੁਹਾਲੀ ਵਿੱਚ ਚੱਲ ਰਹੇ ਨਿਰੰਤਰ ਧਰਨੇ ਵਿਚ ਬੀਤੀ ਸਰਕਾਰ ਦੌਰਾਨ ਖੁਦ ਪਹੁੰਚ ਕਰਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੀ ਸਰਕਾਰ ਬਣਾਉਣ ਦੀ ਮਦਦ ਮੰਗ ਕੇ ਸਾਨੂੰ ਸਰਕਾਰ ਬਣਨ ਤੇ ਤੁਰੰਤ ਪੱਕਾ ਕਰਨ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਇਹਨਾਂ ਨੇ ਸਾਡੇ 8736 ਮੁਲਾਜਮਾਂ ਨੂੰ ਪੱਕਾ ਕਰਨ ਦੇ ਝੂਠੇ ਐਲਾਨ ਦਾ ਆਸਰਾ ਲੈ ਕੇ ਹਿਮਾਚਲ ਪੰਜਾਬ ਅਤੇ ਕਰਨਾਟਕ ਵਿਚ ਝੂਠੀ ਇਸ਼ਤਿਹਾਰਬਾਜੀ ਕੀਤੀ। ਇਨ੍ਹਾਂ ਫਰਜੀ ਇਨਕਲਾਬੀ ਬਣੇ ਲੀਡਰਾਂ ਨੇ ਸਾਨੂੰ ਸੰਗਰੂਰ ,ਜਲੰਧਰ ਜਿਮਨੀ ਚੋਣਾਂ ਦੌਰਾਨ ਕੁਝ ਦਿਨ ਲਈ ਚੁੱਪ ਸਰਹੱਦ ਤੇ ਆਪਣਾ ਸਾਥ ਦੇਣ ਦਾ ਵਾਅਦਾ ਕਰਕੇ ਮੁੜ ਉਹੀ ਰੁੱਖ ਅਖਤਿਆਰ ਕਰ ਲਿਆ ਹੈ। ਉਹਨਾਂ ਨੇ ਕਿਹਾ ਕਿ 23 ਮਈ ਨੂੰ ਸੰਗਰੂਰ ਵਿਚ ਵੱਡੇ ਪੱਧਰ ਦੇ ਗੁਪਤ ਐਕਸ਼ਨ ਕੀਤੇ ਜਾਣਗੇ ਤਾਂ ਕਿ ਸਰਕਾਰ ਦੇ ਭਰਮ ਭੁਲੇਖੇ ਦੂਰ ਹੋ ਸਕਣ। ਇਸ ਮੌਕੇ ਉਨ੍ਹਾਂ ਨਾਲ ਜਗਸੀਰ ਸਿੰਘ ਸੰਧੂ, ਗੁਰਮੀਤ ਸਿੰਘ ਪੱਡਾ ਜਰਨਲ ਸਕੱਤਰ,ਰਿੰਪਲਜੀਤ ਸਿੰਘ,ਗੁਰਿੰਦਰ ਸਿੰਘ ਸੋਹੀ, ਨਿਰਮਲ ਸਿੰਘ, ਇੰਦਰਜੀਤ ਸਿੰਘ, ਸੁਖਜਿੰਰ ਸਿੰਘ, ਜਗਦੀਪ ਸਿੰਘ, ਬਲਵਿੰਦਰ ਸਿੰਘ ਢਿੱਲੋਂ , ਗੁਰਪਰਤਾਪ ਸਿੰਘ ਤੇ ਹੋਰ ਅਧਿਆਪਕ ਆਗੂ ਮੌਜੂਦ ਸਨ।

# ਲੁਠੇੜੀ ਸਕੂਲ ਵਿਖੇ ਲਗਾਏ ਵਾਤਾਵਰਨ ਦੀ ਸ਼ੁੱਧਤਾ ਲਈ ਪੌਦੇ



**ਸ੍ਰੀ ਚਮਕੌਰ ਸਾਹਿਬ , (ਗੁਰਵਿੰਦਰਪਾਲ ਸਿੰਘ ਬੋਬੀ)**- ਨਜਦੀਕੀ ਪਿੰਡ ਲੁਠੇੜੀ ਦੇ ਸਰਕਾਰੀ ਸੀਨੀਅਰ ਸੁਕੰਡਰੀ ਸਕੂਲ ਵਿਖੇ ਵਾਤਾਵਰਨ ਦੀ ਸ਼ੁੱਧਤਾ ਲਈ ਪ੍ਰਿੰਸੀਪਲ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਪੌਦੇ ਲਗਾਏ ਗਏ । ਸਕੂਲ ਅਧਿਆਪਕ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਮਿਸ਼ਨ ਲਾਈਫ ਅਧੀਨ ਸੰਸਥਾ ਦੀ ਹਰਿਆਵਲ ਈਕੋ ਕਲੱਬ ਵੱਲੋਂ ਇਹ ਉਪਰਾਲਾ ਕੀਤਾ ਗਿਆ । ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਜੀਵਨ , ਜੀਅ ਭਾਵ ਮਨੁੱਖ ਅਤੇ ਪਸ਼ੂ ਪੰਛੀ ਅਤੇ ਵਣ ਤੋਂ ਭਾਵ ਰੁੱਖ ਦਾ ਸੁਮੇਲ ਹੈ । ਇਨ੍ਹਾਂ ਦੋਹਾਂ ਦਾ ਸਮਤੋਲ ਬਣਾ ਕੇ ਰੱਖਣਾ ਬਹੁਤ ਜਰੂਰੀ ਹੈ ।

ਉਨ੍ਹਾਂ ਵਿਦਿਆਰਥੀਆਂ ਨੂੰ ਨਵੇਂ ਪੌਦੇ ਲਗਾਉਣ ਅਤੇ ਸੰਭਾਲ ਕਰਨ ਲਈ ਵੀ ਪ੍ਰੇਰਿਤ ਕੀਤਾ । ਇਸ ਮੌਕੇ ਸੰਸਥਾ ਵਿੱਚ ਪਾਮ ਅਤੇ ਚੰਪਾ ਦੇ ਸਜਾਵਟੀ ਪੌਦੇ ਵੀ ਲਗਾਏ ਗਏ ਅਤੇ ਵਿਦਿਆਰਥੀਆਂ ਨੇ ਆਪਮੁਹਾਰੇ ਸਵੈ ਇੱਛਾ ਨਾਲ ਇਨ੍ਹਾਂ ਦੀ ਸੰਭਾਲ ਦੀ ਜਿੰਮੇਵਾਰੀ ਲਈ । ਜਿਕਰਯੋਗ ਹੈ ਕਿ ਮਿਸ਼ਨ ਲਾਈਫ ਤਹਿਤ ਸਕੂਲ ਵਿੱਚ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਵਾਤਾਵਰਨ ਸੰਭਾਲ ਅਤੇ ਪਲਾਸਟਿਕ ਦੀ ਘੱਟ ਵਰਤੋਂ ਲਈ ਲੜੀਵਾਰ ਗਤੀਵਿਧੀਆਂ ਸਾਇੰਸ ਅਧਿਆਪਕਾ ਅਮਨਪ੍ਰੀਤ ਕੌਰ ਦੀ ਦੇਖਰੇਖ ਹੇਠ ਕਰਵਾਈਆਂ ਜਾ ਰਹੀਆਂ ਹਨ । ਇਸ ਮੌਕੇ ਲੈਕ. ਦਵਿੰਦਰ ਸਿੰਘ ਮਕੜੌਨਾ , ਮਧੂ ਬਾਲਾ , ਸਰੀਨਾ ਰਾਏ, ਡਾ. ਬਲਜੀਤ ਕੌਰ , ਕੁਲਦੀਪ ਕੌਰ , ਸਰੀਨਾ ਰਾਏ , ਮੋਨਿਕਾ ਸ਼ਰਮਾ , ਸੁਰਮੁੱਖ ਸਿੰਘ , ਲਖਵਿੰਦਰ ਸਿੰਘ , ਮਨਿੰਦਰ ਚੱਢਾ , ਜਸਵਿੰਦਰ ਕੌਰ , ਅਮਨਪ੍ਰੀਤ ਕੌਰ ,ਵਰਿੰਦਰ ਵਰਮਾ , ਮੋਨਿਕਾ ,ਗੁਰਬਾਜ ਸਿੰਘ , ਦਵਿੰਦਰਪਾਲ ਸਿੰਘ ਬਰਾੜ , ਮੋਨਿਕਾ , ਹਰਿੰਦਰ ਕੁਮਾਰ ਕਾਇਨੌਰ , ਗੁਰਮਿੰਦਰ ਸਿੰਘ ਹੁੰਦਲ , ਲਖਵੀਰ ਸਿੰਘ ਰੰਗੀਆਂ ਲਾਇਬਰੇਰੀਅਨ , ਸੁਸ਼ਮਿਤਾ ਅਤੇ ਸਤਪਾਲ ਸਿੰਘ ਸਮੇਤ ਸਮੂਹ ਵਿਦਿਆਰਥੀ ਹਾਜਰ ਸਨ ।

# ਬਾਬਾ ਜਾਹਰਾ ਪੀਰ ਅਸਥਾਨ 'ਤੇ ਸੱਭਿਆਚਾਰਕ ਮੇਲਾ ਕਰਵਾਇਆ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ ,ਉਂਕਾਰ ਸਿੰਘ)**-ਟਾਂਡਾ-ਸੱਲਾ ਰੋਡ ਸਥਿਤ ਬਾਬਾ ਜਾਹਰਾ ਪੀਰ ਜੀ ਦੇ ਅਸਥਾਨ 'ਤੇ ਸਾਲਾਨਾ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਸਭ ਤੋਂ ਪਹਿਲਾਂ ਪੀਰਾਂ ਦੇ ਅਸਥਾਨ 'ਤੇ ਸਵੇਰੇ ਚਾਦਰ ਅਤੇ ਝੰਡਾ ਚੜ੍ਹਾਉਣ ਦੀ ਰਸਮ ਕੀਤੀ ਗਈ।

ਉਪਰੰਤ ਪ੍ਰੋਗਰਾਮ ਵਿਚ ਜੋਤੀ ਨੂਰਾ, ਪੰਜਾਬੀ ਗਾਇਕ ਮੰਗੀ ਮਾਹਲ, ਆਤਮਾ ਸਿੰਘ, ਸਰਵ ਕੌਰ, ਸੁਰਿੰਦਰ ਲਾਡੀ, ਰਿਕਨੂਰ, ਕਮੇਡੀਅਨ ਚਾਚਾ ਬਿਸ਼ਨਾ, ਅਮਨ ਪਾਬਲਾ, ਸੇਠੀ ਸ਼ਾਹ ਨੇ ਸੱਭਿਆਚਾਰ ਗੀਤਾਂ ਰਾਹੀਂ ਹਾਜਰੀ ਲਗਵਾਈ। ਮੁੱਖ ਮਹਿਮਾਨ ਵਜੋਂ ਪਹੁੰਚੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਅਤੇ ਨਗਰ ਸੁਧਾਰ ਸਭਾ ਹੁਸ਼ਿਆਰਪੁਰ ਚੇਅਰਮੈਨ ਹਰਮੀਤ ਸਿੰਘ ਔਲਖ ਨੇ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਵਧਾਈ ਦਿੱਤੀ। ਮੰਚ ਸੰਚਾਲਕ ਦੀ ਭੂਮਿਕਾ ਬਲਦੇਵ ਰਾਹੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਡੀ.ਐੱਸ.ਪੀ ਹਰਲੀਨ ਸਿੰਘ, ਮਾਸਟਰ ਸੁਰਿੰਦਰ ਸਿੰਘ ਸੋਢੀ, ਸੰਦੀਪ ਕੁਮਾਰ ,ਪਵਨ ਕੁਮਾਰ, ਓਮ ਪ੍ਰਕਾਸ਼ , ਵਰਿੰਦਰ ਸਿੰਘ, ਸਤਨਾਮ ਸਿੰਘ, ਸੁਖਬੀਰ ਸਿੰਘ, ਸਤਨਾਮ ਸਿੰਘ, ਸੁਖਬੀਰ ਸਿੰਘ (ਸਾਰੇ ਪ੍ਰਬੰਧਕ), ਡੀ.ਐਸ.ਪੀ ਕੁਲਵੰਤ ਸਿੰਘ, ਗੁਰਸੇਵਕ ਮਾਰਸਲ,ਜਗਜੀਵਨ ਜੱਗੀ,ਕੇਸ਼ਵ ਸਿੰਘ ਸੈਣੀ, ਗੁਰਸੇਵਕ ਮਾਰਸ਼ਲ, ਗੁਰਦੀਪ ਸਿੰਘ ਹੈਪੀ, ਜਿੰਦਰ ਸਿੰਘ ਮਾਰਸ਼ਲ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਅਵਤਾਰ ਸਿੰਘ ਤਾਰੀ, ਦੇਸਰਾਜ ਡੋਗਰਾ,ਦਵਿੰਦਰ ਸੈਣੀ, ਲੇਖ ਰਾਜ ਅਹਿਯਪੁਰ, ਬਲਜੀਤ ਸੈਣੀ, ਮਾਸਟਰ ਰਾਜੇਸ਼ ਲਾਡੀ, ਚੌਧਰੀ ਕਮਲ ਧੂਤ, ਰਵੀ ਡੋਗਰਾ, ਸੂਬੇਦਾਰ ਨਰਿੰਦਰ ਸਿੰਘ ਆਦਿ ਵੀ ਹਾਜਰ ਸਨ।

# ਪੁਰਾਣੀ ਪੈਨਸ਼ਨ ਬਹਾਲੀ ਲਈ ਜ਼ਿਲ੍ਹਾ ਪੱਧਰੀ ਮਸ਼ਾਲ ਮਾਰਚ ਭਲਕੇ



**ਜਲੰਧਰ ( ਰਾਜੇਸ਼ ਥਾਪਾ, ਸ਼ੈਲੀ)** -ਪੁਰਾਣੀ ਪੈਂਨਸ਼ਨ ਯੋਜਨਾ ਬਹਾਲੀ ਸੰਯੁਕਤ ਮੰਚ ਭਾਰਤ ਅਤੇ ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਵਲੋਂ ਦਿੱਤੇ ਸਾਂਝੇ ਸੱਦੇ ਤੇ 22 ਮਈ ਨੂੰ ਜ਼ਿਲ੍ਹਾ ਪੱਧਰੀ ਮਸ਼ਾਲ ਮਾਰਚ ਹੋਣ ਜਾ ਰਹੇ ਹਨ। ਪੂਰੇ ਭਾਰਤ ਵਿੱਚ ਇਹ ਮਸ਼ਾਲ ਮਾਰਚ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਖਿਲਾਫ ਪੁਰਾਣੀ ਪੈਨਸ਼ਨ ਬਹਾਲ ਨਾ ਕਰਨ ਦੇ ਰੋਸ ਵਜੋਂ ਕੀਤੇ ਜਾਣੇ ਹਨ। ਜ਼ਿਲ੍ਹਾ ਜਲੰਧਰ ਦੇ ਕਨਵੀਨਰ ਕੁਲਦੀਪ ਵਾਲੀਆ ਅਤੇ ਕੋ-ਕਨਵੀਨਰ ਦਿਲਬਾਗ ਸਿੰਘ ਨੇ ਦੱਸਿਆ ਕਿ ਪੁਰਾਣੀ ਪੈਂਨਸ਼ਨ ਬਹਾਲੀ ਦਾ ਮੁੱਦਾ ਰਾਸ਼ਟਰੀ ਪੱਧਰ 'ਤੇ ਵੱਡਾ ਮੁੱਦਾ ਬਣ ਕੇ ਉਭਰਿਆ ਹੈ। ਇਸਦਾ ਸਪਸ਼ਟ ਅਸਰ ਵੱਖ ਵੱਖ ਰਾਜਾਂ ਵਿੱਚ ਹੋਈਆਂ ਚੋਣਾਂ ਦੇ ਨਤੀਜਿਆਂ ਤੋਂ ਦੇਖਣ ਨੂੰ ਮਿਲਿਆ ਹੈ। ਬੀਤੇ ਸਾਲ 2022 ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੁਰਾਣੀ ਪੈਂਨਸ਼ਨ ਬਹਾਲ ਕਰਨ ਦਾ ਐਲਾਨ ਕੀਤਾ ਸੀ ਅਤੇ ਟੀ ਵੀ ਚੈਨਲਾਂ' ਤੇ 1972 ਤੋਂ ਪਹਿਲਾਂ ਵਾਲੀ ਪੁਰਾਣੀ ਪੈਂਨਸ਼ਨ ਇੰਨ-ਬਿੰਨ ਬਹਾਲ ਕਰਨ ਬਾਰੇ ਸਪੱਸ਼ਟ ਵੀ ਕੀਤਾ ਸੀ। 22 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇਕੱਠੇ ਹੋ ਕੇ ਜਲੰਧਰ ਸ਼ਹਿਰ ਵਿੱਚ ਵਿਸ਼ਾਲ ਮਸ਼ਾਲ ਮਾਰਚ ਕੱਢਿਆ ਜਾਵੇਗਾ ਤੇ 28 ਮਈ ਨੂੰ ਧੂਰੀ ਵਿਖੇ ਮਹਾਂ ਰੈਲੀ ਕੀਤੀ ਜਾਵੇਗੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਜੀ ਟੀ ਯੂ ਦੇ ਪ੍ਰਧਾਨ ਕਰਨੈਲ ਫਿਲੌਰ, ਪਰੇਮ ਖਲਵਾੜਾ,ਵੇਦ ਰਾਜ, ਸੰਦੀਪ ਰਾਜੋਵਾਲ,ਰਾਮ ਰੂਪ,ਰਮਨ ਕੁਮਾਰ,ਰਜੇਸ਼ ਭੱਟੀ, ਅਨਿਲ ਸ਼ਰਮਾ, ਧਰਮਪਾਲ, ਮੋਹਣ ਲਾਲ, ਪਰੇਮ ਪਾਲ, ਹਰਜਿੰਦਰ ਕੁਮਾਰ ਤੇ ਹੋਰ ਸਾਥੀ ਸ਼ਾਮਲ ਸਨ।

# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਜਨ ਚੇਤਨਾ ਮੁਹਿੰਮ ਤਹਿਤ ਵਿਸ਼ਾਲ ਇੱਕਤਰਤਾ 28 ਨੂੰ




**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਤਹਿਸੀਲ ਕਮੇਟੀ ਗੜ੍ਹਸ਼ੰਕਰ ਦੀ ਮੀਟਿੰਗ ਸਥਾਨਿਕ ਗਾਂਧੀ ਪਾਰਕ ਵਿਖੇ ਪਾਰਟੀ ਦੇ ਤਹਿਸੀਲ ਪ੍ਰਧਾਨ ਕਾਮਰੇਡ ਸਾਦੀ ਰਾਮ ਕਪੂਰ ਦੀ ਪ੍ਰਧਾਨਗੀ ਹੇਠ ਹੋਈ। ਕਮੇਟੀ ਦੇ ਸੱਕਤਰ ਸਾਥੀ ਰਾਮਜੀ ਦਾਸ ਚੌਹਾਨ ਨੇ ਦੱਸਿਆ ਕਿ ਪਾਰਟੀ ਵਲੋਂ ਆਰੰਭੀ ਜਨ ਚੇਤਨਾ ਮੁਹਿੰਮ ਤਹਿਤ 28 ਮਈ ਨੂੰ ਪਿੰਡ ਸਤਨੌਰ ਵਿੱਚ ਔਰਤਾਂ ਦੀਆਂ ਸਮੱਸਿਆਵਾਂ ਸਬੰਧੀ ਇੱਕ ਵਿਸ਼ਾਲ ਇੱਕਤਰਤਾ ਕੀਤੀ ਜਾਵੇਗੀ। ਜਿਸ ਨੂੰ ਸੰਬੋਧਨ ਕਰਨ ਲਈ ਇਸਤਰੀ ਸਭਾ ਦੀ ਸੂਬਾ ਪ੍ਰਧਾਨ ਸੁਰਿੰਦਰ ਕੌਰ ਜੈ ਪਾਲ ਅਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਜਨਰਲ ਸਕੱਤਰ ਧਰਮਿੰਦਰ ਸਿੰਘ ਪੁਹੰਚਣਗੇ ।

ਮੀਟਿੰਗ ਵਿੱਚ ਸਮੁੱਚੇ ਦੇਸ਼ ਅਤੇ ਆਪਣੇ ਸੂਬੇ ਪੰਜਾਬ ਦੇ ਤਾਜਾ ਰਾਜਸੀ ਹਾਲਤਾਂ ਦੀ ਸਮੀਖਿਆ ਕਰਨ ਉਪਰੰਤ ਲੋਕ ਮੁੱਦਿਆਂ ਤੇ ਜੱਥੇਬੰਦਕ ਢਾਂਚੇ ਨੂੰ ਮਜਬੂਤ ਕਰਕੇ ਸੰਘਰਸ਼ ਉਸਾਰਨ ਦਾ ਅਹਿਦ ਕੀਤਾ ਗਿਆ। ਮੀਟਿੰਗ ਵਿੱਚ ਪਾਸ ਕੀਤੇ ਦੋ ਵੱਖ ਵੱਖ ਮਤਿਆ ਰਾਹੀਂ ਡਾਕਟਰ ਨਵਸਰਨ ਕੌਰ ਨੂੰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਈ ਡੀ ਵੱਲੋਂ ਨਜਾਇਜ ਢੰਗ ਨਾਲ ਪ੍ਰੇਸ਼ਾਨ ਕਰਨ ਅਤੇ ਜੰਤਰ ਮੰਤਰ ਦਿੱਲੀ ਵਿਖੇ ਮਹਿਲਾ ਪਹਿਲਵਾਨਾਂ ਨੂੰ ਕੇਂਦਰ ਸਰਕਾਰ ਵੱਲੋਂ ਇਨਸਾਫ ਨਾ ਦੇਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਉਹਨਾਂ ਦੇ ਸੰਘਰਸ਼ਾਂ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ । ਮੀਟਿੰਗ ਦੌਰਾਨ ਕਾਮਰੇਡ ਕੁਲਭੂਸ਼ਣ ਕੁਮਾਰ, ਬਲਵੰਤ ਰਾਮ, ਦਵਿੰਦਰ ਰਾਣਾ, ਸੁੱਚਾ ਸਿੰਘ, ਸ਼ਿੰਗਾਰਾ ਰਾਮ ਭੱਜਲ, ਗਿਆਨੀ ਅਵਤਾਰ ਸਿੰਘ ਥਾਣਾ, ਐਡਵੋਕੇਟ ਹਰਮੇਸ਼ ਅਜਾਦ, ਗੋਪਾਲ ਦਾਸ ਮਲਹੋਤਰਾ, ਮਿਥਲੇਸ਼ ਕੁਮਾਰ ਸ਼ਾਮਿਲ ਸਨ।

# ਭਾਈ ਗੁਰਇਕਬਾਲ ਸਿੰਘ ਦੀ ਪੁਸਤਕ 'ਸਿਫ਼ਤਾਂ ਪਿਆਰੇ ਪ੍ਰੀਤਮ ਦੀਆਂ' ਸੰਗਤ ਅਰਪਣ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਗੁਰਇਕਬਾਲ ਸਿੰਘ ਦੀ ਦਸਵੀਂ ਕਿਤਾਬ ਸਿਫ਼ਤਾਂ ਪਿਆਰੇ ਪ੍ਰੀਤਮ ਦੀਆਂ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਨਾਲ ਰਿਲੀਜ਼ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ ਜਿਸ ਵਿੱਚ ਹੋਰ ਜੱਥਿਆ ਤੋਂ ਇਲਾਵਾ ਭਾਈ ਗੁਰਇਕਬਾਲ ਸਿੰਘ ਨੇ ਕਥਾ ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ ਕਿਹਾ ਕਿ ਸੰਗਤਾਂ ਦੀਆਂ ਅਸੀਸਾਂ ਸਦਕਾ ਦਾਸ ਦੀ ਦਸਵੀਂ ਕਿਤਾਬ ਸਿਫ਼ਤਾਂ ਪਿਆਰੇ ਪ੍ਰੀਤਮ ਦੀਆਂ ਸੰਗਤਾਂ ਨੂੰ ਸਮਰਪਿਤ ਕੀਤੀ ਗਈ। ਇਸ ਕਿਤਾਬ ਵਿਚ ਗੁਰੂ ਦੀਆਂ ਪਿਆਰ ਭਰੀਆਂ ਸਿਫ਼ਤਾਂ ਦੀਆਂ ਧਾਰਨਾ ਅਤੇ ਉਸ ਦੇ ਫੁਰਮਾਨ ਦਿੱਤੇ ਗਏ ਹਨ ਤਾਂ ਕਿ ਸੰਗਤਾਂ ਦਾ ਇਸ ਕਿਤਾਬ ਨੂੰ ਪੜ੍ਹਨ ਉਪਰੰਤ ਗੁਰੂ ਸਾਹਿਬ ਪ੍ਰਤੀ ਹੋਰ ਸ਼ਰਧਾ ਤੇ ਪਿਆਰ ਵਧੇ। ਇਸ ਕਿਤਾਬ ਨੂੰ ਤਿਆਰ ਕਰਨ ਲਈ ਭਾਈ ਅੰਮ੍ਰਿਤਪਾਲ ਸਿੰਘ ਦੋਧੀ ਤੇ ਹਰਵਿੰਦਰ ਸਿੰਘ ਡੀ ਸੀ ਵੀਰ ਜੀ ਵੱਲੋਂ ਵਿਸ਼ੇਸ਼ ਸਹਿਯੋਗ ਕੀਤਾ ਗਿਆ। ਭਾਈ ਸਾਹਿਬ ਨੇ ਦੱਸਿਆ ਕਿ ਉਨ੍ਹਾਂ ਦੀਆਂ ਪਹਿਲੀਆਂ 9 ਕਿਤਾਬਾਂ ਨੂੰ ਸੰਗਤਾਂ ਵੱਲੋਂ ਬੇਅੰਤ ਅਸੀਸਾਂ ਮਿਲੀਆਂ ਹਨ। ਇਸ ਮੌਕੇ ਭਾਈ ਸਾਹਿਬ ਨੇ ਪਹਿਲੀਆਂ 9 ਕਿਤਾਬਾਂ ਦਾ ਸੰਗਤਾਂ ਵੱਲੋਂ ਮਿਲੇ ਪਿਆਰ ਲਈ ਸੰਗਤਾਂ ਦਾ ਧੰਨਵਾਦ ਕੀਤਾ

# ਯੂਨੀਵਰਸਲ ਕਾਲਜ ਲੇਹਲ 'ਚ ਸਾਹਿਤਕ ਸਮਾਗਮ ਤੇ ਕਵੀ ਦਰਬਾਰ ਅੱਜ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਲੋਕ ਲਿਖਾਰੀ ਸਭਾ ਕਾਦੀਆਂ ਅਤੇ ਸਾਹਿਤ ਸਭਾ ਧਾਰੀਵਾਲ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਅਤੇ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਸਹਿਯੋਗ ਨਾਲ ਯੂਨੀਵਰਸਲ ਕਾਲਜ ਲੇਹਲ, ਧਾਰੀਵਾਲ ਵਿਖੇ 21 ਮਈ ਦਿਨ ਐਤਵਾਰ ਨੂੰ ਵਿਸ਼ੇਸ਼ ਸਾਹਿਤਕ ਸਮਾਗਮ ਤੇ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਸੁਖਵਿੰਦਰ ਰੰਧਾਵਾ ਤੇ ਪ੍ਰੈੱਸ ਸਕੱਤਰ ਸੁੱਚਾ ਸਿੰਘ ਪਸਨਾਵਾਲ ਨੇ ਦੱਸਿਆ ਕਿ ਸਮਾਗਮ 21 ਮਈ ਨੂੰ ਸਵੇਰੇ 10 ਵਜੇ ਆਰੰਭ ਹੋਵੇਗਾ ਜਿਸ ਵਿੱਚ ਸੰਸਾਰ ਪ੍ਰਸਿੱਧ ਖੇਤੀਬਾੜੀ ਅਰਥ ਵਿਗਿਆਨੀ ਤੇ ਉੱਘੇ ਸਾਹਿਤਕਾਰ ਡਾ: ਸਰਬਜੀਤ ਸਿੰਘ ਛੀਨਾ (ਡਾ: ਸ ਸ ਛੀਨਾ) ਦੇ ਲੇਖਾਂ ਦੀ ਸੁਲੱਖਣ ਸਰਹੱਦੀ ਦੁਆਰਾ ਸੰਪਾਦਿਤ ਪੁਸਤਕ 'ਖੇਤੀ ਸੰਕਟ ਬਾਨਾਮ ਆਰਥਿਕ ਚਣੌਤੀਆਂ' ਉਪਰ ਵਿਚਾਰ ਚਰਚਾ ਵਿੱਚ ਡਾ. ਰਜਵਿੰਦਰ ਕੌਰ ਨਾਗਰਾ (ਪ੍ਰੋ.), ਮੱਖਣ ਕੁਹਾੜ, ਗੁਰਮੀਤ ਸਿੰਘ ਬਾਜਵਾ ਆਦਿ ਸਾਹਿਤਕਾਰ/ਵਿਦਵਾਨ ਹਿਸਾ ਲੈਣਗੇ। ਉਪਰੰਤ ਵੱਖ-ਵੱਖ ਲੇਖਕਾਂ ਦੀਆਂ ਰਚਨਾਵਾਂ ਦਾ ਸਾਂਝਾ ਕਾਵਿ ਸੰਗ੍ਰਹਿ 'ਰਮਜ਼ਾਂ ਕਲਮਾਂ ਦੀਆਂ' ਜਿਸਦੀ ਦੀ ਸੰਪਾਦਨਾ 'ਅਮਰੀਕ ਲੇਹਲ' ਨੇ ਕੀਤੀ ਹੈ, ਨੂੰ ਲੋਕ ਅਰਪਣ ਕੀਤਾ ਜਾਵੇਗਾ। ਉਪਰੰਤ ਹਾਜ਼ਰ ਕਵੀਆਂ 'ਤੇ ਆਧਾਰਿਤ ਕਵੀ ਦਰਬਾਰ ਹੋਵੇਗਾ।

# ਬੱਚਿਆਂ ਦੀ ਜਗਿਆਸਾ ਤੇ ਨੈਤਿਕਤਾ ਨੂੰ ਵਧਾਉਣਾ ਹੀ ਸਿੱਖਿਆ ਦਾ ਮੁੱਖ ਮਕਸਦ : ਤਰਕਸ਼ੀਲ ਆਗੂ



**ਖਰੜ ( ਹਰਨਾਮ ਸਿੰਘ ਡੱਲਾ)** ਬੱਚੇ ਆਪਣੇ ਆਲ਼ੇ- ਦੁਆਲੇ ਤੋਂ ਸਿਖਦੇ ਹਨ, ਸਮਝਦੇ ਹਨ ਅਤੇ ਆਪਣੀ ਰੁਚੀ ਮੁਤਾਬਿਕ ਹੋਰ ਜਾਨਣ ਦੀ ਰੁਚੀ ਰੱਖਦੇ ਹਨ। ਸਕੂਲੀ ਸਿੱਖਿਆ ਦਾ ਮਕਸਦ ਕੇਵਲ ਤੋਤੇ- ਰਟਣੀ ਜਾਂ ਪ੍ਰੀਖਿਆਵਾਂ ਵਿੱਚ ਵੱਧ ਤੋਂ ਵੱਧ ਨੰਬਰ ਲੈਣ ਦੀ ਦੌੜ ਵਿੱਚ ਸ਼ਾਮਲ ਹੋਣਾ ਨਹੀਂ ਹੈ ਸਗੋਂ ਸਮੁੱਚੀ ਸਿੱਖਿਆ ਦਾ ਮੁੱਖ ਮਕਸਦ ਤਾਂ ਅਜਿਹੇ ਮਾਹੌਲ ਦੀ ਸਿਰਜਣਾ ਕਰਨਾ ਹੈ ਜਿੱਥੇ ਬੱਚਿਆਂ ਨੂੰ ਆਪਣੀ ਰੁਚੀ ਅਨੁਸਾਰ ਆਪਣੀ ਜਗਿਆਸਾ ਨੂੰ ਹੋਰ ਵਿਕਸਿਤ ਕਰਨ ਦੇ ਮੌਕੇ ਮਿਲ ਸਕਣ। ਇਹ ਵਿਚਾਰ ਇੱਥੇ ਸਰਕਾਰੀ ਪ੍ਰਾਇਮਰੀ ਸਕੂਲ ਮੁੰਡੀਆਂ ਵਿਖੇ ਕਰਵਾਏ ਇੱਕ ਅਜਿਹੇ ਸੰਖੇਪ ਪ੍ਰੋਗਰਾਮ ਵਿੱਚ ਤਰਕਸ਼ੀਲ ਸੁਸਾਇਟੀ ਖਰੜ ਦੇ ਆਗੂਆਂ ਵੱਲੋਂ ਪ੍ਰਗਟ ਕੀਤੇ ਗਏ ਜਿਸ ਵਿੱਚ ਬੱਚਿਆਂ ਦੇ ਮਾਪੇ, ਪਤਵੰਤੇ ਸੱਜਣ ਅਤੇ ਅਧਿਆਪਕ ਸ਼ਾਮਲ ਸਨ । ਪ੍ਰੋਗਰਾਮ ਦੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਕਰਮਜੀਤ ਸਕਰੁੱਲਾਂਪੁਰੀ ਨੇ ਦੱਸਿਆ ਕਿ ਤਰਕਸ਼ੀਲ ਆਗੂ ਕੁਲਵਿੰਦਰ ਨਗਾਰੀ ਨੇ ਉਚੇਚੇ ਤੌਰ 'ਤੇ ਪਹੁੰਚੇ ਬੱਚਿਆਂ ਦੇ ਮਾਪਿਆਂ ਨਾਲ ਬਾਲ ਮਨੋਵਿਗਿਆਨ ਬਾਰੇ ਵਿਸਥਾਰ ਨਾਲ਼ ਜਾਣਕਾਰੀ ਸਾਂਝੀ ਕੀਤੀ। ਉਪਰੰਤ ਤਰਕਸ਼ੀਲ ਆਗੂ ਸੁਜਾਨ ਬਡਾਲਾ ਨੇ ਜਾਦੂ ਦੇ ਟ੍ਰਿਕ ਦਿਖਾ ਕੇ ਜਿਥੇ ਸਭ ਨੂੰ ਹੈਰਾਨ ਕੀਤਾ ਉਥੇ ਹੀ ਉਹਨਾਂ ਨੇ ਇਹ ਵੀ ਦੱਸਿਆ ਕਿ ਜਾਦੂ ਸਿਰਫ਼ ਇੱਕ ਕਲਾ ਹੈ ਜਿਸਨੂੰ ਖ਼ੂਬਸੂਰਤ ਤਰੀਕੇ ਨਾਲ਼ ਪੇਸ਼ ਕਰਕੇ ਹੈਰਾਨੀਜਨਕ ਬਣਾਇਆ ਜਾਂਦਾ ਹੈ ਅਤੇ ਜਿਸਨੂੰ ਹਰ ਕੋਈ ਅਭਿਆਸ ਨਾਲ ਸਿੱਖ ਸਕਦਾ ਹੈ । ਉਹਨਾਂ ਨੇ ਆਪਣੇ ਵੱਲੋਂ ਦਿਖਾਏ ਜਾਦੂ ਦੇ ਟ੍ਰਿਕਾਂ ਦੌਰਾਨ ਵਰਤੀ ਚਲਾਕੀ ਬਾਰੇ ਵੀ ਬਾਅਦ ਵਿੱਚ ਚਾਨਣਾ ਪਾਇਆ। ਸੀਨੀਅਰ ਤਰਕਸ਼ੀਲ ਆਗੂ ਡੱਲਾ ਨੇ ਆਪਣੇ ਕੁੰਜੀਵਤ ਸ਼ਬਦਾਂ ਵਿੱਚ ਕਿਹਾ ਕਿ ਸਾਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਤਰਕਸ਼ੀਲ ਸੋਚ ਆਪਣਾਉਣੀ ਚਾਹੀਦੀ ਹੈ ਤਾਂ ਕਿ ਅਸੀਂ ਇਸ ਲੁਟੇਰੇ ਸਿਸਟਮ ਤੋਂ ਆਪਣੀ ਆਰਥਿਕ, ਸਰੀਰਕ ਅਤੇ ਮਾਨਸਿਕ ਲੁੱਟ ਕਰਵਾਉਣ ਤੋਂ ਬਚ ਸਕੀਏ । ਉਹਨਾਂ ਜੋਰ ਦੇ ਕੇ ਕਿਹਾ ਕਿ ਆਪਣੀ ਕਮਾਈ ਆਪਣੇ ਪਰਵਾਰ ਦੀਆਂ ਲੋੜਾਂ ਲਈ ਵਰਤਣੀ ਚਾਹੀਦੀ ਹੈ ਨਾ ਕਿ ਕਿਸੇ ਬਾਬੇ ਸਾਧ ਜਾਂ ਡੇਰਿਆਂ ਤੇ ਸੁੱਟਣੀ ਚਾਹੀਦੀ ਹੈ।

ਉਹਨਾਂ ਨੇ ਇਥੇ ਆਪਣੇ ਕਈ ਨਿੱਜੀ ਤਜ਼ਰਬੇ ਵੀ ਹਾਜ਼ਰ ਲੋਕਾਂ ਨਾਲ਼ ਸਾਂਝੇ ਕੀਤੇ। ਇਸ ਮੌਕੇ ਸਕੂਲ ਦੇ ਅਧਿਆਪਕ ਗੁਰਤੇਜ ਸਿੰਘ ਨੇ ਦੱਸਿਆ ਕਿ ਇਸ ਸਾਲ ਪੰਜਵੀਂ ਪਾਸ ਕਰਕੇ ਗਏ ਸਕੂਲ ਦੇ ਇੱਕ ਬੱਚੇ ਓਮ ਸਿੰਘ ਨੇ ਵੀ ਜਾਦੂ ਦੇ ਕਈ ਟ੍ਰਿਕ ਦਿਖਾ ਕੇ ਤਰਕਸ਼ੀਲ ਟੀਮ ਅਤੇ ਹਾਜ਼ਰ ਮਾਪਿਆਂ ਨੂੰ ਬਹੁਤ ਪ੍ਰਭਾਵਿਤ ਕੀਤਾ।

21-May-Sunday.qxd 5/20/2023 8:47 PM Page 3



# ਸ਼ਮਸ਼ੇਰ ਮੋਹੀ ਦੀਆਂ ਨਵੀਆਂ ਗ਼ਜ਼ਲਾਂ



ਮੈਨੂੰ ਆਪਣੇ ਆਪੇ ਤੋਂ ਹੀ ਜਿਸ ਨੇ ਵਿਰਵਾ ਕੀਤਾ
ਮੈਂ ਐਸੀ ਸਾਜ਼ਿਸ਼ ਦੇ ਉੱਤੇ ਸ਼ੱਕ ਨਾ ਭੋਰਾ ਕੀਤਾ

ਨਾ ਸੀ ਮੂਲ ਮੁਨਾਫ਼ਾ ਨਾ ਹੀ ਘਾਟਾ ਉਸ ਦੇ ਅੰਦਰ
ਮੈਂ ਤਾਂ ਯਾਰੋ ਅੱਜ ਤੀਕਰ ਹੈ ਜਿਹੜਾ ਸੌਦਾ ਕੀਤਾ

ਔਖੇ ਵੇਲ਼ੇ ਬਹੁੜੇ ਨਾ ਜੋ ਕੀ ਉਹਨਾਂ ਨੂੰ ਆਖਾਂ
ਮੈਂ ਵੀ ਤਾਂ ਕੁਝ ਘਟਨਾਵਾਂ ਦਾ ਆਪੇ ਪਿੱਛਾ ਕੀਤਾ

ਹਾਲੇ ਤੱਕ ਇਸ ਮਸਲੇ ਉੱਤੇ ਚਰਚਾ ਹੋਣੀ ਬਾਕੀ
ਕਿਹੜੀ ਰੁੱਤ ਨੇ ਕੀਕਣ ਸਾਡਾ ਖ਼ੂਨ ਹੈ ਚਿੱਟਾ ਕੀਤਾ

ਸਾਡੀ ਆਪਣੀ ਧਰਤੀ ਹੁੰਦੀ ਤੇ ਆਪਣਾ ਹੀ ਅੰਬਰ
ਜਿਸ ਵੇਲ਼ੇ ਸੀ ਲੋੜ ਉਦੋਂ ਜੇ ਹੁੰਦਾ ਜੇਰਾ ਕੀਤਾ

ਉਸ ਦੇ ਦਿਲ ਵਿਚ ਰਾਹ ਨਾ-ਮਾਤਰ, ਬੱਸ ਕੰਧਾਂ ਹੀ ਕੰਧਾਂ
ਕੀ ਵੱਡੀ ਗੱਲ ਜੇਕਰ 'ਕੱਲਾ ਸੀਨਾ ਚੌੜਾ ਕੀਤਾ

ਸੈਆਂ ਰੰਗ ਨਜ਼ਾਰੇ ਸਨ, ਪਰ ਮੇਰੇ ਤੱਕ ਨਾ ਪਹੁੰਚੇ
ਦੋਸ਼ ਮੇਰਾ ਸੀ, ਅੰਦਰਲਾ ਡਰ ਮੈਂ ਨਾ ਚਲਦਾ ਕੀਤਾ

ਮੇਰੇ ਤੀਕਰ ਅੰਬਰ ਦਾ ਇਹ ਸਖ਼ਤ ਸੁਨੇਹਾ ਪੁੱਜੈ
ਪਛਤਾਵੇਂਗਾ ਜੇਕਰ ਮੁੜ ਧਰਤੀ ਨੂੰ ਸਿਜਦਾ ਕੀਤਾ

ਉਹ ਚਾਨਣ ਦੇ ਗੀਤਾਂ ਉੱਤੇ ਕਿੱਦਾਂ ਨੱਚਣ-ਝੂਮਣ
ਜਿਹਨਾਂ ਨੇ ਰਲ਼ਮਿਲ਼ ਕੇ ਏਥੇ ਨ੍ਹੇਰਾ ਗੂੜ੍ਹਾ ਕੀਤਾ

(2)

ਹੈ ਜਿਨ੍ਹਾਂ ਦੀ ਸਾਂਝ ਤਖ਼ਤਾਂ ਨਾਲ਼, ਦਹਿਸ਼ਤ ਭੇਜਦੇ
ਤੂੰ ਉਨ੍ਹਾਂ ਨੂੰ ਦਿਲ ਤੋਂ ਭਾਵੇਂ ਲੱਖ ਮੁਹੱਬਤ ਭੇਜ ਦੇ

ਮੈਂ ਦਰੱਖ਼ਤਾਂ ਤੋਂ ਸੀ ਛਾਵਾਂ ਕਰਨ ਦਾ ਗੁਰ ਸਿੱਖ ਰਿਹਾ
ਉਸ ਸੁਨੇਹਾ ਘੱਲਿਆ ਕਿ ਅੱਜ ਦੀ ਵੱਟਤ ਭੇਜ ਦੇ

ਮੈਂ ਤੇਰੇ ਖ਼ਾਬਾਂ ਤੋਂ ਬਾਹਰ ਆ ਕੇ ਵੀ ਕੁਝ ਤੱਕ ਸਕਾਂ
ਮੈਨੂੰ ਮੇਰੇ ਨਾਂਅ 'ਤੇ ਏਦਾਂ ਦੀ ਫ਼ੁਰਸਤ ਭੇਜ ਦੇ

ਪੌਣ ਦੇ ਹੱਥ ਆਪਣੀ ਖ਼ੁਸ਼ਬੂ ਹੀ ਭੇਜਣ ਨੂੰ ਕਿਹੈ
ਮੈਂ ਕਦੋਂ ਕਹਿੰਨਾਂ ਕਿ ਮੈਨੂੰ ਦਰਿਆ, ਪਰਬਤ ਭੇਜ ਦੇ

ਫਿਰ ਉਨ੍ਹਾਂ ਸਖ਼ਤ ਲਫ਼ਜ਼ਾਂ ਵਿਚ ਕਰੀ ਹੈ ਤਾੜਨਾ
ਮੈਂ ਤਾਂ ਬਸ ਏਨਾ ਕਿਹਾ ਸੀ ਮੇਰੀ ਉਜਰਤ ਭੇਜ ਦੇ

(3)

ਏਸ ਨਗਰੀ ਵਿਚ ਮੁਹੱਬਤ ਨੂੰ ਮੈਂ ਬੇਘਰ ਦੇਖਿਆ
ਹਰ ਗਲੀ, ਹਰ ਮੋੜ 'ਤੇ ਸ਼ਾਤਰ ਸੁਦਾਗਰ ਦੇਖਿਆ

ਸਿਰਫ਼ ਓਹੀ ਸ਼ਖ਼ਸ ਜ਼ਿੰਮੇਵਾਰ ਇਸ ਦਾ ਲੱਗਿਆ
ਆਪਣੇ ਸੀਨੇ 'ਚ ਜਦ ਦਿਲ ਗ਼ੈਰ-ਹਾਜ਼ਰ ਦੇਖਿਆ

ਕੀ ਪਤਾ ਕਿਉਂ ਆਸ ਸੀ ਉਹ ਦੇਖ ਸਕਦੈ ਪਰਤ ਕੇ
ਇਸ ਲਈ ਮੈਂ ਜਾ ਰਹੇ ਨੂੰ ਦੇਰ ਤੀਕਰ ਦੇਖਿਆ

ਠੀਕ ਹੈ ਕਿ ਪਿਆਸ ਮੇਰੀ ਦਾ ਵੀ ਕੋਈ ਅੰਤ ਨਾ
ਮੈਂ ਉਹਦੇ ਨੈਣਾਂ 'ਚ ਵੀ ਬਿਹਬਲ ਸਮੁੰਦਰ ਦੇਖਿਆ

ਅੱਜਕੱਲ੍ਹ ਨਾ ਪੈਰ ਤੇਰੇ ਧਰਤ ਉੱਤੇ ਲੱਗ ਰਹੇ
ਸੱਚਸੱਚ ਦੱਸੀਂ ਕਿ ਤੂੰ ਕਿਹੜਾ ਹੈ ਅੰਬਰ ਦੇਖਿਆ

ਉਂਝ ਤਾਂ ਟਾਹਣੀ 'ਤੇ ਵੀ ਫੁੱਲ ਸ਼ੋਭਦਾ ਹੈ ਬਹੁਤ, ਪਰ
ਉਸ ਦਿਆਂ ਹੱਥਾਂ 'ਚ ਹੁੰਦਾ ਹੋਰ ਸੁੰਦਰ ਦੇਖਿਆ

ਲ਼ਹਿ ਗਿਆ ਸੀ ਓਸ ਦੇ ਚਿਹਰੇ ਤੋਂ ਆਖ਼ਰ ਨੂੰ ਨਕਾਬ
ਮੈਂ ਜਦੋਂ ਰੁਕ ਕੇ ਉਹਦਾ ਚਿਹਰਾ ਨਿਰੰਤਰ ਦੇਖਿਆ

(4)

ਮੇਰੇ ਖ਼ਿਲਾਫ਼ ਉਸ ਦੀ ਹਰ ਇਕ ਦਲੀਲ ਹੈ
ਕੈਸਾ ਮੈਂ ਪੈਰਵੀ ਲਈ ਚੁਣਿਆ ਵਕੀਲ ਹੈ

ਏਦਾਂ ਤੜਪ ਨਾ ਉਸ ਨੂੰ ਦੇਖਣ ਦੇ ਵਾਸਤੇ
ਹਾਲੇ ਤਾਂ ਉਸ ਦੇ ਸ਼ਹਿਰ ਦਾ ਪੈਂਡਾ ਤਵੀਲ ਹੈ

ਆਈ ਜਿਵੇਂ ਦੀ ਮਹਿਕ ਹੈ, ਕਹਿੰਦਾ ਹੈ ਦਿਲ ਮੇਰਾ
ਦੂਰੀ ਸਨਮ ਤੋਂ ਰਹਿ ਗਈ ਥੋੜ੍ਹੇ ਕੁ ਮੀਲ ਹੈ

ਮੇਰਾ ਵੀ ਕਾਲਜਾ ਕੋਈ ਚਾਹੁੰਦਾ ਹੈ ਵਿੰਨ੍ਹਣਾ
ਮੇਰੇ ਲਈ ਵੀ ਆ ਕੋਈ ਬਣਦਾ ਫ਼ਸੀਲ ਹੈ

ਜਿਸ ਨੂੰ ਖੜ੍ਹੋ ਕੇ ਬਿੰਦ ਵੀ ਤੱਕਿਆ ਨਹੀਂ ਉਦੋਂ
ਹੁਣ ਨਾ ਥਲਾਂ ਵਿਚ ਭੁੱਲਦੀ ਪਲ ਵੀ ਉਹ ਝੀਲ ਹੈ

(5)

ਘਰ ਉਦ੍ਹੇ ਇਹ ਗਲੀ ਨਹੀਂ ਜਾਣੀ
ਗੱਲ ਇਹ ਦਿਲ ਤੋਂ ਸਹੀ ਨਹੀਂ ਜਾਣੀ

ਇਕ ਮੁਹੱਬਤ ਨਹੀਂ ਦਿਲੋਂ ਜਾਣੀ
ਦੂਸਰਾ ਨਾਬਰੀ ਨਹੀਂ ਜਾਣੀ

ਮੈਂ ਲਿਖੀ ਹੈ ਕਥਾ ਤੜਪ ਕੇ ਜੋ
ਉਹ ਤੇਰੇ ਤੋਂ ਪੜ੍ਹੀ ਨਹੀਂ ਜਾਣੀ

ਖ਼ੁਸ਼ਕ ਲਹਿਜਾ ਦਿਖਾ ਗਏ ਨੇ ਉਹ
ਅੱਖੀਆਂ 'ਚੋਂ ਨਮੀ ਨਹੀਂ ਜਾਣੀ

ਇਹ ਨਹੀਂ ਹੈ ਸਹੀ ਉਪਾਅ ਇਸ ਦਾ
ਇੰਝ ਇਹ ਕੰਬਣੀ ਨਹੀਂ ਜਾਣੀ

ਏਸ ਦਿਲ 'ਚੋਂ ਜੁਗਾਂ-ਜੁਗਾਂ ਤੀਕਰ
ਮਹਿਕ ਉਸ ਦੀ ਕਦੀ ਨਹੀ ਜਾਣੀ

ਕੀ ਕਰਾਂਗੇ ਪਤਾ ਨਹੀਂ ਹਾਲੇ
ਵਾਪਸੀ ਪਰ ਕਰੀ ਨਹੀਂ ਜਾਣੀ

ਨਾ ਇਵੇਂ ਇਹ ਪਿਆਸ ਰਹਿਣੀ ਹੈ
ਉਹ ਨਦੀ ਵੀ ਵਗੀ ਨਹੀਂ ਜਾਣੀ

ਉਹ ਅਗਰ ਪਰਤਿਆ ਨਹੀਂ ਤਾਂ ਫਿਰ
ਨਾਉਮੀਦੀ ਮੇਰੀ ਨਹੀਂ ਜਾਣੀ

ਸ.ਫ਼ਾ 1 ਦੀ ਬਾਕੀ

## ਟਾਪੂਆਂ ਤੇ ਬੀਚਾਂ ਦੀ ਧਰਤੀ ...

ਸੁੰਦਰਤਾ ਨੂੰ ਚਾਰ-ਚੰਨ ਲਾਉਂਦੇ ਹਨ। ਇੱਕ ਵਾਰ ਜਦੋਂ ਤੁਸੀਂ ਨਯਾਡੇਰਾ ਵਿਖੇ ਲੱਕੜ ਦੀ ਜੈੱਟੀ 'ਤੇ ਪਹੁੰਚ ਜਾਂਦੇ ਹੋ ਤਾਂ ਤੁਹਾਨੂੰ ਕੁਦਰਤ ਦੀ ਇਸ ਸੁੰਦਰਤਾ ਨੂੰ ਵੇਖਣ ਲਈ ਲਗਭਗ 1.2 ਕਿਲੋਮੀਟਰ ਪੈਦਲ ਚੱਲਣਾ ਪਏਗਾ।

ਯਾਤਰਾ ਦੇ ਸ਼ੁਰੂਆਤੀ ਬਿੰਦੂ 'ਤੇ ਵਣ-ਵਿਭਾਗ ਦੀ ਜਾਂਚ ਚੌਕੀ ਹੈ। ਬਾਰਾਤੰਗ ਜੈੱਟੀ ਵੱਲ ਜਾਣ ਵਾਲੇ ਸਾਰੇ ਟੂਰਿਸਟ ਇੱਥੋਂ ਸਮੂਹਾਂ ਵਿੱਚ ਯਾਤਰਾ ਸ਼ੁਰੂ ਕਰਦੇ ਹਨ। ਸੁਰੱਖਿਆ ਕਰਮੀ ਹਰ ਸਮੂਹ ਦੇ ਨਾਲ ਚੱਲਦੇ ਹਨ। ਇਹ ਸਥਾਨ ਜਾਰਵਾਂ ਆਦਿਵਾਸੀਆਂ ਲਈ ਰਾਖਵੇਂ ਖੇਤਰ ਦਾ ਸ਼ੁਰੂਆਤੀ ਸਥਾਨ ਹੈ। ਇੱਕ ਵਾਰ ਜਦੋਂ ਯਾਤਰਾ ਚੈੱਕ ਪੋਸਟ 'ਤੇ ਸ਼ੁਰੂ ਹੁੰਦੀ ਹੈ ਤਾਂ ਬਾਰਾਤੰਗ ਜੈੱਟੀ ਸਥਾਨ ਵੱਲ ਜਾਂਦੇ ਹੋਏ ਸੰਘਣੇ ਹਰੇ ਜੰਗਲ ਤੁਹਾਡੀ ਯਾਤਰਾ ਦੇ ਗਵਾਹ ਬਣਨਗੇ। ਜੰਗਲੀ ਖੇਤਰ ਵਿੱਚ ਫੋਟੋਗ੍ਰਾਫੀ ਦੀ ਸਖਤ ਮਨਾਹੀ ਹੈ। ਡਿਫਾਲਟਰ ਦੇ ਸਾਜ਼ੋ-ਸਮਾਨ ਨੂੰ ਸੁਰੱਖਿਆ ਕਰਮੀਆਂ ਦੁਆਰਾ ਜ਼ਬਤ ਵੀ ਕੀਤਾ ਜਾ ਸਕਦਾ ਹੈ। ਇਸ ਜੰਗਲ ਯਾਤਰਾ ਦੌਰਾਨ ਜਾਰਵਾਂ ਕਬੀਲੇ ਬਹੁਤ ਸਾਰੀਆਂ ਥਾਵਾਂ 'ਤੇ ਆਪਣੇ ਰਿਵਾਇਤੀ ਹਥਿਆਰ, ਜਿਵੇਂ ਭਾਲਾ, ਤੀਰ ਆਦਿ ਹਥਿਆਰ ਫੜੇ ਹੋਏ ਦਿਖਾਈ ਦਿੰਦੇ ਹਨ, ਜੋ ਸ਼ਿਕਾਰ ਲਈ ਵਰਤੇ ਜਾਂਦੇ ਹਨ। ਉਨ੍ਹਾਂ ਨਾਲ ਗੱਲਬਾਤ ਕਰਨ, ਉਹਨਾਂ ਨੂੰ ਭੋਜਨ, ਤੋਹਫੇ ਦੇਣ ਜਾਂ ਉਹਨਾਂ ਦੀਆਂ ਤਸਵੀਰਾਂ ਨੂੰ ਕਲਿੱਕ ਕਰਨ ਦੀ ਆਗਿਆ ਨਹੀਂ ਹੈ। ਅਜਿਹੇ ਕਰਦੇ ਹੋਏ ਫੜੇ ਜਾਣ 'ਤੇ ਭਾਰੀ ਜੁਰਮਾਨਾ ਅਤੇ ਕੈਦ ਵੀ ਹੋ ਸਕਦੀ ਹੈ।

ਅੰਡੇਮਾਨ ਵਿਖੇ ਇਹ ਕੁਦਰਤੀ ਤੌਰ 'ਤੇ ਬਣੇ ਚੂਨੇ ਦੇ ਪੱਥਰ ਦੀਆਂ ਗੁਫਾਵਾਂ ਤੁਹਾਡੇ ਲਈ ਅਦਭੁੱਤ ਦੁਨੀਆ ਦਾ ਰਹੱਸ ਪੇਸ਼ ਕਰਦੀਆਂ ਹਨ। ਇਨ੍ਹਾਂ ਗੁਫਾਵਾਂ ਤੱਕ ਪਹੁੰਚਣ ਲਈ ਸੰਘਣੇ ਮੈਂਗਰੋਵ ਜੰਗਲਾਂ ਵਿੱਚੋਂ ਤੁਹਾਡਾ ਸਫਰ ਹੋਰ ਵੀ ਅਨੰਦਿਤ ਹੋ ਜਾਂਦਾ ਹੈ। ਮੈਂਗਰੋਵ ਦੇ ਵਿਚਕਾਰ ਦਾ ਸਫਰ ਮੇਰੀ ਜ਼ਿੰਦਗੀ ਦਾ ਸਭ ਤੋਂ ਰੋਮਾਂਚਕ ਸਫਰ ਹੋ ਨਿਬੜਿਆ। ਚੂਨੇ ਤੋਂ ਬਣੇ ਪਹਾੜਾਂ ਦੇ ਸੁੰਦਰ ਢਾਂਚਿਆਂ ਨੂੰ ਨੇੜੇ ਤੋਂ ਵੇਖਣਾ ਇੱਕ ਜਾਦੂਈ ਅਨੁਭਵ ਹੈ। ਬਾਰਾਤਾਂਗ ਵਿੱਚ ਤੋਤਾ ਟਾਪੂ ਇੱਕ ਸਮਤਲ ਟਾਪੂ ਹੈ, ਜੋ ਹਰੇ-ਭਰੇ ਰੁੱਖਾਂ ਅਤੇ ਮੈਂਗਰੋਵਜ ਨਾਲ ਢਕਿਆ ਹੋਇਆ ਹੈ। ਰੁੱਖਾਂ ਵਿੱਚ ਵੱਡੀ ਗਿਣਤੀ ਵਿੱਚ ਤੋਤਿਆਂ ਦਾ ਘਰ ਹੁੰਦਾ ਹੈ, ਜਿਹਨਾਂ ਨੂੰ ਸੂਰਜ ਡੁੱਬਣ ਦੇ ਨਾਲ-ਨਾਲ ਆਪਣੇ ਆਲ੍ਹਣਿਆਂ ਵਿੱਚ ਵਾਪਸ ਆਉਂਦੇ ਦੇਖਿਆ ਜਾ ਸਕਦਾ ਹੈ। ਹਾਲਾਂਕਿ ਇਹ ਤਜਰਬਾ ਮਨਮੋਹਕ ਹੈ, ਪਰ ਇਸ ਨੂੰ ਦੇਖਣ ਦੇ ਯੋਗ ਹੋਣ ਲਈ ਕਿਸੇ ਨੂੰ ਬਾਰਾਤਾਂਗ ਵਿੱਚ ਇੱਕ ਰਾਤ ਰੁਕਣ ਦੀ ਲੋੜ ਹੁੰਦੀ ਹੈ। ਮੇਰੇ ਲਈ ਇਹ ਬਹੁਤ ਹੀ ਯਾਦਗਾਰੀ ਪਲ ਸਨ।

### ਹੈਵਲਾਕ ਟਾਪੂ (ਸਵਰਾਜ ਦੀਪ)

ਹੈਵਲਾਕ ਟਾਪੂ ਅੰਡੇਮਾਨ ਦੀਪ ਸਮੂਹ ਵਿੱਚ ਸਭ ਤੋਂ ਵੱਧ ਵੇਖੇ ਜਾਣ ਵਾਲੇ ਟਾਪੂਆਂ ਵਿੱਚੋਂ ਇੱਕ ਹੈ। ਇਹ ਟਾਪੂ ਅੰਡੇਮਾਨ ਟਾਪੂ ਦੇ ਦੂਜੇ ਟਾਪੂਆਂ ਤੋਂ ਬਹੁਤ ਵਿਲੱਖਣ ਸਥਾਨ ਰੱਖਦਾ ਹੈ। ਇੱਥੇ ਦੱਸ ਦੇਵਾਂ ਕਿ 30 ਦਸੰਬਰ 2018 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਹੈਵਲਾਕ ਆਈਲੈਂਡ ਦਾ ਨਾਂਅ ਬਦਲ ਕੇ 'ਸਵਰਾਜ ਦੀਪ' ਟਾਪੂ ਰੱਖਿਆ। ਹੈਵਲਾਕ ਟਾਪੂ ਪੋਰਟ ਬਲੇਅਰ ਤੋਂ ਉੱਤਰ-ਪੂਰਬ ਵੱਲ ਲਗਭਗ 57 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪੋਰਟ ਬਲੇਅਰ ਤੋਂ ਟਾਪੂ ਤੱਕ ਪਹੁੰਚਣ ਲਈ ਲਗਭਗ 90 ਮਿੰਟ ਤੋਂ ਢਾਈ ਘੰਟੇ ਵੀ ਲੱਗ ਸਕਦੇ ਹਨ। ਤੁਸੀਂ ਵੱਖ-ਵੱਖ ਕਿਸ਼ਤੀਆਂ ਆਨਲਾਈਨ ਬੁੱਕ ਕਰ ਸਕਦੇ ਹੋ। ਮਸ਼ਹੂਰ ਰਾਧਾਨਗਰ ਬੀਚ ਭਾਰਤ ਦੀਆਂ ਸਭ ਤੋਂ ਵਧੀਆ ਬੀਚਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਤੈਰਾਕੀ ਅਤੇ ਸੂਰਜ ਨਹਾਉਣ ਲਈ ਵਧੀਆ ਰਾਧਾਨਗਰ ਬੀਚ ਇੱਕ ਸ਼ਾਨਦਾਰ ਅਨੁਭਵ ਪ੍ਰਦਾਨ ਕਰਦੀ ਹੈ। ਐਲੀਫੈਂਟ ਬੀਚ ਹੈਵਲਾਕ ਟਾਪੂ 'ਤੇ ਵਾਟਰ ਸਪੋਰਟਸ ਗਤੀਵਿਧੀਆਂ ਲਈ ਪ੍ਰਸਿੱਧ ਸਥਾਨਾਂ ਵਿੱਚੋਂ ਇੱਕ ਹੈ। ਇਸ ਸਥਾਨ 'ਤੇ ਤੁਸੀਂ ਸੀ ਵਾਕਿੰਗ, ਸਨੌਰਕਲਿੰਗ, ਜੈੱਟ ਸਕੀ ਰਾਈਡ, ਗਲਾਸ ਬਾਟਮ ਬੋਟ ਰਾਈਡ, ਪੈਰਾਸੇਲਿੰਗ ਕਰ ਸਕਦੇ ਹੋ।

ਕਲਾਪਾਥਰ ਬੀਚ ਹੈਵਲਾਕ ਟਾਪੂ 'ਤੇ ਇਕ ਹੋਰ ਮਨ ਨੂੰ ਮੋਹ ਲੈਣ ਵਾਲਾ ਸਥਾਨ ਹੈ। ਇਹ ਬੀਚ ਸੂਰਜ ਚੜ੍ਹਨ ਅਤੇ ਫੋਟੋ ਸ਼ੂਟ ਲਈ ਪ੍ਰਸਿੱਧ ਹੈ। ਹੈਵਲਾਕ ਟਾਪੂ ਆਪਣੀ ਕਿਸਮ ਦਾ ਯਾਤਰਾ ਦੇ ਪੱਖ ਤੋਂ ਉੱਤਮ ਸਥਾਨ ਹੈ, ਜਿਹੜਾ ਇੱਥੇ ਇਕ ਵਾਰ ਜਾਏਗਾ, ਉਸ ਦੀ ਫਿਰ ਕੋਸ਼ਿਸ਼ ਰਹੇਗੀ ਕਿ ਉਹ ਫਿਰ ਵਾਰ-ਵਾਰ ਇਸ ਸਥਾਨ 'ਤੇ ਜਾਵੇ।

### ਵਡੂਰ ਬੀਚ

ਪੋਰਟ ਬਲੇਅਰ ਤੋਂ ਲਗਭਗ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਹ ਸੁੰਦਰ ਨਜ਼ਾਰਿਆਂ ਨਾਲ ਲਬਰੇਜ਼ ਬੀਚ ਸਭ ਨੂੰ ਪਸੰਦ ਆਉਂਦੀ ਹੈ। ਇਹ ਮਹਾਤਮਾ ਗਾਂਧੀ ਮਰੀਨ ਨੈਸ਼ਨਲ ਪਾਰਕ ਖੇਤਰ ਦੇ ਨਾਲ-ਨਾਲ ਕਈ ਹੋਰ ਆਕਰਸ਼ਣਾਂ ਦੇ ਅਧੀਨ ਆਉਂਦਾ ਹੈ। ਸਮੁੰਦਰ ਦੀ ਸੁੰਦਰਤਾ, ਵਿਸ਼ਾਲਤਾ ਅਤੇ ਸੁੰਦਰ ਟਾਪੂ ਸਮੁੰਦਰੀ ਕੰਢੇ ਤੋਂ ਅਦਭੁਤ ਦਿਖਾਈ ਦਿੰਦੇ ਹਨ। ਧਿਆਨ ਵਿੱਚ ਰੱਖਣ ਵਾਲੀ ਇੱਕ ਗੱਲ ਇਹ ਹੈ ਕਿ ਵਾਂਡੂਰ ਬੀਚ ਦੇ ਜੰਗਲਾਂ ਦੇ ਨੇੜੇ ਮਗਰਮੱਛਾਂ ਕਈ ਵਾਰ ਪਾਏ ਗਏ ਹਨ। ਪ੍ਰਸ਼ਾਸਨ ਨੇ ਉਨ੍ਹਾਂ ਨੂੰ ਇਸ ਥਾਂ ਤੋਂ ਤਬਦੀਲ ਕਰ ਦਿੱਤਾ ਹੈ, ਫਿਰ ਵੀ ਸਾਡਾ ਸਾਵਧਾਨ ਰਹਿਣਾ ਇਸ ਸਥਾਨ ਦੀ ਮੰਗ ਹਾਂ। ਹਾਂ, ਹਰ ਜਗ੍ਹਾ ਤੁਹਾਨੂੰ ਤਾਜ਼ਾ ਨਾਰੀਅਲ ਪਾਣੀ ਪੀਣ ਨੂੰ ਜ਼ਰੂਰ ਮਿਲ ਜਾਵੇਗਾ, ਜਿਹੜਾ ਕਿ ਤੁਹਾਨੂੰ ਸਫਰ ਦੌਰਾਨ ਤਰੋਤਾਜ਼ਾ ਰੱਖਦਾ ਹੈ।

### ਚਿੜੀਆ ਟਾਪੂ

ਅਸੀਂ ਚਿੜੀਆ ਟਾਪੂ 'ਤੇ ਬਤਾਏ ਦਿਨ ਨੂੰ ਕਦੀ ਵੀ ਆਪਣੀ ਜ਼ਿੰਦਗੀ ਵਿੱਚ ਨਹੀਂ ਭੁਲਾ ਸਕਦੇ। ਚਿੜੀਆ ਟਾਪੂ ਕੁਦਰਤ ਪ੍ਰੇਮੀਆਂ ਲਈ ਇੱਕ ਫਿਰਦੌਸ ਹੈ। ਚਿੜੀਆ ਟਾਪੂ ਪੋਰਟ ਬਲੇਅਰ ਤੋਂ ਤਕਰੀਬਨ 30 ਕਿਲੋਮੀਟਰ ਦੂਰ ਸਥਿਤ ਹੈ ਅਤੇ ਇੱਕ ਕੈਬ ਜਾਂ ਟੈਕਸੀ ਕਿਰਾਏ 'ਤੇ ਲੈ ਕੇ ਸੜਕ ਰਾਹੀਂ ਪਹੁੰਚਿਆ ਜਾ ਸਕਦਾ ਹੈ। ਚਿੜੀਆ ਟਾਪੂ ਨਾ ਸਿਰਫ ਸੁੰਦਰ ਪੰਛੀਆਂ ਲਈ ਮਸ਼ਹੂਰ ਹੈ, ਸਗੋਂ ਸ਼ਾਨਦਾਰ ਟ੍ਰੈਕਿੰਗ ਟ੍ਰੇਲ ਅਤੇ ਸ਼ਾਨਦਾਰ ਸੂਰਜ ਡੁੱਬਣ ਦੇ ਦ੍ਰਿਸ਼ ਲਈ ਵੀ ਪ੍ਰਸਿੱਧ ਹੈ। ਇਹ ਟਾਪੂ ਦੇਸੀ ਅਤੇ ਪਰਵਾਸੀ ਪੰਛੀਆਂ ਦੀਆਂ ਕਈ ਕਿਸਮਾਂ ਦੀ ਮੇਜ਼ਬਾਨੀ ਲਈ ਪੂਰੇ ਦੇਸ਼ ਵਿੱਚ ਮਸ਼ਹੂਰ ਹੈ। ਪੰਛੀ ਇੱਥੇ ਆਕਾਸ਼ ਨੂੰ ਸਜਾਉਂਦੇ ਹੋਏ ਵੇਖੇ ਜਾ ਸਕਦੇ ਹਨ, ਜਿਹੜੇ ਕਿ ਕੁਦਰਤ ਪ੍ਰੇਮੀਆਂ ਲਈ ਇਕ ਦਿਲ ਨੂੰ ਛੂਹ ਲੈਣ ਵਾਲੇ ਪਲ ਹੁੰਦੇ ਹਨ। 2001 ਵਿੱਚ ਸਥਾਪਤ ਕੀਤੇ ਗਏ ਚਿੜੀਆ ਟਾਪੂ ਜੈਵਿਕ ਪਾਰਕ ਵਿੱਚ ਅੰਡੇਮਾਨ ਟਾਪੂਆਂ ਦੀ ਅਮੀਰ ਜੈਵ ਵਿਭਿੰਨਤਾ ਅਤੇ ਸੰਭਾਲ ਨੂੰ ਤੁਹਾਨੂੰ ਨੇੜੇ ਹੋ ਕੇ ਵੇਖਣ ਦਾ ਮੌਕਾ ਮਿਲਦਾ ਹੈ। ਅੰਡੇਮਾਨ ਦਾ ਇਹ ਟਾਪੂ ਸਮੁੰਦਰ ਦੇ ਸ਼ਾਨਦਾਰ ਦ੍ਰਿਸ਼ਾਂ ਦਾ ਖਜ਼ਾਨਾ ਵੀ ਹੈ। ਚਿੜੀਆ ਟਾਪੂ 'ਦ 'ਸਨਸੈੱਟ ਪੁਆਇੰਟ' ਦੇ ਰੂਪ ਵਿੱਚ ਵੀ ਬਹੁਤ ਮਸ਼ਹੂਰ ਹੈ, ਇਸ ਲਈ ਤੁਸੀਂ ਪੂਰੇ ਦਿਨ ਦੇ ਅੰਤ ਵਿੱਚ ਸਮੁੰਦਰੀ ਕਿਨਾਰੇ 'ਤੇ ਜਾ ਸਕਦੇ ਹੋ ਅਤੇ ਸਮੁੰਦਰ ਦੇ ਪਾਣੀਆਂ ਦੇ ਉਪਰ ਸੂਰਜ ਨੂੰ ਡੁੱਬਦੇ ਹੋਏ ਨੂੰ ਨਿਹਾਰ ਸਕਦੇ ਹੋ। ਸਮੁੰਦਰ ਦੀਆਂ ਲਹਿਰਾਂ ਕਦੇ ਉੱਚੀਆਂਸ ਕਦੇ ਨੀਂਵੀਆਂ ਵਹਿੰਦੀਆਂ ਹਨ। ਫਿਰ ਕਦੇ ਸ਼ਾਂਤ ਹੋ ਜਾਂਦੀਆਂ ਹਨ। ਕਦੇ ਇਹ ਹੜ੍ਹਾਂ ਦਾ ਕਾਰਨ ਵੀ ਬਣਦੀਆਂ ਹਨ। ਬੀਚ 'ਤੇ ਅਜੇ ਵੀ ਉਨ੍ਹਾਂ ਰੁੱਖਾਂ ਦੇ ਅਵਸ਼ੇਸ਼ ਹਨ, ਜੋ ਕਿ 2004 ਦੀ ਸੁਨਾਮੀ ਦੌਰਾਨ ਉੱਖੜ ਗਏ ਸਨ। ਬੀਚ ਦੇ ਕਿਨਾਰੇ ਵੀ ਸਾਗਰ ਦੀਆਂ ਕਹਿਰ ਢਾਹੁਣ ਵਾਲੀਆਂ ਛੱਲਾਂ ਦੀ ਮਾਰ ਹੇਠ ਆ ਗਏ ਸਨ। ਸਮੁੰਦਰ ਦੀਆਂ ਲਹਿਰਾਂ ਕਦੇ ਉੱਚੀਆਂ, ਕਦੇ ਨੀਂਵੀਆਂ ਵਹਿੰਦੀਆਂ ਹਨ। ਇੱਥੇ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ 2004 ਵਿੱਚ ਆਈ ਸੁਨਾਮੀ ਨੇ ਅੰਡੇਮਾਨ ਦੇ ਕਈ ਖੇਤਰਾਂ ਵਿੱਚ ਬਹੁਤ ਜਾਨੀ-ਮਾਲੀ ਨੁਕਸਾਨ ਕੀਤਾ ਸੀ। ਟਰੈਕ ਪ੍ਰੇਮੀਆਂ ਕੋਲ ਆਪਣੀ ਦਿਲਚਸਪੀ ਦੀ ਗਤੀਵਿਧੀ ਵਿੱਚ ਸ਼ਾਮਲ ਹੋਣ ਦਾ ਮੌਕਾ ਹੁੰਦਾ ਹੈ। ਮੁੰਡਾਪਹਾਡ ਦੀ ਯਾਤਰਾ ਚਿੜੀਆ ਟਾਪੂ ਬੀਚ ਦੇ ਕਿਨਾਰੇ ਤੋਂ ਸ਼ੁਰੂ ਹੁੰਦੀ ਹੈ। ਮੁੰਡਾਪਹਾਡ ਤੱਕ ਪਹੁੰਚਣ, ਜੰਗਲ ਦੇ ਉਜਾੜ ਦੀ ਪੜਚੋਲ ਕਰਨ ਅਤੇ ਆਨੰਦ ਲੈਣ ਲਈ ਟ੍ਰੈਕਿੰਗ ਟਰੇਲ ਸੰਘਣੇ ਜੰਗਲ ਅਤੇ ਇੱਕ ਸੁੰਦਰ ਤੱਟ ਰੇਖਾ ਵਿੱਚੋਂ ਲੰਘਦਾ ਹੈ। ਇਸ ਲਈ ਤੁਹਾਨੂੰ ਚਿੜੀਆ ਟਾਪੂ ਵਿਖੇ ਦੁਪਹਿਰ 2 ਵਜੇ ਤੋਂ ਪਹਿਲਾਂ ਪਹੁੰਚਣਾ ਪਵੇਗਾ।

ਇਹ ਤਾਂ ਸਿਰਫ ਕੁਝ ਚੋਣਵੇਂ ਟਾਪੂਆਂ ਦੀ ਜਾਣਕਾਰੀ ਤੁਹਾਡੇ ਨਾਲ ਸਾਂਝੀ ਕੀਤੀ ਹੈ, ਇਨ੍ਹਾਂ ਤੋਂ ਇਲਾਵਾਂ ਵੀ ਬਹੁਤ ਕੁਝ ਹੋਰ ਵੀ ਹੈ, ਜਿਸ ਬਾਰੇ ਫਿਰ ਕਦੇ ਗੱਲ ਕਰਾਂਗੇ। ਸੱਚਮੁੱਚ ਹੀ ਇਨ੍ਹਾਂ ਦੀਪਾਂ ਵਿੱਚ ਬਿਤਾਏ ਦਿਨ ਇਕ ਸੁਨਹਿਰੀ ਅਨੁਭਵ ਵਜੋਂ ਸਾਨੂੰ ਸਾਰਿਆਂ ਨੂੰ ਯਾਦ ਆਉਂਦੇ ਰਹਿਣਗੇ। ਅੰਡੇਮਾਨ ਦੀਪ ਸਮੂਹਾਂ ਤੋਂ ਜਦੋਂ ਹਵਾਈ ਜਹਾਜ਼ ਨੇ ਵਾਪਸੀ ਲਈ ਉਡਾਣ ਭਰੀ ਤਾਂ ਸਮੁੰਦਰ ਦੀ ਹੀ ਤਰ੍ਹਾਂ ਇੱਥੇ ਬਿਤਾਏ ਯਾਦਗਾਰੀ ਪਲ ਲਹਿਰਾਂ ਵਾਂਗ ਦਿਲ-ਦਿਮਾਗ ਦੇ ਕਿਸ ਕੋਨੇ 'ਤੇ ਕਦੇ ਉਪਰ, ਕਦੇ ਹੇਠਾਂ ਵਹਿ ਰਹੇ ਪ੍ਰਤੀਤ ਹੋ ਰਹੇ ਸਨ ਅਤੇ ਮਨ ਵਿੱਚ ਇਹੀ ਸਵਾਲ ਆ ਰਿਹਾ ਸੀ ਕਿ ਅਗਲੀ ਵਾਰ ਕਦੋਂ ਇੱਥੇ ਆਉਣੇ ਹੋਣਗੇ?

**ਮੋ : 94655-76022**

## ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਦੇ ਡਾ. ਜੌਹਲ ਪ੍ਰਧਾਨ ਅਤੇ ਡਾ. ਅਟਵਾਲ ਸਕੱਤਰ ਚੁਣੇ ਗਏ



**ਜਲੰਧਰ** : ਪੰਜਾਬੀ ਰਾਈਟਰਜ਼ ਕੋਅਪਰੇਟਿਵ ਸੁਸਾਇਟੀ ਲਿਮਟਿਡ ਦੇ ਬੋਰਡ ਆਫ ਡਾਇਰੈਕਟਰਜ਼ ਦੀ ਅੱਜ ਮਿਤੀ 19 ਮਈ 2023 ਨੂੰ ਜਲੰਧਰ ਵਿਖੇ ਸੁਰਿੰਦਰ ਸਿੰਘ ਸੁੰਨੜ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਉੱਘੇ ਪੰਜਾਬੀ ਕਵੀ ਡਾਕਟਰ ਲਖਵਿੰਦਰ ਸਿੰਘ ਜੌਹਲ ਨੂੰ ਸਰਬ ਸੰਮਤੀ ਨਾਲ ਸੁਸਾਇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਉਹ ਡਾਕਟਰ ਬਿਕਰਮ ਸਿੰਘ ਘੁੰਮਣ ਦੀ ਥਾਂ ਲੈਣਗੇ।

ਅਗਲੇ ਪੰਜ ਸਾਲਾਂ ਲਈ ਹੋਈ ਇਸ ਚੋਣ ਵਿੱਚ ਉੱਘੇ ਪੰਜਾਬੀ ਕਹਾਣੀਕਾਰ ਮੁਖਤਿਆਰ ਸਿੰਘ ਨੂੰ ਮੀਤ ਪ੍ਰਧਾਨ , ਪੰਜਾਬੀ ਆਲੋਚਕ ਡਾਕਟਰ ਹਰਜਿੰਦਰ ਸਿੰਘ ਅਟਵਾਲ ਨੂੰ ਸਕੱਤਰ-ਕਮ-ਵਿਤ ਸਕੱਤਰ , ਪਰਵਾਸੀ ਕਵੀ ਸੁਰਿੰਦਰ ਸਿੰਘ ਸੁੰਨੜ ਨੂੰ ਮੈਨੇਜਿੰਗ ਡਾਇਰੈਕਟਰ ਅਤੇ ਬਾਲ ਸਾਹਿਤ ਲੇਖਕ ਡਾਕਟਰ ਦਰਸ਼ਨ ਸਿੰਘ ਆਸ਼ਟ ਨੂੰ ਮੀਡੀਆ ਸਕੱਤਰ ਚੁਣਿਆ ਗਿਆ ਹੈ।

ਮੀਟਿੰਗ ਉਪਰੰਤ ਸੁਸਾਇਟੀ ਦੇ ਮੀਡੀਆ ਸਕੱਤਰ ਡਾ. ਦਰਸ਼ਨ ਸਿੰਘ ਆਸ਼ਟ ਨੇ ਦੱਸਿਆ ਕਿ ਸੁਸਾਇਟੀ ਦੇ ਆਮ ਇਜਲਾਸ ਵਿੱਚ ਬੋਰਡ ਆਫ਼ ਡਾਇਰੈਕਟਰਜ ਦੀ ਚੋਣ ਵੀ ਸਰਬ ਸੰਮਤੀ ਨਾਲ ਹੀ ਕੀਤੀ ਗਈ ਸੀ।ਇਹ ਆਮ ਇਜਲਾਸ ਪੰਜਾਬ ਸਰਕਾਰ ਦੇ ਸਹਿਕਾਰਤਾ ਵਿਭਾਗ ਦੇ ਇੰਸਪੈਕਟਰਾਂ ਇਸ਼ਵਿੰਦਰ ਸਿੰਘ ਅਤੇ ਪਰਮਿੰਦਰ ਸਿੰਘ ਦੀ ਦੇਖ-ਰੇਖ ਹੇਠ 23 ਅਪ੍ਰੈਲ 20023 ਨੂੰ ਹੋਇਆ ਸੀ। ਜਿਸ ਵਿਚ ਉਕਤ ਅਹੁਦੇਦਾਰਾਂ ਸਮੇਤ,ਪ੍ਰੋਫੈਸਰ ਸੁਰਜੀਤ ਜੱਜ, ਡਾ ਜਗੀਰ ਸਿੰਘ ਨੂਰ, ਅਮਨਜੀਤ ਕੌਰ, ਡਾ ਰਣਜੀਤ ਕੌਰ, ਡਾ ਉਮਿੰਦਰ ਸਿੰਘ ਜੌਹਲ, ਪਰਮਜੀਤ ਕੌਰ ਅਤੇ ਰਾਜਿੰਦਰਪਾਲ ਨੂੰ ਡਾਇਰੈਕਟਰ ਚੁਣਿਆ ਗਿਆ।

ਇਸ ਮੌਕੇ ਡਾਕਟਰ ਬਿਕਰਮ ਸਿੰਘ ਘੁੰਮਣ ਅਤੇ ਡਾਕਟਰ ਚਰਨਜੀਤ ਸਿੰਘ ਗੁਮਟਾਲਾ ਵਲੋਂ ਸੰਪਾਦਿਤ ਕੀਤੀਆਂ ਕਿਤਾਬਾਂ, 'ਗੁਰੂ ਤੇਗ਼ ਬਹਾਦਰ : ਜੀਵਨ ਚਿੰਤਨ ਅਤੇ ਬਾਣੀ' ਅਤੇ 'ਗੁਰੂ ਨਾਨਕ ਬਾਣੀ : ਸਰੋਕਾਰ ਅਤੇ ਪੈਗ਼ਾਮ' ਲੋਕ ਅਰਪਣ ਕੀਤੀਆਂ ਗਈਆਂ। ਇਸ ਮੌਕੇ ਡਾ ਰੁਮਿੰਦਰ ਕੌਰ ਕਮਲਾ ਨਹਿਰੂ ਕਾਲਜ ਫਗਵਾੜਾ, ਕੁਲਵਿੰਦਰ ਕੌਰ ਮਿਨਹਾਸ, ਉੱਘੇ ਚਿੱਤਰਕਾਰ ਗੁਰਦੀਸ਼ ਪੰਨੂੰ, ਡਾਕਟਰ ਇੰਦਰਜੀਤ ਸਿੰਘ ਵਾਸੂ, ਡਾਕਟਰ ਪਰਮਜੀਤ ਕੌਰ ਨੂਰ, ਇਕਬਾਲ ਸਿੰਘ ਬਮਰਾਹ, ਜਸਵੰਤ ਸਿੰਘ, ਅਵਤਾਰ ਸਿੰਘ ਸਪਰਿੰਗ ਫੀਲਡ ਅਤੇ ਉਨ੍ਹਾਂ ਦੀ ਧਰਮ ਪਤਨੀ ਸਰਬਜੀਤ ਕੌਰ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਡਾਕਟਰ ਬ੍ਰਿਜਪਾਲ ਸਿੰਘ, ਡਾਕਟਰ ਗੁਲਜ਼ਾਰ ਸਿੰਘ ਪੰਧੇਰ, ਰਾਜਿੰਦਰ ਕੌਰ ਜੌਹਲ ਅਤੇ ਸੁਸਾਇਟੀ ਦੇ ਹੋਰ ਮੈਂਬਰ ਅਤੇ ਸਾਹਿਤਕਾਰ ਹਾਜਰ ਸਨ।

ਇਹ ਵਰਣਨਯੋਗ ਹੈ ਕਿ 'ਪੰਜਾਬੀ ਰਾਈਟਰਜ਼ ਕੋਅਪਰੇਟਿਵ ਸੁਸਾਇਟੀ ਲਿਮਟਿਡ" ਪੰਜਾਬੀ ਲੇਖਕਾਂ ਦੀ ਇਕੋ-ਇਕ ਸੰਸਥਾ ਹੈ, ਜਿਸ ਨੂੰ ਸਹਿਕਾਰਤਾ ਵਿਭਾਗ ਪੰਜਾਬ ਦੀ ਸਰਪ੍ਰਸਤੀ ਹਾਸਲ ਹੈ। ਇਸ ਦੀ ਸਥਾਪਨਾ 1975 ਵਿਚ ਹੋਈ ਸੀ।ਡਾਕਟਰ ਸੇਵਾ ਸਿੰਘ ਮਾਨ, ਡਾਕਟਰ ਅਮਰਜੀਤ ਸਿੰਘ ਗੋਰਕੀ,ਡਾਕਟਰ ਰਣਧੀਰ ਸਿੰਘ ਚੰਦ, ਡਾਕਟਰ ਗੁਰਬਖ਼ਸ਼ ਸਿੰਘ ਫਰੈਂਕ ਅਤੇ ਡਾਕਟਰ ਬਿਕਰਮ ਸਿੰਘ ਘੁੰਮਣ ਸਮੇਂ ਸਮੇਂ ਇਸ ਦੇ ਪ੍ਰਧਾਨ ਰਹੇ ਹਨ।

## ਚੜ੍ਹਦੀ ਉਮਰੇ ਤੁਰ ਗਿਆ ਮਨਪ੍ਰੀਤ



**ਬਠਿੰਡਾ**- ਸਾਹਿਤ ਸਿਰਜਣਾ ਮੰਚ (ਰਜਿ.) ਬਠਿੰਡਾ ਦੇ ਪ੍ਰਧਾਨ ਅਤੇ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਦਾ ਭਾਣਜਾ ਮਨਪ੍ਰੀਤ ਸਿੰਘ ਉਰਫ ਮੈਵੀ ਸਪੁੱਤਰ ਬਲਬੀਰ ਸਿੰਘ ਪਿੰਡ ਢਪਾਲੀ (ਬਠਿੰਡਾ) ਇੱਕ ਰੇਲ ਹਾਦਸੇ ਵਿੱਚ ਭਰ ਜੋਬਨ ਵਿੱਚ ਇਸ ਜਹਾਨੋਂ ਤੁਰ ਗਿਆ। ਉਸ ਦਾ ਸ਼ਰਧਾਂਜਲੀ ਸਮਾਗਮ ਪਿੰਡ ਢਪਾਲੀ ਦੀ ਬੱਠਾ ਪੱਤੀ ਦੇ ਗੁਰਦੁਆਰਾ ਕੌਲਸਰ ਸਾਹਿਬ ਵਿਖੇ 23 ਮਈ, ਦਿਨ ਮੰਗਲਵਾਰ ਬਾਅਦ ਦੁਪਹਿਰ ਹੋਵੇਗਾ। ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਪੜ੍ਹਦੇ ਆਪਣੇ ਦੋਸਤਾਂ ਨਾਲ ਰਿਸ਼ੀਕੇਸ਼ ਦੀ ਯਾਤਰਾ ਕਰਕੇ ਰੇਲ ਗੱਡੀ ਦੁਆਰਾ ਵਾਪਸ ਪਟਿਆਲਾ ਆ ਰਹੇ ਸਨ ਤਾਂ ਰਾਜਪੁਰਾ ਦੇ ਰੇਲਵੇ ਸਟੇਸ਼ਨ 'ਤੇ ਰਾਤ ਸਮੇਂ ਉਹ ਇਲੈਕਟ੍ਰਿਕ ਟਰੇਨ ਦੀ ਲਪੇਟ ਵਿੱਚ ਆ ਕੇ ਮੌਕੇ 'ਤੇ ਹੀ ਅਕਾਲ ਚਲਾਣਾ ਕਰ ਗਿਆ। ਮਨਪ੍ਰੀਤ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਅਤੇ ਇਤਿਹਾਸ ਵਿਸ਼ਿਆਂ ਵਿਚ ਪੋਸਟ ਗ੍ਰੈਜੂਏਸ਼ਨ, ਬੀ.ਐੱਡ ਅਤੇ ਨੈੱਟ ਦੀ ਪ੍ਰੀਖਿਆ ਪਾਸ ਕਰ ਕੇ ਆਰਮੀ ਸਕੂਲ, ਪਟਿਆਲਾ ਵਿਖੇ ਅਜੇ ਵੀਹ ਦਿਨ ਪਹਿਲਾਂ ਹੀ ਬਤੌਰ ਪੰਜਾਬੀ ਮਾਸਟਰ ਸੇਵਾ ਸ਼ੁਰੂ ਕੀਤੀ ਸੀ। ਉਹ ਮੈਵੀ ਮਨਪ੍ਰੀਤ ਦੇ ਨਾਂਅ 'ਤੇ ਆਧੁਨਿਕ ਭਾਵਬੋਧ ਦੀ ਕਾਵਿ ਸਿਰਜਣਾ ਕਰਨ ਦੇ ਨਾਲ-ਨਾਲ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦਾ ਸਨਮਾਨਯੋਗ ਮੈਂਬਰ ਤੇ ਹੋਰ ਕਈ ਸਮਾਜਿਕ ਸੰਸਥਾਵਾਂ/ਕਲੱਬਾਂ ਦਾ ਆਗੂ ਵੀ ਸੀ।

ਮਨਪ੍ਰੀਤ ਦੇ ਬੇਵਕਤ ਅਕਾਲ ਚਲਾਣੇ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਸੀਨੀਅਰ ਮੀਤ ਪ੍ਰਧਾਨ ਡਾ. ਜੋਗਾ ਸਿੰਘ, ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਡਾ. ਹਰਜਿੰਦਰ ਸਿੰਘ ਅਟਵਾਲ, ਸੁਸ਼ੀਲ ਦੁਸਾਂਝ, ਕਾਮਰੇਡ ਹਰਦੇਵ ਅਰਸ਼ੀ, ਕਹਾਣੀਕਾਰ ਬਲਜਿੰਦਰ ਨਸਰਾਲੀ, ਡਾ. ਲਖਵਿੰਦਰ ਜੌਹਲ, ਡਾ. ਭੀਮਇੰਦਰ ਸਿੰਘ, ਡਾ. ਮੋਹਣ ਤਿਆਗੀ, ਡਾ. ਰਾਜਿੰਦਰਪਾਲ ਸਿੰਘ ਬਰਾੜ, ਡਾ. ਗੁਰਸੇਵਕ ਲੰਬੀ, ਡਾ. ਸਤਨਾਮ ਸਿੰਘ ਜੱਸਲ, ਡਾ. ਸਟਾਲਿਨਜੀਤ ਸਿੰਘ ਬਰਾੜ, ਰਾਜਪਾਲ ਸਿੰਘ, ਕਹਾਣੀਕਾਰ ਅਤਰਜੀਤ, ਖ਼ੁਸ਼ਵੰਤ ਬਰਗਾੜੀ ਆਦਿ ਨੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਸੁਰਿੰਦਰਪ੍ਰੀਤ ਘਣੀਆਂ ਅਤੇ ਪੀੜਤ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## 'ਮੇਰੀ ਕਲਮ ਦੇ ਹੰਝੂ' ਲੋਕ ਅਰਪਣ

**ਹੁਸ਼ਿਆਰਪੁਰ**- ਬੀਤੇ ਦਿਨੀਂ ਪਿੰਡ ਝਿੰਗੜ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ, ਤਹਿਸੀਲ ਦਸੂਹਾ ਤੋਂ ਕੈਨੇਡਾ ਨਿਵਾਸੀ ਨਾਮਵਰ ਲੇਖਕ ਕੁਲਦੀਪ ਗਿੱਲ ਦੀ ਕਾਵਿ-ਪੁਸਤਕ "ਮੇਰੀ ਕਲਮ ਦੇ ਹੰਝੂ" ਇੰਟਰਨੈੱਟ ਉੱਤੇ ਲੋਕ-ਅਰਪਣ ਕੀਤੀ ਗਈ। ਲੇਖਕ ਨੇ ਇਹ ਪੁਸਤਕ ਆਪਣੇ ਸੁਰਗਵਾਸੀ ਬਾਬਾ ਜੀ ਅਤੇ ਆਪਣੇ ਮਾਤਾ-ਪਿਤਾ ਜੀ ਨੂੰ ਸਮਰਪਿਤ ਕੀਤੀ ਹੈ। ਲੇਖਕ ਕੁਲਦੀਪ ਗਿੱਲ ਦੀ ਇਹ ਪਹਿਲੀ ਕਾਵਿ-ਪੁਸਤਕ ਹੈ, ਜਿਸ ਵਿੱਚ ਲੇਖਕ ਨੇ ਜ਼ਿੰਦਗੀ ਦੇ ਦੁੱਖ-ਸੁੱਖ ਅਤੇ ਅਨੇਕਾਂ ਸਮਾਜਿਕ ਵਿਸ਼ਿਆਂ ਨੂੰ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਵਿੱਚ ਪਰੋਇਆ ਹੈ। ਇਸ ਪੁਸਤਕ ਨੂੰ ਪਾਠਕਾਂ ਵੱਲੋਂ ਇੰਟਰਨੈੱਟ ਉੱਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਥੋੜ੍ਹੇ ਹੀ ਦਿਨਾਂ ਵਿੱਚ ਹੁਣ ਤੱਕ ਇਸ ਪੁਸਤਕ ਨੂੰ ਅਨੇਕਾਂ ਪਾਠਕਾਂ ਵੱਲੋਂ ਪੜ੍ਹਿਆ ਜਾ ਚੁੱਕਾ ਹੈ। ਇਸ ਪੁਸਤਕ ਨੂੰ ਗੂਗਲ ਉੱਤੇ ਅੰਗਰੇਜ਼ੀ ਦੇ ਅੱਖਰਾਂ ਵਿੱਚ ਮੇਰੀ ਕਲਮ ਦੇ ਹੰਝੂ ਜਾਂ ਮਾਂ ਪ੍ਰਕਾਸ਼ ਕੌਰ ਯਾਦਗਾਰ ਲਾਇਬ੍ਰੇਰੀ ਸਰਚ ਕਰਕੇ ਬੜੀ ਹੀ ਅਸਾਨੀ ਨਾਲ ਪੜ੍ਹਿਆ ਜਾ ਸਕਦਾ ਹੈ।

## 'ਗੁੱਝੇ ਮਨੁੱਖ' 'ਤੇ ਵਿਚਾਰ-ਚਰਚਾ

**ਅੰਮ੍ਰਿਤਸਰ** : ਵਿਰਸਾ ਵਿਚਾਰ ਸੁਸਾਇਟੀ ਅੰਮ੍ਰਿਤਸਰ ਵੱਲੋਂ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਸਹਿਯੋਗ ਨਾਲ ਪ੍ਰਿੰ. ਬਲਵਿੰਦਰ ਸਿੰਘ ਫਤਹਿਪੁਰੀ ਦੀ ਵਾਰਤਕ ਪੁਸਤਕ 'ਗੁੱਝੇ ਮਨੁੱਖ' 'ਤੇ ਵਿਚਾਰ-ਚਰਚਾ ਕਰਵਾਈ ਗਈ। ਸਮਾਰੋਹ ਦੀ ਪ੍ਰਧਾਨਗੀ ਕੇਵਲ ਧਾਲੀਵਾਲ, ਧਰਵਿੰਦਰ ਸਿੰਘ ਔਲਖ, ਸ੍ਰੀਮਤੀ ਰੀਵਾ ਦਰਿਆ, ਭੁਪਿੰਦਰ ਸਿੰਘ ਸੰਧੂ, ਪ੍ਰਿੰ. ਕੁਲਵੰਤ ਸਿੰਘ ਅਣਖੀ ਅਤੇ ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ ਨੇ ਸਾਂਝੇ ਰੂਪ ਵਿੱਚ ਕੀਤੀ। ਵਿਚਾਰ ਚਰਚਾ ਕਰਦਿਆਂ ਕੇਵਲ ਧਾਲੀਵਾਲ, ਰੀਵਾ ਦਰਿਆ, ਭੂਪਿੰਦਰ ਸਿੰਘ ਸੰਧੂ, ਕੁਲਵੰਤ ਸਿੰਘ ਅਣਖੀ, ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਪ੍ਰਿੰ. ਫਤਿਹਪੁਰੀ ਨੇ ਆਪਣੀ ਇਸ ਕਿਤਾਬ ਵਿੱਚ ਆਪਣੀਆਂ ਭਾਵਨਾਵਾਂ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਦੀਆਂ ਕਿਰਤਾਂ ਵਿੱਚ ਯਥਾਰਥ ਝਲਕ ਮਿਲਦੀ ਹੈ। ਉਨ੍ਹਾਂ ਆਪਣੀ ਕਿਤਾਬ 'ਗੁੱਝੇ ਮਨੁੱਖ' ਵਿੱਚ ਨੇ ਸਿਆਸੀ, ਧਾਰਮਿਕ, ਫਿਲਮੀ ਅਤੇ ਸਾਹਿਤਕ ਹਸਤੀਆਂ ਬਾਰੇ ਲਿਖਦਿਆਂ ਉਨ੍ਹਾਂ ਦੀ ਜਿੱਥੇ ਜੀਵਨੀ 'ਤੇ ਚਾਨਣਾ ਪਾਇਆ ਹੈ, ਉਥੇ ਉਨ੍ਹਾਂ ਵੱਲੋਂ ਜ਼ਿੰਦਗੀ ਵਿੱਚ ਕੀਤੇ ਚੰਗੇ ਅਤੇ ਮਾੜੇ ਕੰਮਾਂ ਦਾ ਵੀ ਬੜੀ ਦਲੇਰੀ ਨਾਲ ਵਿਖਿਆਨ ਕੀਤਾ ਹੈ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਸੁਲਤਾਨ ਭਾਰਤੀ, ਰਮੇਸ਼ ਕੁਮਾਰ ਜਾਨੂੰ, ਇਤਿਹਾਸਕਾਰ ਏ.ਐੱਸ. ਦਲੇਰ, ਸੁਖਵੰਤ ਚੇਤਨਪੁਰੀ, ਬਲਜਿੰਦਰ ਮਾਂਗਟ, ਦਵਿੰਦਰ ਸਿੰਘ ਭੋਲਾ, ਸਤਿੰਦਰ ਸਿੰਘ ਓਠੀ, ਗਿਆਨੀ ਪਿਆਰਾ ਸਿੰਘ ਜਾਚਕ ਨੇ ਆਪਣੀਆਂ ਕਾਵਿਕ ਰਚਨਾਵਾਂ ਪੇਸ਼ ਕਰਕੇ ਮਾਹੌਲ ਨੂੰ ਖ਼ੂਬਸੂਰਤ ਬਣਾਇਆ। ਮੰਚ ਸੰਚਾਲਕ ਦੀ ਭੂਮਿਕਾ ਧਰਵਿੰਦਰ ਸਿੰਘ ਔਲਖ ਨੇ ਬਾਖ਼ੂਬੀ ਨਿਭਾਈ।

**—ਪਰਗਟ ਸਿੰਘ ਔਲਖ**

ਸ.ਫ਼ਾ 3 ਦੀ ਬਾਕੀ

## ਇਤਿਹਾਸ, ਮਿਥਿਹਾਸ, ਫਲਸ.ਫਾ ਤੇ ਵਰਤਮਾਨ ...

ਰਹੇਗਾ। ਕੁਝ ਅਖੌਤੀ ਵਿਦਵਾਨ 'ਲੰਗਰ ਪ੍ਰਥਾ' ਦੇ ਵਿਰੋਧ ਵਿਚ ਬੋਲਦੇ ਹਨ, ਪਰ ਖੁਦ ਕਿਸੇ ਨੂੰ ਪਰਸ਼ਾਦਾ ਛਕਾਉਣ ਤੋਂ ਕੰਨੀ ਕਤਰਾਉਂਦੇ ਹਨ। ਇਹਨਾਂ ਅਖੌਤੀ ਵਿਦਵਾਨਾਂ ਨੂੰ ਵੀ ਸੋਧਾ ਲਾਉਣ ਦੀ ਜ਼ਰੂਰਤ ਹੈ, ਜਿਨ੍ਹਾਂ ਦੀ ਅਨੈਤਿਕਤਾ ਬਾਰੇ ਜਾਣਦੇ ਹੋਏ ਵੀ ਪਰਦਾ ਪਾਇਆ ਜਾ ਰਿਹਾ ਹੈ।

ਸਿੱਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ ਤੇ ਸਿੱਖ ਕੌਮ ਮਰਜਿਉੜਿਆਂ ਦੀ ਕੌਮ। ਸਿੱਖੀ ਸਿਧਾਂਤਾਂ ਤੇ ਸਿੱਖੀ ਨੂੰ ਨੇਸਤੋਨਾਬੂਦ ਕਰਨ ਲਈ ਸਮੇਂ ਦੀਆਂ ਜ਼ਾਲਮਾਨਾਂ ਹਕੂਮਤਾਂ ਨੇ ਜ਼ੁਲਮ ਢਾਹੇ, ਤਸੀਹੇ ਦਿੱਤੇ, ਸਿਰਾਂ ਦੇ ਮੁੱਲ ਪਾਏ ਪਰ ਧੰਨ ਹੈ ਸਿੱਖੀ ਸਿਦਕ ਤੇ ਗੁਰੂ ਦੇ ਸਿੱਖ। ਜੇਕਰ ਭਾਈ ਮਨੀ ਸਿੰਘ ਦੀ ਗੱਲ ਕੀਤੀ ਜਾਵੇ ਤਾਂ ਭਾਈ ਮਨੀ ਸਿੰਘ ਜੀ ਕੁੱਲ 12 ਭਰਾ ਸਨ, ਜਿਨ੍ਹਾਂ ਵਿੱਚੋਂ ਇਕ ਦੀ ਬਚਪਨ ਵਿਚ ਮੌਤ ਹੋ ਗਈ ਅਤੇ 11 ਭਰਾ ਖ਼ਾਲਸਾ ਪੰਥ ਲਈ ਸ਼ਹੀਦ ਹੋਏ। ਭਾਈ ਦਿਆਲਾ ਜੀ ਚਾਂਦਨੀ ਚੌਕ ਵਿਚ ਗੁਰੂ ਤੇਗ ਬਹਾਦਰ ਜੀ ਨਾਲ ਸ਼ਹੀਦ ਹੋਏ। ਭਾਈ ਮਨੀ ਸਿੰਘ ਜੀ ਮਹਾਨ ਸਾਹਿਤਕਾਰ, ਫਿਲਾਸਫ਼ਰ ਅਤੇ ਦਮਦਮੀ ਬੀੜ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਲਿਖਾਰੀ ਸਨ। ਭਾਈ ਮਨੀ ਸਿੰਘ ਦੀ ਪ੍ਰਸਿੱਧ ਲਿਖਤ ਗਿਆਨ ਰਤਨਾਵਲੀ ਹੈ। ਉਹਨਾਂ ਦੀ ਸ਼ਹੀਦੀ ਦਾ ਕਾਰਨ ਜ਼ਕਰੀਆ ਖਾਨ ਦੀ ਦੋਗਲੀ-ਨੀਤੀ ਸੀ। ਉਹ ਬੰਦੀਛੋੜ ਦਿਵਸ ਉੱਤੇ ਇਕੱਠੇ ਹੋਏ ਸਿੱਖਾਂ ਦਾ ਘਾਣ ਕਰਨਾ ਚਾਹੁੰਦਾ ਸੀ। ਭਾਈ ਮਨੀ ਸਿੰਘ ਨੇ ਇਸ ਹਮਲੇ ਦੀ ਨਿਖੇਧੀ ਕੀਤੀ। ਟੈਕਸ ਨਾ ਤਾਰਨ ਦਾ ਬਹਾਨਾ ਬਣਾ ਕੇ ਭਾਈ ਸਾਹਿਬ ਦੇ ਬੰਦ-ਬੰਦ ਕੱਟੇ ਗਏ, ਪਰ ਉਹ ਸਿੱਖੀ ਸਿਦਕ ਉੱਤੇ ਪਰਪੱਕ ਰਹੇ। ਬਲਵਿੰਦਰ ਗਿੱਲ ਨੇ ਉਸ ਸਮੇਂ ਦੀ ਤਸਵੀਰਕਸ਼ੀ ਆਪਣੇ ਗੀਤ "ਭਾਈ ਮਨੀ ਸਿੰਘ" ਵਿਚ ਕੀਤੀ ਹੈ। ਗੁਰੂ ਘਰ ਦੀ ਅਪਾਰ ਮਿਹਰ ਭਾਈ ਮਨੀ ਸਿੰਘ ਉੱਤੇ ਸੀ। ਉਹਨਾਂ ਨੇ ਮੁਗ਼ਲ ਹਕੂਮਤ ਨੂੰ ਵੰਗਾਰਿਆ :

ਧਰਮ ਤੋਂ ਆਪਾ ਵਾਰ ਦਈਏ, ਸਾਡੇ ਗੁਰੂਆਂ ਰੀਤ ਚਲਾਈ,
ਬਹਿ ਕੇ ਤੱਤੀਆਂ ਤਵੀਆਂ 'ਤੇ, ਮਚਦੇ ਭਾਂਬੜ ਨੂੰ ਠੰਢ ਪਾਈ,
ਤੇਰੇ ਹੁਣ ਸੂਬੇ ਜ਼ਕਰੀਏ ਦਾ, ਠੱਪ ਹੋ ਜਾਣਾ ਧੰਦਾ ਖੋਟਾ,
ਮਨੀ ਸਿੰਘ ਕਹੇ ਜਲਾਦਾਂ ਨੂੰ, ਮੇਰਾ ਵੱਢਿਓ ਪੋਟਾ ਪੋਟਾ।
(94)

ਬਲਵਿੰਦਰ ਗਿੱਲ ਦੇ ਗੀਤ 'ਭਗਤ ਸਿੰਘ ਜੰਮ ਹੀ ਪੈਂਦੇ ਨੇ' ਵਿਚ ਵਰਤਮਾਨ ਵਿਚ ਘਟਿਤ ਘਟਨਾਵਾਂ ਦਾ ਸੰਬੰਧ ਇਤਿਹਾਸ ਨਾਲ ਜੋੜਿਆ ਹੈ। ਸਰਹਿੰਦ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਮੱਸਾ ਰੰਘੜ ਦੁਆਰਾ ਗੁਰੂ ਘਰ ਦੀ ਬੇਅਦਬੀ ਕਰਨਾ, ਦੋ ਸਿੱਖਾਂ ਵੱਲੋਂ ਉਸ ਦਾ ਸਿਰ ਵੱਢ ਕੇ ਨੇਜ਼ੇ 'ਤੇ ਟੰਗਣਾ, ਲਾਲਾ ਲਾਜਪਤ ਰਾਏ ਦੀ ਸ਼ਹੀਦੀ, ਉਧਮ ਸਿੰਘ ਦਾ ਓਡਵਾਇਰ ਨੂੰ ਮਾਰਨਾ, ਸਾਮਰਾਜਵਾਦੀ ਹਾਕਮਾਂ ਦੇ ਜਬਰ-ਜ਼ੁਲਮ ਆਦਿ ਦਾ ਜ਼ਿਕਰ ਕੀਤਾ ਹੈ। ਮੁਗ਼ਲ ਅਤੇ ਅੰਗਰੇਜ਼ਾਂ ਤੋਂ ਬਾਅਦ ਆਪਣਿਆਂ ਦੇ ਹੱਥ ਦੇਸ਼ ਦੀ ਵਾਗਡੋਰ ਆਈ, ਪਰ ਆਪਣਿਆਂ ਨੇ ਵੀ ਆਮ ਜਨਤਾ ਉੱਤੇ ਤਸ਼ੱਦਦ ਢਾਹਿਆ। ਇਤਿਹਾਸ ਦੇ ਇਹਨਾਂ ਖ਼ੂਨੀ ਪਤਰਿਆਂ ਬਾਰੇ ਬਲਵਿੰਦਰ ਗਿੱਲ ਨੇ ਆਪਣੇ-ਆਪਣੇ ਅੰਦਾਜ਼ ਨਾਲ ਜਾਣਕਾਰੀ ਦਿੱਤੀ ਹੈ, ਜੋ ਵਰਤਮਾਨ ਪ੍ਰਸਥਿਤੀਆਂ ਵਿਚ ਵੀ ਸਾਰਥਿਕ ਹੈ :

ਬੇਸ਼ੱਕ ਰਾਜੇ ਬਦਲ ਗਏ, ਫ਼ਿਰ ਵੀ ਅੱਛੇ ਦਿਨ ਨਾ ਆਏ,
ਪੈ ਗਏ ਖੋਹਣ ਜ਼ਮੀਨਾਂ ਨੂੰ, ਆਪਣੇ ਜੋ ਤਖ਼ਤ ਬਿਠਾਏ।
ਪਰ ਗ਼ੈਰਤਮੰਦ ਪੰਜਾਬੀਆਂ ਨੇ, ਜਿਉਂਦੇ ਜੀਅ ਨਾ ਮੰਨੀਆਂ ਹਾਰਾਂ,
ਭਗਤ ਸਿੰਘ ਜੰਮ ਹੀ ਪੈਂਦੇ ਨੇ, ਜ਼ਾਲਿਮ ਜਦ ਹੋਈਆਂ ਸਰਕਾਰਾਂ। (93)

ਬਲਵਿੰਦਰ ਗਿੱਲ ਦੀ ਪੁਸਤਕ ਵਿਚ ਇਤਿਹਾਸਕ ਪੱਖਾਂ ਦੇ ਨਾਲ-ਨਾਲ ਸਮਾਜਿਕ, ਆਰਥਿਕ, ਰਾਜਨੀ ਤਕ, ਧਾਰਮਿਕ, ਸਭਿਆਚਾਰਕ ਪੱਖਾਂ ਉੱਤੇ ਵੀ ਫ਼ੋਕਸ ਕੀਤਾ ਹੈ। ਵਰਤਮਾਨ ਵਰਤਾਰਿਆਂ ਵਿਚ 'ਪਰਵਾਸ ਧਾਰਨ' ਕਰਨ ਦੀ ਰੁਚੀ ਖ਼ਤਰਨਾਕ ਰੂਪ ਧਾਰਨ ਕਰ ਗਈ ਹੈ। ਪੰਜਾਬ ਦੇ ਨੌਜਵਾਨ ਤੇ ਮੁਟਿਆਰਾਂ ਵਿਦੇਸ਼ਾਂ ਵੱਲ ਧਾਵਾ ਬੋਲ ਰਹੇ ਹਨ, ਜਿੱਥੇ ਉਹਨਾਂ ਦਾ ਸਰੀਰਕ ਤੇ ਮਾਨਸਿਕ ਸ਼ੋਸ਼ਣ ਹੋ ਰਿਹਾ ਹੈ, ਪਰ ਉਹ ਪੰਜਾਬ ਪਰਤਣਾ ਨਹੀਂ ਚਾਹੁੰਦੇ, ਜਿਸ ਨਾਲ ਪ੍ਰਸਥਿਤੀਆਂ ਹੋਰ ਭਿਆਨਕ ਰੂਪ ਧਾਰਨ ਕਰ ਰਹੀਆਂ ਹਨ। ਬਲਵਿੰਦਰ ਗਿੱਲ ਕੋਲ ਵਿਦੇਸ਼ੀ ਧਰਤੀ ਦੇ ਯਥਾਰਥਕ ਤਜਰਬੇ ਹਨ, ਜਿਹਨਾਂ ਦੇ ਆਧਾਰ 'ਤੇ ਉਹ ਨੌਜਵਾਨ ਪੀੜ੍ਹੀ ਨੂੰ ਸੁਚੇਤ ਕਰਦਾ ਹੈ ਕਿ ਵਿਦੇਸ਼ੀ ਧਰਤੀਆਂ ਉੱਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਵੇਗਾ। ਗੀਤ "ਉੱਡ ਜਾ ਦੇਸ਼ ਬੇਗਾਨੇ" ਵਿਚ ਪਰਵਾਸ ਧਾਰਨ ਕਰਨ ਦੇ ਪ੍ਰਮੁੱਖ ਕਾਰਨ ਬੇਰੁਜ਼ਗਾਰੀ ਦੀ ਸਮੱਸਿਆ, ਆਤਮ-ਹੱਤਿਆ, ਲੱਚਰਤਾ ਭਰਿਆ ਮਾਹੌਲ, ਹਥਿਆਰਾਂ ਦੀ ਦਿਖਾਵੇਬਾਜ਼ੀ, ਆਇਲਟਸ ਦਾ ਵਧਦਾ ਰੁਝਾਨ ਆਦਿ ਹਨ। ਸਮੇਂ ਦੀਆਂ ਸਰਕਾਰਾਂ ਨੇ ਕਿਸਾਨਾਂ, ਨੌਜਵਾਨਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਨਹੀਂ ਦਿੱਤਾ :

ਨਾ ਕੋਈ ਨੌਕਰੀ ਨਾ ਰੁਜ਼ਗਾਰ, ਰਹਿ ਗਿਆ ਨਸ਼ਿਆਂ ਦਾ ਵਿਉਪਾਰ,
ਦੁਪੱਟੇ ਲਹਿੰਦੇ ਸਰੇ-ਬਾਜ਼ਾਰ, ਰੁਲਦੀ ਥਾਂ-ਥਾਂ ਬਾਣੀ ਵੇ,
ਤੂੰ ਉਡਦਾ ਦੇਸ਼ ਬੇਗਾਨੇ, ਉਲਝ ਗਈ ਇੱਥੇ ਤਾਣੀ ਵੇ। (13)

ਕਿਸਾਨ, ਕਿਸਾਨੀ ਤੇ ਖੇਤੀ ਨਾਲ ਸੀਰੀ ਦਾ ਸੰਬੰਧ ਗਹਿਰਾ ਸੀ। ਨਿਮਨ ਜਾਤ ਵੱਲੋਂ ਕਿਸਾਨਾਂ ਨਾਲ ਖੇਤੀ ਦਾ ਕੰਮ ਕਰਨ ਲਈ ਸਹਾਇਤਾ ਕੀਤੀ ਜਾਂਦੀ ਸੀ, ਪਰ ਕਿਸਾਨ ਸਮੇਂ ਦੇ ਚੱਕਰਵਿਊ ਕਾਰਨ ਆਰਥਿਕ ਪੱਖ ਤੋਂ ਡਿੱਗ ਕੇ ਸੀਰੀ ਬਣਨ ਲਈ ਮਜਬੂਰ ਹੋ ਗਏ ਹਨ। ਪੀੜ੍ਹੀ ਦਰ ਪੀੜ੍ਹੀ ਆਰਥਿਕਤਾ ਵਿਚ ਗਿਰਾਵਟ ਆਉਣ ਲੱਗੀ ਹੈ। ਨਸ਼ਿਆਂ ਦੇ ਵਹਿ ਰਹੇ ਦਰਿਆ ਵਿਚ ਨੌਜਵਾਨ ਤੇ ਖੇਤੀ ਡੁੱਬਦੀ ਜਾ ਰਹੀ ਹੈ। ਹਾਲਾਤ ਬਦ ਤੋਂ ਬਦਤਰ ਹੁੰਦੇ ਜਾ ਰਹੇ ਹਨ ਤੇ ਸਰਕਾਰ ਮੂਕ ਦਰਸ਼ਕ ਬਣੀ ਹੈ। ਦੁਸ਼ਮਣਾਂ ਤੋਂ ਮਨੁੱਖ ਸਦਾ ਸੁਚੇਤ ਹੋ ਕੇ ਚੱਲਦਾ ਹੈ, ਪਰ ਆਧੁਨਿਕ ਸਮੇਂ ਵਿਚ ਢਾਹ ਲਾਉਣ ਵਾਲੇ ਆਪਣੇ ਹੀ ਹਨ :

ਜਦ ਉਸ ਪਾ ਨਸ਼ਿਆਂ ਦਾ ਜੱਬ ਲਿਆ, ਫ਼ਿਰ ਕਰਜ਼ੇ ਨੇ ਬਾਪੂ ਦੱਬ ਲਿਆ,
ਕਿਸ਼ਤਾਂ ਟੁੱਟੀਆਂ ਜਦੋਂ ਬੈਂਕ ਦੀਆਂ, ਵਿਚਾਰੇ ਮਰਨ ਲਈ ਅੱਕ ਚੱਬ ਲਿਆ। (36)

ਚਿੰਤਕਾਂ ਨੇ ਇਨਕਲਾਬੀ ਸੁਰ ਜ਼ਰੂਰ ਅਪਣਾਈ, ਪਰ ਸਰਕਾਰ ਦੀ ਕਾਰਜ-ਪ੍ਰਣਾਲੀ ਵਿਚ ਸਕਾਰਾਤਮਕ ਬਦਲਾਵ ਨਾ ਆ ਸਕਿਆ। ਵਿਸ਼ਵ ਦ੍ਰਿਸ਼ਟੀ ਤੋਂ ਤਾਂ ਮਨੁੱਖ ਵਿਕਾਸ ਦੀਆਂ ਰਾਹਾਂ ਉੱਤੇ ਦੌੜ ਰਿਹਾ ਹੈ, ਪਰ ਅਸਲ ਤੱਥ ਕੁਝ ਹੋਰ ਹੀ ਹਨ, ਜਿਨ੍ਹਾਂ ਦਾ ਜ਼ਿਕਰ ਕਰਨ ਨਾਲ ਸਰਕਾਰ ਵਿਰੋਧੀ ਜਾਂ ਦੇਸ਼ ਵਿਰੋਧੀ ਫ਼ਤਵਾ ਜਾਰੀ ਹੋ ਜਾਂਦਾ ਹੈ।

"ਕੋਕੋ" ਇਕ ਮਿਥਿਹਾਸਕ ਪਾਤਰ ਹੈ। ਇਸ ਦੀ ਵਰਤੋਂ ਬੱਚਿਆਂ ਨੂੰ ਕਿਸੇ ਕੰਮ ਜਾਂ ਇੱਲਤ/ਸ਼ੈਤਾਨੀਆਂ ਤੋਂ ਰੋਕਣ ਲਈ ਕੀਤੀ ਜਾਂਦੀ ਹੈ। ਇਸ ਦਾ ਜੈਂਡਰ ਕੋਈ ਵੀ ਹੋ ਸਕਦਾ ਹੈ। ਸਪੇਨ ਅਤੇ ਲਾਤੀਨੀ ਅਮਰੀਕਾ ਵਿਚ ਕਈ ਵਾਰ ਮਾਪੇ ਬਦੀ ਕਰਨ ਤੋਂ ਆਪਣੇ ਬੱਚਿਆਂ ਨੂੰ ਰੋਕਣ ਲਈ "ਕੋਕੋ" ਦਾ ਡਰਾਵਾ ਦਿੰਦੇ ਸਨ। "ਕੋਕੋ" ਸਾਡੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਭਾਵੇਂ ਇਹ ਨਹੀਂ ਦੇਖੇ, ਪਰ ਲੋਕ ਜੀਵਨ ਵਿਚ ਇਹਨਾਂ ਦੀ ਭਰਵੀਂ ਹਾਜ਼ਰੀ ਲੱਗਦੀ ਹੈ। ਬੱਚੇ ਅਨੁਸ਼ਾਸਨ ਦਾ ਪਹਿਲਾ ਪਾਠ ਪੜ੍ਹਾਉਣ ਵਿਚ "ਕੋਕੋ" ਅਹਿਮ ਯੋਗਦਾਨ ਪਾਉਂਦੀ ਹੈ। ਕੋਕੋ ਵੱਲੋਂ ਲਿਜਾਈ ਗਈ ਚੀਜ਼ ਲਈ ਬੱਚਾ ਕਦੇ ਜ਼ਿੱਦ ਨਹੀਂ ਕਰਦਾ। ਬਲਵਿੰਦਰ ਗਿੱਲ ਦੀ ਦ੍ਰਿਸ਼ਟੀ ਗੀਤ 'ਕੋਕੋ' ਵਿਚੋਂ ਉਜਾਗਰ ਹੁੰਦੀ ਹੈ। ਇਸ ਗੀਤ ਰਾਹੀਂ ਉਸ ਨੇ ਪੰਜਾਬ ਦੇ ਹਾਲਾਤ ਦੀ ਯਥਾਰਥਕ ਤਸਵੀਰਕਸ਼ੀ ਕੀਤੀ ਹੈ। ਸਾਡੇ ਮਹਾਨ ਵਿਰਸੇ ਦੇ ਖ਼ਤਮ ਹੋਣ ਦਾ ਡਰ ਗੀਤ ਵਿੱਚੋਂ ਝਲਕਦਾ ਹੈ। ਸ਼ਹਿਰੀਕਰਨ ਤੇ ਵਿਦੇਸ਼ੀ ਧਰਤੀਆਂ ਵੱਲ ਜਾਣ ਦੇ ਰੁਝਾਨ ਪੰਜਾਬ ਦੇ ਅਮੀਰ ਵਿਰਸੇ ਨੂੰ ਖ਼ਤਮ ਕਰ ਰਹੇ ਹਨ। ਹਥਿਆਰਾਂ ਦੀ ਭਰਮਾਰ, ਬੁੱਕਲ ਦੇ ਸੱਪ, ਖੋਟੇ ਸਿੱਕੇ, ਧੀਆਂ ਦੀ ਬੇਪਤੀ, ਪੱਗ ਦਾ ਸਥਾਨ ਆਦਿ ਦਾ ਜ਼ਿਕਰ ਕੀਤਾ ਹੈ। ਗਿੱਲ ਨੇ ਆਧੁਨਿਕਤਾ ਵਿਚ ਅਨੈਤਿਕਤਾ ਕਾਰਨ ਆਈਆਂ ਦਰਪੇਸ਼ ਸਮੱਸਿਆਵਾਂ ਦਾ ਜ਼ਿਕਰ ਕੀਤਾ ਹੈ :

ਗਾਹਕ ਖਰਿਆਂ ਦੇ ਘੱਟ, ਵਿਕੀ ਜਾਣ ਸਿੱਕੇ ਖੋਟੇ,
ਧੀਆਂ ਭੈਣਾਂ ਤਾਈਂ ਆਖੀ ਜਾਣ ਪੁਰਜ਼ੇ ਤੇ ਟੋਟੇ,
ਰੱਖੀ ਪੈਸੇ ਉੱਤੇ ਅੱਖ, ਵਿਊ ਹੋਇਆ ਡੇਢ ਲੱਖ,
ਪੱਗ ਡਿੱਗਦੀ ਪੰਜਾਬੀਆਂ ਦੀ ਬੋਚੋ ਸੋਹਣਿਓ,
ਸਾਡੇ ਵਿਰਸੇ ਨੂੰ ਲੈ ਨਾ ਜਾਵੇ ਕੋਕੋ ਸੋਹਣਿਓ। (50)

ਸੈੱਲ ਫ਼ੋਨ ਦੀ ਤਕਨਾਲੋਜੀ ਨੇ ਬਿਨਾਂ ਸ਼ੱਕ ਲੋਕਾਂ ਨੂੰ ਜੋੜਨ ਦਾ ਕੰਮ ਕੀਤਾ, ਪਰ ਜਿਵੇਂ-ਜਿਵੇਂ ਤਕਨਾਲੋਜੀ ਵਿਚ ਵਿਕਾਸ ਹੋਇਆ ਤਾਂ ਕਈ ਤਰ੍ਹਾਂ ਦੀ ਅਨੈਤਿਕਤਾ ਵੀ ਜ਼ੋਰ ਫੜਨ ਲੱਗੀ। ਇਸ ਦੀ ਵਰਤੋਂ ਕਾਰਨ ਆਪਸੀ ਮੇਲ-ਜੋਲ ਘਟਿਆ, ਸਮੇਂ ਦੀ ਬਰਬਾਦੀ ਹੋਈ, ਲੋਕ ਵਿਹਲੇ ਬਣਾ ਦਿੱਤੇ, ਬੱਚਿਆਂ ਦੀ ਸਰੀਰਕ ਤੇ ਮਾਨਸਿਕਤਾ ਉੱਪਰ ਵੀ ਬੁਰਾ ਪ੍ਰਭਾਵ, ਬਿਮਾਰੀਆਂ ਵਿਚ ਵਾਧਾ, ਅੱਖਾਂ ਦੀ ਰੌਸ਼ਨੀ ਦਾ ਘਟਣਾ, ਦਿਮਾਗ ਉੱਤੇ ਬੁਰਾ ਪ੍ਰਭਾਵ, ਮਨੁੱਖ ਦੀ ਗੁਪਤ ਜਾਣਕਾਰੀ ਦਾ ਜਨਤਕ ਹੋਣਾ, ਲੱਚਰਤਾ ਤੇ ਨੰਗੇਜ ਵਿਚ ਵਾਧਾ ਆਦਿ ਕੁਰੀਤੀਆਂ ਪੈਦਾ ਹੋਈਆਂ। ਗਿੱਲ ਨੇ ਗੀਤ 'ਸੈੱਲ ਫ਼ੋਨ' ਵਿਚ ਇਸ ਤਕਨਾਲੋਜੀ ਕਾਰਨ ਸੂਖ਼ਮਤਾ, ਸੁਹਜਤਾ ਦੇ ਖ਼ਤਮ ਹੋਣ ਦਾ ਅਹਿਸਾਸ ਦਾ ਜ਼ਿਕਰ ਕੀਤਾ ਹੈ। ਆਧੁਨਿਕ ਯੁੱਗ ਵਿਚ ਪਰਵਾਰ ਦੇ ਹਰੇਕ ਮੈਂਬਰ ਕੋਲ ਫ਼ੋਨ ਹੈ, ਭਾਵੇਂ ਉਸ ਦੀ ਜ਼ਰੂਰਤ ਹੋਵੇ ਜਾਂ ਨਾ। ਦਾਦਾ-ਦਾਦੀ, ਨਾਨਾ-ਨਾਨੀ ਮਾਂ ਦੁਆਰਾ ਸੁਣਾਈਆਂ ਜਾਂਦੀਆਂ ਕਹਾਣੀਆਂ ਅਲੋਪ ਹੋ ਰਹੀਆਂ ਹਨ। ਪੀੜ੍ਹੀ ਪਾੜਾ ਵਧ ਰਿਹਾ ਹੈ :

ਦੀਵਾਨੇ ਹੋ ਗਏ ਵੱਡੇ ਛੋਟੇ ਖਹਿੜਾ ਕਿੰਝ ਛੁਡਾਈਏ ਜੀ,
ਦੁੱਧ ਦੀ ਬੋਤਲ ਫੜੇ ਨਿਆਣਾ ਜੇ ਐਪਲ ਤਲੀ ਟਿਕਾਈਏ ਜੀ,
ਝੱਲੇ ਵਿਛੋੜਾ ਮਾਂ ਦਾ ਪਰ ਉਹ ਇਹਨੂੰ ਦੂਰ ਨਾ ਕਰਦਾ,
ਹੁਣ ਸਾਡਾ ਫ਼ੋਨ ਬਿਨਾਂ, ਬਸ ਫ਼ੋਨ ਬਿਨਾਂ ਨਾ ਸਰਦਾ।
(37)

ਬਲਵਿੰਦਰ ਗਿੱਲ ਦੀ ਗੀਤਕਾਰੀ ਦਾ ਕਲਾਤਮਿਕ ਪੱਖ ਗੀਤ "ਗਜ਼ਨੀ" ਵਿੱਚੋਂ ਰੂਪਮਾਨ ਹੁੰਦਾ ਹੈ। ਉਹ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਘਟਨਾਵਾਂ ਤੋਂ ਜਾਣੂ ਹੈ। ਆਮਿਰ ਖਾਂ ਦੀ ਪ੍ਰਸਿੱਧ ਫ਼ਿਲਮ 'ਗਜ਼ਨੀ' ਸੀ, ਜਿਸ ਵਿਚ ਆਮਿਰ ਨੇ ਗਜ਼ਨੀ ਦਾ ਰੋਲ ਅਦਾ ਕੀਤਾ। ਸਿਰ ਦੀ ਸੱਟ ਕਾਰਨ ਗਜ਼ਨੀ ਦੀ ਯਾਦਦਾਸ਼ਤ ਕੁਝ ਸਮੇਂ ਰਹਿੰਦੀ ਅਤੇ ਫ਼ਿਰ ਵਿਸਰ ਜਾਂਦੀ। ਇਸ ਕਿਰਦਾਰ ਉੱਤੇ ਫੋਕਸ ਕਰਕੇ ਭਾਰਤ ਦੀ ਜਨਤਾ ਉੱਪਰ ਵਿਅੰਗ ਕੱਸਿਆ ਗਿਆ ਹੈ। ਦੇਸ਼ ਦੀ ਆਜ਼ਾਦੀ ਤੋਂ ਹੁਣ ਤੱਕ ਨੇਤਾਵਾਂ ਦੁਆਰਾ ਵੋਟ ਹਾਸ਼ਲ ਕੀਤੇ ਜਾਂਦੇ ਰਹੇ ਹਨ। ਕੋਈ ਵੀ ਪਾਰਟੀ ਸੱਤਾ ਵਿਚ ਆ ਕੇ ਜਨਤਾ ਨਾਲ ਕੀਤੇ ਵਾਧੇ ਭੁਲਾ ਦਿੰਦੀ ਹੈ। ਪੰਜ ਸਾਲ ਬਾਅਦ ਫ਼ਿਰ ਨੇਤਾ ਆਉਂਦੇ ਹਨ ਤੇ ਹੱਥ ਜੋੜ ਕੇ ਤਲਿੱਸਮੀ ਖਵਾਬ ਦਿਖਾ ਵੋਟਰਾਂ ਤੋਂ ਵੋਟ ਪ੍ਰਾਪਤ ਕਰ ਲੈਂਦੇ ਹਾਂ।

ਗੀਤਕਾਰ ਨੇ ਪ੍ਰਮੁੱਖ ਰੂਪ ਵਿਚ ਜੋਕਾਂ ਵਰਗਾ ਲਹੂ ਪੀਣਾ ਸਿਸਟਮ, ਸਵਿਸ ਬੈਂਕਾਂ ਵਿਚ ਖਾਤੇ, ਠੇਕਿਆਂ ਤੇ ਅਹਾਤਿਆਂ ਦੀ ਭਰਮਾਰ, ਕੈਸ਼-ਲੈਸ ਦਾ ਰੁਝਾਨ, ਹਾਕੀ ਨੂੰ ਨੁੱਕਰੇ ਲਾਉਣਾ, ਪੋਕਰ ਦਾ ਨਿਸ਼ਾਨ ਆਦਿ ਬਾਰੇ ਜ਼ਿਕਰ ਕੀਤਾ ਹੈ। ਯਥਾਰਥਕ ਚਿਤਰਨ :

ਸਕੂਲ ਦੇ ਸਾਹਮਣੇ ਖੁੱਲ੍ਹਿਆ ਠੇਕਾ, ਠਾਣੇ ਸੰਗ ਅਹਾਤੇ ਨੇ
ਕੈਸ਼-ਲੈਸ ਹੁਣ ਭਾਰਤ ਹੋਇਆ, ਵਿਚ ਪ੍ਰਦੇਸ਼ਾਂ ਖਾਤੇ ਨੇ।
ਨੁੱਕਰੇ ਲਾ ਕੇ ਦੇਸ਼ ਦੀ ਹਾਕੀ, ਗੇਮ ਖੇਡ ਰਹੇ ਪੋਕਰ ਦਾ,
ਗਜ਼ਨੀ ਵਰਗਾ ਹੋ ਗਿਆ ਚੇਤਾ, ਵਤਨ ਮੇਰੇ ਦੇ ਵੋਟਰ ਦਾ।
(56)

ਬਲਵਿੰਦਰ ਗਿੱਲ ਦਾ ਸੱਜਰਾ ਤੇ ਨਵੀਨ ਦ੍ਰਿਸ਼ਟੀ ਵਾਲਾ ਗੀਤ-ਸੰਗ੍ਰਹਿ "ਉਹਦਾ ਕਣ ਕਣ ਦੇ ਵਿਚ ਵਾਸਾ" ਵਿਚ ਇਤਿਹਾਸ ਤੇ ਵਰਤਮਾਨ ਦੁਆਰਾ ਪਾਠਕ ਨੂੰ ਜੋੜ ਕੇ ਸੁਚੇਤ ਕਰਨ ਦਾ ਸਾਰਥਿਕ ਯਤਨ ਹੈ। ਇਹ ਪੁਸਤਕ ਮੀਲ-ਪੱਥਰ ਸਾਬਤ ਹੋਵੇਗੀ।

21-May-Sunday.qxd 5/20/2023 8:47 PM Page 2



# ਕਵਿਤਾ ਨੂੰ ਕਿਸੇ ਸੀਮਤ ਪਰਿਭਾਸ਼ਾ 'ਚ ਨਹੀਂ ਬੰਨ੍ਹਿਆ ਜਾ ਸਕਦਾ

# ਗੁਰਦੇਵ ਚੌਹਾਨ

## ਪੈੜਾਂ

**ਮੁਲਾਕਾਤੀ : ਮਲਵਿੰਦਰ**

10 ਅਗਸਤ 1941 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਕੁੱਕੜਾਂ ਵਿੱਚ ਜਨਮੇ ਗੁਰਦੇਵ ਚੌਹਾਨ ਅੱਜ-ਕੱਲ੍ਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿੱਚ ਵੱਸਦੇ ਹਨ। ਚੌਹਾਨ ਪੰਜਾਬੀ ਦਾ ਉਹ ਸ਼ਾਇਰ ਹੈ ਜਿਸ ਨੇ ਬਹੁਤ ਸਾਰਾ ਵਿਦੇਸ਼ੀ ਸਾਹਿਤ ਪੜ੍ਹਿਆ ਹੈ ਤੇ ਪੜ੍ਹ ਰਿਹਾ ਹੈ। ਗੁਰਦੇਵ ਬਹੁ-ਵਿਧਾਵੀ ਲੇਖਕ ਹੈ। ਅੰਗਰੇਜ਼ੀ ਵਿੱਚ ਅਨੁਵਾਦ ਵੀ ਕੀਤੇ ਹਨ। ਡਾ. ਹਰਿਭਜਨ ਸਿੰਘ ਨੇ ਗੁਰਦੇਵ ਚੌਹਾਨ ਨੂੰ ਲਿਖਤ ਕਾਵਿ ਦੇ ਯੁੱਗ ਦਾ ਪ੍ਰਮਾਣਿਕ ਹਸਤਾਖ਼ਰ ਕਿਹਾ ਸੀ। ਗੁਰਬਚਨ ਦਾ ਕਹਿਣਾ ਹੈ ਕਿ ਗੁਰਦੇਵ ਚੌਹਾਨ ਕਵਿਤਾ ਨੂੰ ਕਵੀਆਂ ਵਾਂਗ ਲਿਖਦਾ ਹੈ। ਖ਼ੁਦ ਗੁਰਦੇਵ ਦਾ ਕਹਿਣਾ ਹੈ ਕਿ ਮੈਂ ਨਜ਼ਮ ਲਿਖਦਾ ਨਹੀਂ, ਉਗਾਉਂਦਾ ਹਾਂ। ਉਸ ਲਈ ਨਜ਼ਮ ਬਾਗ਼ ਵਿੱਚੋਂ ਧੁੰਦ ਵਾਂਗ ਨਿਕਲ਼ਦੀ ਹੈ ਅਤੇ ਹਰਿਆਵਲ ਉੱਤੇ ਸੰਝ ਵਾਂਗ ਫੈਲਦੀ ਹੈ। ਕਵਿਤਾ, ਕਾਵਿਕਤਾ, ਭਾਸ਼ਾ ਅਤੇ ਸਾਹਿਤ ਬਾਰੇ ਹੋਰ ਕੀ ਕੁਝ ਕਹਿੰਦਾ ਹੈ ਗੁਰਦੇਵ ਚੌਹਾਨ, ਜਾਨਣ ਲਈ ਉਸ ਨਾਲ ਗੱਲਾਂ ਕਰਦੇ ਹਾਂ :

**? ਦਹਾਕੇ ਬੀਤ ਗਏ ਹਨ ਤੁਹਾਨੂੰ ਕਵਿਤਾ ਲਿਖਦਿਆਂ, ਪੜ੍ਹਦਿਆਂ। ਪਹਿਲਾ ਸਵਾਲ ਇਹੋ ਕਰਦੇ ਹਾਂ ਕਿ ਕਵਿਤਾ ਕੀ ਹੈ।**

-ਮੇਰੀ ਸਮਝ ਵਿੱਚ ਕਵਿਤਾ ਕਿਸੇ ਇੱਕ ਪਰਿਭਾਸ਼ਾ ਵਿੱਚ ਨਹੀਂ ਬੰਨ੍ਹੀ ਜਾਣੀ ਚਾਹੀਦੀ ਅਤੇ ਨਹੀਂ ਬੰਨ੍ਹੀ ਜਾ ਸਕਦੀ। ਜੇਕਰ ਕੋਈ ਇਸ ਨੂੰ ਇਕਹਿਰੀ ਪ੍ਰੀਭਾਸ਼ਾ ਅਨੁਸਾਰ ਵੇਖਦਾ ਅਤੇ ਰਚਦਾ ਹੈ ਤਾਂ ਉਹ ਅਸਲੀ ਕਵਿਤਾ ਤੋਂ ਅਣਭਿੱਜ ਹੈ। ਹਰ ਕਵਿਤਾ ਆਪਣੀ ਨਵੀਂ ਰਚਨਾ ਸ਼ੈਲੀ ਸਿਰਜਦੀ ਹੈ। ਕਵਿਤਾ ਆਪਣਾ ਮੁਹਾਂਦਰਾ ਆਪਣੇ ਨਾਲ਼ ਲੈ ਕੇ ਆਉਂਦੀ ਹੈ ਅਤੇ ਹਰ ਕਵਿਤਾ ਉਸ ਦੀ ਰਚਣ ਪ੍ਰਕਿਰਿਆ ਤੋਂ ਅੱਡ ਕਰਕੇ ਨਹੀਂ ਵੇਖੀ ਜਾ ਸਕਦੀ। ਹਾਂ, ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਕਵਿਤਾ ਮਨ ਦੀ ਸੋਚ ਨਾਲ਼ੋਂ ਦਿਲ ਜਾਂ ਅਨੁਭਵ ਦਾ ਵੱਧ ਪੱਖ ਰੱਖਦੀ ਹੈ। ਮੂਲ ਰੂਪ ਵਿੱਚ ਇਹ ਸ਼ਬਦਾਂ ਨੂੰ ਮਾਧਿਅਮ ਨਾਲੋਂ ਮੰਤਵ ਦੇ ਤੌਰ 'ਤੇ ਵੇਖਣ ਅਤੇ ਵਰਤੋਂ ਦਾ ਰੁਝੇਵਾਂ ਹੈ ਅਤੇ ਸ਼ਬਦਾਂ ਤੋਂ ਪਾਰ ਦੀ ਪੁਲਾਂਘ ਦੇ ਆਲਮ ਦਾ ਸਿਰਜਣ ਹੈ।

**? ਬਹੁਤ ਖ਼ੂਬ ਜੀ। ਕਵਿਤਾ ਦੀ ਬਿਲਕੁਲ ਸੱਜਰੀ ਪਰਿਭਾਸ਼ਾ। ਕਵਿਤਾ ਦੀ ਗੱਲ ਹੋ ਗਈ। ਕਵਿਤਾ ਦੇ ਪ੍ਰਸੰਗ ਵਿੱਚ ਹੀ ਇੱਕ ਸਵਾਲ ਹੈ ਕਿ ਕਾਵਿਕਤਾ ਕੀ ਹੈ।**

-ਕਾਵਿਕਤਾ ਇੱਕ ਬੰਨੇ ਤਾਂ ਕਵਿਤਾ ਦੀ ਲੈਅ ਜਾਂ ਤਾਲ ਵੱਧਤਾ ਅਤੇ ਤੁਕਾਂਤ ਭਾਵ ਸੰਗੀਤਕ ਤੱਤ ਦਾ ਹੋਣਾ ਹੈ, ਦੂਜਾ ਕਾਵਿਕਤਾ ਦਾ ਬਹੁਤਾ ਗੁਣ ਇਸ ਦੇ ਅਰਥਾਂ ਦੀ ਡੂੰਘਾਈ ਮਿੱਥਦੀ ਹੈ ਅਤੇ ਇਸੇ ਵਿੱਚ ਹੈ। ਕਲਪਨਾ ਉਡਾਰੀ, ਪ੍ਰਤੀਕਾਤਮਿਕਤਾ, ਸੰਕੇਤਕਤਾ, ਮੁਹਾਵਰਾ-ਪ੍ਰਯੋਗ ਅਤੇ ਬਿੰਬ ਵਿਧਾਨ ਰਾਹੀਂ ਹੀ ਅਕਸਰ ਇਸ ਦਾ ਉਦਗਮ ਹੁੰਦਾ ਹੈ। ਕਾਵਿਕਤਾ ਦੇ ਹੋਰ ਉਚੇਰੇ ਮਾਪਦੰਡ ਹਨ : ਸਵੈ ਦੀ ਅੰਤਰ ਯਾਤਰਾ, ਚੀਜ਼ਾਂ, ਵਸਤਾਂ ਦੀ ਅੰਤਰ ਆਤਮਾ ਵਿੱਚ ਉੱਤਰ ਜਾਣ ਦਾ ਅਮਲ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਡੂੰਘਾ ਸੁਮੇਲ। ਤੱਥਾਂ, ਤੱਤਾਂ, ਵਾਰਦਾਤਾਂ, ਵਿਵਰਣਾ, ਭਾਵਾਂ, ਵਿਚਾਰਾਂ, ਫ਼ਿਕਰਾਂ, ਜ਼ਿਕਰਾਂ, ਦਰਦਾਂ, ਉਦਰੇਵਿਆਂ, ਘਾਟਾਂ, ਵਿਰੋਧਾਂ, ਦਵੰਧਾਂ, ਸੁਮੇਲਾਂ, ਪਿਆਰ-ਛਿਣਾਂ, ਵਲਵਲਿਆਂ, ਵਿਛੋੜਿਆਂ, ਬਿਰਹੜਿਆਂ, ਯਾਦਾਂ ਦੀ ਪਕੜ ਦੇ ਅਹਿਸਾਸਾਂ ਦਾ ਲਿਖਤੀ ਰਚਨਾਤਮਿਕ ਪ੍ਰਤੀਕਰਮ। ਮੂਲ ਰੂਪ ਵਿੱਚ ਕਾਵਿਕਤਾ ਜ਼ਿੰਦਗੀ ਦੀ ਇਕੱਲਤਾ, ਇੱਕ ਦੂਜੇ ਨਾਲ ਸਹਾਨਭੂਤੀ, ਦੂਸਰੇ ਵਿੱਚ ਸਵੈ ਦੀ ਸਹਾਨਭੂਤੀ, ਦੂਸਰੇ ਦੀ ਸਵੈ ਦੀ ਪੜ੍ਹਤ ਅਤੇ ਪਹਿਚਾਣ ਦਾ ਅਮਲ ਅਤੇ ਆਲਮ ਹੈ।

**? ਮੈਨੂੰ ਲੱਗਦਾ ਕਾਵਿਕਤਾ ਦੀ ਇਸ ਨਾਲੋਂ ਸਟੀਕ ਵਿਆਖਿਆ ਨਹੀਂ ਹੋ ਸਕਦੀ। ਹੁਣ ਕਵਿਤਾ ਦੇ ਪ੍ਰਸੰਗ ਵਿੱਚ ਚਲਦੀ ਚਰਚਾ ਦੀ ਗੱਲ ਕਰੀਏ ਤਾਂ ਕੁਝ ਲੋਕ ਖੁੱਲ੍ਹੀ ਕਵਿਤਾ ਨੂੰ ਕਵਿਤਾ ਨਹੀਂ ਮੰਨਦੇ। ਕੁਝ ਛੰਦ-ਬੱਧ ਕਵਿਤਾ ਨੂੰ ਤੁਕਬੰਦੀ ਕਹਿ ਕੇ ਛੁਟਿਆਉਂਦੇ ਹਨ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੁੰਦੇ ਹੋ।**

-ਇਹ ਠੀਕ ਹੈ ਕਿ ਪ੍ਰਾਚੀਨ ਕਾਲ ਤੋਂ ਹਰ ਧਾਰਮਿਕ ਗ੍ਰੰਥ, ਮਹਾਂ-ਕਾਵਿ, ਚਕਿਤਸਕ, ਵਿਗਿਆਨਕ ਅਤੇ ਵਿਚਾਰਧਾਰਕ ਕ੍ਰਿਤਾਂ ਜਿਹੜੀਆਂ ਜ਼ੁਬਾਨੀ ਉਚਾਰੀਆਂ ਜਾਂਦੀਆਂ ਸਨ ਜਾਂ ਪੇੜਾਂ ਦੇ ਪੰਨਿਆਂ ਅਤੇ ਚਟਾਨਾਂ 'ਤੇ ਲਿਖੀਆਂ ਜਾਂ ਉੱਕਰੀਆਂ ਜਾਂਦੀਆਂ ਸਨ, ਉਹ ਅਕਸਰ ਛੰਦਾਬੰਦੀ ਵਿੱਚ ਰਚੀਆਂ ਜਾਂਦੀਆਂ ਸਨ ਤਾਂ ਕਿ ਅਸਾਨੀ ਨਾਲ ਜ਼ੁਬਾਨੀ ਕੰਠ ਕੀਤੀਆਂ ਜਾ ਸਕਣ। ਉਹ ਮੌਖਿਕ ਸੱਭਿਆਚਾਰ ਦੇ ਦਿਨ ਸਨ। ਹੁਣ ਅਸੀਂ ਲਿਖਤੀ ਭਾਵ ਅਖ਼ਬਾਰ, ਕਿਤਾਬ, ਆਡੀਓ ਕਿਤਾਬ, ਇੰਟਰਨੈੱਟ ਅਤੇ ਡਿਜ਼ੀਟਲ ਸੱਭਿਆਚਾਰ ਦੇ ਯੁੱਗ ਵਿੱਚ ਹਾਂ। ਸੋ ਹੁਣ ਕੇਵਲ ਕਵਿਤਾ ਹੀ ਛੰਦਾਬੰਦੀ ਵਿੱਚ ਲਿਖੀ ਜਾਂਦੀ ਹੈ, ਭਾਵੇਂ ਇਹ ਕਵਿਤਾ ਦੇ ਕਿਸੇ ਵੀ ਰੂਪ ਵਿੱਚ ਹੋਵੇ, ਜਿਵੇਂ ਕਿੱਸੇ, ਮਹਾਂ-ਕਾਵਿ, ਗ਼ਜ਼ਲ਼, ਕਾਵਿ ਨਾਟਕ, ਨਾਵਲ ਆਦਿ। ਇਹ ਵੱਖਰੀ ਗੱਲ ਹੈ ਕਿ ਗ਼ਜ਼ਲ ਕਈ ਬਹਿਰਾਂ ਵਿੱਚ ਰਚੀ ਜਾਂਦੀ ਹੈ। ਇਸ ਤਰ੍ਹਾਂ ਕਵਿਤਾ ਵੀ ਦੋਹਰਿਆਂ, ਬੈਂਤਾਂ, ਕੋਟੜਾ ਛੰਦਾਂ, ਟੱਪਿਆਂ ਆਦਿ ਵਿੱਚ ਲਿਖਣ ਦਾ ਰਿਵਾਜ ਹੈ, ਪਰ ਛੰਦਬੰਦੀ ਤੋਂ ਬਗੈਰ ਵੀ ਵਜ਼ਨ ਜਾਂ ਤੋਲ-ਤੁਕਾਂਤ ਦਾ ਸਰੋਦੀ ਗੁਣ ਖੁੱਲ੍ਹੀ ਕਵਿਤਾ ਵਿੱਚ ਪੈਦਾ ਕੀਤਾ ਜਾ ਸਕਦਾ ਹੈ ਅਤੇ ਇਹ ਅਕਸਰ ਹੁੰਦਾ ਹੈ ਜਾਂ ਪੈਦਾ ਕੀਤਾ ਜਾਂਦਾ ਹੈ। ਸੋ ਨਾ ਤਾਂ ਛੰਦਾਬੰਦੀ ਵਾਲੀ ਕਵਿਤਾ ਨੂੰ ਨਿਰੀ ਤੁਕਬੰਦੀ ਦੀ ਸੰਗਿਆ ਦਿੱਤੀ ਜਾ ਸਕਦੀ ਹੈ ਅਤੇ ਨਾ ਹੀ ਖੁੱਲ੍ਹੀ ਕਵਿਤਾ ਨੂੰ ਅਕਵਿਤਾ ਕਹਿਣਾ ਠੀਕ ਹੈ। ਅਸਲ ਕਸੌਟੀ ਤਾਂ ਕਵਿਤਾ ਵਿੱਚ ਕਵਿਤਾ ਦੇ ਗੁਣਾ ਦਾ ਹੋਣਾ ਹੀ ਹੈ, ਭਾਵੇਂ ਇਹ ਖੁੱਲ੍ਹੀ ਹੋਵੇ ਜਾਂ ਛੰਦ-ਬੱਧ। ਪਰ ਖੁੱਲ੍ਹੀ ਕਵਿਤਾ ਇੱਕ ਹੋਰ ਤਰ੍ਹਾਂ ਵੀ ਮਹੱਤਵਪੂਰਣ ਹੈ। ਇਹ ਵਾਰਤਕੀ ਬਿਰਤਾਂਤ ਨੂੰ ਬਹੁਤ ਵਾਰ ਨਵੀਂ ਸਤਰ ਵੰਡ ਦੇ ਕੇ ਇੱਕ ਵੱਖਰੀ ਤਰ੍ਹਾਂ ਦਾ ਰੰਗ ਬੰਨ੍ਹ ਸਕਣ ਦੇ ਯੋਗ ਹੁੰਦੀ ਹੈ। ਕਈ ਵਾਰ ਕਵੀ ਖ਼ਾਲੀ ਸਪੇਸ ਨੂੰ ਭਰਨ ਲਈ ਪਾਠਕ ਲਈ ਛੱਡ ਦਿੰਦਾ ਹੈ ਅਤੇ ਇਸ ਤਰ੍ਹਾਂ ਕੁਝ ਅਣਕਿਹਾ ਵੀ ਪਾਠ ਦਾ ਭਾਗ ਬਣ ਜਾਂਦਾ ਹੈ। ਇਹ ਜਾਦੂਈ ਕ੍ਰਿਸ਼ਮਾ ਕੇਵਲ ਖੁੱਲ੍ਹੀ ਕਵਿਤਾ ਹੀ ਕਰ ਸਕਦੀ ਹੈ। ਸੋ ਜ਼ਾਹਰ ਹੈ ਕਿ ਅੱਜਕੱਲ੍ਹ ਸਾਰੇ ਵਿਸ਼ਵ ਵਿੱਚ ਖੁੱਲ੍ਹੀ ਕਵਿਤਾ ਲਿਖਣ ਦਾ ਦੌਰ ਹੈ ਅਤੇ ਅਜਿਹੀ ਕਵਿਤਾ ਨੂੰ ਅਕਸਰ ਨੋਬਲ ਇਨਾਮ ਵੀ ਦਿੱਤੇ ਜਾਂਦੇ ਹਨ। ਪਿਛਲੇ ਸਾਲ ਅਮਰੀਕੀ ਕਵੀ ਲੂਈਸ ਗਲੱਕ ਨੂੰ ਮਿਲਿਆ ਸੀ।

**? ਤੁਸੀਂ ਕੈਨੇਡਾ ਤੋਂ ਅੰਗਰੇਜ਼ੀ ਵਿੱਚ 'ਸਾਊਥ ਏਸ਼ੀਅਨ ਅਨਸਾਂਬਲ' ਪਰਚੇ ਦੀ ਸੰਪਾਦਨਾ ਕਰਦੇ ਰਹੇ ਹੋ। ਕੁਝ ਹਿੰਦੀ ਅਤੇ ਪੰਜਾਬੀ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਵੀ ਕੀਤੇ ਹਨ। ਅੰਗਰੇਜ਼ੀ ਵਿੱਚ ਬਹੁਤ ਸਾਰਾ ਸਾਹਿਤ ਵੀ ਪੜ੍ਹਿਆ ਹੈ ਅਤੇ ਨਿਰੰਤਰ ਪੜ੍ਹ ਰਹੇ ਹੋ। ਇਸ ਦਾ ਤੁਹਾਡੀ ਸਿਰਜਣਾ ਉਪਰ ਕਿਹੋ ਜਿਹਾ ਅਤੇ ਕਿੰਨਾ ਕੁ ਅਸਰ ਪਿਆ।**

-ਚੰਗਾ ਲਿਖਣ ਲਈ ਚੰਗਾ ਤੇ ਵੱਖਰਾ ਪੜ੍ਹਨਾ ਬਹੁਤ ਜ਼ਰੂਰੀ ਹੈ। ਮੈਂ ਪੂਰਾ ਕਿਤਾਬੀ ਕੀੜਾ ਹਾਂ। ਮੇਰੇ ਦੋਸਤਾਂ ਵਿੱਚੋਂ ਸਿਰਫ ਪ੍ਰੋ. ਰਾਜੇਸ਼ ਸ਼ਰਮਾ, ਗੁਰਦਿਆਲ ਬੱਲ ਅਤੇ ਧਰਮਜੀਤ ਸਿੰਘ ਆਦਿ ਕੁਝ ਲੋਕ ਹੀ ਇਸ ਨਸਲ ਵਿੱਚੋਂ ਹਨ। ਭਾਵੇਂ ਮੈਂ ਅਧਿਕਤਰ ਫਿਲਾਸਫ਼ੀ, ਪਾਰ-ਮਾਰਕਸਵਾਦ ਅਤੇ ਆਧੁਨਿਕ ਆਲੋਚਨਾ ਪ੍ਰਣਾਲੀ ਬਾਰੇ ਅਧਿਕਤਰ ਪੜ੍ਹਿਆ ਹੈ, ਪਰ ਕਵਿਤਾ ਅਤੇ ਕੁਝ ਹੱਦ ਤੱਕ ਨਾਵਲ ਵੀ ਮੇਰੀ ਖ਼ਬਤ ਰਹੇ ਹਨ।



ਖਾਸ ਕਰਕੇ ਹੈਮਿੰਗਵੇ, ਜੀ.ਐੱਮ ਕੋਟਜ਼ੀ ਜਾਂ ਫਿਰ ਵਿਅੰਗ ਹਾਸਰਸ ਦੇ ਲੇਖਕ ਜਿਵੇਂ ਮਿਕੇਸ਼, ਬੁਚਵਾਲਡ, ਮਾਰਕ ਟਵੈਨ, ਜੇਰੋਮ ਕੇ ਜੇਰੋਮ, ਸਟੀਫਨ ਲਿਕੋਕ ਆਦਿ। ਜਿਥੋਂ ਤੀਕ ਕਵਿਤਾ ਦਾ ਸੰਬੰਧ ਹੈ, ਮੈਂ ਵਿਸ਼ਵ ਕਵਿਤਾ ਦਾ ਚਹੇਤਾ ਪਾਠਕ ਰਿਹਾ ਹਾਂ। ਕਵਿਤਾ ਦੀਆਂ ਬਹੁਤ ਸਾਰੀਆਂ ਕਿਤਾਬਾਂ ਮੇਰੀ ਨਿੱਜੀ ਲਾਇਬ੍ਰੇਰੀ ਦਾ ਸ਼ਿੰਗਾਰ ਹਨ। ਹਰ ਕਵੀ ਆਪਣੇ ਪਸੰਦੀਦਾ ਕਵੀਆਂ ਕੋਲੋਂ ਸਿੱਖਦਾ ਹੈ। ਸਾਹਿਤ ਅੰਤਰ-ਪਾਠਕੀ ਸੁਭਾਅ ਰੱਖਦਾ ਹੈ। ਮੇਰੀ ਕਵਿਤਾ ਉਪਰ ਵੀ ਬਹੁ-ਪ੍ਰਕਾਰੀ ਪ੍ਰਭਾਵ ਹਨ। ਬਹੁਤ ਸਾਰੇ ਅਣਜਾਣੇ ਪ੍ਰਭਾਵ ਵੀ ਹੋ ਸਕਦੇ ਹਨ। ਆਧੁਨਿਕ ਪ੍ਰਭਾਵਾਂ ਵਿੱਚ ਐਡਮ ਜਗਕੇਵਸਕੀ, ਮੇਅਰੀ ਔਲੀਵਰ, ਪਾਬਲੋ ਨਰੂਦਾ, ਮੇਰੀਨਾ ਤਸਤਾਯੇਵਾ, ਯਵਤੂਸ਼ੰਕੂ, ਰੌਬਰਟ ਫਰੌਸਟ, ਆਦਿ ਨੂੰ ਮੰਨਦਾ ਹਾਂ। ਹਿੰਦੀ ਕਵੀ ਕਿਦਾਰਨਾਥ ਸਿੰਘ ਮੇਰਾ ਚਹੇਤਾ ਕਵੀ ਹੈ, ਪਰ ਮੇਰੀ ਕਵਿਤਾ ਸਿੱਧੇ ਤੌਰ 'ਤੇ ਕਿਸੇ ਕਵੀ ਅਤੇ ਕਿਸੇ ਕਵੀ ਦੀ ਕਵਿਤਾ ਤੋਂ ਪ੍ਰਭਾਵਿਤ ਹੋਈ ਹੋਵੇ, ਇਹ ਮੈਂ ਨਹੀਂ ਮੰਨਦਾ। ਮੈਂ ਹਰ ਕਵਿਤਾ ਆਪਣੇ ਅੰਦਰ ਬਹਿ ਅਤੇ ਲਹਿ ਕੇ ਲਿਖੀ ਹੈ।

**? ਤੁਸੀਂ ਆਪਣੀਆਂ ਲਿਖਤਾਂ ਵਿੱਚ ਅਕਸਰ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ, ਦਾਰਸ਼ਨਿਕਾਂ, ਵਿਦਵਾਨਾਂ ਦੇ ਹਵਾਲੇ ਦਿੰਦੇ ਹੋ। ਕੀ ਭਾਰਤੀ ਦਰਸ਼ਨ ਅਤੇ ਭਾਰਤੀ ਮਿਥਿਹਾਸ ਵਿੱਚ ਅਜਿਹੀ ਗਹਿਰਾਈ ਨਹੀਂ ਮਿਲਦੀ, ਜਿਨ੍ਹਾਂ ਦਾ ਹਵਾਲਾ ਦਿੱਤਾ ਜਾ ਸਕੇ।**

-ਮੈਂ ਬਹੁਤਾ ਪੱਛਮੀ ਸਾਹਿਤ ਹੀ ਪੜ੍ਹਿਆ ਹੈ। ਸੋ ਬਹੁਤੇ ਹਵਾਲੇ ਵੀ ਉਧਰੋਂ ਆਉਣੇ ਸਨ, ਪਰ ਮੈਂ ਬਹੁਤ ਸਾਰੇ ਵਾਰਤਕੀ ਨਿਬੰਧਾਂ ਵਿੱਚ ਕਾਲੀਦਾਸ, ਜੈ ਦੇਵ, ਟੈਗੋਰ, ਨਾਗਾਅਰਜਨ, ਬੁੱਧ, ਰੂਮੀ, ਗੁਰੂ ਨਾਨਕ ਦੇਵ, ਬੁੱਲ੍ਹੇ ਸ਼ਾਹ ਆਦਿ ਦੇ ਹਵਾਲੇ ਵੀ ਗਾਹੇ-ਬਗਾਹੇ ਦਿੱਤੇ ਹਨ। ਆਪਣੀ ਜਵਾਨੀ ਵਿੱਚ ਮੈਂ ਜੈ ਦੇਵ ਦੀ ਸਾਰੀ ਪੁਸਤਕ 'ਗੀਤ ਗੋਬਿੰਦਾ' ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਸੀ। ਮਹਾਤਮਾ ਬੁੱਧ ਦੇ ਜੀਵਨ ਫ਼ਲਸਫੇ ਬਾਰੇ ਤਾਂ ਮੈਂ ਪੂਰੀ ਕਿਤਾਬ ਲਿਖੀ ਹੈ।

**? ਖੁੱਲ੍ਹੀ ਕਵਿਤਾ ਦੇ ਪ੍ਰਸੰਗ ਵਿੱਚ ਅਕਸਰ ਇਹ ਕਿਹਾ ਜਾਂਦਾ ਹੈ ਕਿ ਕਵਿਤਾ ਲਿਖਦਿਆਂ ਕਵੀ ਨਵੀਂ ਭਾਸ਼ਾ ਵੀ ਸਿਰਜ ਰਿਹਾ ਹੁੰਦਾ ਹੈ। ਇਹ ਗੱਲ ਵਿਸਥਾਰ ਨਾਲ ਤੁਸੀਂ ਪਾਠਕਾਂ ਨੂੰ ਕਿੰਝ ਸਮਝਾਉਗੇ।**

-ਨਵੀਂ ਭਾਸ਼ਾ ਦਾ ਅਸਲ ਭਾਵ ਭਾਸ਼ਾ ਦੇ ਚਲੰਤ ਮੁਹਾਵਰੇ ਜਾਂ ਸ਼ਬਦਾਂ ਅਤੇ ਵਾਕਾਂ ਦੀ ਰਵਾਇਤੀ ਤੋਰ ਅਤੇ ਵਰਤੋਂ ਨੂੰ ਬਦਲਣ ਤੋਂ ਹੈ। ਜਿਵੇਂ ਮੇਰੀ ਕਵਿਤਾ 'ਛਿਲਤਰ' ਦੇ ਵਿਚਕਾਰੇ ਅੰਸ਼ ਵਿੱਚ ਮੈਂ ਆਖਦਾ ਹਾਂ:

ਛਿਲਤਰ ਸਿਰਫ ਸਹੀ ਜਾ ਸਕਦੀ ਹੈ  
ਸਿਰਫ ਜੀਵੀ ਜਾ ਸਕਦੀ ਹੈ  
ਇਹ ਛੂਹੀ ਵੀ ਨਹੀਂ ਜਾ ਸਕਦੀ  
ਪਿਆਰ ਵਾਂਗ, ਨਦੀ ਵਿੱਚ ਉੱਤਰਦੀਆਂ ਤ੍ਰਕਾਲਾਂ ਵਾਂਗ  
ਸਿਰਫ ਮਹਿਸੂਸ ਕੀਤੀ ਜਾ ਸਕਦੀ ਹੈ

ਹੁਣ ਇਸ ਵਿੱਚ ਪਿਆਰ ਦੀ ਅਨੁਭੂਤੀ ਨੂੰ 'ਨਦੀ ਵਿੱਚ ਉੱਤਰਦੀਆਂ ਤ੍ਰਕਾਲਾਂ ਵਾਂਗ ਮਹਿਸੂਸ ਕਰਨ' ਦੀ ਸੰਗਿਆ ਦੇਣੀ ਭਾਸ਼ਾ ਦੀ ਚਲੰਤ ਤੋਰ ਨੂੰ ਵੱਖਰੇ ਰਾਹ 'ਤੇ ਤੋਰਨਾ ਅਤੇ ਇਸ ਜੁਗਤ ਨੂੰ ਅਗਰਭੂਮਿਤ ਕਰਨਾ ਹੈ ਜਿਹੜਾ ਨਵੀਂ ਭਾਸ਼ਾ ਸਿਰਜਣ ਜਿਹਾ ਅਭਾਸ ਦਿੰਦਾ ਹੈ। ਹਰ ਕਵਿਤਾ ਵਿੱਚ ਕੁਝ ਨਾ ਕੁਝ ਅਜਿਹਾ ਹੁੰਦਾ ਹੈ ਜਾਂ ਅਣਜਾਣੇ ਉਸ ਵਿੱਚ ਅਜਿਹੇ ਉੱਦਮ ਦੀ ਝਲਕ ਆ ਜਾਂਦੀ ਹੈ।

**? ਤੁਸੀਂ ਵਾਰਤਕ ਵੀ ਲਿਖੀ ਹੈ ਅਤੇ ਵਧੀਆ ਲਿਖੀ ਹੈ। ਕਵੀ ਦਾ ਵਾਰਤਕ ਵੱਲ ਜਾਣਾ ਕੀ ਕਵਿਤਾ ਦੀ ਕੋਈ ਸੀਮਾ ਹੈ ਜਾਂ ਕਵੀ ਦੀ ਸਿਰਜਣਾ ਦਾ ਹੀ ਕੋਈ ਅਗਲਾ ਪੜਾਅ।**

-ਮੈਨੂੰ ਵਾਰਤਕ ਕਵਿਤਾ ਦਾ ਹੀ ਇੱਕ ਹੋਰ ਦਿਸ਼ਾਵਾਰ ਪੜਾਅ ਜਾਪਦਾ ਹੈ। ਇਸ ਵਿੱਚ ਕਵੀ ਆਪਣੇ ਭਾਵਾਂ, ਖ਼ਿਆਲਾਂ ਅਤੇ ਵਿਵਰਣ ਨੂੰ ਵੱਧ ਵਿਸਤਾਰ ਦੇ ਸਕਦਾ ਹੈ। ਮਿਸਾਲ ਲਈ ਸੁਰਜੀਤ ਪਾਤਰ ਦੀ ਵਾਰਤਕ ਦੀ ਪੁਸਤਕ 'ਸੂਰਜ ਮੰਡਲ ਦੀਆਂ ਪੌੜੀਆਂ' ਦੀ ਵਾਰਤਕ ਉਸ ਦੀ ਕਵਿਤਾ ਦੀ ਹੀ ਸਕੀ ਭੈਣ ਲੱਗਦੀ ਹੈ। ਮੇਰੀ ਵਾਰਤਕ ਪੁਸਤਕ 'ਆਸ ਪਾਸ' ਬਾਰੇ ਵੀ ਤੁਸੀਂ ਅਤੇ ਕਈ ਹੋਰ ਤੁਹਾਡੇ ਜਿਹੇ ਪਾਠਕ ਅਕਸਰ ਇਹੀ ਆਖਦੇ ਹਨ।

**? 'ਚਸ਼ਮਦੀਦ; ਤੁਹਾਡੀ ਵਾਰਤਕ ਦੀ ਪੁਸਤਕ ਹੈ ਜਿਸ ਵਿੱਚ ਕੁਝ ਨਾਮੀ ਲੇਖਕਾਂ ਬਾਰੇ ਵਿਸਥਾਰਤ ਲਿਖਤਾਂ ਹਨ। ਇਹ ਸ਼ਬਦ-ਚਿੱਤਰ ਤੁਸੀਂ ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਲਿਖੇ ਹਨ ਜਾਂ ਉਨ੍ਹਾਂ ਸੰਗ ਹੰਢਾਈ ਨੇੜਤਾ ਕਰਕੇ।**

-ਉਹਨਾਂ ਲੇਖਾਂ ਵਿੱਚ ਸਿਰਫ ਇੱਕ ਹੀ ਅਜਿਹਾ ਲੇਖਕ ਹੈ ਜਿਸ ਨਾਲ ਮੈਂ ਕਦੇ ਮਿਲ ਬੈਠਿਆ ਨਹੀਂ। ਸ਼ਿਵ ਕੁਮਾਰ, ਅੰਮ੍ਰਿਤਾ ਪ੍ਰੀਤਮ, ਨਵਤੇਜ ਭਾਰਤੀ, ਅਜਮੇਰ ਰੋਡੇ, ਸੁਖਪਾਲ, ਭੂਸ਼ਨ, ਗੁਰਬਚਨ, ਸ਼ਿਵ ਸਿੰਘ, ਅਮਿਤੋਜ਼, ਸਰੋਦ ਸੁਦੀਪ, ਅਮਰ ਗਿਰੀ, ਕਸ਼ਮੀਰ ਪੰਨੂੰ, ਹਰਭਜਨ ਹਲਵਾਰਵੀ, ਹਰਜੀਤ, ਰਾਮ ਸਰੂਪ ਅਣਖੀ, ਮੋਹਨ ਭੰਡਾਰੀ, ਦੇਵ ਭਾਰਦਵਾਜ ਆਦਿ ਸਾਰੇ ਮੇਰੇ ਜਾਣੇ-ਪਹਿਚਾਣੇ ਰਹਿਬਰ ਸਨ ਜਾਂ ਦੋਸਤ ਜਾਂ ਦੋਵੇਂ। ਇਹਨਾਂ ਸਾਰਿਆਂ ਨਾਲ ਮੈਂ ਡੂੰਘੀ ਨੇੜਤਾ ਹੰਢਾਈ ਹੈ।

**? ਤੁਹਾਡੀਆਂ ਕਵਿਤਾ ਦੀਆਂ ਕਿਤਾਬਾਂ ਦੇ ਨਾਂਅ ਕੁਝ ਵਿਲੱਖਣ ਹਨ। ਕੀ ਨਾਵਾਂ ਦਾ ਵੀ ਕੋਈ ਰਹੱਸ ਹੁੰਦਾ ਹੈ।**

-ਜ਼ਰੂਰ। ਮਿਸਾਲ ਲਈ 'ਦਿੱਭ ਦੇ ਸਿੱਟੇ' ਮੇਰੇ ਪਿੰਡ ਬਾਰੇ ਮੇਰੀਆਂ ਕਵਿਤਾਵਾਂ ਹਨ। ਅਸੀਂ ਦੀਵਾਲੀ ਨੂੰ ਜੰਗਲ ਵਿੱਚ ਉੱਗਦੀ ਦਿੱਭ ਦੇ ਬਾਜਰੇ ਵਰਗੇ ਸਿੱਟਿਆਂ ਨੂੰ ਦੀਵਾਲੀ ਤੋਂ ਕਈ ਦਿਨ ਪਹਿਲਾਂ ਸਰ੍ਹੋਂ ਦੇ ਤੇਲ ਵਿੱਚ ਭਿਗੋ ਦਿੰਦੇ ਸਾਂ। ਦੀਵਾਲੀ ਤੀਕ ਉਹ ਮਿਸ਼ਾਲ ਵਾਂਗ ਕਾਫ਼ੀ ਦੇਰ ਬਲਣਯੋਗ ਹੋ ਜਾਂਦੇ ਸਨ। ਸੋ ਇਹ ਨਾਂਅ ਉਥੋਂ ਆਇਆ। 'ਨਿੱਕੀਆਂ ਬੇੜੀਆਂ,



ਨਿੱਕੇ ਚੱਪੂ' ਮੇਰੀਆਂ ਬਹੁਤ ਨਿੱਕੀਆਂ ਕਵਿਤਾਵਾਂ ਤੋਂ ਆਇਆ, ਜਿਹੜੀਆਂ ਇਸ ਕਿਤਾਬ ਦੇ ਅੰਤਲੇ ਹਿੱਸੇ ਵਿੱਚ ਹਨ। ਮਿਸਾਲ ਲਈ ਮੇਰੀ ਇੱਕ ਕਵਿਤਾ ਕੇਵਲ ਇੱਕ ਲਾਈਨ ਦੀ ਹੀ ਸੀ, 'ਗਿੱਲੀਆਂ ਅੱਖਾਂ ਨਾਲ਼ ਤੂੰ ਬਹੁਤ ਦੂਰ ਤੱਕ ਨਹੀਂ ਵੇਖ ਸਕੇਂਗੀ'। ਸਪਤਕ ਮੈਂ ਅਗੇਅ ਦੀ ਹਿੰਦੀ ਕਾਵਿ-ਪੁਸਤਕ 'ਤਾਰ ਸਪਤਕ' ਤੋਂ ਚੁਰਾ ਲਿਆ। 'ਮੱਕੀ ਦਾ ਗੀਤ' ਪੁਸਤਕ ਦਾ ਨਾਂਅ ਇਸ ਪੁਸਤਕ ਦੀਆਂ ਦੋ ਵੱਡੀਆਂ ਕਵਿਤਾਵਾਂ ਕਾਰਨ ਹੋਂਦ ਵਿੱਚ ਆਇਆ। 'ਅਕਸਮਾਤ' ਦੀਆਂ ਕਵਿਤਾਵਾਂ ਸੱਚੀ-ਮੁੱਚੀ ਅਚਨਚੇਤ ਅਵਸਥਾ ਵਿੱਚ ਲਿਖੀਆਂ ਗਈਆਂ ਸਨ। ਬਗੈਰ ਕਿਸੇ ਤਰੱਦਦ ਅਤੇ ਪੂਰਵ ਅਗ੍ਰਿਹ ਦੇ, ਇਹ ਸਾਰੀਆਂ ਇੱਕ ਤਰ੍ਹਾਂ ਦੀ ਸਹਿਜਤਾ ਦੇ ਰੰਗ ਵਿੱਚ ਭਿੱਜੀਆਂ ਹਨ।

**? ਤੁਸੀਂ ਉਮਰ ਦੇ ਅੱਠ ਦਹਾਕੇ ਹੰਢਾ ਲਏ ਹਨ। ਸਾਹਿਤ ਸਿਰਜਣਾ ਨਾਲ ਸੰਬੰਧਤ ਤੁਸੀਂ ਬਹੁਤ ਕੰਮ ਕੀਤਾ ਹੈ। ਇਸ ਕੰਮ ਦੇ ਬਦਲੇ ਤੁਹਾਨੂੰ ਕੀ ਮਿਲਿਆ? ਕੀ ਇਸ ਮਿਲੇ ਤੋਂ ਤੁਸੀਂ ਸੰਤੁਸ਼ਟ ਹੋ।**

-ਮੇਰਾ ਹਾਸਲ ਇਨਾਮ ਨਹੀਂ, ਤੁਹਾਡੇ ਵਰਗੇ ਮੇਰੇ ਕਵੀ ਮਿੱਤਰ ਹਨ, ਜਿਹਨਾਂ ਵਿੱਚ ਅੰਮ੍ਰਿਤਾ ਪ੍ਰੀਤਮ ਤੋਂ ਲੈ ਕੇ ਨਵਤੇਜ ਭਾਰਤੀ, ਅਜਮੇਰ ਰੋਡੇ, ਨੀਰੂ ਅਸੀਮ, ਮਨਮੋਹਨ, ਸੁਖਪਾਲ, ਸੁਰਜੀਤ, ਜਸਪਾਲ ਸਿੰਘ, ਹਰਜੀਤ ਅਟਵਾਲ, ਸਿੱਧੂ ਦਮਦਮੀ ਅਤੇ ਗੁੱਲ ਚੌਹਾਨ ਆਦਿ ਲੇਖਕ ਆਉਂਦੇ ਹਨ। ਕਈ ਹੋਰਨਾਂ ਭਾਸ਼ਾਵਾਂ ਦੇ ਕਵੀ ਅਤੇ ਵਿਦਵਾਨ ਵੀ ਜਿਹਨਾਂ ਵਿੱਚ ਰਾਜੇਸ਼ ਸ਼ਰਮਾ, ਸਵਰਾਜ ਪਾਲ, ਧਰਮਜੀਤ ਸਿੰਘ, ਨਿਲੋਪਤਪਲ, ਨਿਰੂਪਮਾ ਦੱਤ ਅਤੇ ਕਈ ਵਿਦੇਸ਼ੀ ਲੇਖਕ ਸ਼ੌਨਾ ਸਿੰਘ ਬਾਲਵਿਨ, ਪਰਸਿਲਾ, ਸਾਸੇਨਾਰੀਨ, ਜੌਨ ਸਦੀਕ, ਜੌਨ ਬਰੈਂਡੀ, ਅੰਗਰੇਜ਼ੀ ਨਾਵਲਿਸਟ ਜਸਪ੍ਰੀਤ ਸਿੰਘ, ਰੌਜ਼ਾਲੀਆ ਸਕਾਲੀਆ, ਜ਼ੁਬੈਰ ਅਹਿਮਦ ਆਦਿ ਸ਼ਾਮਲ ਹਨ।

**? ਤੁਹਾਡੇ ਸਨਮਾਨਾਂ ਦੀ ਸੂਚੀ ਤਾਂ ਬੜੀ ਲੰਮੀ ਹੈ। ਹੁਣ ਥੋੜ੍ਹੀ ਚਰਚਾ ਕੈਨੇਡਾ ਵਿਚਲੀਆਂ ਸਾਹਿਤਕ ਸਰਗਰਮੀਆਂ ਬਾਰੇ ਕਰਦੇ ਹਾਂ। ਇਹ ਸਰਗਰਮੀਆਂ ਅਤੇ ਪੰਜਾਬ ਵਿਚਲੀਆਂ ਸਾਹਿਤਕ ਸਰਗਰਮੀਆਂ ਵਿੱਚ ਕੀ ਸਾਂਝ ਜਾਂ ਵੱਖਰਤਾ ਹੈ।**

-ਇਥੇ ਦੇ ਪੰਜਾਬੀ ਸਾਹਿਤਕਾਰ ਵੀ ਉਹੀ ਹਨ, ਜਿਹੜੇ ਪੰਜਾਬ ਤੋਂ ਕੁਝ ਵਰ੍ਹੇ ਪਹਿਲਾਂ ਆਏ ਸਨ। ਸੁਭਾਵਕ ਹੀ ਉਹ ਆਪਣੇ ਨਾਲ ਪੰਜਾਬ ਦੇ ਸੰਸਕਾਰ, ਆਦਤਾਂ, ਸੁਭਾਅ ਅਤੇ ਹੋਰ ਸਭ ਕੁਝ ਲੈ ਕੇ ਆਏ ਹਨ। ਸੋ ਬਹੁਤਾ ਫ਼ਰਕ ਨਹੀਂ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਇਥੇ ਅਧਿਕਤਰ ਸਾਹਿਤਕ ਇਕੱਤਰਤਾਵਾਂ ਗਰਮੀਆਂ ਜਾਂ ਵੀਕਐਂਡ 'ਤੇ ਹੀ ਹੁੰਦੀਆਂ ਹਨ ਅਤੇ ਅਕਸਰ ਸੀਮਤ ਸਮੇਂ ਲਈ ਹੀ ਚੱਲਦੀਆਂ ਹਨ, ਕਿਉਂਕਿ ਇਥੇ ਮੀਟਿੰਗ ਰੂਮਾਂ ਦਾ ਕਿਰਾਇਆ ਦੇਣਾ ਪੈਂਦਾ ਹੈ। ਉਸ ਥਾਂ ਨੂੰ ਵਕਤ ਸਿਰ ਖ਼ਾਲੀ ਕਰਨਾ ਪੈਂਦਾ ਹੈ। ਸੋ ਇੱਥੇ ਫ਼ਜ਼ੂਲ ਵਕਤ ਨਹੀਂ ਗੁਆਇਆ ਜਾਂਦਾ ਅਤੇ ਕੰਮ ਦੀ ਗੱਲ ਹੀ ਹੁੰਦੀ ਹੈ ਅਤੇ ਉਹ ਵੀ ਮਿਥਵੇਂ ਸਮੇਂ ਵਿੱਚ ਸਮੇਟਣੀ ਪੈਂਦੀ ਹੈ।

**? ਤੁਹਾਡੀ ਅੰਗਰੇਜ਼ੀ ਵਿੱਚ ਕੋਈ ਮੌਲਿਕ ਰਚਨਾ ਵੀ ਹੈ? ਜੇਕਰ ਨਹੀਂ ਤਾਂ ਕਿਉਂ ਨਹੀਂ।**

-ਮੈਂ ਬਹੁਤ ਸਾਰੀਆਂ ਕਵਿਤਾਵਾਂ ਮੂਲ ਰੂਪ ਵਿੱਚ ਅੰਗਰੇਜ਼ੀ ਵਿੱਚ ਲਿਖੀਆਂ ਹਨ। ਕੁਝ ਲੇਖ ਅਤੇ ਕਲਾਕਾਰਾਂ ਨਾਲ਼ ਮੁਲਾਕਾਤਾਂ ਅਤੇ ਪੁਸਤਕ ਰੀਵਿਊ ਵੀ ਜਿਹੜੇ ਸਾਡੇ ਮੈਗਜ਼ੀਨ 'ਸਾਊਥ ਏਸ਼ੀਅਨ ਅਨਸਾਂਬਲ' ਵਿੱਚ ਛਪੇ ਹਨ, ਪਰ ਮੈਂ ਅਨੁਵਾਦ ਦਾ ਕੰਮ ਬਹੁਤ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਦੀ ਹਿੰਦੀ ਪੁਸਤਕ ਦਾ ਅਨੁਵਾਦ ਜਿਹੜਾ 'ਲਾਈਫ਼ ਐਂਡ ਪੋਇਟਰੀ ਆਫ਼ ਸਾਰਾ ਸਗੁਫ਼ਤਾ' ਦੇ ਨਾਂਅ ਹੇਠ ਛਪੀ ਹੈ। 'ਸੌਂਗ ਆਫ਼ ਮੇਜ਼' ਮੇਰੀਆਂ ਪੰਜਾਬੀ ਕਵਿਤਾਵਾਂ ਦੀ ਪੁਸਤਕ ਦਾ ਨਾਂਅ ਹੈ ਅਤੇ ਨੀਰੂ ਅਸੀਮ ਦੀਆਂ ਕਵਿਤਾਵਾਂ ਦੇ ਅੰਗਰੇਜ਼ੀ ਅਨੁਵਾਦ ਦੀ ਪੂਰੀ ਕਿਤਾਬ ਵੀ ਜਿਹੜੀ 'ਇਫ਼' ਨਾਂਅ ਹੇਠ ਪ੍ਰਕਾਸ਼ਤ ਹੋਈ ਹੈ। ਕੁਝ ਪੁਸਤਕਾਂ ਸੰਪਾਦ ਵੀ ਕੀਤੀਆਂ ਹਨ।

**? ਵੱਡਾ ਕੰਮ ਹੈ ਤੁਹਾਡਾ ਅੰਗਰੇਜ਼ੀ ਵਿੱਚ ਵੀ। ਅੱਛਾ ਇੱਕ ਗੱਲ ਦੱਸੋ ਦੁਨੀਆ ਦੇ ਕੁਝ ਪਾਪੂਲਰ ਕਵੀ ਬਹੁਤ ਛੋਟੀ ਉਮਰ ਵਿੱਚ ਹੀ ਰੁਖ਼ਸਤ ਹੋ ਗਏ। ਉਹਨਾਂ ਦੀਆਂ ਲਿਖਤਾਂ ਦੀ ਅੱਜ ਵੀ ਚਰਚਾ ਹੁੰਦੀ ਹੈ। ਕਾਹਦੀ ਕਾਹਲੀ ਪਈ ਉਹਨਾਂ ਨੂੰ ਜਲਦੀ ਜਾਣ ਦੀ? ਕੀ ਕਾਰਨ ਸਮਝਦੇ ਹੋ ਤੁਸੀਂ।**

-ਪੱਛਮ ਵਿੱਚ ਪੌਣ-ਪਾਣੀ ਵੱਖਰਾ ਹੈ। ਅੰਤਾਂ ਦੀ ਸਰਦੀ ਹੈ। ਪਹਿਲੀਆਂ ਸਦੀਆਂ ਵਿੱਚ ਲੱਕੜ ਜਾਂ ਕੋਲ਼ੇ ਦੀਆਂ ਭੱਠੀਆਂ ਨਾਲ਼ ਕਮਰੇ ਗਰਮ ਕੀਤੇ ਜਾਂਦੇ ਸਨ। ਧੂੰਏਂ ਅਤੇ ਧੁੰਦ ਦਾ ਸੁਮੇਲ ਹਵਾ ਨੂੰ ਗੰਧਲਾ ਕਰ ਦਿੰਦਾ ਸੀ, ਜਿਸ ਨਾਲ ਸਾਹ ਆਦਿ ਦੀ ਬਿਮਾਰੀ ਆਮ ਸੀ ਅਤੇ ਟੀ ਬੀ ਦੀ ਵੀ। ਅਜਿਹੀਆਂ ਜਾਨਲੇਵਾ ਬਿਮਾਰੀਆਂ ਨਾਲ ਜੂਝਦੇ ਲੇਖਿਕਾਂ ਵਿੱਚ ਥੋੜ੍ਹੇ ਸਮੇਂ ਵਾਲੀ ਜ਼ਿੰਦਗੀ ਨੂੰ ਭਰਪੂਰਤਾ ਨਾਲ ਜੀਣ ਦੀ ਸ਼ਿੱਦਤ ਪੈਦਾ ਹੋ ਜਾਂਦੀ ਸੀ, ਜਿਸ ਦੀ ਊਰਜਾ ਵਿੱਚੋਂ ਜਾਨਦਾਰ ਸਾਹਿਤ ਦੀ ਰਚਨਾ ਪੈਦਾ ਹੁੰਦੀ ਸੀ। ਕੀਟਸ, ਸ਼ੈਲੇ, ਐਮਲੀ ਬਰੌਂਟੇ, ਰੂਪਰਟ ਬਰੱਕ, ਸਲੇਵੀਆ ਪਲੈਥ, ਮਾਇਕੋਵਸਕੀ ਆਦਿ ਅਜਿਹੀ ਸ਼੍ਰੇਣੀ ਵਿੱਚ ਆਉਂਦੇ ਹਨ। ਦੂਸਰਾ ਸਾਹਿਤ ਦੇ ਪਾਠਕਾਂ ਦੀ ਗਿਣਤੀ ਵੱਧ ਹੋਣ ਕਾਰਨ ਪੁਸਤਕਾਂ ਦਾ ਲੱਖਾਂ ਦੀ ਗਿਣਤੀ ਵਿੱਚ ਪ੍ਰਕਾਸ਼ਤ ਹੋਣਾ ਅਤੇ ਇਸ ਤਰ੍ਹਾਂ ਦੀ ਚਕਾਚੌਂਧ ਵਾਲੀ ਪ੍ਰਸਿੱਧੀ ਵੀ ਚਰਚਾ ਦਾ ਕਾਰਨ ਬਣੀ ਹੈ।

**? ਖੁੱਲ੍ਹੀ ਕਵਿਤਾ ਵਿੱਚ ਸੰਚਾਰ ਦੀ ਸਮੱਸਿਆ ਦਾ ਚਰਚਾ ਹੁੰਦਾ ਹੈ। ਇਹ ਸਮੱਸਿਆ ਕਿਨ੍ਹਾਂ ਲੋਕਾਂ ਲਈ ਸਮੱਸਿਆ ਹੈ? ਇਸ ਸਮੱਸਿਆ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ।**

-ਅਸਲ ਵਿੱਚ ਖੁੱਲ੍ਹੀ ਕਵਿਤਾ ਵਿੱਚ ਸੰਚਾਰ ਦੀ ਸਮੱਸਿਆ ਇਸ ਲਈ ਹੁੰਦੀ ਹੈ ਕਿ ਇਸ ਵਿੱਚ ਗ਼ਜ਼ਲ ਅਤੇ ਸਾਹਿਤ ਦੇ ਹੋਰ ਰੂਪਾਂ ਦੇ ਮੁਕਾਬਲੇ ਅਜਿਹੀ ਕਵਿਤਾ ਦੀ ਮੁੱਖ ਪ੍ਰਵਿਰਤੀ ਅਤੇ ਸੁਭਾਅ ਸ਼ਬਦਾਂ ਨੂੰ ਵੱਧ ਭਾਰ ਚੁਕਾਉਣ ਦਾ ਹੁੰਦਾ ਹੈ। ਇਹ ਹੁੰਦਿਆਂ ਆਮ ਸੰਚਾਰ ਵਿਹਾਰ ਤੋਂ ਇਹ ਭਿੰਨਤਾ ਰੱਖਦਾ ਹੈ ਅਤੇ ਅਕਸਰ ਵਿਚਾਰ-ਸੰਘਣਤਾ ਕਾਰਨ ਗੁੰਝਲਦਾਰ ਦਾ ਪ੍ਰਭਾਵ ਦਿੰਦਾ ਹੈ। ਇਹ ਰਚਨਾਤਮਿਕ ਜਟਿਲਤਾ ਹੀ ਅਜੋਕੀ ਖੁੱਲ੍ਹੀ ਕਵਿਤਾ ਦਾ ਅਸਲ ਖਾਸਾ ਅਤੇ ਤਾਕਤ ਹੈ। ਇਹ ਕਲਪਨਾ ਅਤੇ ਸਥਿਤੀ ਵਿੱਚ ਡੂੰਘੇ ਖੁੱਭ ਜਾਣ ਤੋਂ ਪੈਦਾ ਹੋਈ ਹੁੰਦੀ ਹੈ। ਛੰਦਾਬੰਦੀ ਵਾਲੀ ਕਵਿਤਾ ਵਿੱਚ ਅਜਿਹੀ ਪੁਲਾਂਘ ਦੀ ਘੱਟ ਗੁਜਾਇਸ਼ ਰਹਿੰਦੀ ਹੈ। ਹਾਂ, ਕਿਸੇ ਖਾਸ ਕਵੀ ਦੀਆਂ ਛੰਦਬੱਧ ਕਵਿਤਾਵਾਂ ਜਾਂ ਗ਼ਜ਼ਲਾਂ ਵਿੱਚ ਵੀ ਅਜਿਹੀ ਰਮਜ਼ ਦੀ ਝਲਕ ਬਾਖ਼ੂਬੀ ਮਿਲ ਸਕਦੀ ਹੈ। ਜਿਵੇਂ ਪੰਜਾਬੀ ਵਿੱਚ ਕਦੇ ਸ਼ਿਵ ਕੁਮਾਰ ਦੀਆਂ ਰਚਨਾਵਾਂ ਵਿੱਚ ਸੀ ਅਤੇ ਹੁਣ ਸੁਰਜੀਤ ਪਾਤਰ, ਸੁਖਵਿੰਦਰ ਅੰਮ੍ਰਿਤ ਜਾਂ ਕੁਝ ਹੋਰ ਸ਼ਾਇਰਾਂ ਦੀਆਂ ਰਚਨਾਵਾਂ ਵਿੱਚ ਮਿਲਦੀ ਹੈ।

**? ਪਿਛਲੇ ਪੰਜ ਦਹਾਕਿਆਂ ਵਿੱਚ ਸਾਡੇ ਰਹਿਣ-ਸਹਿਣ ਅਤੇ ਪ੍ਰਾਪਤ ਸੁੱਖ-ਸਹੂਲਤਾਂ ਵਿੱਚ ਵੱਡੀਆਂ ਤਬਦੀਲੀਆਂ ਆਈਆਂ ਹਨ। ਇਸ ਤਬਦੀਲੀ ਦਾ ਸਾਹਿਤ ਉਪਰ ਕਿਸ ਤਰ੍ਹਾਂ ਦਾ ਪ੍ਰਭਾਵ ਪਿਆ ਹੈ।**

-ਇਹਨਾਂ ਸਹੂਲਤਾਂ ਨੇ ਆਯਾਸੀ, ਅਕੇਵੇਂ, ਇਕਲਾਪੇ ਅਤੇ ਥਕੇਵੇਂ ਵਾਲੇ ਸਾਹਿਤ ਦਾ ਆਲਮ ਵੱਧ ਪੈਦਾ ਕੀਤਾ ਹੈ। ਸਾਹਿਤਕ ਨਿਗਰਤਾ ਵਾਲਾ ਘੱਟ। ਪ੍ਰਾਪਤ ਸਥੂਲ ਯਥਾਰਥ ਦੀ ਧਰਾਤਲ ਤੋਂ ਪਾਪੂਲਰ ਜਾਂ ਭੀੜ ਦੇ ਰਿਵਾਜੀ ਅਤੇ ਸਤਿਹੀ ਯਥਾਰਥ ਵੱਲ ਖਿਸਕ ਜਾਣ ਦਾ, ਪਰ ਫਿਰ ਵੀ ਡਿਜ਼ੀਟਲ ਮੀਡੀਆ ਦੀ ਆਮਦ ਨੇ ਕੁਲ ਸਾਹਿਤ ਦੇ ਖੇਤਰ ਵਿੱਚ ਵਾਧਾ ਕੀਤਾ ਹੈ। ਪੰਜਾਬੀ ਵਿੱਚ ਕਿਤਾਬ-ਮੇਲਿਆਂ ਦੀ ਪਿਰਤ ਨੇ ਸਾਹਿਤ ਨੂੰ ਅਖਾੜਾ-ਨੁਮਾ ਭੀੜ-ਮੁਹਾਵਰੇ ਵਾਲੀ ਗੀਤ-ਨੁਮਾ ਸਾਹਿਤਕਾਰੀ ਤੋਂ ਨਿਜ਼ਾਤ ਦੁਆਉਣ ਦੀ ਕੋਸ਼ਿਸ਼ ਕੀਤੀ ਹੈ।

**? ਬਹੁਤ ਸਾਰੇ ਲੇਖਕ, ਕਵੀ ਅਤੇ ਹੋਰ ਬਹੁਤ ਸਾਰੇ ਮੁਲਕਾਂ ਸਮੇਤ ਇੱਥੇ ਕੈਨੇਡਾ ਵਿੱਚ ਵੱਸ ਗਏ ਹਨ। ਬਹੁਤ ਸਾਰੀਆਂ ਸਾਹਿਤ ਸਭਾਵਾਂ ਵੀ ਹੋਂਦ ਵਿੱਚ ਆ ਗਈਆਂ ਹਨ। ਇਸ ਸਾਰੇ ਵਰਤਾਰੇ ਨੂੰ ਤੁਸੀਂ ਕਿਵੇਂ ਵੇਖਦੇ ਹੋ।**

-ਮੇਰੇ ਖ਼ਿਆਲ ਵਿੱਚ ਇਸ ਰੁਝਾਨ ਨੇ ਪੰਜਾਬੀ ਦਾ ਘੇਰਾ ਵੱਡਾ ਕੀਤਾ ਹੈ, ਖਾਸ ਕਰਕੇ ਪੰਜਾਬੀ ਅਨੁਭਵ ਦਾ। ਨਵੇਂ ਲੋਕਾਂ, ਮੌਸਮਾਂ ਅਤੇ ਖਿੱਤਾ-ਸੁਹਜਤਾ ਦੇ ਤਜਰਬੇ ਦੇ ਵਿਸਥਾਰੀਕਰਨ ਨੇ ਪੰਜਾਬੀ ਸਾਹਿਤ ਨੂੰ ਵੱਖਰੇ ਢੰਗ ਨਾਲ ਅਮੀਰ ਕੀਤਾ ਹੈ। ਬੀਸੀ ਵਿੱਚ ਸਰੀ, ਓਨਟਾਰੀਓ ਵਿੱਚ ਬ੍ਰੈਂਪਟਨ ਅਤੇ ਅਲਬਰਟਾ ਵਿੱਚ ਐਡਮਨ ਪੰਜਾਬੀਆਂ ਦੇ ਗੜ੍ਹ ਬਣ ਗਏ ਹਨ।



**? ਪਰਵਾਸੀ ਸਾਹਿਤ ਕੀ ਹੈ? ਇਹ ਬਾਕੀ ਸਾਹਿਤ ਨਾਲੋਂ ਕਿਵੇਂ ਭਿੰਨ ਹੈ।**

-ਪਰਵਾਸੀ ਸਾਹਿਤ ਵਿੱਚ ਦੋ ਵਿਲੱਖਣ ਸੁਰ ਜਾਂ ਜ਼ਾਵੀਏ ਨਜ਼ਰ ਆਉਂਦੇ ਹਨ। ਇੱਕ ਹੈ ਪਿੱਛੇ ਰਹਿ ਗਏ ਵਤਨ ਦੇ ਵਿਗੋਚੇ, ਅਦਰੇਵੇਂ ਅਤੇ ਝੋਰੇ ਦਾ ਅਤੇ ਦੂਸਰਾ ਇਥੇ ਦੀਆਂ ਹਕੀਕਤਾਂ ਦੇ ਭੋਗ ਵਿੱਚੋਂ ਪੈਦਾ ਹੋਈ ਬੇਗਾਨਗੀ ਜਾਂ ਨਵੀਂ ਅਨੁਭਵੀ ਦ੍ਰਿਸ਼ਟੀ ਦਾ। ਇਹ ਦੋਵੇਂ ਰੁਝਾਨ ਕਈ ਰਚਨਾਵਾਂ ਵਿੱਚ ਰਲ਼ਗੱਡ ਹੋਏ ਵੀ ਮਿਲਦੇ ਹਨ, ਪਰ ਮੁੱਖ ਰੂਪ ਵਿੱਚ ਸਾਡਾ ਸਾਹਿਤ ਅਜੇ ਵੀ ਪੂਰੀ ਤਰ੍ਹਾਂ ਪੰਜਾਬ ਦਾ ਪਿੱਛਾ ਨਹੀਂ ਛੱਡ ਸਕਿਆ ਅਤੇ ਨਾ ਹੀ ਪਰਵਾਸ ਦੀ ਨਵੀਂ ਤਸਵੀਰ ਹੀ ਘੜ ਸਕਿਆ ਹੈ। ਹਾਂ, ਕੁਝ ਇਕਨਾ ਨੇ ਇਥੋਂ ਦੇ ਵਸਨੀਕਾਂ ਬਾਰੇ ਵੀ ਲਿਖਿਆ ਹੈ, ਜਿਨ੍ਹਾਂ ਵਿੱਚ ਸਾਧੂ ਸਿੰਘ ਬਿਨਿੰਗ, ਨਦੀਮ ਪਰਮਾਰ, ਹਰਪ੍ਰੀਤ ਸੇਖਾ, ਹਰਕੀਰਤ ਕੌਰ ਚਾਹਲ, ਸੁਖਵੰਤ ਹੁੰਦਲ, ਕੁਲਜੀਤ ਮਾਨ, ਜਰਨੈਲ ਸਿੰਘ, ਵਰਿਆਮ ਸੰਧੂ, ਪ੍ਰਿੰ. ਸਰਵਣ ਸਿੰਘ, ਪਿਆਰਾ ਸਿੰਘ ਕੁਦੋਵਾਲ, ਮੰਗਾ ਬਾਸੀ, ਨਾਹਰ ਔਜਲਾ, ਬ੍ਰਜਿੰਦਰ ਗੁਲਾਟੀ, ਗੁਰਮੀਤ ਪੁਨਾਗ ਦੀਆਂ ਕਹਾਣੀਆਂ, ਨਾਟਕ, ਨਾਵਲ, ਵਾਰਤਕ ਹਨ। ਕਵਿਤਾ ਜਾਂ ਗ਼ਜ਼ਲ ਦੇ ਖੇਤਰ ਵਿੱਚ ਅਜਮੇਰ ਰੋਡੇ, ਨਵਤੇਜ ਭਾਰਤੀ, ਰਵਿੰਦਰ ਰਵੀ, ਕ੍ਰਿਸ਼ਨ ਭਨੋਟ, ਅਮਰਜੀਤ ਸਾਥੀ, ਸੁਖਪਾਲ, ਸੁਰਜੀਤ, ਪ੍ਰਤੀਕ, ਸੁਰਿੰਦਰ ਗੀਤ, ਗੁਰਮਿੰਦਰ ਸਿੱਧੂ, ਸੁਰਿੰਦਰ ਧੰਜਲ, ਪਰਮਜੀਤ ਦਿਓਲ, ਅਮਨ ਸੀ ਸਿੰਘ, ਤਲਵਿੰਦਰ ਮੰਡ, ਬਲਰਾਜ, ਭੁਪਿੰਦਰ ਦੁਲੇ ਆਦਿ ਦੀਆਂ ਗ਼ਜ਼ਲਾਂ, ਗੀਤ, ਕਵਿਤਾਵਾਂ ਹਨ। ਇਹਨਾਂ ਲਿਖਤਾਂ ਦਾ ਮਸੌਦਾ ਅਤੇ ਵਿਸ਼ਾ-ਖੇਤਰ ਕੈਨੇਡਾ ਹੈ। ਮੇਰੀਆਂ ਕੁਝ ਕਵਿਤਾਵਾਂ ਅਤੇ ਵਾਰਤਕ ਨੂੰ ਵੀ ਸ਼ਾਮਲ ਕਰ ਸਕਦੇ ਹੋ। ਬਹੁਤ ਸਾਰੇ ਨਾਂਅ ਰਹਿ ਵੀ ਗਏ ਹੋਣਗੇ। ਕੈਨੇਡਾ ਵਿਸ਼ਾਲ ਦੇਸ਼ ਹੈ। ਇੱਥੇ ਵੱਸਦੇ ਪੰਜਾਬੀ ਲੇਖਕਾਂ ਦੀ ਗਿਣਤੀ ਵੀ ਸੈਂਕੜਿਆਂ ਵਿੱਚ ਹੈ।

**? ਅੱਜ ਦੇ ਵਿਕਸਤ ਸਮਿਆਂ ਅੰਦਰ ਕਵਿਤਾ ਦਾ ਨਵਾਂ ਮੁਹਾਂਦਰਾ ਕਿਹੋ ਜਿਹਾ ਹੈ ਅਤੇ ਕੀ ਉਮੀਦਾਂ ਹਨ।**

-ਕਵਿਤਾ ਮਨ ਨਾਲੋਂ ਦਿਲ ਦੇ ਅਧਿਕ ਨੇੜੇ ਹੁੰਦੀ ਹੈ, ਵਿਚਾਰ ਨਾਲੋਂ ਭਾਵ ਦੇ ਵੱਧ ਕਰੀਬ। ਇਸ ਲਈ ਸਮਾਜ ਦੇ ਵਿਕਾਸ ਨਾਲ ਇਸ ਦੀ ਤੋਰ ਅਤੇ ਮਰਮ ਵਿੱਚ ਬਹੁਤੀ ਤਬਦੀਲੀ ਨਹੀਂ ਆਉਂਦੀ। ਮਿਸਾਲ ਲਈ ਅੱਜ ਦੀ ਕਵਿਤਾ ਸ਼ੈਕਸਪੀਅਰ, ਬਾਸ਼ੋ, ਸ਼ੈਫੋ, ਕਾਲੀਦਾਸ ਅਤੇ ਰੂਮੀ ਦੀਆਂ ਕਵਿਤਾਵਾਂ ਨਾਲੋਂ ਵੱਧ ਜ਼ਹੀਨ ਅਤੇ ਡੂੰਘਾ ਸਫ਼ਰ ਨਹੀਂ ਕਰਦੀ। ਹਾਂ, ਇਹ ਵੀ ਸ਼ਾਇਦ ਹੀ ਕੋਈ ਪ੍ਰਾਚੀਨ ਕਵੀ ਟੈਗੋਰ ਜਾਂ ਪਾਬਲੋ ਨਾਰੂਦਾ ਜਿੰਨੀ ਆਧੁਨਿਕ ਅਤੇ ਪਕੜ ਵਾਲੀ ਕਵਿਤਾ ਰਚ ਸਕਿਆ ਹੋਵੇ।

**? ਸਾਹਿਤ ਵਿੱਚ ਮਿਲਦੇ ਸਨਮਾਨ ਹਮੇਸ਼ਾ ਵਿਵਾਦਾਂ ਵਿੱਚ ਘਿਰੇ ਰਹੇ ਹਨ। ਇਹ ਵਿਵਾਦ ਕਿਸੇ ਇੱਕ ਦੇਸ਼ ਜਾਂ ਭਾਸ਼ਾ ਤੀਕ ਸੀਮਤ ਨਹੀਂ ਹਨ। ਇਸ ਵਰਤਾਰੇ ਦੀ ਗੁੱਝੀ ਰਮਜ਼ ਕੀ ਹੈ।**

-ਸਾਹਿਤਕ ਕਿਰਤਾਂ ਜਾਂ ਭਾਈਚਾਰਕ ਸੇਵਾਵਾਂ ਸੰਬੰਧੀ ਤਮਗੇ ਜਾਂ ਸਨਮਾਨ ਅਕਸਰ ਗੁੱਟਬੰਦੀ, ਰੁਤਬੇ ਜਾਂ ਸਿਫ਼ਾਰਸ਼ ਦਾ ਸ਼ਿਕਾਰ ਰਹੇ ਹਨ। ਪ੍ਰਤਿਭਾ ਅਕਸਰ ਅਣਗੌਲੀ ਰਹਿ ਜਾਂਦੀ ਹੈ। ਨੋਬਲ ਇਨਾਮ ਤੋਂ ਬੁੱਕਰ ਪ੍ਰਾਈਜ਼, ਸਾਹਿਤ ਅਕਾਦਮੀ ਐਵਾਰਡ, ਭਾਸ਼ਾ ਵਿਭਾਗੀ ਸਾਹਿਤ ਪੁਰਸਕਾਰ ਸਭਨਾਂ 'ਤੇ ਇਸ ਸਿਲਸਿਲੇ ਦੇ ਦੂਸ਼ਣ ਗਾਹੇ-ਬਗਾਹੇ ਲਗਾਏ ਜਾਂਦੇ ਰਹੇ ਹਨ। ਮੈਂ ਇਸ ਨਿਘਾਰ ਬਾਰੇ 'ਸਾਹਿਤ ਦੇ ਆੜ੍ਹਤੀਏ' ਨਾਮਕ ਇੱਕ ਵਿਸਤ੍ਰਿਤ ਲੇਖ ਲਿਖਿਆ ਸੀ, ਜਿਹੜਾ ਮੇਰੀ ਵਾਰਤਕ ਦੀ ਪੁਸਤਕ 'ਆਸ ਪਾਸ' ਵਿੱਚ ਸ਼ਾਮਲ ਹੈ।

**? ਡਾ. ਹਰਭਜਨ ਸਿੰਘ ਨੇ ਗੁਰਦੇਵ ਚੌਹਾਨ ਨੂੰ ਲਿਖਤ-ਕਾਵਿ ਦਾ ਪ੍ਰਮਾਣਿਕ ਹਸਤਾਖ਼ਰ ਕਿਹਾ ਸੀ। ਗੁਰਬਚਨ ਦਾ ਕਹਿਣਾ ਹੈ ਕਿ ਗੁਰਦੇਵ ਚੌਹਾਨ ਕਵਿਤਾ ਨੂੰ ਕਵਿਤਾ ਵਾਂਗ ਲਿਖਦਾ ਹੈ। ਤੁਸੀਂ ਕੀ ਕਹਿਣਾ ਚਾਹੋਗੇ।**

-ਮੈਂ ਆਪਣੀ ਕਵਿਤਾ ਬਾਰੇ ਕਿਵੇਂ ਕਿਸੇ ਦੀ ਦਿੱਤੀ ਰਾਏ ਬਾਰੇ ਕੁਝ ਬੁਰਾ-ਭਲਾ ਆਖਣ ਦੀ ਹਿਮਾਕਤ ਕਰ ਸਕਦਾ ਹਾਂ। ਮੈਂ ਤਾਂ ਇਹੀ ਆਖ ਸਕਦਾ ਹਾਂ ਕਿ ਹਰ ਵਾਰ ਹਰ ਕਵਿਤਾ ਮੇਰੇ ਲਈ ਚੁਣੌਤੀ ਹੁੰਦੀ ਹੈ। ਇਹ ਵੀ ਕਿ ਹਰ ਕਵਿਤਾ ਲਿਖਣ ਬਾਅਦ ਮੇਰੀ ਨਹੀਂ ਰਹਿੰਦੀ। ਇਹ ਮੇਰੇ ਪਾਠਕਾਂ ਦੀ ਹੋ ਜਾਂਦੀ ਹੈ। ਉਹਨਾਂ ਦੀ ਹਰ ਰਾਏ ਮੇਰੇ ਸਿਰ ਮੱਥੇ।

**? ਤੁਸੀਂ ਸੁਹਿਰਦਤਾ ਨਾਲ ਇੱਕ ਉਮਰ ਸਾਹਿਤ ਸਿਰਜਣਾ ਦੇ ਲੇਖੇ ਲਾਈ ਹੈ। ਅੱਜ ਵੀ ਪੜ੍ਹ ਤੇ ਲਿਖ ਰਹੇ ਹੋ। ਭਵਿੱਖ ਦੀਆਂ ਕੀ ਯੋਜਨਾਵਾਂ ਹਨ।**

-ਭਵਿੱਖ ਦੇ ਢਿੱਡ ਵਿੱਚ ਕੀ ਹੈ? ਭਲਾ ਇਹ ਕੋਈ ਕਿਵੇਂ ਜਾਣ ਸਕਦਾ ਹੈ। ਹਾਂ ਜਿੱਥੋਂ ਤੀਕ ਯੋਜਨਾ ਬਣਾਉਣ ਦੀ ਗੱਲ ਹੈ, ਇਹ ਗੱਲ ਸਮੇਂ-ਸਮੇਂ ਮੇਰੇ ਆਪਣੇ ਕਾਬੂ ਵਿੱਚ ਨਹੀਂ ਰਹਿੰਦੀ। ਹਾਂ ਹਾਲ ਵਿੱਚ ਮੇਰੀ ਇੱਕ ਕਾਵਿ-ਪੁਸਤਕ ਛਪਣ-ਛਪਣ ਕਰਦੀ ਹੈ ਅਤੇ ਇੱਕ ਵਾਰਤਕ ਪੁਸਤਕ ਵੀ। ਇਸ ਤੋਂ ਇਲਾਵਾ ਕੈਨੇਡਾ ਬਾਰੇ ਹਾਸਰਸੀ ਲਹਿਜੇ ਵਿੱਚ ਰਚੀ ਇੱਕ ਹੋਰ ਕਿਤਾਬ ਵੀ ਕਮਰਕੱਸਾ ਕਰੀ ਤਿਆਰ-ਬਰ-ਤਿਆਰ ਬੈਠੀ ਹੈ। ਬੁੱਧ-ਦ੍ਰਿਸ਼ਟੀ ਨੂੰ ਸੋਧਣਾ ਚਾਹੁੰਦਾ ਹਾਂ। ਅੰਗਰੇਜ਼ੀ ਵਿੱਚ ਲਿਖੀਆਂ ਕਵਿਤਾਵਾਂ ਵੀ ਪੂਰੀ ਕਿਤਾਬ ਦਾ ਮਸੌਦਾ ਬਣ ਜਾਂਦੀਆਂ ਹਨ।

**? ਹੁਣ ਤੀਕ ਕੀਤੇ ਕੰਮ ਨੂੰ ਕਿਹੋ ਜਿਹਾ ਹੁੰਗਾਰਾ ਮਿਲਿਆ ਹੈ? ਕੀ ਤੁਸੀਂ ਸੰਤੁਸ਼ਟ ਹੋ ਜਾਂ ਕੋਈ ਗਿਲਾ ਸ਼ਿਕਵਾ ਵੀ ਹੈ।**

-ਪਾਠਕਾਂ ਦਾ ਹੁੰਗਾਰਾ ਵਾਹ-ਵਾਹ ਰਿਹਾ। ਸ਼ਾਇਦ ਹੋਰ ਕੁਝ ਆਖਣਾ ਹਓਮੈ ਵਰਗੀ ਭਾਅ ਮਾਰਨ ਵਰਗਾ ਜਾਪੇਗਾ।

**? ਕੈਨੇਡਾ ਵਿੱਚ ਲਿਖੀ ਜਾ ਰਹੀ ਕਵਿਤਾ ਅਤੇ ਕਹਾਣੀ ਦੀਆਂ ਦੋ ਕਿਤਾਬਾਂ ਕੁਝ ਦੋਸਤਾਂ ਨੇ ਸੰਪਾਦ ਕੀਤੀਆਂ ਹਨ। ਬਰੈਂਪਟਨ ਵਿੱਚ ਹੀ ਪਿਛਲੇ ਦਿਨੀਂ ਕਵਿਤਾ ਦੀਆਂ ਅਜਿਹੀਆਂ ਦੋ ਕਿਤਾਬਾਂ ਰਿਲੀਜ਼ ਹੋਈਆਂ ਹਨ। ਜੇਕਰ ਤੁਹਾਡੀ ਨਿਗਾਹ ਵਿੱਚੋਂ ਗੁਜ਼ਰੀਆਂ ਹੋਣ ਤਾਂ ਤੁਹਾਡਾ ਪ੍ਰਤੀਕਰਮ ਜਾਣਨਾ ਚਾਹਾਂਗਾ।**

-ਕਵਿਤਾ ਬਾਰੇ ਸੁਰਜੀਤ ਦੀ ਸੰਪਾਦਿਤ ਕੀਤੀ ਕਿਤਾਬ 'ਲਵੈਂਡਰ' ਪੜ੍ਹੀ ਹੈ। ਇਸ ਬਾਰੇ ਮੇਰੀ ਰਾਏ ਇਹ ਹੀ ਹੈ ਕਿ ਇਸ ਦਾ ਨਾਂਅ ਕੁਝ ਅਟਪਟਾ ਜਿਹਾ ਲੱਗਿਆ ਹੈ। ਜਿੱਥੋਂ ਤੀਕ ਕਵਿਤਾਵਾਂ ਦੀ ਗੱਲ ਹੈ, ਇਸ ਵਿੱਚ ਲੱਗਭੱਗ ਸਾਰੇ ਕਵੀ ਆ ਗਏ ਹਨ। ਇਹ ਸੁਰਜੀਤ ਦਾ ਹਾਸਲ ਹੈ। ਕੀ ਸਾਰਿਆਂ ਦਾ ਆਉਣਾ ਜ਼ਰੂਰੀ ਸੀ ਜਾਂ ਕੁਝ ਇੱਕ ਚੋਣਵਿਆਂ ਦੀਆਂ ਵੱਧ ਕਵਿਤਾਵਾਂ ਦੇਣਾ? ਇਹ ਪ੍ਰਸ਼ਨ ਮੇਰੀ ਨਿੱਜੀ ਰਾਏ ਲਈ ਵੀ ਹੈ ਅਤੇ ਸੁਰਜੀਤ ਲਈ ਵੀ।

**? ਪੰਜਾਬੀ ਭਾਸ਼ਾ ਬਾਰੇ, ਪੰਜਾਬੀ ਕਵਿਤਾ ਬਾਰੇ ਜਿਹੜੇ ਸ਼ੰਕੇ ਪਾਏ ਜਾ ਰਹੇ ਹਨ, ਉਹਨਾਂ ਬਾਰੇ ਵਿਆਪਕ ਪ੍ਰਸੰਗ ਵਿੱਚ ਕੀ ਕਹਿਣਾ ਚਾਹੋਗੇ।**

-ਪੰਜਾਬੀ ਭਾਸ਼ਾ ਜਾਂ ਪੰਜਾਬੀ ਕਵਿਤਾ ਬਾਰੇ ਕੀ ਸ਼ੰਕਾ ਹੋ ਸਕਦਾ ਹੈ, ਇਹ ਮੇਰੀ ਸਮਝ ਤੋਂ ਬਾਹਰ ਹੈ। ਸ਼ੰਕਾ ਤਾਂ ਹਮੇਸ਼ਾ ਸ਼ੰਕਾ ਹੀ ਰਹਿੰਦਾ ਹੈ, ਕਦੀ ਯਕੀਨ ਦੇ ਵਸਤਰ ਨਹੀਂ ਪਾਉਂਦਾ। ਸੋ ਸ਼ੰਕੇ ਨੂੰ ਸ਼ੰਕੇ ਦੀ ਸੰਗਿਆ ਹੀ ਦੇਣੀ ਬਣਦੀ ਹੈ। ਤੁਹਾਡਾ ਬਹੁਤ-ਬਹੁਤ ਧੰਨਵਾਦ।

**ਸੰਪਰਕ :** +1 647 866 2631

## ਬਾਲ ਕੋਨਾ

### ਸੂਰਜ ਚੜ੍ਹਨ ਜਾਂ ਡੁੱਬਣ ਵੇਲੇ ਲਾਲ ਕਿਉਂ ਹੁੰਦਾ ਹੈ?

ਪਿਆਰੇ ਬੱਚੇ

ਤੁਸੀਂ ਅਕਸਰ ਸੂਰਜ ਚੜ੍ਹਨ ਜਾਂ ਡੁੱਬਣ ਵੇਲੇ ਸੂਰਜ ਦਾ ਲਾਲ ਰੰਗ ਦੇਖਦੇ ਹੋ। ਕੀ ਤੁਸੀਂ ਜਾਣਦੇ ਹੋ ਕਿ ਸੂਰਜ ਚੜ੍ਹਨ ਜਾਂ ਡੁੱਬਣ ਵੇਲੇ ਸੂਰਜ ਲਾਲ ਕਿਉਂ ਹੁੰਦਾ ਹੈ?

ਆਓ ਜਾਣਦੇ ਹਾਂ :

ਇਸ ਦਾ ਮੂਲ ਕਾਰਨ ਰੋਸ਼ਨੀ ਦਾ ਖਿੰਡਣਾ ਹੈ (ਸਕੈਟਰਿੰਗ)

ਸੂਰਜ ਚੜ੍ਹਨ ਜਾਂ ਸੂਰਜ ਡੁੱਬਣ ਦੇ ਦੌਰਾਨ ਕਿਰਨਾਂ ਨੂੰ ਵਾਯੂਮੰਡਲ ਦੇ ਇੱਕ ਵੱਡੇ ਹਿੱਸੇ ਦੀ ਯਾਤਰਾ ਕਰਨੀ ਪੈਂਦੀ ਹੈ ਕਿਉਂਕਿ ਉਹ ਧਰਤੀ ਦੇ ਹੋਰੀਜ਼ਨ (ਉਹ ਲਾਈਨ ਜਿੱਥੇ ਧਰਤੀ ਅਸਮਾਨ ਨੂੰ ਮਿਲਦੀ ਹੈ) ਦੇ ਬਹੁਤ ਨੇੜੇ ਹੁੰਦੀਆਂ ਹਨ। ਇਸ ਲਈ ਲਾਲ ਤੋਂ ਇਲਾਵਾ ਹੋਰ ਰੋਸ਼ਨੀ ਜ਼ਿਆਦਾ ਦੂਰ ਖਿੰਡ ਜਾਂਦੀ ਹੈ। ਜ਼ਿਆਦਾਤਰ ਲਾਲ ਰੌਸ਼ਨੀ ਲਾਲ ਰੰਗ ਜੋ ਘੱਟ ਤੋਂ ਘੱਟ ਖਿਲਰੀ ਹੋਈ ਹੈ, ਸਾਡੀਆਂ ਅੱਖਾਂ ਵਿੱਚ ਦਾਖਲ ਹੁੰਦੀ ਹੈ। ਇਸ ਲਈ ਸੂਰਜ ਅਤੇ ਅਸਮਾਨ ਲਾਲ ਦਿਖਾਈ ਦਿੰਦੇ ਹਨ।

ਲਾਲ ਰੰਗ ਦੀ ਤਰੰਗ-ਲੰਬਾਈ ਸਫੈਦ ਰੌਸ਼ਨੀ ਦੇ ਸਾਰੇ ਹਿੱਸਿਆਂ ਵਿੱਚੋਂ ਸਭ ਤੋਂ ਲੰਬੀ ਹੁੰਦੀ ਹੈ। ਇਸ ਲਈ ਇਹ ਘੱਟ ਤੋਂ ਘੱਟ ਖਿੰਡਿਆ ਹੋਇਆ ਹੈ ਅਤੇ ਸੂਰਜ ਤੋਂ ਆਉਂਦਾ ਪ੍ਰਤੀਤ ਹੁੰਦਾ ਹੈ। ਇਸ ਲਈ ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਦੇ ਸਮੇਂ ਲਾਲ ਦਿਖਾਈ ਦਿੰਦਾ ਹੈ।

ਹੋਰੀਜ਼ਨ ਦੇ ਨੇੜੇ ਸੂਰਜ ਤੋਂ ਪ੍ਰਕਾਸ਼ ਸਾਡੀਆਂ ਅੱਖਾਂ ਤੱਕ ਪਹੁੰਚਣ ਤੋਂ ਪਹਿਲਾਂ ਹਵਾ ਦੀ ਇੱਕ ਮੋਟੀ ਪਰਤ ਅਤੇ ਧਰਤੀ ਦੇ ਵਾਯੂਮੰਡਲ ਵਿੱਚ ਇੱਕ ਵੱਡੀ ਦੂਰੀ ਵਿੱਚੋਂ ਲੰਘਦਾ ਹੈ। ਘੱਟ ਤਰੰਗ ਲੰਬਾਈ ਵਾਲੇ ਰੰਗ ਨੀਲੀ ਅਤੇ ਬੈਂਗਣੀ ਵੱਖ-ਵੱਖ ਦਿਸ਼ਾਵਾਂ ਵਿੱਚ ਖਿੰਡ ਜਾਂਦੇ ਹਨ ਜਦੋਂ ਕਿ ਲਾਲ ਰੰਗ ਦੀ ਤਰੰਗ-ਲੰਬਾਈ ਵੱਧ ਤੋਂ ਵੱਧ ਹੁੰਦੀ ਹੈ। ਇਸ ਲਈ ਇਹ ਘੱਟ ਤੋਂ ਘੱਟ ਡਿਫਲੈਕਟ ਹੁੰਦਾ ਹੈ ਅਤੇ ਸਾਡੀਆਂ ਅੱਖਾਂ ਤੱਕ ਪਹੁੰਚਦਾ ਹੈ। ਦੁਪਹਿਰ ਵੇਲੇ, ਜਦੋਂ ਸੂਰਜ ਸਿਰ ਉੱਤੇ ਹੁੰਦਾ ਹੈ, ਪ੍ਰਕਾਸ਼ ਨੂੰ ਘੱਟ ਦੂਰੀ ਤੈਅ ਕਰਨੀ ਪੈਂਦੀ ਹੈ। ਦੁਪਹਿਰ ਵੇਲੇ ਸੂਰਜ ਚਿੱਟਾ ਜਾਂ ਪੀਲਾ ਦਿਖਾਈ ਦਿੰਦਾ ਹੈ, ਕਿਉਂਕਿ ਸਿਰਫ ਥੋੜ੍ਹੀ ਜਿਹੀ ਦੂਰੀ ਤੈਅ ਕਰਨੀ ਪੈਂਦੀ ਹੈ। ਇਸ ਤਰ੍ਹਾਂ ਸੂਰਜ ਚੜ੍ਹਨ ਅਤੇ ਡੁੱਬਣ ਵੇਲੇ ਸੂਰਜ ਲਾਲ ਰੰਗ ਦਾ ਦਿਖਾਈ ਦਿੰਦਾ ਹੈ।

ਆਓ ਸਮਝੀਏ ਕਿ ਰੌਸ਼ਨੀ ਦਾ ਖਿਲਾਰ ਕੀ ਹੈ? ਸਕੈਟਰਿੰਗ ਉਹ ਪ੍ਰਕਿਰਿਆ ਹੈ, ਜਿਸ ਦੁਆਰਾ ਪ੍ਰਕਾਸ਼ ਦੀ ਦਿਸ਼ਾ ਮਾਧਿਅਮ ਵਿੱਚ ਛੋਟੇ ਕਣਾਂ ਦੁਆਰਾ ਬਦਲੀ ਜਾਂਦੀ ਹੈ ਜਿਸ ਦੁਆਰਾ ਇਹ ਯਾਤਰਾ ਕਰਦਾ ਹੈ।

ਜਦੋਂ ਰੌਸ਼ਨੀ ਇੱਕ ਮਾਧਿਅਮ ਤੋਂ ਦੂਜੇ ਮਾਧਿਅਮ ਤੱਕ ਜਾਂਦੀ ਹੈ, ਹਵਾ ਤੋਂ ਪਾਣੀ ਦੇ ਗਿਲਾਸ ਤੱਕ ਕਹੋ, ਤਾਂ ਪ੍ਰਕਾਸ਼ ਦਾ ਇੱਕ ਹਿੱਸਾ ਮਾਧਿਅਮ ਦੇ ਕਣਾਂ ਦੁਆਰਾ ਲੀਨ ਹੋ ਜਾਂਦਾ ਹੈ, ਪਰ ਦੂਜਾ ਹਿੱਸਾ ਇੱਕ ਖਾਸ ਦਿਸ਼ਾ ਵਿੱਚ ਬਦਲ ਜਾਂਦਾ ਹੈ। ਇਸ ਵਰਤਾਰੇ ਨੂੰ ਪ੍ਰਕਾਸ਼ ਦਾ ਖਿਲਾਰ ਕਿਹਾ ਜਾਂਦਾ ਹੈ।

1928 ਵਿੱਚ ਸਰ ਸੀ ਵੀ ਰਮਨ ਦੁਆਰਾ ਸਕੈਟਰਿੰਗ ਦੀ ਖੋਜ ਕੀਤੀ ਗਈ ਸੀ ਕਿ ਜਦੋਂ ਰੰਗੀਨ ਰੋਸ਼ਨੀ ਦੀ ਇੱਕ ਕਿਰਨ ਇੱਕ ਤਰਲ ਵਿੱਚ ਦਾਖਲ ਹੁੰਦੀ ਸੀ ਤਾਂ ਉਸ ਤਰਲ ਦੁਆਰਾ ਖਿੰਡੇ ਹੋਏ ਪ੍ਰਕਾਸ਼ ਦਾ ਇੱਕ ਹਿੱਸਾ ਵੱਖਰੇ ਰੰਗ ਦਾ ਹੁੰਦਾ ਸੀ। ਸਰ ਸੀ ਵੀ ਰਮਨ ਨੇ ਦਿਖਾਇਆ ਕਿ ਇਸ ਖਿੰਡੇ ਹੋਏ ਪ੍ਰਕਾਸ਼ ਦੀ ਪ੍ਰਕਿਰਤੀ ਮੌਜੂਦ ਨਮੂਨੇ ਦੀ ਕਿਸਮ 'ਤੇ ਨਿਰਭਰ ਕਰਦੀ ਹੈ।

**- ਲਲਿਤ ਗੁਪਤਾ**




ਸੁਮਨਦੀਪ ਕੌਰ, ਦਸਵੀਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਹਿਰਾ ਧੂਰਕੋਟ (ਬਠਿੰਡਾ)




ਰਾਜਵੀਰ ਕੌਰ, ਨੌਵੀਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,ਲਹਿਰਾ ਧੂਰਕੋਟ (ਬਠਿੰਡਾ)




ਮਨਰਾਜ ਸ਼ਰਮਾ, ਦਸਵੀਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲਹਿਰਾ ਧੂਰਕੋਟ (ਬਠਿੰਡਾ)